Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 13, Issue 38, September 22, 2012 20451 N Plum Grove Rd. Palatine, IL 60074 Ph:847-359-0746, Fax:847-705-9388

# ਡਾ. ਮਨਮੋਹਨ ਸਿੰਘ ਦੀਆਂ ਨਵੀਂਆਂ ਨੀਤੀਆਂ ਨਾਲ ਭਾਰਤੀ ਸਿਆਸਤ ਵਿਚ ਉਬਾਲ, ਮਮਤਾ ਨੇ ਹਮਾਇਤ ਵਾਪਸ ਲਈ

## ਡੀ.ਐਮ.ਕੇ. ਨੇ ਵਿਰੋਧੀ ਧਿਰ ਨਾਲ ਸੁਰ ਮਿਲਾਈ ਸਮਾਜਵਾਦੀ ਪਾਰਟੀ ਨੇ ਵੀ ਮੁੱਦਾ ਚੇਤੇ ਕਰਵਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਨਵੇਂ ਆਰਥਿਕ ਸੁਧਾਰਾਂ ਤਹਿਤ, ਇਸੇ ਹਫਤੇ ਐਲਾਨੀਆਂ ਨਵੀਂਆਂ ਨੀਤੀਆਂ ਨੇ ਭਾਰਤੀ ਸਿਆਸਤ ਅਤੇ ਸਰਕਾਰ ਦਾ ਪਿੜ ਭਖਾ ਦਿੱਤਾ ਹੈ। ਇਨ੍ਹਾਂ ਨੀਤੀਆਂ ਤਹਿਤ ਪ੍ਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਵੱਡਾ ਫੈਸਲਾ ਕੀਤਾ ਗਿਆ ਹੈ ਜੋ ਚਿਰਾਂ ਤੋਂ ਰੋਕਿਆ ਹੋਇਆ ਸੀ।



ਮਮਤਾ ਬੈਨਰਜੀ

ਇਨ੍ਹਾਂ ਨੀਤੀਆਂ ਦਾ ਬਹੁਤ ਜ਼ੋਰਦਾਰ ਵਿਰੋਧ ਹੋਇਆ ਹੈ। ਤੇਲ ਕੀਮਤਾਂ ਵਿਚ ਵਾਧੇ ਅਤੇ ਹੋਰ ਮੁੱਦਿਆਂ 'ਤੇ ਸਰਕਾਰ ਨੂੰ ਕਾਫੀ ਸਮੇਂ ਤੋਂ ਘੁਰਕੀਆਂ ਦੇ ਰਹੀ ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਖਰਕਾਰ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ ਹੈ। ਇਕ ਹੋਰ ਭਾਈਵਾਲ ਪਾਰਟੀ ਡੀ.ਐਮ.ਕੇ. ਨੇ ਵੀ ਇਸ ਮੁੱਦੇ 'ਤੇ ਵਿਰੋਧੀ ਧਿਰ ਦੀ ਸੁਰ ਨਾਲ ਸੁਰ ਮਿਲਾਉਂਦਿਆਂ 'ਭਾਰਤ ਬੰਦ' ਵਿਚ ਡਟ ਕੇ ਹਿੱਸਾ ਲਿਆ ਅਤੇ ਸਰਕਾਰ ਨੂੰ ਬਾਹਰੋਂ ਹਮਾਇਤ ਦੇ ਰਹੀ ਸਮਾਜਵਾਦੀ ਪਾਰਟੀ ਨੇ ਵੀ ਕਿਹਾ ਹੈ ਕਿ ਸਾਂਝੇ ਪ੍ਰਗਤੀਸ਼ੀਲ ਗੱਠਜੋੜ ਨੂੰ ਬੀਬੀ ਮਮਤਾ ਬੈਨਰਜੀ ਵੱਲੋਂ ਚੁੱਕੇ ਗਏ ਮੁੱਦਿਆਂ ਨੂੰ ਗਹਿਰਾਈ ਵਿਚ ਜਾ ਕੇ ਘੋਖਣਾ ਚਾਹੀਦਾ ਹੈ। ਨਾਲ ਹੀ ਸੰਕੇਤ ਦਿੱਤਾ ਹੈ ਕਿ ਇਹ ਫਿਲਹਾਲ ਸਰਕਾਰ ਨੂੰ ਮੁੱਦਾ ਆਧਾਰਤ ਹਮਾਇਤ ਦੇਵੇਗੀ।

ਅਸਲ ਵਿਚ ਪੱਛਮੀ ਬੰਗਾਲ ਲਈ ਕੇਂਦਰ ਤੋਂ ਮੰਗੀ ਵਿਤੀ ਸਹਾਇਤਾ ਨਾ ਮਿਲਣ 'ਤੇ ਪਿਛਲੇ ਕਾਫੀ ਸਮੇ ਤੋਂ ਬੀਬੀ ਮਮਤਾ ਬੈਨਰਜੀ ਕੇਂਦਰ ਸਰਕਾਰ ਨਾਲ ਰਤਾ ਕੁ ਪਾਸਾ ਵੱਟ ਕੇ ਚੱਲ ਰਹੀ ਸੀ ਅਤੇ ਉਨ੍ਹਾਂ ਕਈ ਵਾਰ ਆਪਣੇ ਤਿੱਖੇ ਤੇਵਰ ਵੀ ਦਿਖਾਏ ਹਨ। ਡੀ.ਐਮ.ਕੇ. ਮੁਖੀ ਐਮ. ਕਰੁਣਾਨਿਧੀ ਤਾਂ ਅਜਿਹੇ ਹੀ ਸਮੇਂ ਦੀ ਤਲਾਸ਼ ਵਿਚ ਸਨ ਕਿਉਂਕਿ ਆਪਣੀ ਧੀ ਨੂੰ ਜੇਲ੍ਹ ਭੇਜੇ ਜਾਣ ਨੂੰ ਉਹ ਭੁੱਲੇ ਨਹੀਂ। ਉਦੋਂ ਵੀ ਉਨ੍ਹਾਂ ਵੱਲੋਂ ਸਰਕਾਰ ਦਾ ਸਾਥ ਛੱਡਣ ਦੀਆਂ ਅਫਵਾਹਾਂ ਉਠਦੀਆਂ ਰਹੀਆਂ ਸਨ, ਪਰ ਉਹ ਉਦੋਂ ਦੜ ਵੱਟ ਕੇ ਬੈਠ ਗਏ ਸਨ।

ਗੌਰਤਲਬ ਹੈ ਕਿ ਤ੍ਰਿਣਮੂਲ ਕਾਂਗਰਸ ਕੋਲ 19 ਲੋਕ ਸਭਾ ਮੈਂਬਰ ਹਨ ਤੇ ਕੇਂਦਰੀ ਕੈਬਨਿਟ 'ਚ ਛੇ ਮੰਤਰੀ ਹਨ। ਤ੍ਰਿਣਮੂਲ ਕਾਂਗਰਸ ਦੇ ਬਾਹਰ ਜਾਣ ਨਾਲ ਹੁਣ ਸਰਕਾਰ ਦੀ ਟੇਕ ਮੁਲਾਇਮ ਸਿੰਘ ਯਾਦਵ ਦੀ ਸਮਾਜਵਾਦੀ ਪਾਰਟੀ ਅਤੇ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ (ਬਸਪਾ) 'ਤੇ ਹੈ। ਇਨ੍ਹਾਂ ਦੋਵਾਂ ਪਾਰਟੀਆਂ ਕੋਲ ਕ੍ਰਮਵਾਰ 22 ਅਤੇ 21 ਲੋਕ ਸਭਾ ਮੈਂਬਰ ਹਨ ਤੇ ਇਨ੍ਹਾਂ ਵੱਲੋਂ ਸਰਕਾਰ ਨੂੰ ਬਾਹਰੋਂ ਹਮਾਇਤ ਦਿੱਤੀ ਜਾ ਰਹੀ ਹੈ।

ਬੀਬੀ ਬੈਨਰਜੀ ਦੀ ਹਮਾਇਤ ਵਾਪਸੀ ਤੋਂ ਬਾਅਦ ਯੂ.ਪੀ.ਏ. ਸਰਕਾਰ ਕੋਲ ਹੁਣ 245 ਮੈਂਬਰਾਂ ਦੀ ਹਮਾਇਤ ਰਹਿ ਗਈ ਹੈ। ਇਸ 'ਚ ਕਾਂਗਰਸ ਦੇ 205, ਡੀ.ਐਮ.ਕੇ. ਦੇ 18, ਐਨ.ਸੀ.ਪੀ. ਦੇ 9, ਰਾਸ਼ਟਰੀ ਲੋਕ ਦਲ ਦੇ 9, ਨੈਸ਼ਨਲ ਕਾਨਫਰੰਸ ਦੇ 3 ਤੇ ਹੋਰਾਂ ਪਾਰਟੀਆਂ ਦੇ

(ਬਾਕੀ ਸਫਾ 6 'ਤੇ)

# ਗੁਲਜ਼ਾਰ ਸਿੰਘ ਰਣੀਕੇ ਵੱਲੋਂ ਅਸਤੀਫਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦੂਜੀ ਵਾਰ ਸੱਤਾ 'ਚ ਆਈ ਅਕਾਲੀ-ਭਾਜਪਾ ਸਰਕਾਰ ਨਿੱਤ ਨਵੀਆਂ ਮੁਸੀਬਤਾਂ ਨਾਲ ਜੂਝ ਰਹੀ ਹੈ। ਛੇ ਮਹੀਨਿਆਂ ਦੇ ਕਾਰਜਕਾਲ ਦੌਰਾਨ ਹੀ ਸਰਕਾਰ ਦੇ ਤਿੰਨ ਮੰਤਰੀਆਂ ਨੂੰ ਆਪਣੇ ਅਹੁਦਿਆਂ ਤੋਂ ਅਸਤੀਫਾ ਦੇਣਾ ਪੈ ਗਿਆ ਹੈ ਜਿਸ ਨਾਲ ਸਰਕਾਰ ਦੀ ਸਾਖ ਨੂੰ ਵੱਡਾ ਧੱਕਾ ਲੱਗਾ ਹੈ। ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਭ੍ਰਿਸ਼ਟਾਚਾਰ ਦੇ ਦੋਸ਼ 'ਚ ਘਿਰਨ ਤੋਂ ਬਾਅਦ ਅਸਤੀਫਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਜਥੇਦਾਰ ਤੋਤਾ ਸਿੰਘ ਤੇ ਬੀਬੀ ਜਗੀਰ ਕੌਰ ਨੂੰ ਵੱਖ-ਵੱਖ ਕੇਸਾਂ 'ਚ ਸਜ਼ਾ ਹੋਣ ਤੋਂ ਬਾਅਦ ਅਸਤੀਫ਼ਾ ਦੇਣਾ ਪਿਆ ਸੀ।

ਪੰਜਾਬ ਸਰਕਾਰ ਨੇ ਪਹਿਲਾਂ ਹੀ ਜਨਤਾ 'ਤੇ ਮੋਟੇ ਟੈਕਸ ਲਾ ਕੇ ਵਿਰੋਧ ਸਹੇੜਿਆ ਹੋਇਆ



ਗੁਲਜ਼ਾਰ ਸਿੰਘ ਰਣੀਕੇ

ਸੀ ਕਿ ਸ. ਰਣੀਕੇ ਦਾ ਮਾਮਲਾ ਸਾਹਮਣੇ ਆਉਣ ਨਾਲ ਮੁਸੀਬਤਾਂ 'ਚ ਹੋ ਵਾਧਾ ਹੋ ਗਿਆ। ਸ. ਰਣੀਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਅਟਾਰੀ ਰਾਖਵੇਂ ਦੀ ਨੁਮਾਇੰਦਗੀ ਕਰਦੇ ਆ ਰਹੇ ਹਨ ਜੋ ਕੇਂਦਰੀ ਗਰਾਂਟਾਂ ਦੇ ਗਬਨ ਕਰਕੇ ਸੁਰਖੀਆਂ ਵਿਚ ਆਇਆ ਹੋਇਆ ਹੈ। ਉਹ ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਐਸ.ਸੀ. ਵਿੰਗ ਦੇ ਪ੍ਰਧਾਨ ਵੀ ਹਨ। ਪਾਰਟੀ ਨੇ ਅਜੇ ਉਨ੍ਹਾਂ ਨੂੰ ਇਸ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਸ. ਰਣੀਕੇ ਦੇ ਬਚਾਅ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸਰਕਾਰ ਦੇ ਅਕਸ ਨੂੰ ਲੱਗ ਰਹੀ ਢਾਹ ਦੇ ਮੱਦੇਨਜ਼ਰ ਉਨ੍ਹਾਂ ਨੂੰ ਕੌੜਾ ਅੱਕ ਚੱਬਣਾ ਪਿਆ। ਇਸ ਘਪਲੇ ਖ਼ਿਲਾਫ਼ ਅਟਾਰੀ ਵਿਧਾਨ

(ਬਾਕੀ ਸਫਾ 6 'ਤੇ)

REAL ESTATE & HOME LOANS
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21
M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਗੁਰਦੁਆਰਾ ਟਾਇਰਾ ਬਿਊਨਾ: ਨਵੀਂ ਚੋਣ ਕਰਵਾਉਣ ਬਾਰੇ ਪਟੀਸ਼ਨ ਰੱਦ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੇ ਪ੍ਰਬੰਧਕੀ ਝਗੜੇ ਨੂੰ ਲੈ ਕੇ ਚੱਲ ਰਹੇ ਇਕ ਅਦਾਲਤੀ ਕੇਸ ਵਿਚ ਅਦਾਲਤ ਨੇ ਪ੍ਰਬੰਧਕਾਂ ਵਲੋਂ ਗੁਰੂ ਘਰ ਦੇ ਮੌਜੂਦਾ ਵਿਧਾਨ ਤਹਿਤ ਪ੍ਰਬੰਧਕੀ ਬੋਰਡ ਦੀ ਮਿਆਦ ਹੋਰ ਦੋ ਸਾਲ ਵਧਾਏ ਜਾਣ ਨੂੰ ਜਾਇਜ ਠਹਿਰਾਇਆ ਹੈ ਪਰ ਨਾਲ ਹੀ ਇਹ ਵੀ ਕਿਹਾ ਹੈ ਕਿ ਗੁਰੂ ਘਰ ਦੇ ਮੈਂਬਰ ਬੋਰਡ ਤੋਂ ਉਪਰ ਹਨ ਅਤੇ ਜੇ ਉਹ ਚਾਹੁਣ ਤਾਂ ਬਹੁਮਤ ਫੈਸਲੇ ਨਾਲ ਬੋਰਡ ਦੇ ਫੈਸਲੇ ਨੂੰ ਬਦਲ ਸਕਦੇ ਹਨ।

ਗੁਰੂ ਘਰ ਦੇ 73 ਮੈਂਬਰੀ ਗਵਰਨਿੰਗ ਬੋਰਡ ਉਤੇ ਕਬਜ਼ਾ ਕਰਨ ਲਈ ਲੜਾਈ ਉਦੋਂ ਹੋਰ ਵੀ ਗੰਭੀਰ ਹੋ ਗਈ ਜਦੋਂ ਸਟਰ ਕਾਊਂਟੀ ਦੇ ਜੱਜ ਪੈਰੀ ਪਾਰਕਰ ਨੇ 5 ਮੈਂਬਰਾਂ ਦੀ ਉਹ ਪਟੀਸ਼ਨ ਰੱਦ ਕਰ ਦਿੱਤੀ ਜਿਸ ਵਿਚ ਦਸੰਬਰ ਮਹੀਨੇ ਨਵੇਂ ਬੋਰਡ ਦੀ ਚੋਣ ਕਰਵਾਉਣ ਦੀ ਮੰਗ ਕੀਤੀ ਗਈ ਸੀ। ਪਟੀਸ਼ਨਰਾਂ ਦਾ ਕਹਿਣਾ ਹੈ ਕਿ ਚੋਣਾਂ ਲਈ ਲੜਾਈ ਅਜੇ ਮੁੱਕੀ ਨਹੀਂ ਅਤੇ ਉਹ ਗੁਰੂ ਘਰ ਦੇ ਵਿਧਾਨ ਦੇ ਆਧਾਰ ਉਤੇ ਗੁਰੂ ਘਰ ਦੇ ਮੈਂਬਰਾਂ ਨੂੰ ਨਵੇਂ ਬੋਰਡ ਦੀ ਚੋਣ ਲਈ ਫੈਸਲਾ ਕਰਨ ਵਾਸਤੇ ਕਹਿਣਗੇ। ਬੋਰਡ ਦੀ ਚਾਰ ਸਾਲਾ ਮਿਆਦ ਆਉਂਦੀ 9 ਦਸੰਬਰ ਨੂੰ ਖਤਮ ਹੋ ਰਹੀ ਹੈ। ਸੱਤਾਧਾਰੀ ਧਿਰ ਨੇ ਲੰਘੀ 25 ਅਗਸਤ ਨੂੰ ਬੋਰਡ ਦੀ ਮਿਆਦ ਹੋਰ ਦੋ ਸਾਲ ਲਈ ਵਧਾ ਲਈ ਸੀ।

ਪਟੀਸ਼ਨਰ ਕਰਮਦੀਪ ਬੈਂਸ ਦਾ ਕਹਿਣਾ ਹੈ ਕਿ ਪ੍ਰਧਾਨ ਰਸ਼ਪਾਲ ਪੁਰੇਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਬੋਰਡ ਦੀ ਮਿਆਦ ਹੋਰ ਦੋ ਸਾਲ ਵਧਾਉਣ ਦਾ ਫੈਸਲਾ ਲੈ ਕੇ ਗੁਰੂ ਘਰ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਮਝ ਨਹੀਂ ਆਉਂਦੀ ਇਹ ਲੋਕ ਚੋਣਾਂ ਦਾ ਸਾਹਮਣਾ ਕਰਨ ਤੋਂ ਕਿਉਂ ਭੱਜ ਰਹੇ ਹਨ। ਸ਼ਾਇਦ ਉਹ ਜਾਣਦੇ ਹਨ ਕਿ ਉਹ ਨਿਸ਼ਚਿਤ ਤੌਰ 'ਤੇ ਚੋਣ ਹਾਰਨਗੇ। ਜ਼ਿਕਰਯੋਗ ਹੈ ਕਿ ਬੋਰਡ ਵਲੋਂ ਲੰਘੀ 25 ਅਗਸਤ ਨੂੰ ਆਪਣੀ ਮਿਆਦ ਹੋਰ ਦੋ ਸਾਲ ਵਧਾਉਣ ਦਾ ਫੈਸਲਾ ਲਿਆ ਗਿਆ ਸੀ। ਸ੍ਰੀ ਬੈਂਸ ਨੇ ਦੋਸ਼ ਲਾਇਆ ਕਿ ਸੱਤਾਧਾਰੀ ਧਿਰ ਨੇ ਕੁਝ ਅਜਿਹੀ ਖੇਡ ਖੇਡੀ ਕਿ ਹਰ ਵਿਰੋਧੀ ਨੂੰ ਮੀਟਿੰਗ ਵਿਚੋਂ ਬਾਹਰ ਜਾਣ 'ਤੇ ਮਜਬੂਰ ਕਰ ਦਿੱਤਾ।



ਦੂਜੇ ਪਾਸੇ ਸਥਾਨਕ ਅਖਬਾਰ ਅਪੀਲ ਡੈਮੋਕਰੈਟ ਦੀ ਰਿਪੋਰਟ ਅਨੁਸਾਰ ਬੋਰਡ ਦੇ ਪੱਖੀ ਸ੍ਰੀ ਤੇਜਿੰਦਰ ਦੁਸਾਂਝ ਨੇ ਦਾਅਵਾ ਕੀਤਾ ਹੈ ਕਿ ਕਿਸੇ ਨੂੰ ਵੀ ਮੀਟਿੰਗ ਵਿਚੋਂ ਬਾਹਰ ਜਾਣ ਲਈ ਮਜਬੂਰ ਨਹੀਂ ਕੀਤਾ ਗਿਆ। ਪ੍ਰਧਾਨ ਨੇ ਸਭ ਨੂੰ ਬੈਠਣ ਤੇ ਮੀਟਿੰਗ ਦੀ ਕਾਰਵਾਈ ਵਿਚ ਹਿੱਸਾ ਲੈਣ ਦੀ ਬੇਨਤੀ ਕੀਤੀ ਸੀ ਪਰ ਵਿਰੋਧੀ ਲੜਨ ਝਗੜਨ ਦੇ ਮਨਸ਼ੇ ਨਾਲ ਆਏ ਜਾਪਦੇ ਸਨ। ਉਨ੍ਹਾਂ ਕਿਹਾ ਕਿ ਮੌਜੂਦਾ ਬੋਰਡ ਦੀ ਮਿਆਦ ਵਿਚ ਵਾਧਾ ਇਸ ਲਈ ਜ਼ਰੂਰੀ ਹੈ ਕਿ ਕੁਝ ਅਧੂਰੇ ਪਏ ਕੰਮ ਪੂਰੇ ਕੀਤੇ ਜਾਣ ਵਾਲੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਚੋਣ ਗੁਰੂ ਘਰ ਦਾ ਕਰੀਬ 160,000 ਡਾਲਰ ਬਚਾਉਣ ਲਈ ਅੱਗੇ ਪਾਈ ਗਈ ਹੈ ਜੋ ਚੋਣ 'ਤੇ ਖਰਚ ਆਉਣਾ ਸੀ। ਬੋਰਡ ਦੇ ਸਕੱਤਰ ਜੋਗਿੰਦਰ ਦੁਲਈ ਵਲੋਂ ਦਰਜ ਕੀਤੀ ਗਈ ਮੀਟਿੰਗ ਦੀ ਕਾਰਵਾਈ ਅਨੁਸਾਰ ਸਟਰ ਕਾਊਂਟੀ ਸ਼ੈਰਿਫ ਪੁਲਿਸ ਵਲੋਂ ਸਿਰਫ ਇਕ ਮੈਂਬਰ ਨੂੰ ਮੀਟਿੰਗ ਵਿਚੋਂ ਬਾਹਰ ਕੱਢਿਆ ਗਿਆ ਜੋ ਕਥਿਤ ਤੌਰ 'ਤੇ ਮੀਟਿੰਗ ਵਿਚ ਖਲਲ ਪਾ ਰਿਹਾ ਸੀ।

ਇਥੇ ਦੱਸਣਾ ਬਣਦਾ ਹੈ ਕਿ ਬੋਰਡ ਦੇ 73 ਮੈਂਬਰ ਹਨ ਅਤੇ ਸੂਤਰਾਂ ਅਨੁਸਾਰ ਇਸ ਵਿਚੋਂ 37 ਸੱਤਾਧਾਰੀ ਧਿਰ ਨਾਲ ਹਨ। ਦੋਹਾਂ ਧਿਰਾਂ ਵਲੋਂ ਇਕ ਦੂਜੇ ਉਪਰ ਹੇਰਾ-ਫੇਰੀ ਅਤੇ ਭੰਨਤੋੜ ਕਰਨ ਦੇ ਦੋਸ਼ ਲਾਏ ਗਏ ਹਨ।

ਜ਼ਿਕਰਯੋਗ ਹੈ ਕਿ 2008 ਵਿਚ ਹੋਈਆਂ ਪਿਛਲੀਆਂ ਚੋਣਾਂ ਤੋਂ ਬਾਅਦ ਗੁਰੂ ਘਰ ਦੇ ਵੱਖ ਵੱਖ ਧੜਿਆਂ ਵਿਚ ਖਿੱਚੋਤਾਣ ਲਗਾਤਾਰ ਵਧਦੀ ਆਈ ਹੈ। ਉਦੋਂ ਜੱਜ ਪਾਰਕਰ ਨੇ ਅਦਾਲਤੀ ਨਿਗਰਾਨੀ ਹੇਠ ਚੋਣਾਂ ਕਰਵਾਉਣ ਦਾ ਹੁਕਮ ਦਿੱਤਾ ਸੀ। ਸੱਤਾਧਾਰੀ ਧਿਰ ਦਾ ਕਹਿਣਾ ਹੈ ਕਿ ਜੋ ਲੋਕ 30 ਸਾਲ ਤੋਂ ਇਸ ਗੁਰੂ ਘਰ 'ਤੇ ਕਾਬਜ਼ ਸਨ ਉਨ੍ਹਾਂ ਨੂੰ ਗੁਰੂ ਘਰ ਦਾ ਪ੍ਰਬੰਧ ਹੱਥੋਂ ਖੁਸਣਾ ਪਚ ਨਹੀਂ ਰਿਹਾ। ਦੂਜੇ ਪਾਸੇ ਕਰਮਦੀਪ ਬੈਂਸ ਨੇ ਕਿਹਾ ਕਿ ਪਟੀਸ਼ਨਰ ਸਿਰਫ ਇੰਨਾ ਹੀ ਚਾਹੁੰਦੇ ਹਨ ਕਿ ਗੁਰੂ ਘਰ ਦੇ ਵਿਧਾਨ ਅਨੁਸਾਰ ਨਵੀਆਂ ਚੋਣਾਂ ਕਰਵਾਈਆਂ ਜਾਣ ਅਤੇ ਮੈਂਬਰ ਬੋਰਡ ਦੇ ਡਾਇਰੈਕਟਰਾਂ ਦੀ ਸਿੱਧੀ ਚੋਣ ਕਰਨ। ਇਹ ਮਾੜੀ ਗੱਲ ਹੈ ਕਿ ਗੱਲ ਇਥੋਂ ਤੱਕ ਵਧ ਗਈ ਹੈ ਪਰ ਇਸ ਦਾ ਹੱਲ ਚੋਣਾਂ ਹੀ ਹੈ। ਵਿਰੋਧੀ ਧਿਰ ਨੂੰ ਆਸ ਸੀ ਕਿ ਜੱਜ ਬੋਰਡ ਨੂੰ ਦਸੰਬਰ ਵਿਚ ਨਵੀਆਂ ਚੋਣਾਂ ਦਾ ਹੁਕਮ ਦੇਵੇਗਾ ਪ੍ਰੰਤੂ ਅਜੇ ਵੀ ਇਸ ਨੂੰ ਆਸ ਹੈ ਕਿ ਗੁਰੂ ਘਰ ਦੇ ਵਿਧਾਨ ਵਿਚਲੀਆਂ ਵਿਵਸਥਾਵਾਂ ਦੇ ਆਧਾਰ ਉਤੇ ਗੁਰੂ ਘਰ ਦੇ ਮੈਂਬਰਾਂ ਨੂੰ ਚੋਣਾਂ ਅੱਗੇ ਪਾਉਣ ਦਾ ਫੈਸਲਾ ਰੱਦ ਕਰਵਾਉਣ ਲਈ ਮਨਾ ਲੈਣਗੇ।


ਜੱਜ ਦੇ ਫੈਸਲੇ ਨਾਲ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਕਿਸੇ ਵੀ ਸੰਸਥਾ ਨੂੰ ਕਿਵੇਂ ਚਲਾਉਣਾ ਹੈ, ਇਸ ਦੇ ਮੁਢਲੇ ਹੱਕ ਮੈਂਬਰਾਂ ਕੋਲ ਯਾਨਿ ਸੰਗਤ ਕੋਲ ਹਨ। ਦੂਜੇ ਸ਼ਬਦਾਂ ਵਿਚ ਸੰਗਤ ਸੁਪਰੀਮ ਹੈ। ਇਹ ਵੀ ਦਿਲਚਸਪ ਗੱਲ ਹੈ ਕਿ ਹੋਰ ਬਹੁਤ ਸਾਰੇ ਗੁਰੂ ਘਰਾਂ ਵਾਂਗ ਇਥੇ ਵੀ ਕੁਝ ਡਾਇਰੈਕਟਰ ਮੈਂਬਰਾਂ ਨੂੰ ਅਣ-ਸੁਣਿਆ ਕਰਦੇ ਆਏ ਹਨ ਤੇ ਉਨ੍ਹਾਂ ਦਾ ਅਕਸਰ ਇਹ ਕਹਿਣਾ ਰਿਹਾ ਹੈ ਕਿ ਸੰਗਤ ਦਾ ਕੀ ਹੈ, ਸੰਗਤ ਨੇ ਤਾਂ ਮਗਰ ਹੀ ਲੱਗਣਾ ਹੈ।

ਇਹ ਵੀ ਪਤਾ ਲੱਗਾ ਹੈ ਕਿ ਕੁਝ ਡਾਇਰੈਕਟਰਾਂ ਅਤੇ ਮੈਂਬਰਾਂ ਨੇ ਸਮੂਹ ਮੈਂਬਰਾਂ ਦਾ ਜਨਰਲ ਇਜਲਾਸ ਸੱਦਣ ਲਈ ਏਜੰਡਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਦੋਹਾਂ ਧਿਰਾਂ ਦੇ ਵਕੀਲਾਂ ਨੇ ਮੈਂਬਰਾਂ ਦਾ ਜਨਰਲ ਇਜਲਾਸ ਸੱਦਣ ਲਈ ਇਕ ਦੂਜੇ ਨੂੰ ਸਹਿਯੋਗ ਦੇਣ ਦਾ ਵਾਅਦਾ ਕੀਤਾ ਹੈ। ਇਹ ਹੁਣ ਸੰਗਤ ਉਤੇ ਹੈ ਕਿ ਉਹ ਸਿਰਫ ਹਊ ਪਰੇ ਕਰਕੇ ਆਪਣਾ ਪੱਲਾ ਛਡਾਉਂਦੀ ਹੈ ਜਾਂ ਜ਼ਿੰਮੇਵਾਰੀ ਵਿਖਾਉਂਦਿਆਂ ਸਹੀ ਲੋਕਾਂ ਨੂੰ ਅੱਗੇ ਲਿਆਉਂਦੀ ਹੈ ਤਾਂ ਜੋ ਗੁਰੂ ਘਰ ਦਾ ਲੱਖਾਂ ਡਾਲਰ ਅਦਾਲਤੀ ਖਰਚਿਆਂ ਵਿਚ ਅਜਾਈਂ ਨਾ ਜਾਵੇ।

ਜੇ ਟਾਇਰਾ ਬਿਊਨਾ ਗੁਰੂ ਘਰ ਦੇ ਪ੍ਰਬੰਧਕੀ ਝਗੜੇ ਦਾ ਜਲਦ ਨਿਪਟਾਰਾ ਨਹੀਂ ਹੁੰਦਾ ਤਾਂ ਇਸ ਦਾ ਅਸਰ ਗੁਰੂ ਘਰ ਵਲੋਂ ਹੋਣ ਵਾਲੇ ਸਮਾਗਮਾਂ ਉਤੇ ਵੀ ਪਵੇਗਾ। ਦੱਸਣਾ ਬਣਦਾ ਹੈ ਕਿ ਇਸ ਗੁਰੂ ਘਰ ਦੀ ਰਹਿਨੁਮਾਈ ਹੇਠ ਕੱਢੇ ਜਾਂਦੇ ਸਾਲਾਨਾ ਨਗਰ ਕੀਰਤਨ ਸਬੰਧੀ ਰੱਖੇ ਜਾਂਦੇ ਲੜੀਵਾਰ ਅਖੰਡ ਪਾਠਾਂ ਉਪਰ ਫੁੱਟ ਦੇ ਅਸਰ ਸਾਫ ਦਿਖਾਈ ਦਿੰਦੇ ਹਨ। ਅਦਾਲਤੀ ਫੈਸਲਾ ਆਉਣ ਤੋਂ ਪਹਿਲਾਂ ਸੰਗਰਾਂਦ ਦੇ ਦਿਹਾੜੇ ਦੀ ਸੇਵਾ ਵਿਰੋਧੀ ਧਿਰ ਦੇ ਮੈਂਬਰ ਸਮਝੇ ਜਾਂਦੇ ਪਰਿਵਾਰਾਂ ਵਲੋਂ ਸੀ। ਇਸ ਮੌਕੇ ਸ. ਗੁਰਨਾਮ ਸਿੰਘ ਪੰਮਾ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਬੰਧਕਾਂ ਨੂੰ ਵੋਟਾਂ ਪੁਆਉਣ ਲਈ ਕਿਹਾ ਤਾਂ ਦੋਹਾਂ ਧਿਰਾਂ ਵਿਚ ਤਲਖੀ ਵਧ ਗਈ। ਇਸ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਰਾਜਿੰਦਰ ਸਿੰਘ ਖਹਿਰਾ ਨੇ ਦਖਲ ਦੇ ਕੇ ਮੌਕਾ ਸੰਭਾਲਿਆ ਤੇ ਕੁੜੱਤਣ ਘਟਾਈ। ਇਹ ਵੀ ਪਤਾ ਲੱਗਾ ਹੈ ਕਿ ਕਿਸੇ ਵੀ ਝਗੜੇ ਦੇ ਅੰਦੇਸ਼ੇ ਕਰਕੇ ਸਥਾਨਕ ਪੁਲਿਸ ਪਹਿਲਾਂ ਹੀ ਗੁਰੂ ਘਰ ਦੇ ਬਾਹਰ ਖੜ੍ਹੀ ਸੀ।

## ਸੜਕ ਹਾਦਸੇ 'ਚ 8 ਸਾਲਾ ਬੱਚੇ ਦੀ ਮੌਤ

**ਬੇਕਰਜ਼ਫੀਲਡ (ਬਿਊਰੋ):** ਇਥੋਂ ਨਜ਼ਦੀਕ ਹੋਏ ਇਕ ਸੜਕ ਹਾਦਸੇ ਵਿਚ ਇਥੋਂ ਦੇ 8 ਸਾਲਾ ਬੱਚੇ ਅਰਸ਼ਵੀਰ ਦੀ ਮੌਤ ਹੋ ਗਈ।



*ਅਰਸ਼ਵੀਰ*

ਬੱਚੇ ਦੇ ਮਾਤਾ-ਪਿਤਾ ਨਿਰਮਲ ਸਿੰਘ ਗਿੱਲ ਅਤੇ ਕਿਰਨਜੀਤ ਕੌਰ ਗਿੱਲ 12 ਸਤੰਬਰ ਸ਼ਾਮ ਨੂੰ ਲਾਸ ਏਂਜਲਸ ਏਅਰਪੋਰਟ ਤੋਂ ਆਪਣੇ ਬੱਚੇ ਅਰਸ਼ਵੀਰ ਸਮੇਤ ਉਸ ਦੀ ਨਾਨੀ ਸਤਵੰਤ ਕੌਰ ਨੂੰ ਲੈ ਕੇ ਵਾਪਸ ਪਰਤ ਰਹੇ ਸਨ ਕਿ ਬੇਕਰਜ਼ਫੀਲਡ ਦੇ ਨਜ਼ਦੀਕ ਜ਼ਬਰਦਸਤ ਹਾਦਸਾ ਹੋਇਆ ਜਿਸ ਵਿਚ ਅਰਸ਼ਵੀਰ ਦੀ ਮੌਤ ਹੋ ਗਈ।

ਜਖਮੀਆਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਪ੍ਰਾਪਤ ਸੂਚਨਾ ਅਨੁਸਾਰ ਬੱਚੇ ਦੇ ਮਾਤਾ-ਪਿਤਾ ਅਤੇ ਨਾਨੀ ਦਾ ਕਿਸੇ ਗੰਭੀਰ ਸੱਟ ਤੋਂ ਬਚਾਅ ਹੋ ਗਿਆ ਪਰ ਉਨ੍ਹਾਂ ਨੂੰ ਅਰਸ਼ਵੀਰ ਦੀ ਮੌਤ ਦਾ ਗਹਿਰਾ ਸਦਮਾ ਸਹਿਣਾ ਪਿਆ।

## ਪੰਜਾਬੀ ਸਾਹਿਤ ਸਭਾ ਵਲੋਂ ਡਾ. ਟਾਂਡਾ ਦਾ ਸਨਮਾਨ



*ਸਭਾ ਦੇ ਮੈਂਬਰ ਡਾ. ਅਮਰਜੀਤ ਟਾਂਡਾ ਤੇ ਅਜਮੇਰ ਸਿੱਧੂ ਨਾਲ*

**ਯੂਨੀਅਨ ਸਿਟੀ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਆਸਟਰੇਲੀਆ ਤੋਂ ਆਏ ਖੇਤੀ ਵਿਗਿਆਨੀ ਤੇ ਸਾਹਿਤਕਾਰ ਡਾ. ਅਮਰਜੀਤ ਸਿੰਘ ਟਾਂਡਾ ਅਤੇ ਪੰਜਾਬ ਤੋਂ ਆਏ ਕਹਾਣੀਕਾਰ ਅਜਮੇਰ ਸਿੱਧੂ ਦੇ ਮਾਣ ਵਿਚ ਇਕ ਵਿਸ਼ੇਸ਼ ਸਮਾਗਮ ਇਥੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਕੀਤਾ ਗਿਆ ਜੋ ਇਕ ਚੰਗਾ ਕਵੀ ਦਰਬਾਰ ਵੀ ਹੋ ਨਿਬੜਿਆ।

ਸਮਾਗਮ ਦੇ ਸ਼ੁਰੂ ਵਿਚ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਬਾਹਰੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਆਪਣੀ ਕਾਰਜਕਾਰਨੀ ਦੀ ਜਾਣ-ਪਛਾਣ ਕਰਵਾਉਂਦਿਆਂ ਸਭਾ ਦੇ ਪ੍ਰਬੰਧਕ ਪਰਮਿੰਦਰ ਸਿੰਘ ਪਰਵਾਨਾ, ਮੀਤ ਪ੍ਰਧਾਨ ਡਾ. ਗੁਰਮੀਤ ਸਿੰਘ ਬਰਸਾਲ, ਜਨਰਲ ਸਕੱਤਰ ਨੀਲਮ ਸੈਣੀ, ਖ਼ਜ਼ਾਨਚੀ ਮਲਵਿੰਦਰ ਸਿੰਘ ਮੰਡ ਅਤੇ ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ ਦਾ ਸਹਿਯੋਗ ਲਈ ਧੰਨਵਾਦ ਕੀਤਾ।

ਇਸ ਮੌਕੇ ਪਰਮਿੰਦਰ ਸਿੰਘ ਪਰਵਾਨਾ ਨੇ ਆਪਣੀ ਬੇਟੀ ਗਿੰਨੀ ਦੀ ਯਾਦ ਵਿਚ ਲਿਖੀ ਨਜ਼ਮ 'ਮੀਲ ਪੱਥਰ' ਨਾਲ ਕਵੀ ਦਰਬਾਰ ਦਾ ਆਗਾਜ਼ ਕੀਤਾ। ਹਾਜ਼ਰ ਕਵੀਆਂ-ਈਸ਼ਰ ਸਿੰਘ ਮੋਮਨ, ਅਮਰਜੀਤ ਸਿੰਘ ਜੌਹਲ, ਗੁਰਮੀਤ ਸਿੰਘ ਬਰਸਾਲ, ਆਜ਼ਾਦ ਜਲੰਧਰੀ, ਤਾਰਾ ਸਿੰਘ ਸਾਗਰ, ਕੁਲਦੀਪ ਸਿੰਘ ਢੀਂਡਸਾ ਅਤੇ ਨੀਲਮ ਸੈਣੀ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਨੇ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਵੇਂ ਉਹ ਬਹੁਤ ਦੇਰ ਤੋਂ ਪੰਜਾਬੀ ਸਾਹਿਤ ਸਭਾ ਨਾਲ ਜੁੜੇ ਹੋਏ ਸਨ ਪਰੰਤੂ ਅੱਜ ਉਹ ਸਭਾ ਦੇ ਬਾਕਾਇਦਾ ਮੈਂਬਰ ਬਣ ਕੇ ਅੰਦਰੋਂ ਵੀ ਜੁੜ ਗਏ ਹਨ।

ਕਵੀ ਦਰਬਾਰ ਦੇ ਅੰਤ ਵਿਚ ਡਾ. ਅਮਰਜੀਤ ਸਿੰਘ ਟਾਂਡਾ ਨੇ ਪੰਜਾਬੀ ਸਾਹਿਤ ਸਭਾ ਦਾ ਇਹ ਮਿਲਣੀ ਕਰਾਉਣ ਲਈ ਧੰਨਵਾਦ ਕਰਦੇ ਹੋਏ ਵੱਖ-ਵੱਖ ਵੰਨਗੀ ਦੀਆਂ ਆਪਣੀਆਂ ਕੁਝ ਰਚਨਾਵਾਂ ਪੜ੍ਹੀਆਂ। ਡਾ. ਟਾਂਡਾ ਨੂੰ ਤਾਰਾ ਸਿੰਘ ਸਾਗਰ ਅਤੇ ਨੀਲਮ ਸੈਣੀ ਵਲੋਂ ਸਨਮਾਨ ਚਿੰਨ੍ਹ ਅਜਮੇਰ ਸਿੱਧੂ ਅਤੇ ਕਾਰਜਕਾਰਨੀ ਵਲੋਂ ਭੇਂਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਅਜਮੇਰ ਸਿੱਧੂ ਨੇ ਪੰਜਾਬੀ ਸਾਹਿਤ ਸਭਾ ਨੂੰ 'ਪੰਖ ਪਿੰਜਰਾ ਪਰਵਾਜ਼' ਕਹਾਣੀ ਸੰਗ੍ਰਿਹ ਅਤੇ 'ਉਧਾਰ ਲਏ ਪਰਾਂ ਦੀ ਦਾਸਤਾਨ' ਕਾਵਿ-ਸੰਗ੍ਰਿਹ ਜਿਹੀਆਂ ਮਿਆਰੀ ਪੁਸਤਕਾਂ ਛਾਪਣ ਲਈ ਵਧਾਈ ਦਿੱਤੀ। ਇੱਥੇ ਜ਼ਿਕਰਯੋਗ ਹੈ ਕਿ ਇਹ ਮਿਆਰੀ ਪ੍ਰਾਜੈਕਟ ਨੇਪਰੇ ਚਾੜ੍ਹਨ ਵਿਚ ਅਜਮੇਰ ਸਿੱਧੂ ਦਾ ਵਿਸ਼ੇਸ਼ ਸਹਿਯੋਗ ਹੈ। ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ।

ਸਮਾਗਮ ਵਿਚ ਹੋਰਾਂ ਤੋਂ ਇਲਾਵਾ ਅਮਰਜੀਤ ਨਿੱਝਰ, ਮਲਵਿੰਦਰ ਸਿੰਘ ਮੰਡ, ਬਲਵਿੰਦਰ ਕੌਰ ਮੰਡ, ਅਮਰਜੀਤ ਕੌਰ ਜੌਹਲ, ਅਮਰੀਕ ਸਿੰਘ ਜੌਹਲ, ਸਤਵਿੰਦਰ ਸਿੰਘ, ਰੌਸ਼ਨ ਲਾਲ, ਗੋਲਡਨ ਪੰਜਾਬ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਔਜਲਾ ਅਤੇ ਜਨਰਲ ਸਕੱਤਰ ਪ੍ਰੋ. ਬਲਜਿੰਦਰ ਸਿੰਘ, ਗੁਰਵਿੰਦਰ ਸਿੰਘ, ਡਾ. ਕਪਿਲਾ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਕਿਰਨ ਸ਼ਰੀਕ ਹੋਏ।

## ਪੰਜਾਬੀ ਰੇਡੀਓ ਯੂਐਸਏ ਦੀ ਦੂਜੀ ਵਰ੍ਹੇਗੰਢ 22 ਨੂੰ

**ਸੈਨ ਹੋਜ਼ੇ:** ਇਥੋਂ ਚਲਦੇ 'ਪੰਜਾਬੀ ਰੇਡੀਓ ਯੂਐਸਏ' ਵਲੋਂ ਆਪਣੀ ਦੂਜੀ ਵਰ੍ਹੇਗੰਢ ਆਉਂਦੀ 22 ਸਤੰਬਰ ਨੂੰ ਮਨਾਈ ਜਾ ਰਹੀ ਹੈ। ਰੇਡੀਓ ਵਲੋਂ ਜਾਰੀ ਇਕ ਬਿਆਨ ਵਿਚ ਸਰੋਤਿਆਂ ਨੂੰ ਸਟੂਡੀਓ ਆਉਣ ਦਾ ਸੱਦਾ ਦਿੰਦਿਆਂ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਗਈ ਹੈ ਕਿ ਰੇਡੀਓ ਨੇ ਪਿਛਲੇ ਦੋ ਸਾਲਾਂ ਦੇ ਅਰਸੇ ਦੌਰਾਨ ਪੰਜਾਬੀਆਂ ਦੇ ਦਿਲਾਂ ਵਿਚ ਆਪਣੀ ਇਕ ਨਿਵੇਕਲੀ ਥਾਂ ਬਣਾ ਲਈ ਹੈ ਅਤੇ ਸਿਰਫ ਦੋ ਸਾਲ ਪਹਿਲਾਂ ਸ਼ੁਰੂ ਹੋਏ ਪੰਜਾਬੀ ਰੇਡੀਓ ਯੂਐਸਏ ਨੇ ਹਰ ਇਕ ਸਿੱਖ ਮਸਲੇ ਨੂੰ ਸਮੇਂ ਅਨੁਸਾਰ ਉਠਾਇਆ।

ਬਿਆਨ ਵਿਚ ਕਿਹਾ ਗਿਆ ਹੈ ਕਿ ਨਾ ਸਿਰਫ ਉਤਰੀ ਅਮਰੀਕਾ ਸਗੋਂ ਪੂਰੀ ਦੁਨੀਆਂ ਵਿਚ ਪੰਜਾਬੀ ਰੇਡੀਓ ਯੂਐਸਏ ਪਹਿਲਾ ਪੰਜਾਬੀ ਰੇਡੀਓ ਸਟੇਸ਼ਨ ਹੈ ਜੋ 12 ਟਰਾਂਸਮੀਟਰਾਂ ਤੋਂ ਪ੍ਰੋਗਰਾਮ ਪ੍ਰਸਾਰਤ ਕਰਦਾ ਹੈ। ਇਨ੍ਹਾਂ ਪ੍ਰੋਗਰਾਮਾਂ ਵਿਚ ਖਬਰਾਂ ਤੋਂ ਇਲਾਵਾ ਧਾਰਮਿਕ, ਸਭਿਆਚਾਰਕ ਤੇ ਕੌਮੀ ਮਸਲਿਆਂ ਨਾਲ ਸਬੰਧਤ ਵਿਸ਼ੇ ਛੋਹੇ ਜਾਂਦੇ ਹਨ। 24 ਘੰਟੇ ਸੱਤੇ ਦਿਨ ਚਲਦੇ ਪੰਜਾਬੀ ਰੇਡੀਓ ਯੂਐਸਏ ਨੇ ਬਹੁਤ ਹੀ ਸੋਹਣਾ ਸਟੂਡੀਓ ਤਿਆਰ ਕੀਤਾ ਹੈ। ਰੇਡੀਓ ਦੀ ਪੂਰੀ ਟੀਮ ਨੇ ਸਰੋਤਿਆਂ ਨੂੰ ਬੇਨਤੀ ਕੀਤੀ ਹੈ ਕਿ ਸਨਿਚਰਵਾਰ 2 ਨਵੰਬਰ ਨੂੰ ਬਾਅਦ ਦੁਪਹਿਰ 1 ਵਜੇ ਸਟੂਡੀਓ ਪਹੁੰਚ ਕੇ ਖੁਸ਼ੀਆਂ ਦਾ ਹਿੱਸਾ ਬਣਨ। ਠੀਕ 1 ਵਜੇ ਸੁਖਮਨੀ ਸਾਹਿਬ ਦੇ ਪਾਠ ਆਰੰਭ ਹੋਣਗੇ ਅਤੇ ਉਸ ਤੋਂ ਬਾਅਦ ਸਰੋਤੇ ਆਪਣੇ ਹਰਮਨ ਪਿਆਰੇ ਮੇਜ਼ਬਾਨਾਂ ਨਾਲ ਵਿਚਾਰ ਵਟਾਂਦਰਾ ਕਰ ਸਕਣਗੇ। ਰੇਡੀਓ ਦਾ ਪਤਾ: 3750, Mckee Rd #B, San Jose, 95127, CA ਹੈ। ਹੋਰ ਜਾਣਕਾਰੀ ਲਈ ਫੋਨ ਨੰਬਰ 408-722-7698 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਯੂਨਾਈਟਿਡ ਸਪੋਰਟਸ ਕਲੱਬ ਵਲੋਂ ਨਸ਼ਿਆਂ ਵਿਰੁਧ ਜਾਗਰੂਕਤਾ ਕਨਵੈਨਸ਼ਨ ਨਵੰਬਰ ਵਿਚ

**ਫਰੀਮਾਂਟ (ਬਿਊਰੋ):** ਪੰਜਾਬ ਵਿਚ ਨਸ਼ਿਆਂ ਵਿਰੁਧ ਮੁਹਿੰਮ ਵਿੱਢ ਰਹੀ ਸੰਸਥਾ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਨਵੰਬਰ ਮਹੀਨੇ ਪੰਜਾਬ ਵਿਚ ਨਸ਼ਾ ਵਿਰੋਧੀ ਜਾਗਰੂਕਤਾ ਕਨਵੈਨਸ਼ਨ ਕਰਵਾਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਸੰਸਥਾ ਵਲੋਂ ਇਹ ਫੈਸਲਾ ਲੰਘੇ ਐਤਵਾਰ ਨੂੰ ਰੇਡੀਓ ਚੜ੍ਹਦੀ ਕਲਾ ਰਾਹੀਂ ਇਸ ਮਾਮਲੇ 'ਤੇ ਕੀਤੇ ਗਏ ਰੂਬਰੂ ਦੌਰਾਨ ਸਰੋਤਿਆਂ ਤੋਂ ਮਿਲੇ ਭਰਵੇਂ ਹੁੰਗਾਰੇ ਪਿਛੋਂ ਲਿਆ ਗਿਆ ਹੈ।


ਅਮੋਲਕ ਸਿੰਘ ਗਾਖਲ

ਸ. ਗਾਖਲ ਨੇ ਦੱਸਿਆ ਕਿ ਨਵੰਬਰ ਵਿਚ ਹੀ ਪੰਜਾਬ ਵਿਚ ਪਹਿਲੇ ਐਨ ਆਰ ਆਈ ਨਸ਼ਾ ਛੁਡਾਊ ਕੇਂਦਰ ਦਾ ਪਾਇਲਟ ਪ੍ਰਾਜੈਕਟ ਅਰੰਭਿਆ ਜਾਵੇਗਾ ਜਿਸ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਕਰਨਗੇ। ਸੰਸਥਾ ਵਲੋਂ ਨਵੇਂ ਸਾਲ ਤੋਂ ਹੋਰ ਕੇਂਦਰ ਖੋਲ੍ਹਣ ਲਈ ਐਨ ਆਰ ਆਈ ਭਰਾਵਾਂ ਨੂੰ ਆਪੋ ਆਪਣੇ ਇਲਾਕੇ ਵਿਚ ਅਜਿਹੇ ਉਪਰਾਲੇ ਕਰਨ ਲਈ ਪ੍ਰੇਰਿਆ ਜਾਵੇਗਾ। ਕਲੱਬ ਦੀ ਪ੍ਰੋਫੈਸ਼ਨਲ ਟੀਮ ਨਵੇਂ ਕੇਂਦਰ ਖੋਲ੍ਹਣ ਤੇ ਉਨ੍ਹਾਂ ਦੇ ਸਹੀ ਤਰੀਕੇ ਨਾਲ ਕੰਮ ਕਰਨ ਨੂੰ ਯਕੀਨੀ ਬਣਾਉਣ ਵਿਚ ਮਦਦ ਕਰੇਗੀ। ਇਸ ਮੁਹਿੰਮ ਦੌਰਾਨ ਨਸ਼ਾਖੋਰੀ ਵਿਰੁਧ ਸਕੂਲਾਂ ਤੇ ਕਾਲਜਾਂ ਵਿਚ ਸਾਹਿਤ ਵੀ ਵੰਡਿਆ ਜਾਵੇਗਾ।

ਕਲੱਬ ਨੇ ਸਮੂਹ ਐਨ ਆਰ ਆਈ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਆਪਣਾ ਫਰਜ਼ ਪਛਾਣਦੇ ਹੋਏ ਪੰਜਾਬ ਵਿਚ ਟੁੱਟੇ ਨਸ਼ਿਆਂ ਦੇ ਕਹਿਰ ਵਿਰੁਧ ਲਹਿਰ ਚਲਾਉਣ ਵਿਚ ਮਦਦ ਕੀਤੀ ਜਾਵੇ। ਆਪੋ ਆਪਣੇ ਪੱਧਰ ਉਤੇ ਪੰਜਾਬ ਦੀ ਲੀਡਰਸ਼ਿਪ ਉਪਰ ਵੀ ਨਸ਼ਿਆਂ ਵਿਰੁਧ ਖੜ੍ਹੇ ਹੋਣ ਲਈ ਜ਼ੋਰ ਪਾਇਆ ਜਾਵੇ ਅਤੇ ਜਿਨ੍ਹਾਂ ਸਿਆਸਤਦਾਨਾਂ ਦੀ ਨਸ਼ਿਆਂ ਦੇ ਕਾਰੋਬਾਰ ਵਿਚ ਭਾਈਵਾਲੀ ਹੈ, ਉਨ੍ਹਾਂ ਨੂੰ ਪਾਰਟੀ ਪੱਧਰ ਤੋਂ ਉਪਰ ਉਠ ਕੇ ਲੋਕਾਂ ਵਿਚ ਨਸ਼ਰ ਕੀਤਾ ਜਾਵੇ।

# ਦੂਰਾਂਤੋ ਐਕਸਪ੍ਰੈਸ ਲੁਧਿਆਣੇ ਤੇ ਜਲੰਧਰ ਵੀ ਰੁਕੇਗੀ

**ਚੰਡੀਗੜ੍ਹ:** ਪਿਛਲੇ ਇਕ ਵਰ੍ਹੇ ਤੋਂ ਅੰਮ੍ਰਿਤਸਰ ਤੇ ਚੰਡੀਗੜ੍ਹ ਵਿਚਾਲੇ ਚੱਲ ਰਹੀ ਦੁਰਾਂਤੋ ਐਕਸਪ੍ਰੈਸ ਰੇਲ ਗੱਡੀ ਹੁਣ ਅੰਮ੍ਰਿਤਸਰ-ਚੰਡੀਗੜ੍ਹ ਸੁਪਰਫਾਸਟ ਐਕਸਪ੍ਰੈਸ ਬਣ ਗਈ ਹੈ। ਇਹ ਗੱਡੀ ਹੁਣ ਜਲੰਧਰ ਤੇ ਲੁਧਿਆਣਾ ਸਟੇਸ਼ਨਾਂ 'ਤੇ ਵੀ ਰੁਕੇਗੀ। ਇਸ ਤੋਂ ਪਹਿਲਾਂ ਦੁਰਾਂਤੋ ਐਕਸਪ੍ਰੈਸ ਅੰਮ੍ਰਿਤਸਰ ਤੋਂ ਚੰਡੀਗੜ੍ਹ ਤੱਕ ਚਲਦੀ ਸੀ ਤੇ ਰਾਹ 'ਚ ਕਿਤੇ ਨਹੀਂ ਰੁਕਦੀ ਸੀ।

ਜ਼ਿਕਰਯੋਗ ਹੈ ਕਿ ਜਲੰਧਰ ਤੇ ਲੁਧਿਆਣਾ ਦੇ ਲੋਕ ਕਾਫੀ ਸਮੇਂ ਤੋਂ ਇਹ ਮੰਗ ਕਰ ਰਹੇ ਸਨ ਕਿ ਇਹ ਗੱਡੀ ਇਨ੍ਹਾਂ ਸਟੇਸ਼ਨਾਂ 'ਤੇ ਵੀ ਰੋਕੀ ਜਾਵੇ ਤਾਂ ਜੋ ਇਸ ਰਾਹੀਂ ਰਾਜਧਾਨੀ ਚੰਡੀਗੜ੍ਹ ਨਾਲ ਸੰਪਰਕ ਜੁੜ ਸਕੇ। ਸੁਪਰਫਾਸਟ ਐਕਸਪ੍ਰੈਸ ਅੰਮ੍ਰਿਤਸਰ ਤੋਂ ਚੰਡੀਗੜ੍ਹ ਤੱਕ ਦਾ ਸਫ਼ਰ ਚਾਰ ਘੰਟੇ 25 ਮਿੰਟ 'ਚ ਤੈਅ ਕਰਦੀ ਹੈ। ਹੁਣ ਇਹ ਜਲੰਧਰ 3 ਮਿੰਟ ਤੇ ਲੁਧਿਆਣਾ 5 ਮਿੰਟ ਰੁਕੇਗੀ। ਇਸ ਗੱਡੀ ਦੇ ਕਿਰਾਏ 'ਚ ਵੀ ਤਬਦੀਲੀ ਕੀਤੀ ਗਈ ਹੈ ਤੇ ਇਸ ਦੇ ਮੁਸਾਫ਼ਰਾਂ ਨੂੰ ਪਹਿਲਾਂ ਵਾਂਗ ਹੁਣ ਖਾਣਾ ਮੁਹੱਈਆ ਨਹੀਂ ਹੋਵੇਗਾ। ਜ਼ਿਕਰਯੋਗ ਹੈ ਕਿ ਏ.ਸੀ. ਬੱਸਾਂ ਅੰਮ੍ਰਿਤਸਰ-ਚੰਡੀਗੜ੍ਹ ਸਫ਼ਰ ਚਾਰ ਘੰਟੇ 'ਚ ਤੈਅ ਕਰਦੀਆਂ ਹਨ ਤੇ ਇਨ੍ਹਾਂ ਦਾ ਕਿਰਾਇਆ 300 ਰੁਪਏ ਤੋਂ ਲੈ ਕੇ 320 ਰੁਪਏ ਤੱਕ ਹੈ ਜਦੋਂਕਿ ਸਾਧਾਰਨ ਬੱਸ ਦਾ ਕਿਰਾਇਆ ਪ੍ਰਤੀ ਮੁਸਾਫ਼ਰ 170 ਰੁਪਏ ਹੈ ਤੇ ਇਹ ਵੱਧ ਸਮਾਂ ਲੈਂਦੀਆਂ ਹਨ। ਮੁਸਾਫ਼ਰਾਂ ਦਾ ਇਹ ਕਹਿਣਾ ਹੈ ਕਿ ਇਸ ਗੱਡੀ ਰਾਹੀਂ ਸਫ਼ਰ ਜ਼ਿਆਦਾ ਲਾਹੇਵੰਦ ਹੈ ਕਿਉਂਕਿ ਚੰਡੀਗੜ੍ਹ ਵਿਚਲੇ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਵਾਉਣ ਜਾਣ ਤੇ ਵਾਪਸੀ ਲਈ ਬਿਲਕੁਲ ਸਹੀ ਸਮਾਂ ਹੈ।


ooraa




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org



United Sports Club of California

33272 Palomino Common, Fremont, CA, 94555

Phone: 510-468-9381

Website: http://usportsca.org/

ਨਸ਼ੇ ਛੱਡੋ। ਨਸ਼ਾ ਵਿਰੋਧੀ ਅਪੀਲ ਕੋਹੜ ਵੱਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।






ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵੱਧ ਨਿਪੁੰਸਕ – Dr. Harshinder Kaur

ਵਿਦੇਸ਼ੀ ਧਰਤੀ ਉੱਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿੱਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।

ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖਲ (ਚੇਅਰਮੈਨ) ਬਲਵੀਰ ਸਿੰਘ ਭਾਟੀਆ (ਪ੍ਰਧਾਨ) ਗੁਰਦਾਵਰ ਸਿੰਘ ਮਹੇੜੂ ਜੁਗਰਾਜ ਸਿੰਘ ਸਹੋਤਾ

831-247-4637 510-677-6248 2gsmamann@gmail.com 510-673-0825

Makhan S. Bains Narinder S. Sahota Palwinder S. Gakhal Kuldip S. Mann

Iqbal S. Gakhal Parmjit S. Sandhu Dalvinder S. Padda Sadhu S. Khalour

Radio Chardi Kala
Listen Live 24/7
www.radiock.com
Dial To Listen
832-551-5038

www.punjabtimesusa.com

Promotes Healthy Enviornment

ਮਾਂ ਬਾਪ, ਸਮਾਝ ਸੇਵੀ ਸੰਸਥਾਵਾਂ, ਪ੍ਰਸਾਸ਼ਨ, ਖੇਡ ਪ੍ਰਮੋਟਰ ਅਤੇ ਰਾਜਨੀਤੀਵਾਨਾ ਨੂੰ ਨਸ਼ਿਆ ਖਿਲਾਫ ਡਟਣ ਦਾ ਹੋਕਾ।

## ਸੈਨ ਹੋਜ਼ੇ ਗੁਰੂ ਘਰ 'ਚ ਗੁਰਬਾਣੀ ਸੰਥਿਆ ਤੇ ਪਾਠ ਬੋਧ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ 'ਚ ਪ੍ਰਬੰਧਕਾਂ ਵਲੋਂ ਗੁਰਬਾਣੀ ਸੰਥਿਆ ਅਤੇ ਪਾਠ ਬੋਧ ਸ਼ੁਰੂ ਕੀਤਾ ਗਿਆ ਹੈ। ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਭਾਈ ਸਾਹਿਬ ਸਿੰਘ ਦਮਦਮੀ ਟਕਸਾਲ ਵਾਲੇ ਨਾਰਥ ਹਾਲ ਵਿਚ ਗੁਰਬਾਣੀ ਦੀ ਸੰਥਿਆ ਅਤੇ ਪਾਠ ਬੋਧ ਕਰਵਾ ਰਹੇ ਹਨ। ਸਮਾਂ ਐਤਵਾਰ ਬਾਅਦ ਦੁਪਹਿਰ 4 ਤੋਂ ਸ਼ਾਮ 6 ਵਜੇ ਤੱਕ ਹੈ।

ਹੋਰ ਦਿਨਾਂ ਲਈ ਭਾਈ ਸਾਹਿਬ ਸਿੰਘ ਫੋਨ 408-221-2511 ਜਾਂ ਹੈਡ ਗ੍ਰੰਥੀ ਗਿਆਨੀ ਮਹਿੰਦਰ ਸਿੰਘ ਫੋਨ 408-274-9373 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸੈਲਮਾ 'ਚ ਰਾਜਾ ਸਾਹਿਬ ਦੀ ਬਰਸੀ 'ਤੇ ਸਮਾਗਮ 23 ਨੂੰ

**ਸੈਲਮਾ, ਕੈਲੀਫੋਰਨੀਆ (ਬਿਊਰੋ):** ਰਾਜਾ ਸਾਹਿਬ ਨਾਭ ਕੰਵਲ ਦੀ 72ਵੀਂ ਬਰਸੀ ਉਨ੍ਹਾਂ ਦੀਆਂ ਸ਼ਰਧਾਲੂ ਸੰਗਤਾਂ ਵਲੋਂ ਇਥੇ ਗੁਰੂ ਘਰ ਸੈਲਮਾ ਵਿਚ 23 ਸਤੰਬਰ ਨੂੰ ਮਨਾਈ ਜਾ ਰਹੀ ਹੈ। ਇਸ ਸਬੰਧੀ ਅਖੰਡ ਪਾਠ ਦਾ ਅਰੰਭ 21 ਸਤੰਬਰ ਨੂੰ ਨਵੇਂ ਗੁਰੂ ਘਰ (2211 ਹਾਈਲੈਂਡ ਐਵੀਨਿਊ, ਸੈਲਮਾ) ਸਵੇਰੇ 10 ਵਜੇ ਹੋਵੇਗਾ ਅਤ ਭੋਗ ਐਤਵਾਰ 23 ਸਤੰਬਰ ਨੂੰ ਸਵੇਰੇ 10 ਵਜੇ ਪਵੇਗਾ। ਉਪਰੰਤ ਦੀਵਾਨ ਸਜਣਗੇ।

ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦਾ ਬਚਪਨ ਦਾ ਨਾਂ ਭਗਵਾਨ ਦਾਸ ਸੀ। ਉਨ੍ਹਾਂ ਦਾ ਜਨਮ 1862 ਈ. ਨੂੰ ਆਪਣੇ ਨਾਨਕੇ ਪਿੰਡ ਬੱਲੋਵਾਲ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਹੋਇਆ। ਉਹ ਬਚਪਨ ਤੋਂ ਹੀ ਸਾਧੂ ਸੁਭਾਅ ਵਾਲੇ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਸੇਧ ਲੈ ਕੇ ਕਾਵਿ ਰਚਨਾ ਕੀਤੀ ਜਿਸ ਦਾ ਨਾਂ 'ਭਗਵਾਨ ਬਿਲਾਸ' ਰੱਖਿਆ। ਉਹ ਆਪਣਾ ਪੰਜ-ਭੂਤਕ ਚੋਲਾ 15 ਭਾਦੋਂ 1940 ਨੂੰ ਪਿੰਡ ਮਜ਼ਾਰਾ ਰਾਜਾ ਸਾਹਿਬ ਵਿਖੇ ਤਿਆਗ ਗਏ।

## ਜ਼ਰਦਾਰੀ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਖੋਲ੍ਹਣ ਲਈ ਰਾਹ ਪੱਧਰਾ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਾਜਾ ਪਰਵੇਜ਼ ਅਸ਼ਰਫ਼ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਸਵਿਸ ਅਧਿਕਾਰੀਆਂ ਨੂੰ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਜਾਂਚ ਬੰਦ ਕਰਨ ਲਈ ਲਿਖਿਆ ਪੱਤਰ ਵਾਪਸ ਲਵੇਗੀ। ਸਰਕਾਰ ਦੇ ਇਸ ਕਦਮ ਨਾਲ ਜਨਾਬ ਜ਼ਰਦਾਰੀ ਖ਼ਿਲਾਫ਼ ਕੇਸ ਮੁੜ ਖੁੱਲ੍ਹਣ ਦਾ ਰਾਹ ਸਾਫ਼ ਹੋ ਗਿਆ ਹੈ।

ਪ੍ਰਧਾਨ ਮੰਤਰੀ ਅਸ਼ਰਫ਼ ਨੇ ਜਸਟਿਸ ਆਸਿਫ ਸਈਅਦ ਖੋਸਾ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਬੈਂਚ ਦੇ ਸਾਹਮਣੇ ਪੇਸ਼ ਹੋ ਕੇ ਸਰਕਾਰ ਦੇ ਫੈਸਲੇ ਤੋਂ ਸਰਕਾਰ ਨੂੰ ਜਾਣੂ ਕਰਾਇਆ। ਜਨਾਬ ਜ਼ਰਦਾਰੀ ਖ਼ਿਲਾਫ਼ ਕੇਸ ਮੁੜ ਨਾ ਖੋਲ੍ਹੇ ਜਾਣ ਕਰਕੇ ਉਹ ਅਦਾਲਤੀ ਮਾਣਹਾਨੀ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਪੇਸ਼ ਹੋਏ। ਜਨਾਬ ਅਸ਼ਰਫ਼ ਨੇ ਆਖਿਆ ਕਿ ਉਨ੍ਹਾਂ ਕਾਨੂੰਨ ਮੰਤਰੀ ਫਾਰੂਕ ਨਾਇਕ ਨੂੰ ਹਦਾਇਤ ਕੀਤੀ ਹੈ ਕਿ 2007 ਦੇ ਅਖੀਰ ਵਿਚ ਸਾਬਕਾ ਅਟਾਰਨੀ ਜਨਰਲ ਮਲਿਕ ਕਯੂਮ ਵੱਲੋਂ ਲਿਖਿਆ ਪੱਤਰ ਵਾਪਸ ਲਿਆ ਜਾਵੇ।

ਪ੍ਰਧਾਨ ਮੰਤਰੀ ਦੇ ਇਸ ਸਟੈਂਡ ਤੋਂ ਸਾਰਿਆਂ ਨੂੰ ਹੈਰਾਨੀ ਹੋਈ ਹੈ ਕਿਉਂਕਿ ਆਖਰੀ ਦਿਨ ਤਕ ਸਰਕਾਰ ਸੁਪਰੀਮ ਕੋਰਟ ਦੀਆਂ ਹਦਾਇਤਾਂ ਦਾ ਪਾਲਣ ਕਰਨ ਤੋਂ ਨਾਂਹ-ਨੁੱਕਰ ਕਰਦੀ ਆ ਰਹੀ ਸੀ ਤੇ ਕਹਿੰਦੀ ਰਹੀ ਹੈ ਕਿ ਰਾਸ਼ਟਰਪਤੀ ਨੂੰ ਹਰ ਕਿਸਮ ਦੇ ਦੋਸ਼ਾਂ ਤੋਂ ਛੋਟ ਮਿਲੀ ਹੋਈ ਹੈ। ਇਸ ਰੇੜਕੇ ਕਾਰਨ ਲੰਘੀ ਜੂਨ ਵਿਚ ਸਾਬਕਾ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੂੰ ਕੁਰਸੀ ਗੁਆਉਣੀ ਪਈ ਸੀ। ਸਾਬਕਾ ਫ਼ੌਜੀ ਜਰਨੈਲ ਸ਼ਾਸਕ ਪਰਵੇਜ਼ ਮੁਸ਼ੱਰਫ਼ ਦੇ ਰਾਜਕਾਲ ਦੌਰਾਨ ਲਿਖੇ ਇਸ ਪੱਤਰ ਨੂੰ ਵਾਪਸ ਲੈਣ 'ਤੇ ਜਨਾਬ ਅਸ਼ਰਫ਼ ਨੇ ਆਖਿਆ ਕਿ ਇਹ ਸਵਿਸ ਅਧਿਕਾਰੀਆਂ 'ਤੇ ਨਿਰਭਰ ਕਰੇਗਾ ਕਿ ਕੀ ਜ਼ਰਦਾਰੀ ਖ਼ਿਲਾਫ਼ ਕੇਸ ਮੁੜ ਖੋਲ੍ਹੇ ਜਾਣਗੇ ਜਾਂ ਨਹੀਂ। ਉਂਜ ਪਾਕਿਸਤਾਨੀ ਮੀਡੀਆ ਰਿਪੋਰਟਾਂ ਆਈਆਂ ਸਨ ਕਿ ਸਵਿਟਜ਼ਰਲੈਂਡ ਵਿਚ ਕਾਨੂੰਨੀ ਬੰਦਸ਼ਾਂ ਖਤਮ ਹੋ ਗਈਆਂ ਹਨ ਤੇ ਹੁਣ ਇਹ ਕੇਸ ਸੁਰਜੀਤ ਨਹੀਂ ਕੀਤੇ ਜਾ ਸਕਦੇ।

## ਕਸਾਬ ਦੀ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ

**ਮੁੰਬਈ:** ਮੁੰਬਈ ਹਮਲਿਆਂ ਦੇ ਕੇਸ ਵਿਚ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਪਾਕਿ ਅਤਿਵਾਦੀ ਅਜਮਲ ਕਸਾਬ ਨੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਇਰ ਕੀਤੀ ਹੈ। ਦੋ ਹਫਤੇ ਪਹਿਲਾਂ ਸੁਪਰੀਮ ਕੋਰਟ ਨੇ ਕਸਾਬ ਦੀ ਸਜ਼ਾ ਦੀ ਪੁਸ਼ਟੀ ਕੀਤੀ ਸੀ।

ਆਰਥਰ ਰੋਡ ਜੇਲ੍ਹ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਸਾਬ ਵੱਲੋਂ ਦਾਖਲ ਕੀਤੀ ਰਹਿਮ ਦੀ ਅਪੀਲ ਰਾਸ਼ਟਰਪਤੀ ਨੂੰ ਭੇਜ ਦਿੱਤੀ ਹੈ।ਉਂਜ ਅਧਿਕਾਰੀ ਨੇ ਇਹ ਨਹੀਂ ਦੱਸਿਆ ਕਿ ਪਟੀਸ਼ਨ ਕਦੋਂ ਭੇਜੀ ਗਈ ਸੀ। ਤਕਰੀਬਨ ਚਾਰ ਸਾਲ ਤੋਂ ਕਸਾਬ ਦੀ ਕਾਨੂੰਨੀ ਲੜਾਈ 29 ਅਗਸਤ ਨੂੰ ਉਦੋਂ ਖਤਮ ਹੋ ਗਈ ਸੀ ਜਦੋਂ ਸੁਪਰੀਮ ਕੋਰਟ ਨੇ 26/11 ਦੇ ਹਮਲਿਆਂ ਦੇ ਕੇਸ 'ਚ ਉਸ ਦਾ ਦੋਸ਼ ਤੇ ਮੌਤ ਦੀ ਸਜ਼ਾ ਉਪਰ ਮੋਹਰ ਲਗਾ ਦਿੱਤੀ ਸੀ।

# ਫਰਿਜ਼ਨੋ 'ਚ ਗਦਰੀ ਬਾਬਿਆਂ ਦੀ ਯਾਦ 'ਚ ਮੇਲਾ 21 ਅਕਤੂਬਰ ਨੂੰ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵਲੋਂ ਗਦਰ ਲਹਿਰ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਮੇਲਾ ਐਤਵਾਰ 21 ਅਕਤੂਬਰ ਨੂੰ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਜਥੇਬੰਦੀ ਦੀ ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਮੇਲਾ ਇਥੇ ਰੀਜੈਂਸੀ ਪੈਲੇਸ ਦੇ ਖੁੱਲ੍ਹੇ ਹਾਲ ਵਿਚ ਬਾਅਦ ਦੁਪਹਿਰ ਇਕ ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।

ਇਸ ਸਬੰਧੀ ਸੰਸਥਾ ਦੇ ਮੈਂਬਰ ਸ. ਸੰਤੋਖ ਸਿੰਘ ਮਿਨਹਾਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੇਲੇ ਦੌਰਾਨ ਗਦਰੀ ਬਾਬਿਆਂ ਦੀਆਂ ਇਤਿਹਾਸਕ ਤਸਵੀਰਾਂ ਅਤੇ ਪੁਸਤਕਾਂ ਦੀ ਇਕ ਵਿਸ਼ੇਸ਼ ਪ੍ਰਦਰਸ਼ਨੀ ਲਾਈ ਜਾਵੇਗੀ। ਵੱਖ-ਵੱਖ ਬੁਲਾਰੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ। ਪੰਜਾਬ ਲੋਕ ਰੰਗ ਮੰਚ ਦੇ ਸ. ਸੁਰਿੰਦਰ ਸਿੰਘ ਧਨੋਆ ਦੀ ਨਾਟਕ ਮੰਡਲੀ ਵੱਲੋਂ ਨਾਟਕ ਪੇਸ਼ ਕੀਤਾ ਜਾਵੇਗਾ। ਪ੍ਰਸਿੱਧ ਪੱਤਰਕਾਰ ਤੇ ਟੀ. ਵੀ. ਹੋਸਟ ਦਮਦਮੀ ਸਿੱਧੂ ਵੀ ਮੇਲੇ ਵਿਚ ਸ਼ਿਰਕਤ ਕਰਨਗੇ। ਗਾਇਕ ਸਤਵਿੰਦਰ ਸੱਤੀ, ਬੱਬੂ ਗੁਰਪਾਲ, ਅਮਨ ਸਿੱਧੂ ਅਤੇ ਪ੍ਰੀਤਮ ਸੋਹੀ ਆਪਣੀ ਗਾਇਕੀ ਰਾਹੀਂ ਸ਼ਹੀਦਾਂ ਨੂੰ ਚੇਤੇ ਕਰਨਗੇ ਤੇ ਦਰਸ਼ਕਾਂ ਦਾ ਮਨੋਰੰਜਨ ਵੀ ਕਰਨਗੇ। ਇਸ ਤੋਂ ਇਲਾਵਾ ਨਾਟਕ, ਕੋਰੀਓਗ੍ਰਾਫੀ ਅਤੇ ਸਕਿੱਟਾਂ ਵੀ ਪੇਸ਼ ਕੀਤੀਆਂ ਜਾਣਗੀਆਂ। ਸਕੂਲਾਂ ਵਿਚੋਂ 4.0 ਜਾਂ ਵਧੀਕ ਗਰੇਡ ਪ੍ਰਾਪਤ ਬੱਚਿਆਂ ਦਾ ਸਨਮਾਨ ਕੀਤਾ ਜਾਵੇਗਾ। ਮੁਫਤ ਡਾਕਟਰੀ ਕੈਂਪ ਲੱਗੇਗਾ। ਸੰਸਥਾ ਦਾ ਮੈਗਜ਼ੀਨ ਵੀ ਵੰਡਿਆ ਜਾਵੇਗਾ। ਫਰੀ ਲੰਗਰ, ਚਾਹ ਪਾਣੀ ਦਾ ਪ੍ਰਬੰਧ ਵੀ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਮੇਲੇ ਲਈ ਜਥੇਬੰਦੀ ਨੂੰ ਸਮੂਹ ਭਾਈਚਾਰਕ ਸੰਸਥਾਵਾਂ ਦਾ ਸਹਿਯੋਗ ਹਾਸਲ ਹੈ।

ਸੰਸਥਾ ਦੀ ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸਾਧੂ ਸਿੰਘ ਸੰਘਾ, ਰਾਜਿੰਦਰ ਬਰਾੜ ਬੈਰੋਕੇ, ਰਣਜੀਤ ਗਿੱਲ ਸੁਧਾਰ, ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਨਿਰਮਲ ਗਿੱਲ ਧਨੌਲਾ, ਗੁਰਨੇਕ ਸਿੰਘ ਰਾਏ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਬਿਕਰਮਜੀਤ ਸਿੰਘ ਕਾਹਲੋਂ, ਪੁਸਪਿੰਦਰ ਕੁਮਾਰ, ਮਨਜੀਤ ਕੁਲਾਰ, ਸੰਤੋਖ ਸਿੰਘ ਢਿੱਲੋਂ, ਅਵਤਾਰ ਗੋਦਾਰਾ, ਹੈਰੀ ਮਾਨ ਅਤੇ ਮਨਧੀਰ ਸਿੰਘ ਸ਼ਾਮਲ ਹੋਏ।

ਪ੍ਰਬੰਧਕਾਂ ਨੇ ਸਮੂਹ ਭਾਰਤੀ ਭਾਈਚਾਰੇ ਨੂੰ ਮੇਲੇ ਵਿਚ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੀ ਅਪੀਲ ਕੀਤੀ ਹੈ।

# ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਠੱਗਣ ਵਾਲੀ ਬੀਬੀ ਗ੍ਰਿਫ਼ਤਾਰ

**ਮੁਹਾਲੀ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਤੇ ਗੁਆਂਢੀ ਸੂਬਿਆਂ ਦੇ ਵੱਡੀ ਗਿਣਤੀ ਭੋਲੇ-ਭਾਲੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਕਰੋੜਾਂ ਰੁਪਏ ਠੱਗਣ ਵਾਲੀ ਗੁਰੂ ਕਿਰਪਾ ਇੰਟਰਪ੍ਰਾਈਜਿਜ਼ ਫੇਜ਼-7 ਤੇ ਸਾਈਂ ਕਿਰਪਾ ਇੰਟਰਪ੍ਰਾਈਜਿਜ਼ ਸੈਕਟਰ-70 ਮੁਹਾਲੀ ਦੀ ਮਾਲਕਣ ਨੀਨਾ ਸ਼ਰਮਾ ਨੂੰ ਮੁਹਾਲੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਸ ਖ਼ਿਲਾਫ਼ ਮੁਹਾਲੀ ਦੇ ਮਟੌਰ ਥਾਣਾ ਵਿਚ ਕਰੀਬ 39 ਧੋਖਾਧੜੀ ਦੇ ਕੇਸ ਦਰਜ ਹਨ। ਇਸ ਤੋਂ ਇਲਾਵਾ ਨੀਨਾ ਵੱਲੋਂ ਸੈਕਟਰ-8 ਵਿਚ ਵੀ ਇਕ ਕੰਪਨੀ ਚਲਾਈ ਜਾ ਰਹੀ ਸੀ। ਜਿਹੜੇ ਲੋਕ ਆਪਣੇ ਪੈਸੇ ਲੈਣ ਲਈ ਵੱਧ ਰੌਲਾ ਪਾਉਂਦੇ ਸਨ, ਉਨ੍ਹਾਂ ਨੂੰ ਮੁਲਜ਼ਮ ਨੇ ਕਰੀਬ 65 ਲੱਖ ਰੁਪਏ ਦੇ ਵੱਖ-ਵੱਖ ਬੈਂਕਾਂ ਦੇ ਚੈੱਕ ਦੇ ਕੇ ਚੁੱਪ ਕਰਵਾ ਦਿੱਤਾ ਪਰ ਬਾਅਦ ਵਿਚ ਸਾਰੇ ਚੈੱਕ ਬਾਊਂਸ ਹੋ ਗਏ।

ਹਾਸਲ ਜਾਣਕਾਰੀ ਅਨੁਸਾਰ ਨੀਨਾ ਨੇ ਸਭ ਤੋਂ ਪਹਿਲਾਂ ਵਿਦੇਸ਼ ਵਿਚ ਰਹਿੰਦੇ ਆਪਣੇ ਮਾਮੇ ਦੀ ਮੁਹਾਲੀ ਵਿਚਲੀ ਆਲੀਸ਼ਾਨ ਕੋਠੀ ਧੋਖੇ ਨਾਲ ਵੇਚ ਕੇ ਧੋਖਾਧੜੀ ਦੀ ਦੁਨੀਆ ਵਿਚ ਪ੍ਰਵੇਸ਼ ਕੀਤਾ। ਨੀਨਾ ਨੇ ਆਪਣੇ ਮਾਮੇ ਦੀ ਥਾਂ ਕੋਈ ਜਾਅਲੀ ਵਿਅਕਤੀ ਖੜ੍ਹਾ ਕਰਕੇ ਕੋਠੀ ਵੇਚ ਕੇ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ। ਉਸੇ ਖ਼ਿਲਾਫ਼ ਸਭ ਤੋਂ ਪਹਿਲਾਂ ਪੰਜਾਬੀ ਲੇਖਕ ਸਭਾ ਤੇ ਸਾਹਿਤਕ ਵਿਚਾਰ ਮੰਚ ਦੀ ਸਰਗਰਮ ਮੈਂਬਰ ਦਵਿੰਦਰ ਕੌਰ ਨੇ ਧੋਖਾਧੜੀ ਦਾ ਮਾਮਲਾ ਕਰਵਾਇਆ ਸੀ।


ਇਸ ਤੋਂ ਬਾਅਦ ਉਸ ਦੇ ਖ਼ਿਲਾਫ਼ ਸ਼ਿਕਾਇਤਾਂ ਆਉਣੀਆਂ ਸ਼ੁਰੂ ਹੋ ਗਈਆਂ। ਸ਼ੁਰੂ-ਸ਼ੁਰੂ ਵਿਚ ਨੀਨਾ ਦਵਿੰਦਰ ਕੌਰ ਦੇ ਰੂਪਨਗਰ ਵਿਚ ਨੇੜਲੇ ਰਿਸ਼ਤੇਦਾਰ ਜਸਵਿੰਦਰ ਕੌਰ ਦੇ ਘਰ ਕਿਰਾਏ 'ਤੇ ਰਹਿੰਦੀ ਸੀ। ਉਸ ਨੇ ਮਕਾਨ ਮਾਲਕਾਂ ਤੇ ਉਸ ਦੇ ਰਿਸ਼ਤੇਦਾਰਾਂ ਨੂੰ ਆਪਣੇ ਜਾਲ ਵਿਚ ਫਸਾ ਲਿਆ। ਉਸ ਨੇ ਕਰੀਬ 37 ਵਿਅਕਤੀਆਂ ਕੋਲੋਂ ਲੱਖਾਂ ਰੁਪਏ ਇਕੱਠੇ ਕਰਕੇ ਸਾਲ 2008 ਵਿਚ ਮੁਹਾਲੀ ਦੇ ਫੇਜ਼-10 ਸਥਿਤ ਐਲੀਵੇਸ਼ਨ ਇੰਡੀਆ ਕੋਚਿੰਗ ਸੈਂਟਰ ਖੋਲ੍ਹ ਲਿਆ ਜਿੱਥੇ ਉਸ ਨੇ ਆਈਲੈਟਸ ਕਰਵਾ ਕੇ ਵਿਦੇਸ਼ਾਂ ਵਿਚ ਸੈਟਲ ਕਰਨ ਦਾ ਗੋਰਖਧੰਦਾ ਸ਼ੁਰੂ ਕੀਤਾ।

ਬਾਅਦ ਵਿਚ ਨੀਨਾ ਨੇ ਇਥੋਂ ਦੇ ਫੇਜ਼-7 ਵਿਚ ਗੁਰੂ ਕਿਰਪਾ ਇੰਟਰਪ੍ਰਾਈਜਿਜ਼ ਕੰਪਨੀ ਖੋਲ੍ਹ ਕੇ ਵਿਦੇਸ਼ ਭੇਜਣ ਦੇ ਨਾਂ 'ਤੇ ਲੋਕਾਂ ਨਾਲ ਸ਼ਰੇਆਮ ਠੱਗੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਇਸੇ ਸ਼ੋਅਰੂਮ ਦੀ ਬੇਸਮੈਂਟ ਵਿਚ ਸਿਲਵਰ ਸਪੂਨ ਹੋਟਲ ਖੋਲ੍ਹ ਲਿਆ ਪਰ ਉਸ ਦੀਆਂ ਸਰਗਰਮੀਆਂ 'ਤੇ ਕਾਨੂੰਨ ਦੀ ਨਜ਼ਰ ਨਹੀਂ ਪਈ। ਸਾਲ 2010 ਵਿਚ ਉਸ ਨੇ ਸਾਈਂ ਕਿਰਪਾ ਇੰਟਰਪ੍ਰਾਈਜਿਜ਼ ਸੈਕਟਰ-70 ਤੇ ਸੈਕਟਰ-8 ਚੰਡੀਗੜ੍ਹ ਵਿਚ ਹੋਰ ਕੰਪਨੀਆਂ ਖੋਲ੍ਹ ਲਈਆਂ।

*To Advertise with Punjab Times Call: 847-359-0746*

## ਇਤਿਹਾਸਕਾਰ ਡਾ. ਬਖ਼ਸ਼ੀਸ਼ ਸਿੰਘ ਨਿੱਝਰ ਸੁਰਗਵਾਸ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਇਤਿਹਾਸਕਾਰ ਵਜੋਂ ਨਾਮਣਾ ਖੱਟਣ ਵਾਲੇ ਡਾ. ਬਖ਼ਸ਼ੀਸ਼ ਸਿੰਘ ਨਿੱਝਰ ਬੀਤੇ 3 ਸਤੰਬਰ ਨੂੰ ਅਕਾਲ ਚਲਾਣਾ ਕਰ ਗਏ। ਜਲੰਧਰ ਰਹਿੰਦੇ ਆਪਣੇ ਇੱਕ ਪੁੱਤਰ ਦੇ ਘਰ ਉਨ੍ਹਾਂ ਆਪਣੀ 95 ਸਾਲ ਦੀ ਲੰਮੀ ਉਮਰ ਦਾ ਆਖਰੀ ਸਵਾਸ ਲਿਆ। ਅਮਰੀਕਾ ਵਿਚ ਵਸਦੇ ਆਪਣੇ ਦੋ ਪੁੱਤਰਾਂ ਕੋਲ ਬੁਢਾਪਾ ਗੁਜ਼ਾਰ ਰਹੇ ਡਾ. ਨਿੱਝਰ ਕੁੱਝ ਮਹੀਨੇ ਪਹਿਲਾਂ ਪੰਜਾਬ ਚਲੇ ਗਏ ਸਨ। ਉਹ ਆਪਣੇ ਪਿੱਛੇ ਧੀਆਂ-ਪੁੱਤਰਾਂ, ਪੋਤਰਿਆਂ, ਦੋਹਤਰਿਆਂ ਦਾ ਭਰਿਆ ਭੁਕੰਨਾਂ ਪਰਿਵਾਰ ਛੱਡ ਗਏ ਹਨ।



ਰਿਆਸਤ ਕਪੂਰਥਲਾ ਦੇ ਪਿੰਡ ਡੁਮੇਲੀ ਵਿਚ ਸੰਨ 1917 ਵਿਚ ਜਨਮੇ ਡਾ. ਨਿੱਝਰ ਦੂਸਰੇ ਸੰਸਾਰ ਯੁੱਧ ਮੌਕੇ ਬਰਤਾਨਵੀ ਫੌਜ ਵਿਚ ਵਾਇਸਰਾਏ ਕਮਿਸ਼ਨਡ ਅਫਸਰ ਵਜੋਂ ਭਰਤੀ ਹੋਏ। ਪੰਜਾਬੀ, ਉਰਦੂ ਅਤੇ ਫਾਰਸੀ ਭਾਸ਼ਾਵਾਂ ਵਿਚ ਆਨਰਜ਼ ਕਰਨ ਤੋਂ ਬਾਅਦ ਉਹ ਐਚ. ਐਨ. ਕਾਲਜ ਹਰਿਆਣਾ ਭੂੰਗਾ, ਖਾਲਸਾ ਕਾਲਜ ਮਾਹਲਪੁਰ ਅਤੇ ਮਹਿੰਦਰਾ ਕਾਲਜ ਪਟਿਆਲਾ ਵਿਚ ਲੰਮਾ ਸਮਾਂ ਪੜ੍ਹਾਉਂਦੇ ਰਹੇ। ਪੰਜਾਬ ਦੇ ਪੁਰਾਤੱਤਵ ਅਤੇ ਸ਼ਿਲਾਲੇਖ ਮਹਿਕਮੇ ਦੇ ਉਹ ਲਗਾਤਾਰ 12 ਸਾਲ ਡਾਇਰੈਕਟਰ ਰਹੇ। ਉਹ ਇੰਡੀਅਨ ਹਿਸਟੋਰੀਕਲ ਰਿਕਾਰਡਜ਼ ਕਮਿਸ਼ਨ ਦੇ ਮੈਂਬਰ ਵੀ ਰਹੇ। ਸ. ਨਿੱਝਰ ਨੇ ਭਾਵੇਂ ਇਤਿਹਾਸ ਦੀਆਂ ਦਰਜਨਾਂ ਭਰ ਦੁਰਲੱਭ ਪੁਸਤਕਾਂ ਲਿਖੀਆਂ ਪਰ ਬੱਬਰ ਅਕਾਲੀ ਲਹਿਰ ਬਾਰੇ ਉਨ੍ਹਾਂ ਦੀ ਪੁਸਤਕ ਨੇ ਕੌਮਾਂਤਰੀ ਪ੍ਰਸਿੱਧੀ ਦੁਆਈ।

ਅਮਰੀਕਾ ਤੋਂ ਗਏ ਉਨ੍ਹਾਂ ਦੇ ਦੋਹਾਂ ਪੁੱਤਰਾਂ ਦੀ ਹਾਜ਼ਰੀ ਵਿਚ ਪਿੰਡ ਡੁਮੇਲੀ ਵਿਚ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੰਤਿਮ ਅਰਦਾਸ ਮੌਕੇ ਬਹੁਤ ਸਾਰੇ ਫੌਜੀ ਤੇ ਸਿਵਲ ਅਧਿਕਾਰੀਆਂ ਤੋਂ ਇਲਾਵਾ ਵੱਖ ਵੱਖ ਸਿਆਸੀ ਆਗੂ, ਉਨ੍ਹਾਂ ਦੇ ਵਿਦਿਆਰਥੀ ਅਤੇ ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਪਹੁੰਚੀਆਂ ਹੋਈਆਂ ਸਨ।




# ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਮੋਟੇ ਗੱਫੇ

## ਵਿਤਕਰੇ ਦੇ ਸਾਰੇ ਦੋਸ਼ਾਂ ਨੂੰ ਨਕਾਰਿਆ



**ਬਠਿੰਡਾ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਲਾਏ ਜਾਂਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰਦਿਆਂ ਕੇਂਦਰੀ ਵਿੱਤ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਵਿੱਤ ਕਮਿਸ਼ਨ ਵੱਲੋਂ ਤੈਅ ਫ਼ਾਰਮੂਲੇ ਤਹਿਤ ਹਰ ਸੂਬੇ ਨੂੰ ਕੇਂਦਰੀ ਟੈਕਸਾਂ 'ਚੋਂ ਇਕਸਾਰ ਹਿੱਸੇਦਾਰੀ ਦਿੱਤੀ ਜਾਂਦੀ ਹੈ।

ਸਰਕਾਰੀ ਸੂਚਨਾ ਅਨੁਸਾਰ ਕੇਂਦਰ ਸਰਕਾਰ ਹੁਣ ਕੇਂਦਰੀ ਟੈਕਸਾਂ ਵਿਚੋਂ 32 ਫੀਸਦੀ ਰਕਮ ਪੰਜਾਬ ਨੂੰ ਦੇ ਰਹੀ ਹੈ। ਕੇਂਦਰ ਸਰਕਾਰ ਨੇ ਲੰਘੇ ਸੱਤ ਵਰ੍ਹਿਆਂ 'ਚ 15595 ਕਰੋੜ ਰੁਪਏ ਕੇਂਦਰੀ ਟੈਕਸਾਂ ਵਿਚੋਂ ਪੰਜਾਬ ਸਰਕਾਰ ਨੂੰ ਦਿੱਤੇ। ਟੈਕਸਾਂ ਤੇ ਮਹਿੰਗਾਈ ਵਿਚ ਵਾਧੇ ਨੇ ਸਰਕਾਰੀ ਆਮਦਨ 'ਚ ਵਾਧਾ ਕਰ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਸਾਲ 2005-06 'ਚ ਪੰਜਾਬ ਸਰਕਾਰ ਨੂੰ ਕੇਂਦਰੀ ਟੈਕਸਾਂ 'ਚੋਂ 1227 ਕਰੋੜ ਰੁਪਏ ਵਾਪਸ ਦਿੱਤੇ ਸਨ ਜਦੋਂਕਿ ਸਾਲ 2011-12 'ਚ ਕੇਂਦਰੀ ਟੈਕਸਾਂ 'ਚੋਂ ਪੰਜਾਬ ਨੂੰ 3553 ਕਰੋੜ ਰੁਪਏ ਮਿਲੇ ਹਨ। ਭਾਵ ਟੈਕਸਾਂ ਦੀ ਰਕਮ 'ਚ ਤਿੰਨ ਗੁਣਾ ਵਾਧਾ ਹੋਇਆ ਹੈ।

ਮਹਿੰਗਾਈ ਨੇ ਆਮ ਆਦਮੀ ਨੂੰ ਤਾਂ ਬੋਝ ਹੇਠ ਦੱਬਿਆ ਹੈ ਪਰ ਕੇਂਦਰ ਤੇ ਰਾਜ ਸਰਕਾਰਾਂ ਦੇ ਖ਼ਜ਼ਾਨੇ ਨੂੰ ਚੋਖਾ ਲਾਹਾ ਹੋਇਆ ਹੈ। ਕੇਂਦਰੀ ਵਿੱਤ ਮੰਤਰਾਲੇ ਵਲੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਦਿੱਤੇ ਵੇਰਵਿਆਂ ਮੁਤਾਬਕ ਕੇਂਦਰ ਸਰਕਾਰ ਨੂੰ ਪੰਜਾਬ ਵਿਚੋਂ ਟੈਕਸਾਂ ਦੇ ਰੂਪ 'ਚ ਚੋਖੀ ਕਮਾਈ ਹੋ ਰਹੀ ਹੈ। 13ਵੇਂ ਵਿੱਤ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਕੇਂਦਰ ਹੁਣ ਪੰਜਾਬ ਸਰਕਾਰ ਨੂੰ ਕੇਂਦਰੀ ਟੈਕਸਾਂ ਵਿਚੋਂ 32 ਫੀਸਦੀ ਹਿੱਸਾ ਦੇ ਰਿਹਾ ਹੈ। ਇਹ ਹਿੱਸਾ 1 ਅਪਰੈਲ, 2010 ਤੋਂ ਮਿਲ ਰਿਹਾ ਹੈ। 12ਵੇਂ ਵਿੱਤ ਕਮਿਸ਼ਨ ਦੀ ਸਿਫਾਰਸ਼ 'ਤੇ ਪੰਜਾਬ ਨੂੰ ਕੇਂਦਰੀ ਟੈਕਸਾਂ ਵਿਚੋਂ 29.5 ਫੀਸਦੀ ਹਿੱਸਾ ਮਿਲਦਾ ਸੀ ਜੋ 1 ਅਪਰੈਲ, 2005 ਤੋਂ 31 ਮਾਰਚ, 2010 ਤੱਕ ਲਾਗੂ ਰਿਹਾ ਹੈ। ਵਿੱਤ ਮੰਤਰਾਲੇ ਨੇ ਸਾਫ ਕੀਤਾ ਹੈ ਕਿ ਵਿੱਤ ਕਮਿਸ਼ਨ ਵਲੋਂ ਕੇਂਦਰੀ ਟੈਕਸਾਂ ਵਿਚੋਂ ਹਰ ਰਾਜ ਨੂੰ ਹਿੱਸਾ ਦੇਣ ਲਈ ਇਕ ਫ਼ਾਰਮੂਲਾ ਤਿਆਰ ਕੀਤਾ ਹੋਇਆ ਹੈ ਜਿਸ 'ਚ ਇਕਸਾਰਤਾ ਹੈ। ਵਿੱਤ ਮੰਤਰਾਲੇ ਦੀ ਲਿਖਤੀ ਸੂਚਨਾ ਅਨੁਸਾਰ ਕੇਂਦਰ ਸਰਕਾਰ ਵਲੋਂ ਪੰਜਾਬ ਵਿਚੋਂ ਅੱਠ ਤਰ੍ਹਾਂ ਦੇ ਕੇਂਦਰੀ ਟੈਕਸ ਤੇ ਡਿਊਟੀਜ਼ ਦੀ ਵਸੂਲੀ ਕੀਤੀ ਜਾਂਦੀ ਹੈ। ਇਸ ਵਿਚ ਤਿੰਨ ਤਰ੍ਹਾਂ ਦੇ ਸਿੱਧੇ ਟੈਕਸ ਹਨ ਜਦੋਂਕਿ ਦੋ ਤਰ੍ਹਾਂ ਦੇ ਅਸਿੱਧੇ ਟੈਕਸ ਹਨ। ਕੇਂਦਰ ਸਰਕਾਰ ਨੂੰ ਪੰਜਾਬ 'ਚੋਂ ਸਭ ਤੋਂ ਜ਼ਿਆਦਾ ਕਾਰਪੋਰੇਸ਼ਨ ਟੈਕਸ ਮਿਲਦਾ ਹੈ। ਕੇਂਦਰ ਸਰਕਾਰ ਨੇ ਸਾਲ 2005-06 ਤੋਂ 2011-12 ਦੌਰਾਨ ਇਕੱਠੇ ਕੀਤੇ ਕਾਰਪੋਰੇਸ਼ਨ ਟੈਕਸ 'ਚੋਂ 5592 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਵਾਪਸ ਮੋੜ ਦਿੱਤੇ ਹਨ। ਇਸ ਸਮੇਂ ਦੌਰਾਨ ਵਸੂਲ ਹੋਏ ਆਮਦਨ ਕਰ ਵਿਚੋਂ 3146 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਵਾਪਸ ਦਿੱਤੇ ਗਏ ਹਨ। ਕੇਂਦਰ ਸਰਕਾਰ ਨੂੰ ਇਨ੍ਹਾਂ ਸੱਤ ਵਰ੍ਹਿਆਂ 'ਚ ਇਕੱਠੇ ਹੋਏ ਸਰਵਿਸ ਟੈਕਸ ਵਿਚੋਂ 1647 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਵਾਪਸ ਦਿੱਤੇ ਗਏ ਹਨ। ਇੰਜ ਹੀ ਕੇਂਦਰੀ ਐਕਸਾਈਜ਼ ਡਿਊਟੀ ਦੀ ਪੰਜਾਬ ਵਿਚੋਂ ਇਕੱਠੀ ਹੋਈ ਰਕਮ 'ਚੋਂ 2375 ਕਰੋੜ ਰੁਪਏ ਵਾਪਸ ਪੰਜਾਬ ਸਰਕਾਰ ਨੂੰ ਦਿੱਤੇ ਗਏ ਹਨ। ਚਾਲੂ ਮਾਲੀ ਸਾਲ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਅੱਠ ਤਰ੍ਹਾਂ ਦੇ ਕੇਂਦਰੀ ਟੈਕਸਾਂ ਤੇ ਡਿਊਟੀਜ਼ ਤੋਂ ਇਕੱਠੇ ਹੋਏ ਪੈਸੇ ਵਿਚੋਂ 600 ਕਰੋੜ ਰੁਪਏ ਵਾਪਸ ਪੰਜਾਬ ਸਰਕਾਰ ਨੂੰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਪੰਜਾਬ ਨੂੰ ਇਨ੍ਹਾਂ ਸੱਤ ਵਰ੍ਹਿਆਂ 'ਚ ਕਸਟਮ ਡਿਊਟੀ ਵਿਚੋਂ 2823 ਕਰੋੜ ਰੁਪਏ ਤੇ ਵੈਲਥ ਟੈਕਸ 'ਚੋਂ 11 ਕਰੋੜ ਰੁਪਏ ਦੀ ਹਿੱਸੇਦਾਰੀ ਮਿਲੀ ਹੈ। ਪੰਜਾਬ ਸਰਕਾਰ ਦੇ ਸੂਤਰਾਂ ਅਨੁਸਾਰ ਕੇਂਦਰੀ ਟੈਕਸਾਂ ਦਾ ਵੱਡਾ ਹਿੱਸਾ ਤਾਂ ਕੇਂਦਰ ਸਰਕਾਰ ਆਪਣੇ ਕੋਲ ਰੱਖ ਲੈਂਦੀ ਹੈ ਤੇ ਬਹੁਤ ਥੋੜਾ ਹਿੱਸਾ ਵਾਪਸ ਦਿੱਤਾ ਜਾਂਦਾ ਹੈ। ਇਸ ਵੇਲੇ 68 ਫੀਸਦੀ ਕੇਂਦਰੀ ਟੈਕਸ ਤਾਂ ਕੇਂਦਰ ਸਰਕਾਰ ਕੋਲ ਹੀ ਰਹਿ ਜਾਂਦੇ ਹਨ। ਪੰਜਾਬ ਸਰਕਾਰ ਦੀ ਮੰਗ ਹੈ ਕਿ ਕੇਂਦਰ ਸਰਕਾਰ ਕੇਂਦਰੀ ਟੈਕਸਾਂ ਚੋ ਹਿੱਸੇਦਾਰੀ ਦੇ ਫ਼ਾਰਮੂਲੇ ਤੇ ਪੁਨਰਵਿਚਾਰ ਕਰੇ ਤੇ ਇਸ ਫ਼ਾਰਮੂਲੇ ਨੂੰ ਰਾਜ ਮੁਖੀ ਬਣਾਇਆ ਜਾਵੇ।

*To Advertise with*
***Punjab Times***
*Call: 847-359-0746*

# ਪੰਜਾਬ ਸਰਕਾਰ ਨੇ ਆਈ.ਪੀ.ਐਸ. ਅਫਸਰ ਨੁੱਕਰੇ ਲਾਏ

## ਸਿਰਫ਼ ਚਾਰ ਜ਼ਿਲ੍ਹਿਆਂ ਦੀ ਕਮਾਨ ਆਈ.ਪੀ.ਐਸ. ਅਧਿਕਾਰੀਆਂ ਹੱਥ

**ਚੰਡੀਗੜ੍ਹ:** ਪੰਜਾਬ ਪੁਲਿਸ ਵਿਚ ਵੀ ਕਾਫੀ ਕੁਝ ਗੋਲਮਾਲ ਹੈ। ਸੂਬੇ ਦੇ 22 ਜ਼ਿਲ੍ਹਿਆਂ 'ਚੋਂ ਸਿਰਫ਼ ਚਾਰ ਦੀ ਕਮਾਨ ਆਈ.ਪੀ.ਐਸ. ਅਧਿਕਾਰੀਆਂ ਦੇ ਹੱਥ ਹੈ। ਆਈ.ਪੀ.ਐਸ. ਲੀਡਰਾਂ ਦੀ ਬਾਹਲੀ ਪਰਵਾਹ ਨਹੀਂ ਕਰਦੇ ਤੇ ਉਹ ਆਪਣੇ ਤਰੀਕੇ ਨਾਲ ਕੰਮ ਕਰਦੇ ਹਨ ਜਿਹੜੀ ਸਰਕਾਰ ਨੂੰ ਰਾਸ ਨਹੀਂ ਆਉਂਦੀ। ਇਸ ਕਰਕੇ ਭਾਰਤੀ ਪੁਲਿਸ ਸੇਵਾਵਾਂ (ਆਈ.ਪੀ.ਐਸ.) ਦੇ ਅਧਿਕਾਰੀ ਸੂਬਾ ਸਰਕਾਰ ਦੀ ਸਵੱਲੀ ਨਿਗ੍ਹਾ ਤੋ ਪਰੇ ਹੀ ਰਹੇ ਹਨ। ਪੰਜਾਬ ਦੇ ਕੁੱਲ 22 ਜ਼ਿਲ੍ਹਿਆਂ 'ਚੋਂ ਸਿਰਫ਼ ਚਾਰ 'ਚ ਹੀ ਆਈ.ਪੀ.ਐਸ. ਅਧਿਕਾਰੀ ਬਤੌਰ ਐਸ.ਐਸ.ਪੀ. ਤਾਇਨਾਤ ਹਨ ਜਦੋਂਕਿ ਬਾਕੀ ਜ਼ਿਲ੍ਹਿਆਂ ਦੀ ਕਮਾਂਡ ਪੰਜਾਬ ਪੁਲਿਸ ਸੇਵਾਵਾਂ (ਪੀ.ਪੀ.ਐਸ.) ਅਧਿਕਾਰੀਆਂ ਦੇ ਹੱਥ ਹੀ ਹੈ। ਸੂਬੇ ਵਿਚ 34 ਫੀਸਦੀ ਆਈ.ਪੀ.ਐਸ.ਅਧਿਕਾਰੀਆਂ ਦੀਆਂ ਅਸਾਮੀਆਂ ਖਾਲੀ ਹਨ।

ਚਾਰ ਆਈ.ਪੀ.ਐਸ. ਅਧਿਕਾਰੀ ਨਵਾਂ ਸ਼ਹਿਰ ਵਿਖੇ ਧੰਨਪ੍ਰੀਤ ਕੌਰ, ਬਠਿੰਡਾ ਵਿਖੇ ਸੁਖਚੈਨ ਸਿੰਘ ਗਿੱਲ, ਕਪੂਰਥਲਾ ਵਿਖੇ ਇੰਦਰਬੀਰ ਸਿੰਘ ਤੇ ਲੁਧਿਆਣਾ (ਦਿਹਾਤੀ) ਵਿਖੇ ਅਸ਼ੀਸ਼ ਚੌਧਰੀ ਹੀ ਬਤੌਰ ਐਸ.ਐਸ.ਪੀ. ਤਾਇਨਾਤ ਹਨ। ਸਮੇਂ-ਸਮੇਂ ਭਾਵੇਂ ਦਬਵੀਂ ਆਵਾਜ਼ ਵਿਚ ਆਈ.ਪੀ.ਐਸ. ਅਧਿਕਾਰੀ ਉਨ੍ਹਾਂ ਦੀ ਥਾਂ ਪੀ.ਪੀ.ਐਸ. ਅਧਿਕਾਰੀਆਂ ਨੂੰ ਜ਼ਿਲ੍ਹਿਆਂ ਦੇ ਮੁਖੀ ਲਾਉਣ 'ਤੇ ਇਤਰਾਜ਼ ਉਠਾਉਂਦੇ ਰਹੇ ਹਨ ਪਰ ਸਰਕਾਰ ਆਈ.ਪੀ.ਐਸ. ਅਧਿਕਾਰੀਆਂ ਨੂੰ ਅੱਖੋਂ ਪਰੋਖੇ ਹੀ ਕਰਦੀ ਆ ਰਹੀ ਹੈ।

ਡਾਇਰੈਕਟਰ ਜਨਰਲ ਪੁਲਿਸ (ਡੀ.ਜੀ.ਪੀ.) ਪੰਜਾਬ ਦੇ ਦਫ਼ਤਰ ਵਿਚ ਹੀ 16 ਆਈ.ਪੀ.ਐਸ. ਅਧਿਕਾਰੀ ਤਾਇਨਾਤ ਹਨ ਜੋ ਫੀਲਡ ਦੀ ਥਾਂ ਦਫ਼ਤਰੀ ਕੰਮਾਂ ਤੱਕ ਹੀ ਸੀਮਤ ਹਨ। ਇਨ੍ਹਾਂ ਆਈ.ਪੀ.ਐਸ. ਅਧਿਕਾਰੀਆਂ ਦੀਆਂ ਤਨਖ਼ਾਹਾਂ ਤੇ ਭੱਤਿਆਂ ਦਾ ਸਾਲਾਨਾ ਖਰਚਾ ਔਸਤਨ 2,24,66,460 ਰੁਪਏ ਆ ਰਿਹਾ ਹੈ। ਉਂਜ ਮੁੱਖ ਦਫ਼ਤਰ ਵਿਖੇ ਤਾਇਨਾਤ ਹੋਰ ਵੱਖ-ਵੱਖ ਪੱਧਰ ਦੇ 29 ਅਧਿਕਾਰੀਆਂ ਦੀਆਂ ਤਨਖ਼ਾਹਾਂ ਤੇ ਭੱਤਿਆਂ ਦਾ ਸਾਲਾਨਾ ਔਸਤਨ ਖਰਚਾ 2,34,37,344 ਰੁਪਏ ਆ ਰਿਹਾ ਹੈ ਜਦੋਂਕਿ ਉਨ੍ਹਾਂ ਨੂੰ ਮੁਹੱਈਆ ਕੀਤੇ ਬੰਗਲਿਆਂ, ਵਾਹਨਾਂ, ਸੁਰੱਖਿਆ ਕਰਮੀਆਂ ਦਾ ਖਰਚਾ ਵੱਖਰਾ ਹੈ। ਇਸ ਤੋਂ ਇਲਾਵਾ ਪੁਲਿਸ ਹੈੱਡਕੁਆਰਟਰ ਵਿਖੇ ਤਾਇਨਾਤ 197 ਮੁਲਾਜ਼ਮਾਂ ਦੀਆਂ ਤਨਖ਼ਾਹਾਂ ਤੇ ਭੱਤਿਆਂ ਦਾ ਸਾਲਾਨਾ ਖਰਚਾ 12,84,39,804 ਰੁਪਏ ਆ ਰਿਹਾ ਹੈ। ਪੰਜਾਬ ਪੁਲਿਸ ਹੈਡਕੁਆਰਟਰ ਵਿਖੇ ਕੁੱਲ 242 ਪੁਲਿਸ ਅਧਿਕਾਰੀ ਤੇ ਮੁਲਾਜ਼ਮ ਤਾਇਨਾਤ ਹਨ। ਪੰਜਾਬ ਪੁਲਿਸ ਦੇ ਹੋਰ ਅਧਿਕਾਰੀ ਤੇ ਮੁਲਾਜ਼ਮ ਵੀ ਵੱਖ-ਵੱਖ ਪੁਲਿਸ ਫੋਰਸਾਂ 'ਚ ਡੈਪੂਟੇਸ਼ਨ 'ਤੇ ਤਾਇਨਾਤ ਹਨ। ਤਿੰਨ ਡੀ.ਐਸ.ਪੀ. ਆਸ਼ੀਸ਼ ਕਪੂਰ, ਸੁਮਨ ਕੁਮਾਰ ਤੇ ਅਨਿਲ ਜੋਸ਼ੀ ਚੰਡੀਗੜ੍ਹ ਪੁਲਿਸ ਵਿਚ ਡੈਪੂਟੇਸ਼ਨ 'ਤੇ ਹਨ। ਇਨ੍ਹਾਂ ਵਿਚੋਂ ਡੀ.ਐਸ.ਪੀ. ਆਸ਼ੀਸ਼ ਕਪੂਰ ਹੁਣ ਆਫੀਸ਼ਿਏਟਿੰਗ ਪੁਲਿਸ ਕਪਤਾਨ (ਐਸ.ਪੀ.) ਹਨ।

**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas
- 9th Circuit Appeals
- BIA Appeals
- Removal Defense
- Asylum

**Personal Injury**
- Auto Collision




Bhupinder Gill, Esq.
Attorney at Law
(Admitted in CA)

*Call for initial consultation*
Attorney Bhupinder Gill, Esq.
Attorney George Heridis, Esq.

**(408) 940-6065, (408) 736-5203**
Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085

**Buy or Sell** House, Liquor Store, Gas Station etc.
**In Bay Area & Central Valley**
* For Quick Short Sale
* Refinance @ Zero Cost
* Home Loans & SBA Loans
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**
www.singhraj.bayeastweb.com
Fax: 510-490-9703
MISSIONPEAK BROKERS, INC. PEAK OF EXCELLENCE
REALTOR MLS

46560 Fremont Blvd., Suite#111, Fremont, CA 94538

KAUR eye institute
*Putting Patient Care First*



Dr. Harrup Kaur, MD, FACS
Eye Surgeon

CATARACT SPECIALIST, San Jose, CA
- Top 10% of eye surgeons in the U.S.
- Trained at the prestigious Mayo Clinc
- Board Certified: American Board of Ophthalmology
- Fellow, American College of Surgeons

ਆਪਣੀਆਂ ਅੱਖਾਂ ਦੀ ਸਰਜਰੀ ਦੀ ਜ਼ਿੰਮੇਵਾਰੀ ਡਾ. ਹਰਿਰੂਪ ਕੌਰ 'ਤੇ ਛੱਡੋ

Cataract surgery continues to evolve. Trust your eyes to a surgeon who has been trained in and uses the most advanced surgical techniques. *Dr. Kaur has been successfully helping patients see without glasses for the past 8 years.*

MICRO-INCISION SURGERY • NO STITCHES • PREMIUM LENSES
*We accept all major health insurances, including Medicare.*

CALL TODAY TO SCHEDULE YOUR SURGERY CONSULTATION
888-940-3940 • 408-940-3940
Kaur Eye Institute • 555 Knowles Dr., Suite 117 • Los Gatos, CA 95032
www.KaurEye.com

# ਡਾ. ਮਨਮੋਹਨ ਸਿੰਘ ਦੀਆਂ ਨਵੀਆਂ ਨੀਤੀਆਂ ਨਾਲ ਭਾਰਤੀ ਸਿਆਸਤ ਵਿਚ ਉਬਾਲ

4 ਮੈਂਬਰ ਸ਼ਾਮਲ ਹਨ। ਇਸ ਤੋਂ ਇਲਾਵਾ ਸਰਕਾਰ ਨੂੰ ਚਾਰ ਹੋਰ ਪਾਰਟੀਆਂ ਦੇ 50 ਸੰਸਦ ਮੈਂਬਰਾਂ ਦੀ ਬਾਹਰੋਂ ਹਮਾਇਤ ਹਾਸਲ ਹੈ ਜਿਸ 'ਚ ਸਮਾਜਵਾਦੀ ਪਾਰਟੀ ਦੇ 22, ਬਸਪਾ ਦੇ 21, ਰਾਸ਼ਟਰੀ ਲੋਕ ਦਲ ਦੇ 4 ਅਤੇ ਜਨਤਾ ਦਲ (ਸ) ਦੇ 3 ਮੈਂਬਰ ਸ਼ਾਮਲ ਹਨ। ਸਰਕਾਰ ਬਣੀ ਰਹਿਣ ਲਈ 272 ਮੈਂਬਰਾਂ ਦੀ ਲੋੜ ਹੈ ਅਤੇ ਇਸ ਵੇਲੇ ਸਰਕਾਰ ਨੂੰ 295 ਸੰਸਦ ਮੈਂਬਰਾਂ ਦੀ ਹਮਾਇਤ ਹਾਸਲ ਹੈ।

ਉਧਰ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ 'ਆਰਥਿਕ ਸੁਧਾਰਾਂ' ਬਾਰੇ ਕੀਤੇ ਵੱਡੇ ਫੈਸਲਿਆਂ ਤੋਂ ਪਹਿਲਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਪ੍ਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਲਈ ਇਜਾਜ਼ਤ ਦੇਣ ਦਾ ਇਰਾਦਾ ਦੱਸ ਦਿੱਤਾ ਸੀ।

ਆਰਥਿਕ ਸੁਧਾਰਾਂ ਦੇ ਨਾਂ 'ਤੇ ਸਰਕਾਰ ਨੇ ਵੱਡਾ ਸਿਆਸੀ ਜੋਖਮ ਲੈਂਦਿਆਂ ਬਹੁ-ਬ੍ਰਾਂਡ ਪ੍ਰਚੂਨ ਖੇਤਰ ਵਿਚ 51 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਖੁੱਲ੍ਹ ਦੇ ਦਿੱਤੀ ਹੈ। ਇਸ ਤੋਂ ਇਲਾਵਾ ਹਵਾਬਾਜ਼ੀ ਖੇਤਰ ਵਿਚ ਵਿਦੇਸ਼ੀ ਏਅਰਲਾਈਨਾਂ ਨੂੰ 49 ਫੀਸਦੀ ਤੱਕ ਨਿਵੇਸ਼ ਕਰਨ ਤੇ ਚਾਰ ਜਨਤਕ ਇਕਾਈਆਂ ਦੀ ਹਿੱਸਾਪੱਤੀ ਵੇਚਣ ਦੀ ਆਗਿਆ ਦੇ ਦਿੱਤੀ ਹੈ।



ਡਾ. ਮਨਮੋਹਨ ਸਿੰਘ

ਬ੍ਰਾਡਕਾਸਟਿੰਗ ਖੇਤਰ ਵਿਚ ਸਿੱਧਾ ਵਿਦੇਸ਼ੀ ਨਿਵੇਸ਼ 49 ਫੀਸਦੀ ਤੋਂ ਵਧਾ ਕੇ 74 ਫੀਸਦੀ ਕਰਨ ਤੇ ਪਾਵਰ ਐਕਸਚੇਂਜਾਂ ਵਿਚ ਵਿਦੇਸ਼ੀ ਨਿਵੇਸ਼ ਨੂੰ ਵੀ ਹਰੀ ਝੰਡੀ ਦਿਖਾ ਦਿੱਤੀ ਗਈ ਹੈ।

ਪ੍ਰਚੂਨ ਖੇਤਰ ਵਿਚ 51 ਫੀਸਦੀ ਪੂੰਜੀ ਨਿਵੇਸ਼ ਦੇ ਫੈਸਲੇ ਨੂੰ ਸੂਬਿਆਂ ਵਿਚ ਲਾਗੂ ਕਰਨ ਦਾ ਮਾਮਲਾ ਸੂਬਾਈ ਸਰਕਾਰਾਂ 'ਤੇ ਛੱਡ ਦਿੱਤਾ ਗਿਆ ਹੈ। ਇਸ ਫੈਸਲੇ ਤਹਿਤ ਉਨ੍ਹਾਂ ਸ਼ਹਿਰਾਂ ਵਿਚ ਪੂੰਜੀ ਨਿਵੇਸ਼ ਦੀ ਆਗਿਆ ਦਿੱਤੀ ਜਾਵੇਗੀ ਜਿਨ੍ਹਾਂ ਦੀ ਵਸੋਂ ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦਸ ਲੱਖ ਤੋਂ ਉਪਰ ਹੋਵੇਗੀ। ਸਬੰਧਤ ਕੰਪਨੀਆਂ ਨੂੰ ਪੂੰਜੀ ਨਿਵੇਸ਼ ਦਾ 50 ਫੀਸਦੀ ਪੈਸਾ ਤਿੰਨ ਸਾਲਾਂ ਵਿਚ ਬੁਨਿਆਦੀ ਢਾਂਚੇ ਲਈ ਖਰਚਣਾ ਹੋਵੇਗਾ। ਇਸ ਦੇ ਨਾਲ ਹੀ ਕੇਂਦਰ ਸਰਕਾਰ ਨੇ ਜਨਤਕ ਖੇਤਰ ਦੇ ਚਾਰ ਅਦਾਰਿਆਂ ਹਿੰਦੋਸਤਾਨ ਕਾਪਰ, ਇੰਡੀਅਨ ਆਇਲ, ਨੈਲਕੋ, ਐਮ.ਐਮ.ਟੀ.ਸੀ. ਵਿਚ ਅਪਨਿਵੇਸ਼ ਕਰਨ ਦਾ ਫੈਸਲਾ ਕੀਤਾ ਹੈ।

ਕੇਂਦਰ ਸਰਕਾਰ ਨੇ ਨਿੱਜੀ ਹਵਾਈ ਕੰਪਨੀਆਂ ਵਿਚ 49 ਫੀਸਦੀ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਖੁੱਲ੍ਹ ਦੇ ਦਿੱਤੀ ਹੈ। ਇਸ ਫੈਸਲੇ ਨਾਲ ਮੁੱਖ ਤੌਰ 'ਤੇ ਕਿੰਗਫਿਸ਼ਰ ਨੂੰ ਲਾਭ ਮਿਲਣ ਦੀ ਆਸ ਹੈ। ਇਸੇ ਤਰ੍ਹਾਂ ਕੇਂਦਰ ਸਰਕਾਰ ਨੇ ਪ੍ਰਸਾਰਨ ਖੇਤਰ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦਰ ਵਧਾ ਕੇ 74 ਫੀਸਦੀ ਕਰ ਦਿੱਤੀ ਹੈ। ਇਸ ਫੈਸਲੇ ਨਾਲ ਪ੍ਰਸਾਰਨ ਦੇ ਖੇਤਰ ਵਿਚ ਕਈ ਵਿਦੇਸ਼ੀਆਂ ਨੂੰ ਦਾਖਲ ਹੋਣ ਦਾ ਮੌਕਾ ਮਿਲ ਜਾਵੇਗਾ। ਪ੍ਰਸਾਰਨ ਦੇ ਦੋ ਖੇਤਰਾਂ ਟੀ.ਵੀ .ਨਿਊਜ਼ ਚੈਨਲਾਂ ਤੇ ਐਫ.ਐਮ.ਰੇਡੀਓ ਲਈ ਵਿਦੇਸ਼ੀ ਪੂੰਜੀ ਨਿਵੇਸ਼ ਦੀ ਹੱਦ 26 ਫੀਸਦੀ ਹੀ ਰਹੇਗੀ।

ਕੇਬਲ ਟੀ.ਵੀ. ਤੇ ਡੀ.ਟੀ.ਐਚ. ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦੀ ਸੀਮਾ 49 ਫੀਸਦੀ ਕਰ ਦਿੱਤੀ ਹੈ। ਹਿਟਸ ਵਿਚ 74 ਫੀਸਦੀ ਨਿਵੇਸ਼ ਦੀ ਖੁੱਲ੍ਹ ਦਿੱਤੀ ਗਈ ਹੈ। ਹਿਟਸ ਸੈਟੇਲਾਈਟ ਮਲਟੀਪਲੈਕਸ ਸਰਵਿਸ ਹੈ ਜਿਹੜੀ ਕੇਬਲ ਰਾਹੀਂ ਟੀ.ਵੀ.ਚੈਨਲਾਂ ਨੂੰ ਦਿੱਤੀ ਜਾਂਦੀ ਹੈ। ਮੋਬਾਈਲ ਟੀ.ਵੀ. ਵਿਚ 74 ਫੀਸਦੀ ਐਫ.ਡੀ.ਆਈ.ਦੀ ਖੁੱਲ੍ਹ ਦਿੱਤੀ ਗਈ ਹੈ। ਮੋਬਾਈਲ ਟੀ.ਵੀ. ਅਜੇ ਭਾਰਤ ਵਿਚ ਮੁਢਲੇ ਦੌਰ ਵਿਚ ਹੈ ਤੇ ਅਗਲੇ ਦਿਨਾਂ ਵਿਚ ਇਸ ਦਾ ਤੇਜ਼ੀ ਨਾਲ ਪਸਾਰ ਹੋਣਾ ਹੈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬਹੁ-ਬ੍ਰਾਂਡ ਪ੍ਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਪ੍ਰਵਾਨਗੀ ਦੇਣ ਦੇ ਮੁੱਦੇ ਬਾਰੇ ਕਿਹਾ ਕਿ ਇਸ ਨਿਵੇਸ਼ ਨਾਲ ਦੇਸ਼ ਦੀ ਆਰਥਿਕਤਾ ਵਿਚ ਸੁਧਾਰ ਹੋਵੇਗਾ ਤੇ ਰੁਜ਼ਗਾਰ ਦੇ ਮੌਕੇ ਵਧਣਗੇ। ਉਨ੍ਹਾਂ ਕਿਹਾ ਕਿ ਇਹ ਫੈਸਲਾ ਦੇਸ਼ ਦੇ ਹਿੱਤ ਵਿਚ ਲਿਆ ਗਿਆ ਹੈ ਤੇ ਹਰ ਦੇਸ਼ ਵਾਸੀ ਨੂੰ ਇਸ ਫੈਸਲੇ ਦਾ ਸਮਰਥਨ ਕਰਨਾ ਚਾਹੀਦਾ ਹੈ।

# ਐਨ.ਆਰ.ਆਈ. ਸਭਾ ਦਾ ਪ੍ਰਧਾਨ ਬਲਾਤਕਾਰ ਦੇ ਦੋਸ਼ 'ਚ ਫਸਿਆ

**ਮੁਹਾਲੀ:** ਪਟਿਆਲਾ ਦੀ ਕਬੱਡੀ ਖਿਡਾਰਨ ਨਾਲ ਮੁਹਾਲੀ ਵਿਖੇ ਪਿਸਤੌਲ ਦੀ ਨੋਕ 'ਤੇ ਬਲਾਤਕਾਰ ਦੇ ਮਾਮਲੇ ਵਿਚ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ ਮਨਜੋਤ ਕੌਰ ਨੇ ਜ਼ਿਲ੍ਹਾ ਐਨ.ਆਰ.ਆਈ. ਸਭਾ ਮੁਹਾਲੀ ਦੇ ਪ੍ਰਧਾਨ ਅਮਰਜੀਤ ਸਿੰਘ ਵਿਰਕ ਖ਼ਿਲਾਫ਼ ਦੋਸ਼ ਆਇਦ ਕੀਤੇ ਹਨ। ਕੇਸ ਦੀ ਅਗਲੀ ਸੁਣਵਾਈ ਤਿੰਨ ਅਕਤੂਬਰ ਨੂੰ ਹੋਵੇਗੀ। ਪੰਜਾਬ ਰਾਜ ਸਾਈਬਰ ਅਪਰਾਧ ਪੁਲਿਸ ਨੇ ਵਿਰਕ ਨੂੰ ਬੀਤੀ 27 ਜਨਵਰੀ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਦੋਂ ਤੋਂ ਉਹ ਪੁਲਿਸ ਹਿਰਾਸਤ ਵਿਚ ਹਨ।

ਉਨ੍ਹਾਂ ਖ਼ਿਲਾਫ਼ 13 ਜੁਲਾਈ, 2011 ਨੂੰ ਫੇਜ਼-ਇਕ ਥਾਣੇ ਵਿਚ ਆਈ.ਪੀ.ਸੀ. ਦੀ ਧਾਰਾ 376, 420, 506 ਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਵਿਰਕ ਖ਼ਿਲਾਫ਼ ਕੇਸ ਦਰਜ ਹੋਣ ਮਗਰੋਂ ਸਿਆਸੀ ਦਖ਼ਲ ਕਾਰਨ ਪੁਲਿਸ ਜਾਂਚ ਠੰਡੀ ਪੈ ਗਈ ਸੀ ਜਿਸ ਕਾਰਨ ਪੀੜਤ ਮਹਿਲਾ ਨੇ ਇਨਸਾਫ਼ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ ਜਿਸ 'ਤੇ ਸੁਣਵਾਈ ਕਰਦਿਆਂ ਹਾਈ ਕੋਰਟ ਵੱਲੋਂ ਪੰਜਾਬ ਦੇ ਡੀ.ਜੀ.ਪੀ. ਨੂੰ ਆਦੇਸ਼ ਜਾਰੀ ਕੀਤੇ ਗਏ ਸਨ ਕਿ ਮਾਮਲੇ ਦੀ ਜਾਂਚ ਕੀਤੀ ਜਾਵੇ।

ਡੀ.ਜੀ.ਪੀ. ਵੱਲੋਂ ਉਸ ਸਮੇਂ ਪੰਜਾਬ ਦੀ ਡੀ.ਆਈ.ਜੀ.(ਐਨ.ਆਰ.ਆਈ. ਸੈੱਲ) ਗੁਰਪ੍ਰੀਤ ਕੌਰ ਦਿਓ, ਡੀ.ਆਈ.ਜੀ. ਗੌਤਮ ਚੀਮਾ ਤੇ ਸਾਈਬਰ ਅਪਰਾਧ ਦੇ ਡੀ.ਐਸ.ਪੀ.ਵਿਭੌਰ ਸ਼ਰਮਾ 'ਤੇ ਆਧਾਰਤ ਤਿੰਨ ਮੈਂਬਰੀ ਜਾਂਚ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੇ ਆਪਣੀ ਜਾਂਚ ਰਿਪੋਰਟ ਵਿਚ ਵਿਰਕ ਨੂੰ ਕਸੂਰਵਾਰ ਠਹਿਰਾਇਆ ਸੀ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਮੁਹਾਲੀ ਵਿਚ ਹੋਏ ਖੇਡ ਮੁਕਾਬਲੇ ਦੌਰਾਨ ਉਸ ਦੀ ਮੁਲਾਕਾਤ ਵਿਰਕ ਨਾਲ ਹੋਈ ਸੀ। ਇਸ ਤੋਂ ਬਾਅਦ ਉਨ੍ਹਾਂ ਵਿਚ ਚੰਗੀ ਜਾਣ ਪਛਾਣ ਹੋ ਗਈ ਤੇ ਵਿਰਕ ਨੇ ਉਸ ਨੂੰ ਖੇਡਣ ਲਈ ਵਿਦੇਸ਼ ਭੇਜਣ ਦਾ ਮੌਕਾ ਦੇਣ ਦੀ ਗੱਲ ਕੀਤੀ।

ਉਹ ਦੋ ਬੱਚਿਆਂ ਦੀ ਮਾਂ ਹੈ ਤੇ ਪਟਿਆਲਾ ਵਿਚ ਆਪਣੇ ਪਤੀ ਨਾਲ ਰਹਿੰਦੀ ਹੈ। ਉਸ ਨੇ ਕੈਨੇਡਾ ਜਾਣ ਲਈ ਵਿਰਕ ਨੂੰ ਘਟਨਾ ਤੋਂ ਕਰੀਬ ਤਿੰਨ ਮਹੀਨੇ ਪਹਿਲਾਂ ਡੇਢ ਲੱਖ ਰੁਪਏ ਤੇ ਆਪਣਾ ਪਾਸਪੋਰਟ ਤੇ ਫੋਟੋਆਂ ਦਿੱਤੀਆਂ ਸਨ ਪਰ ਬਾਅਦ ਵਿਚ ਉਸ ਨੂੰ ਨਾ ਤਾਂ ਵਿਦੇਸ਼ ਭੇਜਿਆ ਗਿਆ ਤੇ ਨਾ ਹੀ ਪੈਸੇ ਤੇ ਪਾਸਪੋਰਟ ਵਾਪਸ ਕੀਤੇ ਗਏ। ਇਸ ਦੌਰਾਨ 13 ਜੁਲਾਈ, 2011 ਨੂੰ ਉਸ ਨੇ ਵਿਰਕ ਨੂੰ ਦਿੱਤੇ ਪੈਸੇ ਵਾਪਸ ਮੰਗੇ ਤਾਂ ਉਨ੍ਹਾਂ ਉਸ ਨੂੰ ਚੰਡੀਗੜ੍ਹ ਦੇ ਬੱਸ ਅੱਡੇ ਤੋਂ ਆਪਣੀ ਕਾਰ ਵਿਚ ਬਿਠਾਇਆ ਤੇ ਮੁਹਾਲੀ ਦੇ ਉਦਯੋਗਿਕ ਖੇਤਰ ਫੇਜ਼-7 ਸਥਿਤ ਆਪਣੀ ਫੈਕਟਰੀ ਲੈ ਗਿਆ ਜਿਥੇ ਉਨ੍ਹਾਂ ਉਸ ਨਾਲ ਪਿਸਤੌਲ ਦੀ ਨੋਕ 'ਤੇ ਬਲਾਤਕਾਰ ਕੀਤਾ।

ਘਟਨਾ ਵਾਲੇ ਦਿਨ ਸ਼ਾਮ ਸਮੇਂ ਖਿਡਾਰਨ ਨੂੰ ਸਰਕਾਰੀ ਹਸਪਤਾਲ ਫੇਜ਼-6 ਦਾਖ਼ਲ ਕਰਵਾਇਆ ਗਿਆ ਜਿਥੇ ਉਸ ਨਾਲ ਬਲਾਤਕਾਰ ਹੋਣ ਦੀ ਪੁਸ਼ਟੀ ਕੀਤੀ ਗਈ। ਉਧਰ ਸ. ਵਿਰਕ ਨੇ ਇਨ੍ਹਾਂ ਦੋਸ਼ਾਂ ਨੂੰ ਝੂਠੇ ਦੱਸਿਆ ਹੈ। ਉਨ੍ਹਾਂ ਦਾ ਆਪਣੇ ਭਰਾਵਾਂ ਨਾਲ ਜ਼ਮੀਨੀ ਵਿਵਾਦ ਚੱਲ ਰਿਹਾ ਹੈ ਤੇ ਉਹ ਇਸ ਔਰਤ ਨਾਲ ਮਿਲ ਕੇ ਉਸ ਨੂੰ ਝੂਠੇ ਕੇਸ ਵਿਚ ਫਸਾਉਣਾ ਚਾਹੁੰਦੇ ਹਨ। ਇਹ ਔਰਤ ਮਈ 2011 ਵਿਚ ਉਨ੍ਹਾਂ ਦੇ ਦਫ਼ਤਰ ਵਿਚ ਨੌਕਰੀ ਮੰਗਣ ਆਈ ਸੀ ਤੇ ਉਸ ਨੇ ਨੌਕਰੀ ਲਈ ਅਰਜ਼ੀ ਵੀ ਦਿੱਤੀ ਸੀ ਪਰ ਉਨ੍ਹਾਂ ਨੌਕਰੀ ਦੇਣ ਤੋਂ ਨਾਂਹ ਕਰ ਦਿੱਤੀ ਸੀ।

# ਭਾਈ ਹਵਾਰਾ ਤੇ ਭਿਉਰਾ ਵੱਲੋਂ ਵਕੀਲ 'ਤੇ ਦੋਸ਼

**ਚੰਡੀਗੜ੍ਹ:** ਮਰਹੂਮ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਉਰਾ 'ਤੇ ਚੱਲ ਰਹੇ ਬੁੜੈਲ ਜੇਲ੍ਹ ਤੋੜ ਕੇ ਭੱਜਣ ਬਾਰੇ ਕੇਸ ਨੇ ਉਦੋਂ ਨਵਾਂ ਮੋੜ ਲੈ ਲਿਆ ਜਦੋਂ ਉਨ੍ਹਾਂ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਆਪਣੇ ਵਕੀਲ ਅਰਵਿੰਦ ਠਾਕੁਰ ਤੋਂ ਵਕਾਲਤਨਾਮਾ ਵਾਪਸ ਲੈ ਲਿਆ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ 'ਤੇ ਇਕ ਸਾਲ ਪਹਿਲਾਂ ਅਦਾਲਤ ਦੇ ਬਾਹਰ ਜੋ ਹਮਲਾ ਹੋਇਆ ਸੀ, ਉਸ ਪਿੱਛੇ ਅਰਵਿੰਦ ਠਾਕੁਰ ਦਾ ਹੱਥ ਸੀ। ਉਨ੍ਹਾਂ ਸ੍ਰੀ ਠਾਕੁਰ 'ਤੇ ਸਿੱਖ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਖੇਡਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਵੱਲੋਂ ਸਾਕਾ ਨੀਲਾ ਤਾਰਾ ਯਾਦਗਾਰ ਦੇ ਕੀਤੇ ਵਿਰੋਧ ਦੀ ਵੀ ਨਿੰਦਾ ਕੀਤੀ। ਅਦਾਲਤ ਨੇ ਉਨ੍ਹਾਂ ਦੀ ਅਰਜ਼ੀ ਰਿਕਾਰਡ ਵਿਚ ਲੈ ਲਈ ਹੈ।

ਕੇਸ ਦੀ ਸੁਣਵਾਈ ਦੌਰਾਨ ਤਿੰਨ ਗਵਾਹਾਂ ਤੇ ਬੁੜੈਲ ਜੇਲ੍ਹ ਦੇ ਮੁਲਾਜ਼ਮ ਤਰਵਿੰਦਰ ਸਿੰਘ, ਅਮਰੀਕ ਕੁਮਾਰ ਤੇ ਅਸ਼ੋਕ ਕੁਮਾਰ ਦੇ ਬਿਆਨਾਂ 'ਤੇ ਬਹਿਸ ਹੋਈ। ਤਿੰਨਾਂ ਗਵਾਹਾਂ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੀ ਡਿਊਟੀ ਹਵਾਰਾ ਦੀ ਬੈਰਕ ਦੇ ਬਾਹਰ ਹੁੰਦੀ ਸੀ ਤੇ ਉਨ੍ਹਾਂ ਨੂੰ ਅਕਸਰ ਬੈਰਕ ਦੇ ਅੰਦਰ ਮਿੱਟੀ ਪੁੱਟਣ ਜਾਂ ਪਾਣੀ ਚੱਲਣ ਦੀਆਂ ਆਵਾਜ਼ਾਂ ਸੁਣਦੀਆਂ ਰਹਿੰਦੀਆਂ ਸਨ ਤੇ ਉਹ ਇਸ ਦੀ ਰਿਪੋਰਟ ਜੇਲ੍ਹ ਅਧਿਕਾਰੀਆਂ ਨੂੰ ਦਿੰਦੇ ਸਨ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਚਾਰ ਜਨਵਰੀ ਨੂੰ ਤੈਅ ਕਰ ਦਿੱਤੀ ਹੈ।

# ਗੁਲਜ਼ਾਰ ਸਿੰਘ ਰਣੀਕੇ ਵੱਲੋਂ ਅਸਤੀਫਾ

*(ਸਫਾ ਇਕ ਦੀ ਬਾਕੀ)*

ਸਭਾ ਹਲਕੇ ਵਿਚ ਧਰਨਿਆਂ ਦਾ ਦੌਰ ਵੀ ਸ਼ੁਰੂ ਹੋ ਗਿਆ ਸੀ ਤੇ ਵਿਰੋਧ ਧਿਰਾਂ ਵੀ ਆਪਣੀਆਂ ਰੈਲੀਆਂ 'ਚ ਇਸ ਮਾਮਲੇ ਨੂੰ ਜ਼ੋਰਸ਼ੋਰ ਨਾਲ ਪ੍ਰਚਾਰ ਰਹੀਆਂ ਸਨ। ਚਾਰੇ ਪਾਸਿਓਂ ਪੈ ਰਹੇ ਦਬਾਅ ਕਾਰਨ ਸਰਕਾਰ ਨੇ ਗਰਾਂਟਾਂ ਦੇ ਘਪਲੇ ਦੀ ਜਾਂਚ ਪੰਜਾਬ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ ਹੈ।

ਸ. ਰਣੀਕੇ ਇਸ ਤੋਂ ਪਹਿਲੀ ਸਰਕਾਰ ਵਿਚ ਵੀ ਪਸ਼ੂ ਪਾਲਣ ਮੰਤਰੀ ਸਨ ਤੇ ਨਾਲ ਹੀ ਦਲਿਤ ਤੇ ਪਛੜੀਆਂ ਸ਼੍ਰੇਣੀਆਂ ਬਾਰੇ ਭਲਾਈ ਵਿਭਾਗ ਵੀ ਉਨ੍ਹਾਂ ਕੋਲ ਸੀ। ਇਸ ਵਿਭਾਗ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਵਿਆਹਾਂ ਮੌਕੇ ਦਿੱਤੇ ਜਾਂਦੇ ਸ਼ਗਨ ਵਿਚ ਵੀ ਘਪਲਾ ਹੋਣ ਦੇ ਚਰਚੇ ਹਨ। ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਗਰਾਂਟਾਂ ਵਿਚ ਘਪਲਾ ਜੂਨ ਮਹੀਨੇ ਦੌਰਾਨ ਉਸ ਸਮੇਂ ਉਜਾਗਰ ਹੋਇਆ ਜਦੋਂ ਸ. ਰਣੀਕੇ ਦੇ ਨਿੱਜੀ ਸਹਾਇਕ ਸਰਬਦਿਆਲ ਸਿੰਘ ਵਿਰੁੱਧ ਘਪਲੇ ਦਾ ਕੇਸ ਦਰਜ ਹੋਇਆ।

ਜੂਨ ਤੋਂ ਲੈ ਕੇ ਹੁਣ ਤੱਕ ਅੰਮ੍ਰਿਤਸਰ ਪੁਲਿਸ ਸਰਬਦਿਆਲ ਸਿੰਘ ਨੂੰ ਕਾਬੂ ਕਰਨ ਵਿਚ ਨਾਕਾਮ ਰਹੀ ਤਾਂ ਸ. ਰਣੀਕੇ ਦੀ ਭੂਮਿਕਾ 'ਤੇ ਵੀ ਸਵਾਲ ਉਠਣ ਲੱਗੇ। ਉਂਜ ਇਹ ਵੀ ਚਰਚਾ ਹੈ ਕਿ ਜਿਸ ਤਰ੍ਹਾਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਗਰਾਂਟਾਂ ਵਿਚ ਘਪਲੇ ਸਾਹਮਣੇ ਆਏ ਹਨ, ਉਸ ਤਰ੍ਹਾਂ ਪੰਜਾਬ ਦੇ ਹੋਰ ਵਿਧਾਨ ਸਭਾ ਹਲਕਿਆਂ ਵਿਚ ਵੀ ਅਜਿਹੇ ਮਾਮਲੇ ਬੇਪਰਦ ਹੋ ਸਕਦੇ ਹਨ। ਜ਼ਿਲ੍ਹਾ ਪੁਲਿਸ ਇਸ ਮਾਮਲੇ ਵਿਚ ਪਹਿਲਾਂ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ ਜਿਨ੍ਹਾਂ ਵਿਚ ਬਲਜੀਤ ਸਿੰਘ ਤੇ ਅਮਿਤ ਕੁਮਾਰ ਅਤੇ ਬੈਂਕ ਆਫ ਮਹਾਰਾਸ਼ਟਰ ਦੇ ਮੈਨੇਜਰ ਓਮ ਪ੍ਰਕਾਸ਼ ਸ਼ਾਮਲ ਹਨ।

ਇਸ ਅਸਤੀਫੇ ਤੋਂ ਬਾਅਦ ਮੰਤਰੀ ਮੰਡਲ ਵਿਚ ਫੇਰਬਦਲ ਬਾਰੇ ਕਿਆਸ ਲੱਗਣੇ ਸ਼ੁਰੂ ਹੋ ਗਏ ਹਨ। ਮੰਤਰੀ ਮੰਡਲ ਵਿਚ ਹੁਣ ਤਿੰਨ ਅਹੁਦੇ ਖਾਲੀ ਹਨ। ਇਸ ਸਾਲ ਮਾਰਚ ਵਿਚ ਬੀਬੀ ਜਗੀਰ ਕੌਰ ਅਤੇ ਮਈ ਵਿਚ ਤੋਤਾ ਸਿੰਘ ਨੂੰ ਅਸਤੀਫਾ ਦੇਣਾ ਪਿਆ ਸੀ। ਬੀਬੀ ਜਗੀਰ ਕੌਰ ਨੂੰ ਤਾਂ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ ਤੇ ਉਹ ਕਪੂਰਥਲਾ ਜੇਲ੍ਹ ਵਿਚ ਬੰਦ ਹਨ। ਇਸ ਲਈ ਫ਼ਿਲਹਾਲ ਉਨ੍ਹਾਂ ਦੇ ਮੰਤਰੀ ਮੰਡਲ ਵਿਚ ਮੁੜ ਸ਼ਾਮਲ ਹੋਣ ਦੀ ਉਮੀਦ ਨਹੀਂ। ਤੋਤਾ ਸਿੰਘ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਰਾਹਤ ਮਿਲਣ ਦੀ ਉਮੀਦ ਹੈ। ਇਨ੍ਹਾਂ ਦੋਹਾਂ ਮੰਤਰੀਆਂ ਨਾਲ ਸਬੰਧਤ ਵਿਭਾਗਾਂ ਦੀ ਜ਼ਿੰਮੇਵਾਰੀ ਇਸ ਸਮੇਂ ਮੁੱਖ ਮੰਤਰੀ ਦੇਖ ਰਹੇ ਹਨ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ



**Punjab Times**

**Established in 2000**
**13th Year in Publication**

Published every Saturday
by **A B Publication Inc.**


20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678


**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**


**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਤਨੀ ਤੇ ਦੋ ਬੱਚੇ ਸਾੜਨ ਵਾਲੇ ਨੂੰ ਫਾਂਸੀ ਦੇ ਹੁਕਮ

**ਹੁਸ਼ਿਆਰਪੁਰ:** ਆਪਣੇ ਦੋ ਮਾਸੂਮ ਬੱਚਿਆਂ ਤੇ ਪਤਨੀ ਨੂੰ ਅੱਗ ਲਾਉਣ ਵਾਲੇ ਪਿੰਡ ਕੱਲੋਵਾਲ ਵਾਸੀ ਜਸਵੀਰ ਸਿੰਘ ਨੂੰ ਵਧੀਕ ਤੇ ਸੈਸ਼ਨ ਜੱਜ ਜੇ.ਐਸ. ਭਿੰਡਰ ਦੀ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ। ਇਸ ਘਟਨਾ ਦੌਰਾਨ ਉਸ ਦੇ ਦੋਵੇਂ ਬੱਚਿਆਂ ਦੀ ਮੌਤ ਹੋ ਗਈ ਸੀ ਅਤੇ ਉਸ ਦੀ ਪਤਨੀ ਬੁਰੀ ਤਰਾਂ ਝੁਲਸ ਗਈ ਸੀ। ਅਦਾਲਤ ਨੇ ਜਸਵੀਰ ਨੂੰ ਮੌਤ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਅਜਿਹੇ ਵਿਅਕਤੀ ਨੂੰ ਜਿਉਣ ਦਾ ਕੋਈ ਹੱਕ ਨਹੀਂ। ਜਸਵੀਰ ਸਿੰਘ ਨੇ ਅਦਾਲਤ ਦੇ ਹੁਕਮਾਂ ਵਿਰੁੱਧ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਪੀਲ ਕਰਨ ਦਾ ਫ਼ੈਸਲਾ ਕੀਤਾ ਹੈ ਜਦੋਂਕਿ ਉਸ ਦੀ ਪਤਨੀ ਨਰਿੰਦਰ ਕੌਰ ਨੇ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕੀਤਾ ਤੇ ਕਿਹਾ ਕਿ ਉਹ ਇਸੇ ਸਜ਼ਾ ਦਾ ਹੱਕਦਾਰ ਹੈ। ਨਰਿੰਦਰ ਕੌਰ ਦੀ ਸ਼ਿਕਾਇਤ 'ਤੇ ਪੁਲਿਸ ਨੇ 28 ਜਨਵਰੀ ਨੂੰ ਉਸ ਦੇ ਪਤੀ ਖ਼ਿਲਾਫ਼ ਕੇਸ ਦਰਜ ਕੀਤਾ ਸੀ।

ਇਸੇ ਸਾਲ 27 ਜਨਵਰੀ ਨੂੰ ਜਸਵੀਰ ਸਿੰਘ ਨੇ ਆਪਣੀ ਪਤਨੀ ਨਾਲ ਝਗੜੇ ਤੋਂ ਬਾਅਦ ਉਸ ਨੂੰ ਬੱਚਿਆਂ ਸਮੇਤ ਅੱਗ ਲਾ ਦਿੱਤੀ ਸੀ। ਨਰਿੰਦਰ ਕੌਰ ਅਨੁਸਾਰ ਉਸ ਦਿਨ ਸ਼ਾਮ ਨੂੰ ਜਦੋਂ ਜਸਵੀਰ ਘਰ ਆਇਆ ਤਾਂ ਉਸ ਨੇ ਸ਼ਰਾਬ ਪੀਤੀ ਹੋਈ ਸੀ। ਬਿਜਲੀ ਦਾ ਕੁਨੈਕਸ਼ਨ ਕੱਟੇ ਹੋਣ ਤੋਂ ਗੁੱਸੇ ਵਿਚ ਆ ਕੇ ਉਹ ਉਸ ਨਾਲ ਝਗੜਾ ਕਰਨ ਲੱਗ ਪਿਆ ਤੇ ਮਾਰ ਕੁਟਾਈ 'ਤੇ ਉਤਰ ਆਇਆ। ਉਸੇ ਰਾਤ ਕਰੀਬ 7 ਵਜੇ ਜਦੋਂ ਉਹ ਆਪਣੇ ਬੱਚਿਆਂ ਲਵਪ੍ਰੀਤ ਸਿੰਘ (5) ਤੇ ਲਖਵਿੰਦਰ ਸਿੰਘ (4) ਨਾਲ ਸੁੱਤੀ ਹੋਈ ਸੀ ਤਾਂ ਉਸ ਨੇ ਉਨ੍ਹਾਂ ਨੂੰ ਅੱਗ ਲਾ ਦਿੱਤੀ ਤੇ ਕਮਰੇ ਨੂੰ ਬਾਹਰੋਂ ਕੁੰਡਾ ਲਾ ਦਿੱਤਾ।

# ਹੁਣ ਮੌਤ ਦੇ ਜਾਅਲੀ ਸਰਟੀਫਿਕੇਟਾਂ ਰਾਹੀਂ ਵਲੈਤ ਜਾਣ ਦਾ ਫਰਾਡ

**ਨਵੀਂ ਦਿੱਲੀ:** ਨਵੀਂ ਦਿੱਲੀ ਵਿਚ ਬ੍ਰਿਟਿਸ਼ ਹਾਈ ਕਮਿਸ਼ਨ ਨੇ ਮੌਤ ਦੇ ਜਾਅਲੀ ਸਰਟੀਫਿਕੇਟਾਂ ਰਾਹੀਂ ਵੀਜ਼ੇ ਲਗਵਾਉਣ ਦੇ ਫਰਾਡ ਦਾ ਪਰਦਾਫਾਸ਼ ਕੀਤਾ ਹੈ। ਜਲੰਧਰ ਇਲਾਕੇ ਦੇ ਕੁਝ ਨੌਜਵਾਨਾਂ ਨੇ ਵਲੈਤ ਜਾਣ ਲਈ ਉਥੋਂ ਆਪਣੇ 'ਜਾਅਲੀ ਰਿਸ਼ਤੇਦਾਰਾਂ' ਤੋਂ ਮੌਤ ਦੇ 'ਜਾਅਲੀ' ਸਰਟੀਫਿਕੇਟ ਮੰਗਵਾਏ ਤਾਂ ਕਿ ਮਾਨਵੀ ਆਧਾਰ 'ਤੇ ਵੀਜ਼ੇ ਹਾਸਲ ਕਰ ਕੇ ਉਥੇ ਜਾਇਆ ਜਾ ਸਕੇ। ਯਾਦ ਰਹੇ ਕਿ ਬ੍ਰਿਟੇਨ ਅਜਿਹੀਆਂ ਅਰਜ਼ੀਆਂ ਉਤੇ ਤੁਰੰਤ ਕਾਰਵਾਈ ਕਰਦਾ ਹੈ।

ਇਸ ਫਰਾਡ ਦਾ ਭੇਤ ਉਦੋਂ ਖੁੱਲ੍ਹਿਆ ਜਦੋਂ ਦਿੱਲੀ ਵਿਚ ਵਲੈਤ ਦੇ ਹਾਈ ਕਮਿਸ਼ਨ ਨੇ ਇਹ ਨੋਟ ਕੀਤਾ ਕਿ ਮਾਨਵੀ ਆਧਾਰ ਵਾਲੀਆਂ ਅਜਿਹੀਆਂ ਅਰਜ਼ੀਆਂ ਦੀ ਗਿਣਤੀ ਇਕ ਦਮ ਬਹੁਤ ਜ਼ਿਆਦਾ ਵਧ ਗਈ ਹੈ। ਇਹ ਸਾਰੀਆਂ ਅਰਜ਼ੀਆਂ ਇੰਗਲੈਂਡ ਵਿਚ ਕਿਸੇ ਰਿਸ਼ਤੇਦਾਰ ਦੀ ਮੌਤ ਪਿੱਛੋਂ ਉਥੇ ਅੰਤਮ ਸੰਸਕਾਰ ਉਤੇ ਜਾਣ ਨਾਲ ਸਬੰਧਤ ਸਨ। ਇਹ ਭੇਤ ਖੁੱਲ੍ਹਣ ਤੋਂ ਬਾਅਦ ਹਾਈ ਕਮਿਸ਼ਨ ਨੇ ਸ਼ੱਕ ਵਾਲੀਆਂ ਅਰਜ਼ੀਆਂ ਅਤੇ ਸਬੰਧਤ ਦਸਤਾਵੇਜ਼ ਜਾਂਚ-ਪੜਤਾਲ ਲਈ ਬ੍ਰਿਟੇਨ ਭੇਜ ਦਿੱਤੇ। ਪੁਣ-ਛਾਣ ਤੋਂ ਬਾਅਦ ਪਤਾ ਲੱਗਿਆ ਕਿ ਅਸਲ ਸਰਟੀਫਿਕੇਟਾਂ ਵਿਚ ਛੇੜ-ਛਾੜ ਕੀਤੀ ਗਈ ਹੈ। ਇਸ ਤੋਂ ਬਾਅਦ ਹਾਈ ਕਮਿਸ਼ਨ ਨੇ ਤੁਰੰਤ ਜਲੰਧਰ ਦੇ ਪੁਲਿਸ ਕਮਿਸ਼ਨਰ ਨਾਲ ਰਾਬਤਾ ਬਣਾਇਆ ਅਤੇ ਪੁਲਿਸ ਨੇ ਇਸ ਬਾਰੇ ਤੁਰੰਤ ਛਾਣਬੀਣ ਕੀਤੀ ਜਿਸ ਪਿੱਛੋਂ ਜਾਅਲੀ ਅਰਜ਼ੀਆਂ ਦਾ ਭਾਂਡਾ ਫੁੱਟ ਗਿਆ। ਇਹ ਸਾਰੀਆਂ ਦੀਆਂ ਅਰਜ਼ੀਆਂ ਦੁਆਬਾ ਖੇਤਰ ਤੋਂ ਹਨ।

ਪੁਲਿਸ ਨੇ ਇਸ ਸਬੰਧੀ ਕੁਝ ਗ੍ਰਿਫ਼ਤਾਰੀਆਂ ਵੀ ਕੀਤੀਆਂ ਹਨ। ਸਪੈਸ਼ਲ ਬ੍ਰਾਂਚ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਆਫ਼ ਪੁਲਿਸ ਦਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਨ੍ਹਾਂ ਕੇਸਾਂ ਵਿਚ ਤਿੰਨ ਟਰੈਵਲ ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿਚ ਜਲੰਧਰ ਦਾ ਪਰਮਿੰਦਰ ਸਿੰਘ ਸੰਧੂ, ਕਪੂਰਥਲੇ ਦਾ ਸੁਰਜੀਤ ਸਿੰਘ ਅਤੇ ਸ਼ਾਹਕੋਟ ਦਾ ਜਸਪਾਲ ਸਿੰਘ ਸ਼ਾਮਲ ਹਨ। ਪਰਮਿੰਦਰ ਸਿੰਘ ਸੰਧੂ ਖਿਲਾਫ ਪਹਿਲਾਂ ਵੀ ਫਰਾਡ ਦਾ ਕੇਸ ਚੱਲ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਚਾਰ ਹੋਰ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

ਪੁੱਛ-ਗਿਛ ਦੌਰਾਨ ਇਨ੍ਹਾਂ ਮੁਲਜ਼ਮਾਂ ਨੇ ਦੱਸਿਆ ਹੈ ਕਿ ਉਹ ਵਲੈਤ ਤੋਂ ਮੰਗਵਾਏ ਅਸਲੀ ਦਸਤਾਵੇਜ਼ ਸਕੈਨ ਕਰ ਕੇ ਇਕ ਵਿਸ਼ੇਸ਼ ਸੌਫਟਵੇਅਰ ਰਾਹੀਂ ਉਸ ਵਿਚ ਲੋੜੀਂਦੀਆਂ ਤਬਦੀਲੀਆਂ ਕਰਦੇ ਸਨ। ਤਬਦੀਲੀ ਤੋਂ ਬਾਅਦ ਮੌਤ ਦਾ ਸਰਟੀਫਿਕੇਟ ਅਸਲੀ ਵਰਗਾ ਹੀ ਜਾਪਦਾ ਸੀ। ਇਸੇ ਦੌਰਾਨ ਵਲੈਤ ਜਾਣ ਦਾ ਚਾਹਵਾਨ ਕੁਝ ਨੌਜਵਾਨਾਂ ਜਿਨ੍ਹਾਂ ਨੇ ਇਸ ਵੀਜ਼ੇ ਲਈ ਅਪਲਾਈ ਕੀਤਾ ਸੀ, ਨੇ ਦੱਸਿਆ ਕਿ ਉਹ ਤਾਂ ਸਹੀ ਤਰੀਕੇ ਨਾਲ ਵਲੈਤ ਜਾਣ ਬਾਰੇ ਸੋਚ ਰਹੇ ਸਨ ਅਤੇ ਸਬੰਧਤ ਟਰੈਵਲ ਏਜੰਟਾਂ ਨਾਲ ਸੰਪਰਕ ਕੀਤਾ ਸੀ ਪਰ ਇਨ੍ਹਾਂ ਟਰੈਵਲ ਏਜੰਟਾਂ ਨੇ ਆਪ ਹੀ ਉਨ੍ਹਾਂ ਨੂੰ ਮੌਤ ਦੇ ਜਾਅਲੀ ਸਰਟੀਫਿਕੇਟਾਂ ਰਾਹੀਂ ਜਾਣ ਲਈ ਪ੍ਰੇਰਿਆ। ਇਸ ਕੰਮ ਲਈ ਏਜੰਟਾਂ ਨੇ ਉਨ੍ਹਾਂ ਤੋਂ ਸਾਢੇ ਛੇ ਲੱਖ ਰੁਪਿਆ ਲੈਣਾ ਸੀ।

# ਡਾ. ਆਹਲੂਵਾਲੀਆ ਖ਼ਿਲਾਫ਼ ਸਖ਼ਤ ਕਾਰਵਾਈ ਦੀ ਤਿਆਰੀ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਮੁਅੱਤਲ ਕੀਤੇ ਉਪ ਕੁਲਪਤੀ ਡਾ. ਜਸਵੀਰ ਸਿੰਘ ਆਹਲੂਵਾਲੀਆ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕੀਤੀ ਜਾ ਸਕਦੀ ਤੇ ਉਨ੍ਹਾਂ ਨੂੰ ਚਾਰਜ਼ਸੀਟ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ 19 ਸਤੰਬਰ ਨੂੰ ਹਾਈ ਕੋਰਟ ਵਿਚ ਟਰੱਸਟ ਵੱਲੋਂ ਇਸ ਕੇਸ ਦਾ ਜਵਾਬ ਦਾਖ਼ਲ ਕੀਤਾ ਜਾਣਾ ਹੈ। ਇਸ ਲਈ ਕਿਸੇ ਵੀ ਸਮੇਂ ਟਰੱਸਟ ਦੀ ਹੰਗਾਮੀ ਮੀਟਿੰਗ ਬੁਲਾਈ ਜਾ ਸਕਦੀ ਹੈ।



ਇਸ ਬਾਰੇ ਟਰੱਸਟ ਸਕੱਤਰ ਸੁਖਦੇਵ ਸਿੰਘ ਭੌਰ ਦਾ ਕਹਿਣਾ ਹੈ ਕਿ ਹਾਈ ਕੋਰਟ ਦੀ ਤਾਰੀਖ਼ ਤੋਂ ਪਹਿਲਾਂ ਹੀ ਟਰੱਸਟ ਦੀ ਮੀਟਿੰਗ ਬੁਲਾ ਕੇ ਟਰੱਸਟੀਆਂ ਨੂੰ ਡਾ. ਆਹਲੂਵਾਲੀਆਂ ਵਿਰੁੱਧ ਕਰਵਾਈ ਗਈ ਪੜਤਾਲ ਦੀਆਂ ਰਿਪੋਰਟ ਦੀਆਂ ਕਾਪੀਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਜੋ ਵੀ ਬੇਨਿਯਮੀਆਂ ਤੇ ਆਪਹੁਦਰੀਆਂ ਪਾਈਆਂ ਗਈਆਂ, ਉਨ੍ਹਾਂ 'ਤੇ ਵਿਚਾਰ ਕਰਨ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਪਹਿਲਾਂ ਹੀ ਟਰੱਸਟ ਨੇ ਕਾਰਵਾਈ ਕਰਨ ਦੇ ਅਧਿਕਾਰ ਯੂਨੀਵਰਸਿਟੀ ਦੇ ਕੁਲਪਤੀ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਦਿੱਤੇ ਹੋਏ ਹਨ।

ਇਸ ਯੂਨੀਵਰਸਿਟੀ 'ਤੇ ਡਾ. ਆਹਲੂਵਾਲੀਆ ਕਰੀਬ ਸੱਤ ਕਰੋੜ ਰੁਪਏ ਦਾ ਕਰਜ਼ਾ ਛੱਡ ਗਏ ਹਨ ਤੇ ਹੁਣ ਇਹ ਯੂਨੀਵਰਸਿਟੀ ਸ਼੍ਰੋਮਣੀ ਕਮੇਟੀ ਕੋਲ ਕਰੋੜਾਂ ਰੁਪਏ ਦੀ ਕਰਜ਼ਾਈ ਹੈ। ਸੂਤਰਾਂ ਅਨੁਸਾਰ ਪੜਤਾਲ ਦੌਰਾਨ ਕਰੋੜਾਂ ਰੁਪਏ ਦਾ ਕਥਿਤ ਘਪਲਾ ਵੀ ਸਾਹਮਣੇ ਆਇਆ ਹੈ। ਯੂਨੀਵਰਸਿਟੀ ਵਿਚ ਖਰੀਦੇ ਗਏ ਗੈਰਮਿਆਰੀ ਕੰਪਿਊਟਰਾਂ ਦਾ ਖਰਚਾ ਚੰਗੀ ਕੁਆਲਟੀ ਦਾ ਪਾਇਆ ਗਿਆ ਹੈ ਤੇ ਬਾਕੀ ਸਾਜ਼ੋ-ਸਾਮਾਨ ਗੈਰ ਮਿਆਰੀ ਖਰੀਦੇ ਹੋਣ ਦੀ ਚਰਚਾ ਹੈ। ਉਸਾਰੀ ਲਈ ਟੈਂਡਰ ਦੇਣ ਵਿਚ ਵੀ ਘਪਲੇਬਾਜ਼ੀ ਸਾਹਮਣੇ ਆਈ ਹੈ।


Mortgage Underwater?

Doesn't mean you have to drown!
Finally…. A Solution!



IF YOU …Owe more than your house is worth and want to keep your home

ਤੁਹਾਡੇ ਸਿਰ ਮਕਾਨ ਦਾ $417,000 ਜਾਂ ਵਧ ਦਾ ਕਰਜ਼ਾ ਹੈ, ਆਪਣਾ ਕਰੈਡਿਟ ਬਚਾਉਣਾ ਚਾਹੁੰਦੇ ਹੋ, ਕਰਜਾ ਕਾਫੀ ਘੱਟ ਕਰਨਾ ਚਾਹੁੰਦੇ ਹੋ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਇਹ ਸ਼ਾਰਟ ਸੇਲ ਜਾਂ ਲੋਨ ਮੋਡੀਫਿਕੇਸ਼ਨ ਨਹੀਂ ਹੈ

Permanently reduce your loan amount and create positive equity!
You don't have to walk away from your investment, I can help you!

ਇਸ ਸੇਵਾ ਲਈ ਮੈਂ ਕੋਈ ਫੀਸ ਨਹੀਂ ਚਾਰਜ ਕਰਦੀ

ਅੱਜ ਹੀ ਕਾਲ ਕਰੋ, ਬਲਵਿੰਦਰ (ਪੌਪੀ) ਜੌਹਲ

Call us Today: 925-400-8096

I pay $500 - $1,000 for every referral that closes successfully.



Short Sale Specialist

We Can Sell Your Home
in Short Sale at No Cost to You



For Buying & Selling
Residential Property
And For Loans

Call: Sohanpreet 'Sam' Chahal
@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of
Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707



Yarra, Kharazi & Associates

Phone: (888) 97YARRA (92772)

Bankruptcy & Criminal Law

Offices in Bakersfield, Fresno and Merced
Bring this ad in and receive a free consultation

ਬੈਂਕਰਪਸੀ ਅਤੇ
ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ
'ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com

# ਡੇਰਾ ਮੁਖੀ 'ਤੇ ਹਮਲੇ ਦੇ ਦੋਸ਼ 'ਚ ਸੱਤ ਨੂੰ ਕੈਦ

## ਹਰਿਆਣਾ 'ਚ ਬਣਾਇਆ ਸੀ ਨਿਸ਼ਾਨਾ



*ਦੋਸ਼ੀਆਂ ਨੂੰ ਲਿਜਾ ਰਹੇ ਪੁਲਿਸ ਮੁਲਾਜ਼ਮ।*

**ਕਰਨਾਲ:** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਕਾਫ਼ਲੇ 'ਤੇ ਤਕਰੀਬਨ ਪੌਣੇ ਚਾਰ ਸਾਲ ਪਹਿਲਾਂ ਹੋਏ ਬੰਬ ਹਮਲੇ ਦੇ ਮਾਮਲੇ ਵਿਚ ਅਦਾਲਤ ਨੇ ਤਿੰਨਾਂ ਮੁਲਜ਼ਮਾਂ ਨੂੰ ਦਸ ਸਾਲ ਤੇ ਚਾਰਾਂ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਜਦਕਿ ਇਸ ਮਾਮਲੇ ਵਿਚ ਸ਼ਾਮਲ ਕੀਤੀ ਗਈ ਇਕੋ ਇਕ ਲੜਕੀ ਨੂੰ ਅਦਾਲਤ ਨੇ ਬਰੀ ਕਰ ਦਿੱਤਾ।

ਸਿਰਸਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਕਾਫਲੇ 'ਤੇ 2 ਫਰਵਰੀ, 2008 ਨੂੰ ਉਸ ਵੇਲੇ ਟੱਰਕ ਦੀ ਸਟਪਣੀ ਬੰਬ ਧਮਾਕੇ ਨਾਲ ਹਮਲਾ ਹੋਇਆ ਸੀ ਜਦ ਉਹ ਅੰਬਾਲਾ ਤੋਂ ਦਿੱਲੀ ਵੱਲ ਜਾ ਰਿਹਾ ਸੀ ਤੇ ਕਰਨਾਲ ਜ਼ਿਲ੍ਹੇ ਦੀ ਹਦ ਅੰਦਰ ਨੀਲੋਖੇੜੀ ਨੇੜੇ ਦਾਖਲ ਹੋਇਆ ਸੀ। ਪੁਲਿਸ ਨੇ ਇਸ ਹਮਲੇ 'ਚ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਬਖਸ਼ੀਸ਼ ਸਿੰਘ ਦਾ ਹੱਥ ਹੋਣ ਦਾ ਦੋਸ਼ ਲਾਇਆ ਸੀ ਤੇ ਇਸ ਮਾਮਲੇ ਵਿਚ ਪਟਿਆਲਾ ਵਾਸੀ ਲੜਕੀ ਪ੍ਰਵੀਨ ਕੌਰ ਸਮੇਤ ਸਵਰਨ ਸਿੰਘ, ਮਹਿੰਦਰ ਸਿੰਘ, ਜਸਵੰਤ ਸਿੰਘ, ਹੋਸ਼ਿਆਰ ਸਿੰਘ, ਗੁਰਵਿੰਦਰ ਸਿੰਘ ਤੇ ਧਰਮਿੰਦਰ ਸਿੰਘ ਉਰਫ ਪਿੰਦਾ ਨੂੰ ਕਾਬੂ ਕੀਤਾ ਸੀ।

ਪੁਲਿਸ ਪ੍ਰਵੀਨ ਕੌਰ ਨੂੰ ਮਾਨਵ ਬੰਬ ਕਰਾਰ ਦੇ ਰਹੀ ਸੀ ਜਿਸ ਨੂੰ ਅਦਾਲਤ ਨੇ ਰਾਹਤ ਦਿੰਦੇ ਹੋਏ ਜ਼ਮਾਨਤ ਵੀ ਦੇ ਦਿੱਤੀ ਸੀ। ਜ਼ਿਲ੍ਹਾ ਸੈਸ਼ਨ ਜੱਜ ਆਰ.ਕੇ. ਸੋਧੀ ਨੇ ਫੈਸਲਾ ਸੁਣਾਉਂਦਿਆਂ ਸਬੂਤਾਂ ਦੀ ਘਾਟ ਦੇ ਚਲਦਿਆਂ ਲੜਕੀ ਪ੍ਰਵੀਨ ਕੌਰ ਨੂੰ ਬਰੀ ਕਰ ਦਿੱਤਾ ਜਦਕਿ ਬਖਸ਼ੀਸ਼ ਸਿੰਘ, ਸਵਰਨ ਸਿੰਘ ਤੇ ਮਹਿੰਦਰ ਸਿੰਘ ਨੂੰ ਦਸ ਸਾਲ ਤੇ ਗੁਰਵਿੰਦਰ ਸਿੰਘ, ਜਸਵੰਤ ਸਿੰਘ, ਹੋਸ਼ਿਆਰ ਸਿੰਘ ਤੇ ਧਰਮਿੰਦਰ ਸਿੰਘ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਬਚਾਅ ਪੱਖ ਦੇ ਵਕੀਲ ਨਰਿੰਦਰ ਸਿੰਘ ਚੀਮਾ ਨੇ ਕਿਹਾ ਕਿ ਅਦਾਲਤ ਦੇ ਫੈਸਲੇ ਖਿਲਾਫ ਉਹ ਛੇਤੀ ਹੀ ਹਾਈ ਕੋਰਟ ਵਿਚ ਅਰਜ਼ੀ ਲਗਾਉਣਗੇ।

# ਧਰਮ ਯੁੱਧ ਮੋਰਚੇ ਦੇ ਸ਼ਹੀਦਾਂ ਦਾ ਕਿਸੇ ਮੁੱਲ ਨਾ ਪਾਇਆ

**ਅਨੰਦਪੁਰ ਸਾਹਿਬ:** 1982 ਵਿਚ ਲੱਗੇ ਧਰਮ ਯੁੱਧ ਮੋਰਚੇ ਦੌਰਾਨ 11 ਸਤੰਬਰ ਦੀ ਰਾਤ ਨੂੰ ਤਰਨ ਤਾਰਨ ਰੇਲਵੇ ਫਾਟਕ 'ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰਕੇ ਸੈਂਟਰਲ ਜੇਲ੍ਹ ਬਠਿੰਡਾ ਲਿਜਾ ਰਹੀ ਬੱਸ ਦੇ ਰੇਲ ਗੱਡੀ ਨਾਲ ਟਕਰਾਉਣ 'ਤੇ ਸ਼ਹੀਦ ਹੋਏ 34 ਸਿੰਘਾਂ ਦੇ ਪਰਿਵਾਰਾਂ ਦੀ ਤਿੰਨ ਦਹਾਕੇ ਬੀਤਣ ਤੋਂ ਬਾਅਦ ਵੀ ਕਿਸੇ ਬਾਂਹ ਨਹੀਂ ਫੜੀ।

## ਵਾਰਿਸ ਅੱਜ ਵੀ ਲੜ ਰਹੇ ਨੇ ਕਾਨੂੰਨੀ ਲੜਾਈ

ਇਨ੍ਹਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਣੇ ਕਿਸੇ ਵੀ ਸਿੱਖ ਸੰਸਥਾ ਨੇ ਮਦਦ ਨਹੀਂ ਕੀਤੀ ਜਦਕਿ ਪੰਥਕ ਲੀਡਰਸ਼ਿਪ ਸ਼ਹੀਦਾਂ ਦੀਆਂ ਮਨਾਈਆਂ ਜਾਣ ਵਾਲੀਆਂ ਬਰਸੀਆਂ 'ਤੇ ਸਿਆਸੀ ਰੋਟੀਆਂ ਸੇਕਦੀ ਆ ਰਹੀ ਹੈ। ਇਸ ਹਾਦਸੇ ਦੌਰਾਨ ਪੰਜਾਬ ਰੋਡਵੇਜ਼, ਰੇਲਵੇ ਵਿਭਾਗ ਤੇ ਪੁਲਿਸ ਵੱਲੋਂ ਵਰਤੀ ਅਣਗਹਿਲੀ ਤੇ ਪੀੜਤ ਪਰਿਵਾਰਾਂ ਦੇ ਮੁਆਵਜ਼ੇ ਨੂੰ ਲੈ ਕੇ ਸ਼ਹੀਦ ਪਰਿਵਾਰਾਂ ਵੱਲੋਂ ਕੇਸ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਅੰਮ੍ਰਿਤਸਰ ਕੋਲ ਦਰਜ ਕੀਤਾ ਗਿਆ ਸੀ ਜਿਸ 'ਤੇ ਫੈਸਲਾ ਸੁਣਾਉਂਦਿਆਂ ਜੱਜ ਐਮ.ਐਸ. ਭੱਲਾ ਨੇ 4 ਅਕਤੂਬਰ 1991 ਵਿਚ ਉਕਤ ਪਰਿਵਾਰਾਂ ਨੂੰ 25 ਤੋਂ 80 ਹਜ਼ਾਰ ਤੱਕ ਦਾ ਮੁਆਵਜ਼ਾ ਰੇਲਵੇ ਤੇ ਰੋਡਵੇਜ਼ ਨੂੰ ਅਦਾ ਕਰਨ ਦੇ ਹੁਕਮ ਜਾਰੀ ਕੀਤੇ ਸਨ। ਇਸ ਤੋਂ ਬਾਅਦ ਮੁਆਵਜ਼ੇ ਨੂੰ ਵਧਾਉਣ ਦੀ ਮੰਗ ਨੂੰ ਲੈ ਕੇ ਸ਼ਹੀਦ ਪਰਿਵਾਰਾਂ ਵੱਲੋਂ 1992 ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ ਗਈ ਸੀ। ਇਸ ਕੇਸ ਦੀ ਪੈਰਵੀ ਕਰ ਰਹੇ ਵਕੀਲ ਪੂਰਨ ਸਿੰਘ ਹੁੰਦਲ ਅਨੁਸਾਰ ਉਕਤ ਕੇਸ ਪ੍ਰਤੀ ਫੈਸਲਾ ਅਗਲੇ ਵਰ੍ਹੇ ਤੱਕ ਹੋਣ ਦੀ ਉਮੀਦ ਹੈ। ਹਾਦਸਾ ਵਾਪਰਨ ਤੋਂ ਬਾਅਦ ਹੋਣ ਵਾਲੇ ਬਰਸੀ ਸਮਾਗਮਾਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ, ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸਿਮਰਨਜੀਤ ਸਿੰਘ ਮਾਨ ਹਾਜ਼ਰੀਆਂ ਭਰਦੇ ਰਹੇ ਹਨ ਪਰ ਸ਼ਹੀਦ ਪਰਿਵਾਰਾਂ ਦੀ ਮੰਦਹਾਲੀ ਕਿਸੇ ਦੇ ਵੀ ਨਜ਼ਰੀਂ ਨਹੀਂ ਪਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਕਦੇ ਕੋਈ ਰਾਹਤ ਫੰਡ ਤੇ ਨਾ ਹੀ ਅਦਾਲਤੀ ਖਰਚਿਆਂ ਲਈ ਵਿੱਤੀ ਸਹਾਇਤਾ ਮੁਹੱਈਆ ਕੀਤੀ ਗਈ। ਧਰਮ ਯੁੱਧ ਮੋਰਚੇ ਦੇ ਤਤਕਾਲੀ ਇੰਚਾਰਜ ਸੰਤ ਅਜੀਤ ਸਿੰਘ ਤੇ ਜਥੇਦਾਰ ਬਚਨ ਸਿੰਘ ਬੈਂਸ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਸੇ ਅਦਾਲਤੀ ਫੈਸਲੇ ਦੀ ਉਡੀਕ ਕਰਨ ਦੀ ਥਾਂ ਫੌਰੀ ਰਾਹਤ ਦੇਣ ਦਾ ਐਲਾਨ ਕਰਨਾ ਚਾਹੀਦਾ ਹੈ।

# ਗੁਰੂ ਸਾਹਿਬਾਨ ਦੇ ਸ਼ਸਤਰਾਂ ਦੀ ਪਹਿਲੀ ਵਾਰ ਹੋਵੇਗੀ ਮੁਰੰਮਤ

## ਮਹਾਰਾਸ਼ਟਰ ਤੋਂ ਸ਼ਿਕਲੀਗਰ ਵਣਜਾਰਿਆਂ ਦੀ ਟੀਮ ਮੰਗਵਾਈ



**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਵਿਖੇ ਸੁਸ਼ੋਭਤ ਗੁਰੂ ਸਾਹਿਬਾਨ ਤੇ ਸਿੱਖ ਜਰਨੈਲਾਂ ਦੇ 250 ਤੋਂ 400 ਸਾਲ ਪੁਰਾਣੇ ਇਤਿਹਾਸਕ ਸ਼ਸਤਰਾਂ ਦੀ ਪਹਿਲੀ ਵਾਰ ਮੁਰੰਮਤ ਕਰਵਾਈ ਜਾ ਰਹੀ ਹੈ। ਇਹ ਸੇਵਾ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਵਾਲਿਆਂ ਨੂੰ ਸੌਂਪੀ ਗਈ ਹੈ।

ਇਤਿਹਾਸਕ ਸ਼ਸਤਰਾਂ ਦੀ ਮੁਰੰਮਤ ਦੀ ਇਹ ਸੇਵਾ ਅਕਾਲ ਤਖ਼ਤ ਸਾਹਿਬ ਦੇ ਜ਼ਮੀਨਦੋਜ਼ ਹਾਲ ਵਿਚ ਹੋ ਰਹੀ ਹੈ।

ਇਹ ਸੇਵਾ ਵਾਸਤੇ ਬਾਬਾ ਨਰਿੰਦਰ ਸਿੰਘ ਮਹਾਰਾਸ਼ਟਰ ਤੋਂ ਸ਼ਿਕਲੀਗਰ ਵਣਜਾਰਿਆਂ ਟੀਮ ਨੂੰ ਲੈ ਕੇ ਆਏ ਹਨ। ਇਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਸਾਹਿਬਾਨ ਤੇ ਸਿੱਖ ਜਰਨੈਲਾਂ ਦੇ 51 ਇਤਿਹਾਸਕ ਸ਼ਸਤਰ ਮੌਜੂਦ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸ਼ਸਤਰ ਵੀ ਹਨ। ਉਨ੍ਹਾਂ ਤੋਂ ਇਲਾਵਾ ਬਾਬਾ ਦੀਪ ਸਿੰਘ, ਬਾਬਾ ਬੁੱਢਾ, ਅਕਾਲੀ ਬਾਬਾ ਫੂਲਾ ਸਿੰਘ, ਭਾਈ ਜੇਠਾ ਤੇ ਹੋਰ ਜਰਨੈਲਾਂ ਦੇ ਸ਼ਸਤਰ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਇਹ ਸਾਰਾ ਮਾਮਲਾ ਵਿਚਾਰਨ ਉਪਰੰਤ ਮੁਰੰਮਤ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਮੁਰੰਮਤ ਨਾਲ ਸ਼ਸਤਰਾਂ ਦੀ ਸਾਂਭ ਸੰਭਾਲ ਵਿਚ ਹੋਰ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ ਸ਼ਸਤਰਾਂ ਦੀ ਮੁਰੰਮਤ ਵਿਚ ਸਹਿਯੋਗ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਬ ਕਮੇਟੀ ਵੀ ਬਣਾਈ ਗਈ ਹੈ ਜਿਸ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਗੁਰਬਚਨ ਸਿੰਘ ਕਰਮੂੰਵਾਲ ਤੇ ਮੀਤ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ ਸ਼ਾਮਲ ਹਨ।

# ਪੰਜਾਬ ਦੇ ਸਰਕਾਰੀ ਦਫ਼ਤਰਾਂ 'ਚ ਅਜੇ ਵੀ ਅੰਗਰੇਜ਼ੀ ਦੀ ਸਰਦਾਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ-ਭਾਜਪਾ ਸਰਕਾਰ ਦਫ਼ਤਰਾਂ 'ਚ ਪੰਜਾਬੀ ਭਾਸ਼ਾ ਲਾਗੂ ਕਰਾਉਣ ਦੇ ਵਾਅਦੇ ਤੋਂ ਭੱਜ ਗਈ ਹੈ। ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਉਤਸ਼ਾਹਤ ਕਰਨ ਦੇ ਐਲਾਨ ਸਰਕਾਰੀ ਫਾਈਲਾਂ ਤੱਕ ਹੀ ਸੀਮਤ ਰਹਿ ਗਏ ਹਨ ਜਿਸ ਕਾਰਨ ਅੱਜ ਵੀ ਪੰਜਾਬੀ ਭਾਸ਼ਾ ਸਰਕਾਰੀ ਦਫ਼ਤਰਾਂ 'ਚ ਦੁਰਕਾਰੀ ਜਾਂਦੀ ਹੈ। ਪਿਛਲੇ ਲੰਮੇ ਸਮੇਂ ਤੋਂ ਸਰਕਾਰੀ ਦਫ਼ਤਰਾਂ 'ਚ ਪੰਜਾਬੀ ਨੂੰ ਅਮਲੀ ਤੌਰ 'ਤੇ ਲਾਗੂ ਕਰਾਉਣ ਲਈ ਸੂਬਾ ਤੇ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀਆਂ ਕਾਇਮ ਕਰਨ ਦਾ ਕੰਮ ਵੀ ਅਧਵਾਟੇ ਹੀ ਲਟਕਿਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਪਿਛਲੇ ਕਾਰਜਕਾਲ ਦੌਰਾਨ ਪੰਜਾਬੀ ਭਾਸ਼ਾ ਨੂੰ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ, ਕਾਰਪੋਰੇਸ਼ਨਾਂ, ਲੋਕਲ ਬਾਡੀਜ਼, ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਤੇ ਅਦਾਲਤਾਂ 'ਚ ਲਾਗੂ ਕਰਾਉਣ ਲਈ ਪੰਜਾਬ ਰਾਜ ਭਾਸ਼ਾ (ਤਰਮੀਮ) ਕਾਨੂੰਨ, 2008 ਵਿਧਾਨ ਸਭਾ ਵਿਚ ਪਾਸ ਕੀਤਾ ਗਿਆ ਸੀ ਜਿਸ 'ਚ ਇਸ ਕਾਨੂੰਨ ਦੀਆਂ ਧਾਰਾਵਾਂ ਦੀ ਸਮੀਖਿਆ ਤੇ ਅਮਲ ਨੂੰ ਯਕੀਨੀ ਬਣਾਉਣ ਲਈ ਰਾਜ ਪੱਧਰੀ ਅਧਿਕਾਰਤ ਕਮੇਟੀ ਤੋਂ ਇਲਾਵਾ ਜ਼ਿਲ੍ਹਾ ਪੱਧਰੀ ਕਮੇਟੀਆਂ ਕਾਇਮ ਕਰਨ ਦਾ ਪ੍ਰਬੰਧ ਕੀਤਾ ਗਿਆ ਸੀ। ਕਾਨੂੰਨ ਮੁਤਾਬਕ ਰਾਜ ਪੱਧਰੀ ਅਧਿਕਾਰਤ ਕਮੇਟੀ ਦੇ ਚੇਅਰਪਰਸਨ ਸਿੱਖਿਆ ਮੰਤਰੀ ਹੁੰਦੇ ਹਨ ਜਦੋਂਕਿ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਜਾਂ ਮੁੱਖ ਮੰਤਰੀ ਵਲੋਂ ਨਾਮਜ਼ਦ ਨੁਮਾਇੰਦਾ, ਐਡਵੋਕੇਟ ਜਨਰਲ ਪੰਜਾਬ ਜਾਂ ਉਨ੍ਹਾਂ ਦਾ ਨੁਮਾਇੰਦਾ, ਸਕੂਲ ਸਿੱਖਿਆ ਦੇ ਸਕੱਤਰ, ਉਚੇਰੀ ਸਿੱਖਿਆ ਦੇ ਸਕੱਤਰ, ਪੰਜਾਬ ਸਰਕਾਰ ਦੇ ਕਾਨੂੰਨੀ ਮਸ਼ੀਰ ਤੇ ਸਕੱਤਰ, ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਨੁਮਾਇੰਦੇ, ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ ਕਮੇਟੀ ਦੇ ਮੈਂਬਰ ਲਏ ਜਾਂਦੇ ਹਨ ਜਦੋਂਕਿ ਭਾਸ਼ਾ ਵਿਭਾਗ ਦੇ ਡਾਇਰੈਕਟਰ ਕਮੇਟੀ ਦੇ ਕਨਵੀਨਰ ਹੁੰਦੇ ਹਨ।

ਇਸੇ ਤਰ੍ਹਾਂ ਮੁੱਖ ਮੰਤਰੀ ਵੱਲੋਂ ਨਾਮਜ਼ਦ ਸਬੰਧਤ ਜ਼ਿਲ੍ਹੇ ਦਾ ਮੰਤਰੀ ਜਾਂ ਵਿਧਾਇਕ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਦਾ ਚੇਅਰਪਰਸਨ ਹੁੰਦਾ ਹੈ ਜਦੋਂਕਿ ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਕਮੇਟੀ ਦਾ ਵਾਈਸ ਚੇਅਰਮੈਨ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫਸਰ, ਜ਼ਿਲ੍ਹੇ ਵਿਚੋਂ ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਸਾਹਿਤਕਾਰਾਂ ਦੇ ਦੋ ਨੁਮਾਇੰਦੇ, ਰਾਜ ਸਰਕਾਰ ਵਲੋਂ ਨਾਮਜ਼ਦ ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ, ਜ਼ਿਲ੍ਹਾ ਲੋਕ ਸੰਪਰਕ ਅਫਸਰ, ਰਾਜ ਸਰਕਾਰ ਵਲੋਂ ਨਾਮਜ਼ਦ ਦੋ ਜਨਤਕ ਨੁਮਾਇੰਦੇ ਤੇ ਜ਼ਿਲ੍ਹਾ ਅਟਾਰਨੀ ਇਸ ਕਮੇਟੀ ਦੇ ਮੈਂਬਰ ਹੁੰਦੇ ਹਨ ਜਦੋਂਕਿ ਜ਼ਿਲ੍ਹਾ ਭਾਸ਼ਾ ਅਫਸਰ ਇਸ ਕਮੇਟੀ ਦੇ ਕਨਵੀਨਰ ਹੁੰਦੇ ਹਨ। ਇਨ੍ਹਾਂ ਕਮੇਟੀਆਂ ਦੀ ਮਿਆਦ ਇਕ ਸਾਲ ਹੁੰਦੀ ਹੈ। ਸਰਕਾਰ ਵੱਲੋਂ ਸਾਲ ਜੂਨ 2009 'ਚ ਪਹਿਲੀ ਵਾਰ ਇਨ੍ਹਾਂ ਕਮੇਟੀਆਂ ਦਾ ਗਠਨ ਕੀਤਾ ਗਿਆ ਸੀ ਤੇ ਪਿੱਛੋਂ 2010 'ਚ ਵੀ ਮੁੜ ਕਮੇਟੀਆਂ ਦਾ ਗਠਨ ਕੀਤਾ ਗਿਆ ਪਰ ਸਤੰਬਰ 2011 ਵਿਚ ਇਨ੍ਹਾਂ ਕਮੇਟੀਆਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਹੁਣ ਤੱਕ ਮੁੜ ਗਠਨ ਨਹੀਂ ਕੀਤਾ ਗਿਆ ਜਿਸ ਨੇ ਸਰਕਾਰ ਦੀ ਰਾਜ ਭਾਸ਼ਾ ਪੰਜਾਬੀ ਨੂੰ ਲਾਗੂ ਕਰਾਉਣ ਪ੍ਰਤੀ ਸੁਹਿਰਦਤਾ 'ਤੇ ਸੁਆਲੀਆ ਨਿਸ਼ਾਨ ਲਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਕਮੇਟੀਆਂ ਵਲੋਂ ਸਰਕਾਰੀ ਦਫ਼ਤਰਾਂ ਅੰਦਰ ਪੰਜਾਬੀ 'ਚ ਕੰਮ ਕਾਜ ਯਕੀਨੀ ਬਣਾਉਣ ਲਈ ਸਮੇਂ-ਸਮੇਂ 'ਤੇ ਦਫ਼ਤਰਾਂ ਦੀ ਚੈਕਿੰਗ ਵੀ ਕੀਤੀ ਜਾਂਦੀ ਸੀ ਜਿਸ ਨਾਲ ਅਮਲੀ ਤੌਰ 'ਤੇ ਪੰਜਾਬੀ ਲਾਗੂ ਹੋਣ ਲੱਗ ਪਈ ਸੀ ਪਰ ਪਿਛਲੇ ਕਈ ਮਹੀਨਿਆਂ ਤੋਂ ਇਨ੍ਹਾਂ ਕਮੇਟੀਆਂ ਦਾ ਗਠਨ ਨਾ ਹੋਣ ਕਰਕੇ ਹੁਣ ਕਈ ਸਰਕਾਰੀ ਦਫ਼ਤਰਾਂ 'ਚ ਮੁੜ ਅੰਗਰੇਜ਼ੀ 'ਚ ਕੰਮ ਸ਼ੁਰੂ ਹੋ ਗਿਆ ਹੈ ਤੇ ਜਿਸ ਮਕਸਦ ਲਈ ਕਾਨੂੰਨ ਬਣਾਇਆ ਗਿਆ ਸੀ ਉਹ ਮਕਸਦ ਪੂਰਾ ਹੁੰਦਾ ਨਹੀਂ ਜਾਪਦਾ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

**Healthcare/Medical Programs**

**Study @ Home and Get Certified.**
**Overseas degrees given credit**
**Specially designed for working people.**
**Make your dreams come true**
**Onetime Investment, Lifelong Reward**

*ਘਰ ਬੈਠ ਕੇ ਪੜ੍ਹਾਈ ਕਰੋ ਤੇ ਸਰਟੀਫਿਕੇਟ ਹਾਸਲ ਕਰੋ। ਹੋਰ ਦੇਸ਼ਾਂ ਤੋਂ ਕੀਤੀ ਡਿਗਰੀ ਲਈ ਕਰੈਡਿਟ ਮਿਲੇਗਾ। ਇਹ ਪ੍ਰੋਗਰਾਮ ਖਾਸ ਕਰਕੇ ਕੰਮ ਕਰਦੇ ਲੋਕਾਂ ਲਈ ਹੈ। ਆਪਣੇ ਸੁਪਨੇ ਸੱਚੇ ਕਰੋ। ਇਕ ਵਾਰ ਦਾ ਖਰਚਾ, ਉਮਰ ਭਰ ਦਾ ਲਾਭ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ: 206-575-7961**

**www.royalcollegeusa.com**

# Matrimonials

## ਵਰ ਦੀ ਲੋੜ ਹੈ

Well settled Saini Sikh parents seek Gursikh match for their US Citizen Innocently divorced daughter, 28, 5'-6", M Ed., school teacher. Email biodata @ bsinghmdus@yahoo.com

Suitable match wanted for US born Jatt sikh girl, 35year, 5'-6", working as financial manager with a reputed company in Chicago area. Family well settled in US. E-mail bio @ mgs2808@yahoo.com

## ਕੰਨਿਆ ਦੀ ਲੋੜ ਹੈ

Sikh parents seek match for handsome US educated son, MBA, MS, BS, Engineering, 28/ 5'-11''. Employed with a highly reputed company. Email: photo/ bio: sps1083@gmail.com

ਜੱਟ ਸਿੱਖ ਅਮਰੀਕਨ ਸਿਟੀਜ਼ਨ ਲੜਕੇ, 21 ਸਾਲ, 6 ਫੁਟ ਲਈ ਯੋਗ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ 24 ਸਾਲਾ (6 ਫੁਟ) ਭਰਾ ਲਈ ਅਮਰੀਕਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ ਕਰੋ ਫੋਨ:408-694-8554

US citizen or green card holder girl sought for US green card holder Rajput boy 29, 5'-11". Call: 318-348-7448 or 661-229-6823 (Cell)

Sikh parents seek pretty, tall, professionally qualified match for US citizen clean-shaven boy 26, 5' 11", Master degree, working as financial analyst with a reputed Company. Contact: kpsingh263@gmail.com

Wanted suitable professional match for US citizen Jatt Sikh boy, 39, 5'-7" MD, good practice, innocent divorcee, issueless. Respectable family. Email bio-data & recent photo @ ssg77429@gmail.com

*To Advertise with Punjab Times*
**Call: 847-359-0746**
*punjabtimesusa.com*

# ਚੈੱਕ ਦਾ ਭੁਗਤਾਨ ਨਾ ਹੋਣ 'ਤੇ ਸਾਬਕਾ ਸੰਸਦ ਮੈਂਬਰ ਨੂੰ ਕੈਦ

**ਲੁਧਿਆਣਾ:** ਸਥਾਨਕ ਅਦਾਲਤ ਨੇ ਚੈੱਕ ਦਾ ਭੁਗਤਾਨ ਨਾ ਹੋਣ ਦੇ ਇਕ ਮਾਮਲੇ ਦਾ ਨਿਬੇੜਾ ਕਰਦਿਆਂ ਸਾਬਕਾ ਸੰਸਦ ਮੈਂਬਰ ਬੀਬੀ ਰਜਿੰਦਰ ਕੌਰ ਬੁਲਾਰਾ ਨੂੰ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਹਾਸਲ ਜਾਣਕਾਰੀ ਅਨੁਸਾਰ ਦੋਰਾਹਾ ਨੇੜੇ ਰਹਿਣ ਵਾਲੇ ਜਗਮੋਹਣ ਸਿੰਘ ਨਾਮੀ ਵਿਅਕਤੀ ਨੇ ਬੀਬੀ ਰਜਿੰਦਰ ਕੌਰ ਬੁਲਾਰਾ ਵਿਰੁੱਧ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਸੀ ਜਿਸ ਵਿਚ ਉਸ ਨੇ ਦੱਸਿਆ ਕਿ ਬੀਬੀ ਬੁਲਾਰਾ ਨੇ ਉਸ ਨੂੰ ਗੈਸ ਏਜੰਸੀ ਦਿਵਾਉਣ ਦਾ ਕਹਿ ਕੇ ਉਸ ਤੋਂ ਨੌਂ ਲੱਖ ਰੁਪਏ ਦੀ ਰਕਮ ਲੈ ਲਈ ਸੀ ਪਰ ਨਾ ਤਾਂ ਉਸ ਦੇ ਪੈਸੇ ਮੋੜੇ ਤੇ ਨਾ ਹੀ ਗੈਸ ਏਜੰਸੀ ਦਿਵਾਈ।

ਪੰਚਾਇਤ ਦੇ ਕਹਿਣ 'ਤੇ ਬੀਬੀ ਬੁਲਾਰਾ ਨੇ ਉਸ ਨੂੰ ਸੱਤ ਲੱਖ ਰੁਪਏ ਦੇ ਦੋ ਚੈੱਕ ਦੇ ਦਿੱਤੇ ਤੇ ਦੋ ਲੱਖ ਨਗਦ ਦੇਣ ਦਾ ਕਿਹਾ ਸੀ ਪਰ ਬੀਬੀ ਬੁਲਾਰਾ ਨੇ ਪੈਸੇ ਨਾ ਦਿੱਤੇ ਤੇ ਚੈੱਕਾਂ ਦਾ ਵੀ ਬੈਂਕ ਵੱਲੋਂ ਭੁਗਤਾਨ ਨਾ ਕੀਤਾ ਗਿਆ। ਜੱਜ ਮੈਡਮ ਏਕਤਾ ਸਹੋਤਾ ਨੇ ਇਸ ਮਾਮਲੇ ਦਾ ਨਿਬੇੜਾ ਕਰਦਿਆਂ ਦੋਸ਼ੀ ਬੀਬੀ ਬੁਲਾਰਾ ਨੂੰ ਇਕ ਸਾਲ ਦੀ ਕੈਦ ਤੇ 5000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।

# ਬੱਚੇ ਪੜ੍ਹਨਗੇ ਸਾਰਾਗੜ੍ਹੀ ਦੀ ਲੜਾਈ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ 12 ਸਤੰਬਰ, 1897 ਨੂੰ ਸਾਰਾਗੜ੍ਹੀ ਦੀ ਇਤਿਹਾਸਕ ਲੜਾਈ ਦੌਰਾਨ 10,000 ਤੋਂ ਵੱਧ ਪਸ਼ਤੂਨ ਫ਼ੌਜਾਂ ਨਾਲ ਲੋਹਾ ਲੈਣ ਤੇ ਸੈਂਕੜਿਆਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ 36 ਸਿੱਖ ਰੈਜੀਮੈਂਟ ਦੇ 21 ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਵਜੋਂ ਇਸ ਬਹਾਦਰੀ ਗਾਥਾ ਨੂੰ ਸਕੂਲੀ ਪਾਠਕ੍ਰਮ ਵਿਚ ਸ਼ਾਮਲ ਕੀਤਾ ਜਾਵੇਗਾ।

ਉਨ੍ਹਾਂ ਚੰਡੀਮੰਦਰ ਸਥਿਤ ਗੁਰਦਵਾਰਾ ਸਾਹਿਬ ਵਿਖੇ ਸਾਰਾਗੜ੍ਹੀ ਦਿਵਸ ਸਮਾਗਮ ਦੌਰਾਨ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਹੌਲਦਾਰ ਈਸ਼ਰ ਸਿੰਘ ਦੀ ਅਗਵਾਈ ਵਿਚ 36 ਸਿੱਖ ਰੈਜੀਮੈਂਟ (ਜੋ ਹੁਣ 4 ਸਿੱਖ ਰੈਜੀਮੈਂਟ ਹੈ), ਦੇ ਉਨ੍ਹਾਂ 21 ਯੋਧਿਆਂ ਨੇ ਆਪਣੀ ਪੋਸਟ ਨੂੰ ਛੱਡਣ ਦੀ ਬਜਾਏ ਆਖ਼ਰੀ ਦਮ ਤੱਕ ਦੁਸ਼ਮਣ ਨਾਲ ਲੋਹਾ ਲੈਂਦਿਆਂ ਬਹਾਦਰੀ ਦੀ ਨਵੀਂ ਮਿਸਾਲ ਕਾਇਮ ਕੀਤੀ ਸੀ। ਉਨ੍ਹਾਂ ਕਿਹਾ ਕਿ ਉਸ ਵੇਲੇ ਦਾ ਸਰਬਉਚ ਬਹਾਦਰੀ ਐਵਾਰਡ 'ਇੰਡੀਅਨ ਆਰਡਰ ਆਫ਼ ਮੈਰਿਟ' ਮਰਨ ਉਪਰੰਤ ਹਾਸਲ ਕਰਨ ਵਾਲੇ ਇਨ੍ਹਾਂ ਯੋਧਿਆਂ 'ਤੇ ਹਮੇਸ਼ਾ ਮਾਣ ਰਹੇਗਾ।

ਇਸ ਲੜਾਈ ਦੀ ਅਹਿਮੀਅਤ ਨੂੰ ਇਥੋਂ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਯੂਨੈਸਕੋ ਵੱਲੋਂ ਬੱਚਿਆਂ ਲਈ ਪ੍ਰਕਾਸ਼ਤ ਕੀਤੀਆਂ ਅੱਠ ਬਹਾਦਰੀ ਗਾਥਾਵਾਂ ਵਿਚੋਂ ਇਕ ਗਾਥਾ ਸਾਰਾਗੜ੍ਹੀ ਦੀ ਵੀ ਹੈ। ਉਨ੍ਹਾਂ ਦੱਸਿਆ ਕਿ ਫ਼ਿਲਮ ਅਭਿਨੇਤਾ ਸੰਜੇ ਦੱਤ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਉਹ ਸਾਰਾਗੜ੍ਹੀ ਦੀ ਇਤਿਹਾਸਕ ਲੜਾਈ ਬਾਰੇ ਫ਼ਿਲਮ ਬਣਾ ਰਹੇ ਹਨ ਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਇਸ ਪ੍ਰਾਜੈਕਟ ਲਈ ਹਰ ਸੰਭਵ ਸਹਾਇਤਾ ਦੀ ਪੇਸ਼ਕਸ਼ ਕੀਤੀ ਗਈ ਹੈ।

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*

**Triple Transport Inc.**
5938 S. 13th St., Milwaukee, WI 53221
Ph: 414-282-2363, Fax: 414-282-2370

**ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ**

ਮਿਲਵਾਕੀ, ਵਿਸਕਾਨਸਿਨ ਦੀ ਇਕ ਇੰਟਰਮੌਡਲ ਕੰਪਨੀ ਨੂੰ ਅਨੁਭਵੀ ਸੀ ਡੀ ਐਲ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ



ਚੰਗੀ ਤਨਖਾਹ, ਰੋਜ਼ਾਨਾ ਘਰ ਆ ਸਕਦੇ ਹੋ
WI, MN, Upper MI, IL, Intermodal Freight

ਸੰਪਰਕ ਕਰੋ: ਬੇਅੰਤ ਸਿੰਘ ਬੋਪਾਰਾਏ
**ਫੋਨ 414-349-3449**

**SUPER TRAVEL**
**847-676-9090, 773-465-5566**
*E-mail: supertravel2003@yahoo.com*
*Lowest Fares With Excellent Service*
AMERICAN AIR, CONTINENTAL AIR



JET AIRWAYS, DELTA, AIR INDIA, KLM, LUFTHANSA.
*For Emergency Call anytime at 847-673-3825*
EARLY BIRD SALE!!!!
India $545
London $250

**Prince's Barber Shop**
37477 Fremont Blvd, suite C, Fremont, CA 94536
***Men & Children's Hair Cut***

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
Mon thru Friday 9am to 8pm
Sat- Sunday- 8am to 8pm
(Tuesday 9am to 4pm)



***Cell: (510)-677-9942***
***Shop: (510)-505-9605***

**MRP TRAVEL**
*Lowest International and Domestic Fares*
ARC **FLY ANY AIRLINE OF YOUR CHOICE** IATA
*Providing the lowest Air-fare, Cruise and Travel Packages to Asia, Africa, Europe, the Middle East and North America*
**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*
*Passport & Visa services also available*



Asiana Airlines
Emirates
*India Vacation tour package also available.*
KOREAN AIR
SINGAPORE AIRLINES
CATHAY PACIFIC
Lufthansa
CHINA AIRLINES

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਰੇਡੀਓ ਚੰਨ ਪ੍ਰਦੇਸੀ

ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein
market
iPhone

ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ

RADIO CHANN PARDESI

ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

FARMERS INSURANCE GROUP
Symbol of Superior Service
**FARMERS®**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**
**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸੰਸਦੀ ਚੋਣਾਂ 'ਚ ਅਕਾਲੀਆਂ ਦਾ ਸਫ਼ਾਇਆ ਯਕੀਨੀ: ਮਨਪ੍ਰੀਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਰਾਜ ਸਰਕਾਰ ਵੱਲੋਂ ਲੋਕਾਂ ਤੇ ਲਾਏ ਗਏ ਨਵੇਂ ਟੈਕਸਾਂ ਖ਼ਿਲਾਫ਼ ਸਾਂਝੇ ਮੋਰਚੇ ਵੱਲੋਂ ਸਖ਼ਤ ਸੰਘਰਸ਼ ਵਿੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਲੋਕਾਂ 'ਤੇ ਬੋਝ ਪਾ ਰਹੀ ਹੈ ਪਰ ਪੰਜਾਬ ਵਾਸੀ ਉਸ ਨੂੰ ਸਹਿਣ ਦੇ ਕਾਬਲ ਨਹੀਂ ਹਨ। ਜੇਕਰ ਲੋਕਾਂ ਨੇ ਅਕਾਲੀ-ਭਾਜਪਾ ਨੂੰ ਮੁੜ ਸੂਬੇ ਦੀ ਵਾਗਡੋਰ ਸੌਂਪੀ ਹੈ ਤਾਂ ਸਰਕਾਰ ਨੂੰ ਵੀ ਜਨਹਿੱਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਸ. ਬਾਦਲ ਨੇ ਆਖਿਆ ਕਿ ਪੰਜਾਬ ਤੇ ਦੇਸ਼ ਦੇ ਭਲੇ ਲਈ ਉਹ ਹਰ ਉਸ ਪਾਰਟੀ ਨਾਲ ਸਾਂਝ ਪਾਉਣ ਨੂੰ ਤਿਆਰ ਹਨ ਜੋ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਸੰਘਰਸ਼ ਕਰ ਰਹੀ ਹੈ। ਉਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਨਾਲ ਸਾਂਝ ਬਾਰੇ ਪੁੱਛੇ ਜਾਣ 'ਤੇ ਆਖਿਆ ਕਿ ਇਹ ਸਮੇਂ ਤੋਂ ਪਹਿਲਾਂ ਦੀ ਗੱਲ ਹੈ ਪਰ ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਦਾ ਸਫ਼ਾਇਆ ਯਕੀਨੀ ਹੈ। ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ ਤੇ ਸਰਕਾਰ ਬੇਅਥਾਹ ਵਿਕਾਸ ਦੀਆਂ ਗੱਪਾਂ ਮਾਰਕੇ ਲੋਕਾਂ



ਦਾ ਧਿਆਨ ਹੋਰ ਪਾਸੇ ਲਾ ਰਹੀ ਹੈ।

ਉਨ੍ਹਾਂ ਆਖਿਆ ਕਿ ਪੀ.ਪੀ.ਪੀ. ਨੂੰ ਕਾਂਗਰਸ ਦੀ ਬੀ ਟੀਮ ਆਖਣ ਵਾਲੇ ਅਕਾਲੀ-ਭਾਜਪਾ ਆਗੂ ਅੰਦਰੋਂ ਡਰੇ ਹੋਏ ਹਨ। ਹਾਲੇ ਤਾਂ ਕਾਂਗਰਸ ਨਾਲ ਗਠਜੋੜ ਦੀਆਂ ਗੱਲਾਂ ਹੋ ਰਹੀਆਂ ਹਨ ਤੇ ਚੋਣਾਂ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਪਤਾ ਲੱਗ ਜਾਵੇਗਾ ਕਿ ਅਕਾਲੀ ਭਾਜਪਾ ਦੀ ਸੂਬੇ ਵਿਚ ਅਸਲ ਹਾਲਤ ਕੀ ਹੈ। ਉਨ੍ਹਾਂ ਕਿਹਾ ਕਿ ਸਾਂਝਾ ਮੋਰਚਾ ਰਾਜ ਦੇ ਲੋਕਾਂ ਦੇ ਹੱਕਾਂ ਲਈ ਸਰਕਾਰ ਵਿਰੁੱਧ ਸੰਘਰਸ਼ ਸ਼ੁਰੂ ਕਰ ਰਿਹਾ ਹੈ ਜਿਸ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦਾ ਖ਼ਜ਼ਾਨਾ ਖਾਲੀ ਹੈ ਤੇ ਸਰਕਾਰ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਾਰੀਆਂ ਸਹੂਲਤਾਂ ਬੰਦ ਕਰ ਚੁੱਕੀ ਹੈ।

ਕੈਪਟਨ ਅਮਰਿੰਦਰ ਸਿੰਘ ਵੱਲੋਂ ਪਿਛਲੇ ਦਿਨੀਂ ਕਾਂਗਰਸ ਦੇ ਧਰਨੇ ਵਿਚ ਸ਼ਾਮਲ ਹੋਣ ਦੀ ਅਪੀਲ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਸ. ਬਾਦਲ ਨੇ ਕਿਹਾ ਕਿ ਕਾਂਗਰਸ ਮੁੱਖ ਵਿਰੋਧੀ ਪਾਰਟੀ ਹੈ ਤੇ ਕੈਪਟਨ ਨੂੰ ਦੂਸਰੀਆਂ ਪਾਰਟੀਆਂ ਨਾਲ ਮੀਟਿੰਗ ਕਰਨ ਦੀ ਲੋੜ ਹੈ ਤਾਂ ਜੋ ਇਕ ਪਲੇਟਫਾਰਮ 'ਤੇ ਸਾਂਝੇ ਮੁੱਦਿਆਂ ਨੂੰ ਵਿਚਾਰਿਆ ਜਾ ਸਕੇ। ਜਦੋਂ ਤੱਕ ਸਾਰੀਆਂ ਸਿਆਸੀ ਪਾਰਟੀਆਂ ਪੰਜਾਬ ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ ਵਿਰੁੱਧ ਇੱਕਠੀਆਂ ਨਹੀਂ ਹੁੰਦੀਆਂ, ਉਦੋਂ ਤੱਕ ਕਿਸੇ ਵੀ ਕੰਮ ਦਾ ਨੇਪਰੇ ਚੜ੍ਹਨਾ ਮੁਸ਼ਕਲ ਹੋਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਡੀਜ਼ਲ ਕੀਮਤਾਂ ਵਿਚ ਬੇਹਤਾਸ਼ਾ ਵਾਧਾ ਕੀਤਾ ਹੈ ਜਿਸ ਨਾਲ ਮਹਿੰਗਾਈ ਹੋਰ ਵਧੇਗੀ ਤੇ ਗੈਸ ਸਿਲੰਡਰਾਂ 'ਤੇ ਲਾਈਆਂ ਸ਼ਰਤਾਂ ਨਾਲ ਵੀ ਪੂਰੇ ਦੇਸ਼ ਵਿਚ ਹਾਹਾਕਾਰ ਮੱਚੀ ਹੋਈ ਹੈ। ਉਨ੍ਹਾਂ ਕੇਂਦਰ ਨੂੰ ਇਹ ਵਾਧਾ ਵਾਪਸ ਲੈਣ ਦੀ ਅਪੀਲ ਕੀਤੀ।

## ਮਾਲ ਅਫਸਰ ਕਰਨਗੇ ਐਨ.ਆਰ.ਆਈ. ਵਿਆਹਾਂ ਦੀ ਰਜਿਸਟ੍ਰੇਸ਼ਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਐਨ. ਆਰ. ਆਈ. ਵਿਆਹਾਂ ਦੀ ਰਜਿਸਟ੍ਰੇਸ਼ਨ ਜ਼ਿਲ੍ਹਾ ਮਾਲ ਅਫ਼ਸਰਾਂ ਨੂੰ ਵੀ ਕਰਨ ਦੇ ਹੁਕਮ ਦਿੱਤੇ ਹਨ। ਮਾਲ ਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਨੇ ਦੱਸਿਆ ਕਿ ਪਹਿਲਾਂ ਇਹ ਅਧਿਕਾਰ ਤਹਿਸੀਲਦਾਰਾਂ ਕੋਲ ਸੀ ਜਿਸ ਨੂੰ ਕਿ ਹੁਣ ਜ਼ਿਲ੍ਹਾ ਮਾਲ ਅਫ਼ਸਰਾਂ ਨੂੰ ਵੀ ਦੇ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਪਰਵਾਸੀ ਭਾਰਤੀਆਂ ਨੂੰ ਖੱਜਲ ਖੁਆਰੀ ਰਹਿਤ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਹੈ। ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਦਾ ਕਹਿਣਾ ਹੈ ਕਿ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਪੁਲਿਸ ਪੂਰੀ ਤਰ੍ਹਾਂ ਸਮਰਪਿਤ ਹੈ।

ਬਲਵੰਤ ਸਿੰਘ ਰਾਮੂਵਾਲੀਆ ਨੇ ਬੈਠਕ ਤੋਂ ਬਾਅਦ ਕਿਹਾ ਕਿ ਪਰਵਾਸੀਆਂ ਦੀਆਂ ਜ਼ਮੀਨਾਂ ਦੇ ਕੇਸ, ਜਨਮ ਤੇ ਮੌਤ ਦੇ ਸਰਟੀਫਿਕੇਟ, ਪਾਸਪੋਰਟਾਂ ਦੀ ਜਾਂਚ ਪੜਤਾਲ, ਸਰਕਾਰੀ ਦਫ਼ਤਰਾਂ ਵਿਚ ਪਰਵਾਸੀਆਂ ਨੂੰ ਆਉਂਦੀਆਂ ਦਰਪੇਸ਼ ਮੁਸ਼ਕਲਾਂ, ਵਿਆਹ ਬਾਰੇ ਝਗੜਿਆਂ ਤੇ ਮੈਰਿਜ ਬਿਊਰੋ ਵਾਲੇ ਠੱਗਾਂ ਬਾਰੇ ਡੀ.ਜੀ.ਪੀ ਪੁਖ਼ਤਗੀ ਨਾਲ ਫਿਕਰਮੰਦ ਨਜ਼ਰ ਆਏ। ਡੀ.ਜੀ.ਪੀ. ਨੇ ਕਿਹਾ ਕਿ ਇਨ੍ਹਾਂ ਵਿਸ਼ਿਆਂ 'ਤੇ ਸੂਬੇ ਦੇ ਉੱਚ ਪੁਲਿਸ ਅਧਿਕਾਰੀਆਂ ਤੇ ਜ਼ਿਲ੍ਹਾ ਕਪਤਾਨਾਂ ਦੀ ਵਿਸ਼ੇਸ਼ ਬੈਠਕ ਹੋਵੇਗੀ।

# ਪਰਵਾਸੀ ਭਾਰਤੀਆਂ ਦੀ ਖੱਜਲ ਖੁਆਰੀ ਨਹੀਂ ਘਟੀ

**ਚੰਡੀਗੜ੍ਹ:** ਜਲੰਧਰ ਸ਼ਹਿਰ ਵਿਚ ਸਰਗਰਮ ਭੂ-ਮਾਫੀਆ ਵੱਲੋਂ ਪਰਵਾਸੀ ਭਾਰਤੀਆਂ ਦੇ ਜ਼ਮੀਨ-ਜਾਇਦਾਦ ਬਾਰੇ ਮਾਮਲਿਆਂ ਵਿਚ ਅਦਾਲਤ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਸਾਹਮਣੇ ਆਏ ਮਾਮਲਿਆਂ

**ਜਾਇਦਾਦ ਬਾਰੇ ਮਾਮਲਿਆਂ ਵਿਚ ਅਦਾਲਤ ਨੂੰ ਕੀਤਾ ਜਾ ਰਿਹਾ ਹੈ ਗੁੰਮਰਾਹ**

ਵਿਚ ਇਹ ਖੁਲਾਸਾ ਹੋਇਆ ਹੈ ਕਿ ਭੂ-ਮਾਫੀਆ ਅਦਾਲਤਾਂ ਨੂੰ ਗੁੰਮਰਾਹ ਕਰਕੇ ਪਰਵਾਸੀ ਭਾਰਤੀਆਂ ਦੇ ਪਹਿਲੇ ਜਾਂ ਪੁਰਾਣੇ ਪਤਿਆਂ 'ਤੇ ਸੰਮਨ ਭਿਜਵਾ ਕੇ ਐਕਸ ਪਾਰਟੀ ਡਿਕਰੀ ਹਾਸਲ ਕਰ ਲੈਂਦੇ ਹਨ।


ਹਾਲ ਹੀ ਵਿਚ ਅਮਰੀਕਾ ਨਿਵਾਸੀ ਤਰਲੋਕ ਸਿੰਘ ਵਿਰਦੀ ਦੇ ਮਾਮਲੇ ਵਿਚ ਵੀ ਭੂ-ਮਾਫੀਆ ਵੱਲੋਂ ਅਜਿਹਾ ਹੀ ਕੀਤਾ ਗਿਆ ਹੈ। ਉਨ੍ਹਾਂ ਇਸ ਮਾਮਲੇ ਕਿਹਾ ਕਿ ਪਰਵਾਸੀ ਭਾਰਤੀ ਸਾਲਾਂ ਤੋਂ ਵਿਦੇਸ਼ਾਂ ਵਿਚ ਰਹਿ ਰਹੇ ਹਨ ਜਦਕਿ ਭਾਰਤ ਵਿਚ ਉਹ ਕਦੇ-ਕਦਾਈਂ ਹੀ ਫੇਰਾ ਮਾਰਦੇ ਹਨ ਤੇ ਇਸ ਗੱਲ ਦਾ ਫਾਇਦਾ ਭੂ-ਮਾਫੀਆ ਪੂਰੀ ਤਰ੍ਹਾਂ ਚੁੱਕਦੇ ਹੋਏ ਅਦਾਲਤਾਂ ਨੂੰ ਗੁੰਮਰਾਹ ਕਰ ਰਿਹਾ ਹੈ। ਜਦਕਿ ਪਰਵਾਸੀ ਭਾਰਤੀਆਂ ਨੂੰ ਇਸ ਬਾਰੇ ਕੁਝ ਪਤਾ ਵੀ ਨਹੀਂ ਹੁੰਦਾ।

ਪਰਵਾਸੀ ਭਾਰਤੀਆਂ ਦੀ ਮੰਗ ਹੈ ਕਿ ਜ਼ਮੀਨ-ਜਾਇਦਾਦ ਨਾਲ ਸਬੰਧਤ ਜਾਂ ਹੋਰ ਮਾਮਲਿਆਂ ਨਾਲ ਸਬੰਧਤ ਕੋਈ ਵੀ ਸੰਮਨ ਉਨ੍ਹਾਂ ਦੇ ਮੌਜੂਦਾ ਰਿਹਾਇਸ਼ੀ ਪਤਿਆਂ 'ਤੇ ਭੇਜੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਖੁਦ ਜਾਂ ਆਪਣੇ ਵਕੀਲ ਨਾਲ ਇਨ੍ਹਾਂ ਸੰਮਨਾਂ ਜਾਂ ਨੋਟਿਸਾਂ ਦਾ ਜਵਾਬ ਦੇ ਸਕਣ। ਪਰਵਾਸੀ ਭਾਰਤੀਆਂ ਦੀ ਇਹ ਵੀ ਮੰਗ ਹੈ ਕਿ ਕਈ ਵਾਰ ਰਿਸ਼ਤੇਦਾਰ ਜਾਂ ਅਟਾਰਨੀ ਉਨ੍ਹਾਂ ਨੂੰ ਮਾਮਲਿਆਂ ਬਾਰੇ ਗੁੰਮਰਾਹ ਕਰਦੇ ਹਨ, ਇਸ ਲਈ ਅਜਿਹੇ ਮਾਮਲਿਆਂ ਦੀ ਸੁਣਵਾਈ ਦੀ ਵੀਡੀਓ ਆਨਲਾਈਨ ਹੋਣੀ ਚਾਹੀਦੀ ਹੈ। ਯਾਦ ਰਹੇ ਕਿ ਸਰਕਾਰ ਨੇ ਬਹੁਤ ਵਾਰ ਐਲਾਨ ਕੀਤਾ ਹੈ ਕਿ ਪਰਵਾਸੀ ਭਾਰਤੀਆਂ ਦੀ ਜਾਇਦਾਦ ਦੀ ਬਾਕਾਇਦਾ ਰਾਖੀ ਕੀਤੀ ਜਾਵੇਗੀ ਪਰ ਅਜੇ ਤੱਕ ਇਸ ਨੂੰ ਪੂਰਨ ਰੂਪ ਵਿਚ ਲਾਗੂ ਹੀ ਨਹੀਂ ਕੀਤਾ ਜਾ ਸਕਿਆ। ਅਜੇ ਵੀ ਬਹੁਤ ਸਾਰੇ ਪਰਵਾਸੀ ਅਦਾਲਤਾਂ ਦੇ ਗੇੜ ਵਿਚ ਫਸੇ ਹੋਏ ਹਨ।

# ਡਾ. ਜੌਹਲ ਨੇ ਪੀਪਲਜ਼ ਪਾਰਟੀ ਦੀ ਸਰਪ੍ਰਸਤੀ ਛੱਡੀ

**ਬਠਿੰਡਾ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਸਰਪ੍ਰਸਤ ਡਾ. ਐਸ.ਐਸ. ਜੌਹਲ ਨੇ ਪਾਰਟੀ ਦੀ ਸਰਪ੍ਰਸਤੀ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਪੀਪਲਜ਼ ਪਾਰਟੀ ਨੂੰ ਅਲਵਿਦਾ ਆਖਣ ਮਗਰੋਂ ਕੇਂਦਰੀ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ ਦੇ ਚਾਂਸਲਰ ਵਜੋਂ ਅਹੁਦਾ ਸੰਭਾਲ ਲਿਆ ਹੈ।

**ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਬਣੇ**



ਜ਼ਿਕਰਯੋਗ ਹੈ ਕਿ ਭਾਰਤ ਦੇ ਰਾਸ਼ਟਰਪਤੀ ਵੱਲੋਂ ਡਾ. ਐਸ.ਐਸ. ਜੌਹਲ ਦੀ ਬੀਤੇ ਕੱਲ੍ਹ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਵਜੋਂ ਨਿਯੁਕਤੀ ਕੀਤੀ ਗਈ ਸੀ। ਡਾ. ਜੌਹਲ ਕਰੀਬ ਦੋ ਵਰ੍ਹਿਆਂ ਤੋਂ ਪੀਪਲਜ਼ ਪਾਰਟੀ ਆਫ ਪੰਜਾਬ ਦੇ ਸਰਪ੍ਰਸਤ ਚੱਲੇ ਆ ਰਹੇ ਸਨ। ਉਨ੍ਹਾਂ ਬਤੌਰ ਚਾਂਸਲਰ ਆਪਣੀ ਜੁਆਇੰਨਿੰਗ ਰਿਪੋਰਟ ਕੇਂਦਰੀ ਮਾਨਵ ਸਰੋਤ ਮੰਤਰਾਲੇ ਨੂੰ ਭੇਜ ਦਿੱਤੀ ਹੈ।

ਡਾ. ਐਸ.ਐਸ. ਜੌਹਲ ਨੇ ਦੱਸਿਆ ਕਿ ਉਨ੍ਹਾਂ ਨੇ ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਆਪਣਾ ਲਿਖਤੀ ਅਸਤੀਫਾ ਭੇਜ ਦਿੱਤਾ ਹੈ ਕਿਉਂਕਿ ਹੁਣ ਉਨ੍ਹਾਂ ਦੀ ਚਾਂਸਲਰ ਵਜੋਂ ਨਿਯੁਕਤੀ ਹੋ ਗਈ ਹੈ। ਇਸ ਕਰਕੇ ਉਹ ਹੁਣ ਕੋਈ ਸਿਆਸੀ ਅਹੁਦਾ ਨਹੀਂ ਰੱਖ ਸਕਦੇ ਹਨ। ਡਾ. ਜੌਹਲ ਕੇਂਦਰੀ ਵਰਸਿਟੀ ਦੇ ਪਹਿਲੇ ਚਾਂਸਲਰ ਬਣੇ ਹਨ। ਉਨ੍ਹਾਂ ਕੋਈ ਸਿਆਸੀ ਅਲੋਚਨਾ ਕਰਨ ਤੋਂ ਗੁਰੇਜ਼ ਹੀ ਕੀਤੀ ਤੇ ਆਪਣੇ ਦੋ ਵਰ੍ਹਿਆਂ ਦੇ ਸਿਆਸੀ ਅਨੁਭਵ ਸਾਂਝੇ ਕੀਤੇ।

ਡਾ. ਜੌਹਲ ਨੇ ਅਸਤੀਫਾ ਦੇਣ ਮਗਰੋਂ ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਚੰਗਾ ਸਿਆਸਤਦਾਨ ਗਰਦਾਨਦਿਆਂ ਕਿਹਾ ਕਿ ਉਹ ਸਾਫ ਸੁਥਰਾ ਬਦਲ ਦੇ ਸਕਦੇ ਹਨ। ਉਨ੍ਹਾਂ ਆਖਿਆ ਕਿ ਪਾਰਟੀ ਦੀ ਉਮਰ ਹਾਲੇ ਛੋਟੀ ਹੈ। ਡਾ. ਜੌਹਲ ਨੇ ਆਖਿਆ ਕਿ ਪੰਜਾਬ ਵਿਚ ਗ਼ਰੀਬ ਤਬਕਾ ਤਾਂ ਪੈਸੇ ਲੈ ਕੇ ਵੋਟ ਪਾਉਂਦਾ ਹੈ ਜਦੋਂਕਿ ਪੜ੍ਹੇ ਲਿਖੇ ਇਸ ਮਾਮਲੇ ਵਿਚ ਠੀਕ ਹਨ। ਉਨ੍ਹਾਂ ਮਨਪ੍ਰੀਤ ਸਿੰਘ ਬਾਦਲ ਦੀ ਸ਼ਖ਼ਸੀਅਤ ਬਾਰੇ ਆਖਿਆ ਕਿ ਥੋੜ੍ਹੀਆਂ ਬਹੁਤੀਆਂ ਕਮਜ਼ੋਰੀਆਂ ਹਰ ਇਨਸਾਨ ਵਿਚ ਹੁੰਦੀਆਂ ਹੀ ਹਨ। ਉਨ੍ਹਾਂ ਪਾਰਟੀ ਵਿਚ ਅੰਦਰੂਨੀ ਕਲੇਸ਼ ਹੋਣ ਦੀ ਗੱਲ ਵੀ ਮੰਨੀ। ਉਨ੍ਹਾਂ ਆਖਿਆ ਕਿ ਉਹ ਹੁਣ ਕੋਈ ਵੀ ਸਿਆਸੀ ਟਿੱਪਣੀ ਨਹੀਂ ਕਰਨਗੇ।

ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਨੇ ਉੱਘੇ ਖੇਤੀ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਨੂੰ ਕੇਂਦਰੀ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ ਦਾ ਪਹਿਲਾਂ ਚਾਂਸਲਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਹ ਨਿਯੁਕਤੀ ਪੰਜ ਵਰ੍ਹਿਆਂ ਲਈ ਹੋਵੇਗੀ। ਡਾ. ਜੌਹਲ ਪਹਿਲਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਰਹਿ ਚੁੱਕੇ ਹਨ। ਡਾ. ਜੌਹਲ ਨੇ ਆਖਿਆ ਕਿ ਉਹ ਖੋਜ ਵਿਕਾਸ ਤੇ ਇਲਾਕੇ ਦੀਆਂ ਮੁਸ਼ਕਲਾਂ ਆਧਾਰਤ ਖੋਜ ਕੰਮਾਂ ਲਈ ਅਗਵਾਈ ਕਰਨਗੇ। ਉਨ੍ਹਾਂ ਦੱਸਿਆ ਕਿ ਉਹ ਯੂਨੀਵਰਸਿਟੀ ਦੇ ਕੋਰਟ ਦੇ ਪ੍ਰੈਜ਼ੀਡੈਂਟ ਵਜੋਂ ਵੀ ਆਪਣੀ ਡਿਊਟੀ ਨਿਭਾਉਣਗੇ।

# ਮਲੇਸ਼ੀਆ ਦੀਆਂ ਜੇਲ੍ਹਾਂ ਵਿਚ ਰੁਲ ਰਹੇ ਨੇ ਹਜ਼ਾਰਾਂ ਪੰਜਾਬੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਲੇਸ਼ੀਆ ਵਿਚ ਪੰਜਾਬੀਆਂ ਦਾ ਬਹੁਤ ਮਾੜਾ ਹਾਲ ਹੈ। ਇਨ੍ਹਾਂ 'ਚੋਂ ਖਾਸ ਕਰਕੇ ਸਿੱਖ ਨੌਜਵਾਨਾਂ ਨੂੰ ਵੱਧ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਥੋਂ ਦੇ ਡਿਪੋਰਟ ਕੈਂਪ ਉਨ੍ਹਾਂ ਨੌਜਵਾਨਾਂ ਨਾਲ ਭਰੇ ਪਏ ਹਨ ਜਿਨ੍ਹਾਂ ਨੂੰ ਨਾਜਾਇਜ਼ ਤੌਰ 'ਤੇ ਰਹਿਣ ਦੇ ਦੋਸ਼ ਵਿਚ ਫੜਿਆ ਗਿਆ। ਉਥੇ ਇਮੀਗ੍ਰੇਸ਼ਨ ਵਿਭਾਗ ਵਾਲੇ ਕਾਰੋਬਾਰੀ ਅਦਾਰਿਆਂ ਵਿਚ ਛਾਪੇ ਮਾਰ ਕੇ ਨਾਜਾਇਜ਼ ਤੌਰ 'ਤੇ ਰਹਿ ਕੇ ਕੰਮ ਕਰਦੇ ਨੌਜਵਾਨਾਂ ਨੂੰ ਫੜ ਰਹੇ ਹਨ। ਇਨ੍ਹਾਂ ਵਿਚ ਭਾਰਤੀ ਪੰਜਾਬੀਆਂ ਤੋਂ ਇਲਾਵਾ ਪਾਕਿਸਤਾਨੀ, ਬੰਗਲਾਦੇਸ਼ੀ ਤੇ ਨਿਪਾਲੀ ਵੀ ਸ਼ਾਮਲ ਹਨ।

**ਹਾਈ ਕਮਿਸ਼ਨਰ ਮੱਦਦ ਕਰਨ ਤੋਂ ਇਨਕਾਰੀ**



ਮਲੇਸ਼ੀਆ ਦੀ ਜੇਲ੍ਹ ਤੋਂ ਰਿਹਾਅ ਹੋ ਕੇ ਆਏ ਗਵਾਲੀਅਰ ਨੇੜੇ ਪਿੰਡ ਕੈਂਥੀ ਦੇ ਵਸਨੀਕ ਸਿੱਖ ਨੌਜਵਾਨ ਰਵਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਉਹ ਜੂਨ, 2012 ਵਿਚ ਉਥੇ ਸੈਲਾਨੀ ਵਜੋਂ ਘੁੰਮਣ ਵਾਸਤੇ ਗਿਆ ਸੀ। ਬਾਜਵਾ ਨੇ ਦੱਸਿਆ ਕਿ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਦੇ ਸਭ ਤੋਂ ਪਹਿਲਾਂ ਜੇਲ੍ਹਾਂ ਵਿਚ ਜਬਰੀ ਦਾੜ੍ਹੀ ਤੇ ਕੇਸ ਕਤਲ ਕੀਤੇ ਜਾਂਦੇ ਹਨ। ਕਈ ਅੰਮ੍ਰਿਤਧਾਰੀ ਸਿੱਖ ਬਹੁਤ ਵਿਰੋਧ ਕਰਦੇ ਹਨ ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ।

ਉਸ ਦੀ ਵੀ ਦਾੜ੍ਹੀ ਤੇ ਕੇਸ ਉਦੋਂ ਹੀ ਕਤਲ ਕਰ ਦਿੱਤੇ ਗਏ ਜਦੋਂ ਉਸ ਨੂੰ ਸ਼ਾਪਿੰਗ ਮਾਲ ਵਿਚੋਂ ਫੜ ਕੇ ਹਵਾਲਾਤ ਵਿਚ ਲਿਜਾਇਆ ਗਿਆ। ਉਸ ਨੇ ਕਿਹਾ ਕਿ ਟਰੈਵਲ ਏਜੰਟਾਂ ਵੱਲੋਂ ਵਿਖਾਏ ਸਬਜ਼ਬਾਗਾਂ ਦਾ ਸ਼ਿਕਾਰ ਬਹੁਤ ਸਾਰੇ ਨੌਜਵਾਨ ਉਥੋਂ ਦੀਆਂ ਜੇਲ੍ਹਾਂ ਵਿਚ ਬੈਠੇ ਗੁੰਮਨਾਮੀ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਘਰ ਵਾਲਿਆਂ ਨਾਲ ਉਨ੍ਹਾਂ ਦਾ ਕੋਈ ਸੰਪਰਕ ਨਹੀਂ। ਕਈ ਦੋ-ਤਿੰਨ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ। ਉਨ੍ਹਾਂ ਦਾ ਕਿਸੇ ਨਾਲ ਕੋਈ ਸੰਪਰਕ ਨਹੀਂ।

ਉਸ ਨੇ ਕਿਹਾ ਕਿ ਜਦੋਂ ਉਹ ਜੂਨ ਦੇ ਮਹੀਨੇ ਮਲੇਸ਼ੀਆ ਗਿਆ ਤਾਂ ਉਸ ਨੂੰ ਇਕ ਸ਼ਾਪਿੰਗ ਮਾਲ ਵਿਚੋਂ ਇਮੀਗ੍ਰੇਸ਼ਨ ਵਾਲਿਆਂ ਨੇ ਉਦੋਂ ਫੜ ਲਿਆ ਜਦੋਂ ਉਹ ਸ਼ਾਪਿੰਗ ਮਾਲ ਦੇ ਇਕ ਪੰਜਾਬੀ ਸਕਿਊਰਿਟੀ ਮੁਲਾਜ਼ਮ ਨਾਲ ਗੱਲਬਾਤ ਕਰ ਰਿਹਾ ਸੀ। ਉਸ ਦੇ ਨਾਲ 20-25 ਹੋਰ ਨੌਜਵਾਨਾਂ ਨੂੰ ਵੀ ਫੜ ਲਿਆ ਗਿਆ ਜੋ ਉਥੇ ਕੰਮ ਕਰਦੇ ਸਨ। ਇਨ੍ਹਾਂ ਵਿਚ ਪਾਕਿਸਤਾਨੀ, ਬੰਗਲਾਦੇਸ਼ੀ ਤੇ ਨਿਪਾਲੀ ਸ਼ਾਮਲ ਸਨ।

ਰਵਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਉਹ ਇਕ ਮਹੀਨੇ ਦੇ ਵੀਜ਼ੇ 'ਤੇ ਮਲੇਸ਼ੀਆ ਗਿਆ ਸੀ। ਉਸ ਨੇ ਦੱਸਿਆ ਕਿ ਉਸ ਨੇ ਉਨ੍ਹਾਂ ਨੂੰ ਪਾਸਪੋਰਟ ਤੋਂ ਇਲਾਵਾ ਹਵਾਈ ਟਿਕਟ ਵੀ ਵਿਖਾਈ ਅਤੇ ਰਿਹਾਅ ਕਰਨ ਲਈ ਬਥੇਰੇ ਤਰਲੇ ਪਾਏ ਪਰ ਕਿਸੇ ਨੇ ਇਕ ਨਾ ਸੁਣੀ। ਉਸ ਨੂੰ ਕਿਹਾ ਗਿਆ ਕਿ ਮਾਲ ਦੇ ਸੁਰੱਖਿਆ ਕਰਮਚਾਰੀਆਂ ਨਾਲ ਗੱਲਬਾਤ ਕਿਉਂ ਕਰ ਰਿਹਾ ਸੀ। ਉਸ ਨੂੰ ਦਸ ਦਿਨ ਉਸ ਨੂੰ ਹਵਾਲਾਤ ਵਿਚ ਰੱਖਿਆ ਗਿਆ। ਹਵਾਲਾਤ ਵਿਚ ਖਾਣੇ ਦਾ ਬੜਾ ਮਾੜਾ ਹਾਲ ਸੀ। ਸਵੇਰੇ ਖਾਣ ਵਾਸਤੇ ਦੋ ਬਰੈਡ ਪੀਸ ਦਿੱਤੇ ਜਾਂਦੇ ਸਨ, ਦੁਪਹਿਰ ਤੇ ਰਾਤ ਨੂੰ ਮੁੱਠੀ ਭਰ ਚਾਵਲ ਤੇ ਪਾਣੀ ਵਿਚ ਉਬਾਲੀ ਮੱਛੀ ਦਿੱਤੀ ਜਾਂਦੀ ਸੀ।

ਦਸ ਦਿਨ ਬਾਅਦ ਉਸ ਨੂੰ ਜੱਜ ਸਾਹਮਣੇ ਪੇਸ਼ ਕੀਤਾ ਗਿਆ। ਉਥੇ ਵੀ ਕਿਸੇ ਨੇ ਨਾ ਸੁਣੀ ਤੇ ਤਿੰਨ ਮਹੀਨੇ ਦੀ ਸਜ਼ਾ ਸੁਣਾ ਕੇ ਜੇਲ੍ਹ ਭੇਜ ਦਿੱਤਾ। ਇਕ ਹਜ਼ਾਰ ਰਿੰਗਟ ਜੋ ਮਲੇਸ਼ੀਆ ਦੀ ਕਰੰਸੀ ਹੈ, ਜੁਰਮਾਨਾ ਵੀ ਕੀਤਾ ਗਿਆ। ਕਿਸੇ ਨਾਲ ਫੋਨ 'ਤੇ ਗੱਲ ਨਹੀਂ ਸੀ ਕਰਨ ਦਿੱਤੀ ਜਾਂਦੀ। ਇਕ ਦਿਨ ਉਸ ਨੇ ਇਕ ਚੀਨੀ ਸੁਰੱਖਿਆ ਕਰਮਚਾਰੀ ਦੀ ਮਿੰਨਤ ਕੀਤੀ ਤੇ ਉਸ ਦੇ ਮੋਬਾਈਲ ਤੋਂ ਆਪਣੇ ਰਿਸ਼ਤੇਦਾਰਾਂ ਤੇ ਭਰਾ ਨੂੰ ਟੈਲੀਫੋਨ ਕੀਤਾ। ਜੁਰਮਾਨਾ ਭਰਨ ਤੇ ਸਜ਼ਾ ਭੁਗਤਣ ਤੋਂ ਬਾਅਦ ਉਹ ਵਾਪਸ ਭਾਰਤ ਆਇਆ। ਉਸ ਨੇ ਦੋਸ਼ ਲਾਇਆ ਕਿ ਭਾਰਤੀ ਹਾਈ ਕਮਿਸ਼ਨ ਵਾਲੇ ਉਥੇ ਜੇਲ੍ਹ ਵਿਚ ਬੈਠੇ ਭਾਰਤੀਆਂ ਦੀ ਕੋਈ ਸੁਣਵਾਈ ਨਹੀਂ ਕਰਦੇ। ਉਨ੍ਹਾਂ ਦੀ ਰਿਹਾਈ ਲਈ ਜਿਵੇਂ ਦੂਸਰੇ ਦੇਸ਼ ਪਾਕਿਸਤਾਨ, ਬੰਗਲਾਦੇਸ਼ ਤੇ ਨਿਪਾਲ ਦੇ ਹਾਈ ਕਮਿਸ਼ਨਰ ਯਤਨ ਕਰਦੇ ਹਨ, ਇਹ ਕੁਝ ਨਹੀਂ ਕਰਦੇ।

# ਗੁਰਦੁਆਰਾ ਹਜ਼ੂਰ ਸਾਹਿਬ ਵਿਖੇ ਸ਼ੁਰੂ ਕੀਤੇ ਪ੍ਰੋਜੈਕਟ ਦਮ ਤੋੜਨ ਲੱਗੇ

**ਨਾਂਦੇੜ:** ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਵਿਚ ਪਿੱਛੇ ਜਿਹੇ ਹੋਈ ਤਬਦੀਲੀ ਕਾਰਨ ਉੱਥੇ ਚਲ ਰਹੇ ਵਿਕਾਸ ਦੇ ਕਈ ਪ੍ਰਾਜੈਕਟ ਲਟਕ ਗਏ



ਹਨ ਜਿਸ ਕਾਰਨ ਉੱਥੇ ਪੁੱਜਦੀਆਂ ਸੰਗਤਾਂ ਨੂੰ ਇਹ ਦੇਖ ਕੇ ਮਾਯੂਸੀ ਹੁੰਦੀ ਹੈ। ਸਾਲ 2008 'ਚ ਮਨਾਈ ਗਈ 300 ਸਾਲਾ ਗੁਰਤਾਗੱਦੀ ਸ਼ਤਾਬਦੀ ਸਮਾਗਮ ਮੌਕੇ ਕਰੋੜਾਂ ਰੁਪਏ ਨਾਲ ਗੁਰਦੁਆਰਾ ਗੁਰੂ ਕਾ ਬਾਗ 'ਚ ਲਗਾਏ ਗਏ ਆਧੁਨਿਕ ਫੁਹਾਰੇ ਤੇ ਇਨ੍ਹਾਂ ਨਾਲ ਸਬੰਧਤ ਲੇਜ਼ਰ ਲਾਈਟਾਂ ਮੋਟਰਾਂ ਦੀ ਖਰਾਬੀ ਕਾਰਨ ਬੰਦ ਪਈਆਂ ਹਨ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਕਲਾ ਭਵਨ ਜੋ ਇਕ ਨਮੂਨੇ ਦਾ ਭਵਨ ਹੈ, ਦੀ ਇਮਾਰਤ ਤਾਂ ਮੁਕੰਮਲ ਹੈ ਪਰ ਇਨ੍ਹਾਂ ਵਿਚ ਸੁਸ਼ੋਭਿਤ ਕਰਨ ਵਾਲੀਆਂ ਇਤਿਹਾਸਕ ਕਲਾ ਕ੍ਰਿਤਾਂ ਅੱਜ ਤੱਕ ਵੀ ਸਥਾਪਤ ਨਹੀਂ ਕੀਤੀਆਂ ਜਾ ਸਕੀਆਂ। ਜਦੋਂ ਸੰਗਤਾਂ ਇਸ ਭਵਨ ਦੇ ਦਰਸ਼ਨਾਂ ਲਈ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਵੀ ਗੇਟ ਦੇ ਬਾਹਰੋਂ ਮੋੜ ਦਿੱਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਵੀ ਕਰੋੜਾਂ ਰੁਪਏ ਨਾਲ ਹੋਈ ਹੈ। ਇਸ ਦੀ ਵੀ ਸਿਰਫ਼ ਇਮਾਰਤ ਖੜ੍ਹੀ ਹੈ। ਇਥੇ ਬਣਾਏ ਗਏ ਇਕ ਵੱਡੇ ਹਾਲ ਵਿਚ ਕਰੀਬ ਛੇ ਹਜ਼ਾਰ ਲੋਕਾਂ ਦੇ ਬੈਠਣ ਦਾ ਪ੍ਰਬੰਧ ਹੈ ਪਰ ਅਜੇ ਤੱਕ ਇਸ ਦੀ ਵਰਤੋਂ ਸਾਲ 'ਚ 2 ਵਾਰ ਸਮੂਹਿਕ ਸ਼ਾਦੀਆਂ ਕਰਨ ਤੇ ਭਾਈ ਦੂਜ ਦੇ ਸਮਾਗਮ ਦੌਰਾਨ ਹੁੰਦੀ ਹੈ। ਇਸ ਦੇ ਗੇਟ 'ਤੇ ਤਾਇਨਾਤ ਪਹਿਰੇਦਾਰ ਲੋਕਾਂ ਨੂੰ ਬਾਹਰੋਂ ਮੋੜ ਦਿੰਦੇ ਹਨ।

ਸਾਬਕਾ ਚੇਅਰਮੈਨ ਡਾ. ਪੀ. ਐਸ. ਪਸਰੀਚਾ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਤੋਂ ਉਤਸ਼ਾਹਤ ਹੋ ਕੇ ਵਿਦੇਸ਼ੀ ਤੇ ਪੰਜਾਬ ਦੇ ਲੋਕਾਂ ਦਾ ਹਵਾਈ ਜਹਾਜ਼ਾਂ 'ਤੇ ਆਉਣਾ ਕਾਫ਼ੀ ਵਧ ਗਿਆ ਸੀ। ਉਸ ਸਮੇਂ ਦੇ ਪ੍ਰਬੰਧਕਾਂ ਨੇ ਪੰਜਾਬ ਵਿਚੋਂ 40-40 ਮੈਂਬਰਾਂ ਦੇ ਆਉਣ ਵਾਲਿਆਂ ਜਥਿਆਂ ਨੂੰ ਵਿਸ਼ੇਸ਼ ਪੈਕੇਜ ਦਿਵਾ ਕੇ ਦਿੱਲੀ ਤੋਂ ਨਾਂਦੇੜ ਸਾਹਿਬ ਲਈ ਉਡਾਣਾਂ ਸ਼ੁਰੂ ਕੀਤੀਆਂ ਸਨ ਪਰ ਹੁਣ ਉਡਾਣਾਂ ਬੰਦ ਹੋ ਚੁੱਕੀਆਂ ਹਨ। ਇਸੇ ਤਰ੍ਹਾਂ ਟੀ.ਵੀ. ਤੋਂ ਵੀ ਸਿੱਧਾ ਪ੍ਰਸਾਰਨ ਕੁਝ ਮਹੀਨਿਆਂ ਤੋਂ ਬੰਦ ਹੋ ਗਿਆ ਹੈ ਜਿਸ ਕਾਰਨ ਦੂਰ ਬੈਠੀਆਂ ਸੰਗਤਾਂ ਇੱਥੋਂ ਦੇ ਗੁਰਬਾਣੀ ਪ੍ਰੋਗਰਾਮ ਤੋਂ ਵਾਂਝੀਆਂ ਰਹਿ ਰਹੀਆਂ ਹਨ।

ਗੁਰੂ ਗ੍ਰੰਥ ਸਾਹਿਬ ਕੰਪਲੈਕਸ ਦੇ ਲਾਗੇ ਗੁਰੂ ਗੋਬਿੰਦ ਸਿੰਘ ਆਈ ਹਸਪਤਾਲ ਦੀ ਇਮਾਰਤ ਦਾ ਕੰਮ ਵੀ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਗਿਆ ਸੀ ਜਿਸ ਦੀ ਉਸਾਰੀ ਲਈ ਮੁੰਬਈ ਵਾਸੀ ਤੇ ਪ੍ਰਮੁੱਖ ਬਿਲਡਰ ਕਮਲਜੀਤ ਸਿੰਘ ਸੰਧੂ ਨੇ ਇਕ ਕਰੋੜ ਰੁਪਏ ਦੇ ਕੇ ਇਸ ਦਾ ਕੰਮ ਤੇਜ਼ੀ ਨਾਲ ਮੁਕੰਮਲ ਕਰਵਾਉਣ ਤੇ ਇਸ ਮਗਰੋਂ ਸਾਰੀ ਮਸ਼ੀਨਰੀ ਲੈ ਕੇ ਦੇਣ ਦਾ ਵਾਅਦਾ ਕੀਤਾ ਸੀ ਪਰ ਇਹ ਪ੍ਰਾਜੈਕਟ ਵੀ ਬੰਦ ਹੋਣ ਕੰਢੇ ਹੈ।

ਗੁਰੂ ਗੋਬਿੰਦ ਸਿੰਘ ਭਵਨ ਦੇ ਪਿਛਲੇ ਪਾਸੇ ਗੁਰਦੁਆਰਾ ਬਾਉਲੀ ਸਾਹਿਬ ਦੀ ਇਮਾਰਤ ਦੀ ਸ਼ੁਰੂਆਤ ਲਈ 4 ਪਿੱਲਰ ਖੜ੍ਹੇ ਕਰਕੇ ਉਸ 'ਤੇ ਲੈਂਟਰ ਪਾ ਕੇ ਛੱਡੇ ਨੂੰ ਵੀ ਕਈ ਮਹੀਨੇ ਹੋ ਗਏ ਹਨ ਜਦ ਕਿ ਹੁਣ ਇਹ ਗੁਰਦੁਆਰਾ ਸਾਹਿਬ ਵੀ ਇਸ ਅਧੂਰੀ ਇਮਾਰਤ ਦੇ ਕੋਲ ਇਕ ਕਮਰੇ 'ਚ ਚਲਾਇਆ ਜਾ ਰਿਹਾ ਹੈ। ਗੁਰਦੁਆਰਾ ਕਮੇਟੀ ਦੇ ਸੁਪਰਡੈਂਟ ਡੀ.ਪੀ. ਸਿੰਘ ਨੇ ਮੰਨਿਆ ਕਿ ਗੁਰਦੁਆਰਾ ਗੁਰੂ ਕਾ ਬਾਗ 'ਚ ਲੱਗੇ ਫੁਹਾਰੇ ਖਰਾਬ ਪਏ ਹਨ ਜਿਸ ਦੀਆਂ ਮੋਟਰਾਂ ਦੀ ਮੁਰੰਮਤ ਦਾ ਕੰਮ ਜਲਦੀ ਕਰਵਾਇਆ ਜਾਵੇਗਾ।

ਕਈ ਹੋਰ ਵਿਕਾਸ ਦੇ ਕੰਮਾਂ ਦੀ ਚਾਲ ਮੱਠੀ ਹੈ। ਉਹ ਵੀ ਤੇਜ਼ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨਵਾਂ ਅੰਮ੍ਰਿਤ ਕੁੰਡ ਬਣਾਇਆ ਗਿਆ ਹੈ। ਸੱਚਖੰਡ ਸਾਹਿਬ ਦੇ ਮੁੱਖ ਗੇਟ ਦਾ ਕੰਮ ਵੀ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਤੇ ਇਸ ਗੇਟ ਦੇ ਨਾਲ ਜੋੜਾ ਘਰ ਬਣਾਇਆ ਗਿਆ ਹੈ। ਯਾਤਰੀਆਂ ਦੀ ਸਹੂਲਤ ਲਈ 1100 ਕਮਰਿਆਂ ਦਾ ਵੱਖ-ਵੱਖ ਭਵਨਾਂ ਵਿਚ ਪ੍ਰਬੰਧ ਹੈ। ਇਸ ਤੋਂ ਇਲਾਵਾ ਸੂਚਨਾ ਕੇਂਦਰ ਵਿਚ ਈਮੇਲ, ਰੇਲਵੇ ਟਿਕਟ, ਏ.ਟੀ.ਐਮ, ਪੁਲਿਸ ਚੌਕੀ ਤੇ ਰੇਲਵੇ ਸਟੇਸ਼ਨ ਤੋਂ ਸਵਾਰੀਆਂ ਲਿਆਉਣ-ਛੱਡਣ ਦਾ ਖਾਸ ਪ੍ਰਬੰਧ ਹੈ।

ਰੇਡੀਓ ਚੜ੍ਹਦੀ ਕਲਾ ਸੁਣੋ
RADIO CHARDI KALA
ਹੁਣ ਦੁਨੀਆਂ ਭਰ ਵਿਚ
www.radiock.com 'ਤੇ
ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ
Wifi Radio ਦੁਨੀਆਂ ਭਰ ਵਿਚ ਚਲਦਾ ਹੈ
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ,
ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
> Preet Fabric, Fremont > Kash Fabrics, Hayward
> Sidhartha International, Fremont
>Shalimar, Union City >Mann Grocery Market, Yuba City
ਰੇਡੀਓ ਤੁਸੀਂ ਫੋਨ
832-551-5038
510-972-0442
'ਤੇ ਵੀ ਸੁਣ ਸਕਦੇ ਹੋ
Khalsa Radio
"Independent Voice"
ਗੁਰਬਾਣੀ ਪ੍ਰੋਗਰਾਮ 24/7/365
ਫੋਨ 'ਤੇ ਸੁਣੋ 702-489-0222
www.khalsaradio.org Info@khalsaradio.org
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 510-900-3600
Radio CK, PO Box 296, Fremont, CA 94537

Yarra, Kharazi & Associates
Phone: (888) 97YARRA (92772)
Immigration
Family Law
Personal Injury

ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ
Trust your matter to a specialist
ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ
Offices in Bakersfield, Fresno and Merced.
Bring this ad in and receive a free consultation
ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ
ਯੱਰਾ, ਖਰਾਜ਼ੀ ਐਂਡ ਐਸੋਸੀਏਟਸ
ਫੋਨ: 1-888-979-2772
Email: Info@rwyarra.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785
1816 Main Ave., Secramento CA, 95838

## ਖੁਰਦੇ ਹੱਕ

# ਪੰਜਾਬ ਦੇ ਅਫਸਰਾਂ ਨੂੰ ਚੰਡੀਗੜ੍ਹ 'ਚੋਂ ਕੱਢਣ ਦੀ ਤਿਆਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਰਾਜਧਾਨੀ ਚੰਡੀਗੜ੍ਹ ਤੋਂ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰਨ ਲਈ ਲਗਾਤਾਰ ਕੋਸ਼ਿਸ਼ ਕੀਤੀਆਂ ਜਾ ਰਹੀਆਂ ਹਨ ਤੇ ਹੁਣ ਪੰਜਾਬ ਦੇ ਅਫਸਰਾਂ ਨੂੰ ਚੰਡੀਗੜ੍ਹ 'ਚੋਂ ਕੱਢਣ ਦੀ ਤਿਆਰੀ ਕੀਤੀ ਜਾ ਰਹੀ ਹੈ। ਭਾਰਤ ਸਰਕਾਰ ਨੇ ਯੂ.ਟੀ. ਵਿਚ ਪੰਜਾਬ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ ਡੈਪੂਟੇਸ਼ਨ ਕੋਟੇ ਦੇ ਅਧਿਕਾਰ ਨੂੰ ਚੁਣੌਤੀ ਦੇ ਦਿੱਤੀ ਹੈ।

ਭਾਵੇਂ ਕੇਂਦਰੀ ਗ੍ਰਹਿ ਮੰਤਰੀ ਨੇ ਚੰਡੀਗੜ੍ਹ ਵਿਚ ਪੰਜਾਬ ਤੇ ਹਰਿਆਣੇ ਦਾ ਡੈਪੂਟੇਸ਼ਨ ਕੋਟਾ ਬਰਕਰਾਰ ਰੱਖਣ ਦੇ ਦਾਅਵੇ ਕੀਤੇ ਸਨ ਪਰ ਅੰਦਰੂਨੀ ਤੌਰ 'ਤੇ ਕੁਝ ਹੋਰ ਹੀ ਚੱਲ ਰਿਹਾ ਹੈ। ਭਾਰਤ ਸਰਕਾਰ ਨੇ ਯੂ.ਟੀ. 'ਚ ਪੰਜਾਬ ਦੇ ਡੈਪੂਟੇਸ਼ਨ ਕੋਟੇ ਦਾ ਕੋਈ ਅਧਿਕਾਰ ਨਾ ਹੋਣ ਬਾਰੇ ਪੰਜਾਬ ਦੇ ਮੁੱਖ ਮੰਤਰੀ ਨੂੰ ਤਿੰਨ ਸਾਲ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਪਰ ਪੰਜਾਬ ਸਰਕਾਰ ਇਸ ਮਾਮਲੇ 'ਤੇ ਖਾਮੋਸ਼ ਹੈ।

ਚੰਡੀਗੜ੍ਹ ਪ੍ਰਸ਼ਾਸਨ ਤੋਂ ਸੂਚਨਾ ਦੇ ਅਧਿਕਾਰ ਤਹਿਤ ਪ੍ਰਾਪਤ ਜਾਣਕਾਰੀ ਮੁਤਾਬਕ ਭਾਰਤ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ 6 ਮਾਰਚ, 2009 ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਰਧ ਸਰਕਾਰੀ (ਡੀ.ਓ.) ਪੱਤਰ ਲਿਖਿਆ ਸੀ ਜਿਸ 'ਚ ਕੇਂਦਰੀ ਗ੍ਰਹਿ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਅਧਿਕਾਰਤ ਤੌਰ 'ਤੇ ਚੰਡੀਗੜ੍ਹ ਵਿਚ ਪੰਜਾਬ ਤੇ ਹਰਿਆਣਾ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦਾ ਡੈਪੂਟੇਸ਼ਨ 'ਤੇ ਆਉਣ ਦਾ ਕੋਈ ਪ੍ਰਬੰਧ ਨਹੀਂ ਹੈ।

### ਕੇਂਦਰ ਵੱਲੋਂ ਡੈਪੂਟੇਸ਼ਨ ਕੋਟੇ ਦੇ ਅਧਿਕਾਰ ਨੂੰ ਵੀ ਚੁਣੌਤੀ



ਮੁੱਖ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ 15 ਮਈ, 2008 ਨੂੰ ਡੈਪੂਟੇਸ਼ਨ ਦੇ ਮੁੱਦੇ ਬਾਰੇ ਲਿਖੇ ਡੀ.ਓ. ਪੱਤਰ ਦੇ ਹਵਾਲੇ 'ਚ ਕੇਂਦਰੀ ਗ੍ਰਹਿ ਮੰਤਰੀ ਨੇ ਦਿੱਤੇ ਜਵਾਬ ਵਿਚ ਇਸ ਵਿਸ਼ੇ ਬਾਰੇ ਪੰਜਾਬ ਦੇ ਹੱਕ ਨੂੰ ਸਿੱਧੀ ਚੁਣੌਤੀ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਨੇ ਇਸ ਪੱਤਰ 'ਚ ਸਪੱਸ਼ਟ ਕੀਤਾ ਹੈ ਕਿ ਪੰਜਾਬ ਰੀਆਰਗੇਨਾਈਜੇਸ਼ਨ ਐਕਟ-1966 'ਚ ਪੰਜਾਬ ਤੇ ਹਰਿਆਣਾ ਤੋਂ ਡੈਪੂਟੇਸ਼ਨ 'ਤੇ ਯੂ.ਟੀ. ਵਿਚ ਅਧਿਕਾਰੀ ਤੇ ਮੁਲਾਜ਼ਮ ਲੈਣ ਦਾ ਕੋਈ ਪ੍ਰਬੰਧ ਨਹੀਂ ਹੈ। ਭਾਰਤ ਸਰਕਾਰ ਦੀ ਕਮੇਟੀ ਆਫ਼ ਸੈਕਟਰੀਜ਼ (ਸੀ.ਓ.ਐਸ.) ਨੇ ਕਿਹਾ ਸੀ ਕਿ ਭਾਵੇਂ ਪੰਜਾਬ ਰੀਆਰਗੇਨਾਈਜੇਸ਼ਨ ਐਕਟ-1966 ਵਿਚ ਪੰਜਾਬ ਤੇ ਹਰਿਆਣੇ ਤੋਂ ਅਧਿਕਾਰੀ ਤੇ ਮੁਲਾਜ਼ਮ ਲੈਣ ਦਾ ਪ੍ਰਬੰਧ ਨਹੀਂ ਹੈ ਪਰ ਫਿਰ ਵੀ ਚੰਡੀਗੜ੍ਹ ਪ੍ਰਸ਼ਾਸਨ ਇਨ੍ਹਾਂ ਦੋਵਾਂ ਰਾਜਾਂ ਤੋਂ 60:40 ਦੀ ਰੇਸ਼ੋ ਤਹਿਤ ਆਈ.ਏ.ਐਸ. ਤੇ ਆਈ. ਪੀ. ਐਸ. ਅਧਿਕਾਰੀ ਲੈਣ ਦਾ ਯਤਨ ਕਰ ਰਿਹਾ ਹੈ। ਗ੍ਰਹਿ ਮੰਤਰੀ ਨੇ ਹੇਠਲੇ ਮੁਲਾਜ਼ਮਾਂ ਦੇ ਡੈਪੂਟੇਸ਼ਨ ਕੋਟੇ ਦੇ ਅਧਿਕਾਰ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਮੁਲਾਜ਼ਮਾਂ ਦੀ ਭਰਤੀ ਚੰਡੀਗੜ੍ਹ ਪ੍ਰਸ਼ਾਸਨ ਸਿੱਧੇ ਤੌਰ 'ਤੇ ਆਪਣੇ ਪੱਧਰ 'ਤੇ ਬਣਾਏ ਨਿਯਮਾਂ ਅਨੁਸਾਰ ਹੀ ਕਰ ਰਿਹਾ ਹੈ।

ਪ੍ਰਸ਼ਾਸਨ ਦੇ ਸਾਲ 2008 ਦੇ ਅੰਕੜਿਆਂ ਅਨੁਸਾਰ ਯੂ.ਟੀ. 'ਚ ਕੁੱਲ 22,702 ਮੁਲਾਜ਼ਮ ਤੇ ਅਧਿਕਾਰੀ ਹਨ। ਇਨ੍ਹਾਂ ਵਿਚੋਂ ਪੰਜਾਬ ਦੇ ਸਿਰਫ 811 ਅਧਿਕਾਰੀ ਤੇ ਮੁਲਾਜ਼ਮ ਹਨ ਜੋ ਯੂ.ਟੀ. ਦੇ ਕੁੱਲ ਮੁਲਾਜ਼ਮਾਂ ਦੀ ਗਿਣਤੀ ਦਾ ਮਹਿਜ਼ 3.6 ਫੀਸਦੀ ਬਣਦੇ ਹਨ। ਹਰਿਆਣਾ ਦੇ ਵੀ ਕੇਵਲ 490 ਮੁਲਾਜ਼ਮ ਤੇ ਅਧਿਕਾਰੀ ਯੂ.ਟੀ. 'ਚ ਡੈਪੂਟੇਸ਼ਨ 'ਤੇ ਹਨ ਜੋ ਕੁੱਲ ਗਿਣਤੀ ਦਾ ਸਿਰਫ 2.2 ਫੀਸਦੀ ਬਣਦੇ ਹਨ। ਯੂ.ਟੀ. ਦੇ ਸਿੱਖਿਆ, ਸਿਹਤ ਤੇ ਇੰਜਨੀਅਰਿੰਗ ਵਿਭਾਗ 'ਚ ਪੰਜਾਬ ਦੇ ਉਂਗਲਾਂ 'ਤੇ ਗਿਣੇ ਜਾਣ ਜੋਗੇ ਮੁਲਾਜ਼ਮ ਰਹਿ ਗਏ ਹਨ। ਕੇਂਦਰੀ ਗ੍ਰਹਿ ਮੰਤਰੀ ਨੇ ਪੰਜਾਬ ਸਰਕਾਰ ਨੂੰ ਸਪੱਸ਼ਟ ਕੀਤਾ ਹੈ ਕਿ ਯੂ.ਟੀ. ਪ੍ਰਸ਼ਾਸਨ 'ਚ ਅਧਿਕਾਰੀਆਂ ਦੇ ਕੰਮਾਂ ਦੀ ਵੰਡ ਵਿਚ ਕੇਂਦਰੀ ਗ੍ਰਹਿ ਵਿਭਾਗ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਨਹੀਂ ਕਰ ਸਕਦਾ ਤੇ ਅਧਿਕਾਰੀਆਂ ਨੂੰ ਵਿਭਾਗਾਂ ਦੀ ਵੰਡ ਕਰਨ ਦਾ ਅਧਿਕਾਰ ਸਿਰਫ ਚੰਡੀਗੜ੍ਹ ਦੇ ਪ੍ਰਸ਼ਾਸਕ ਕੋਲ ਹੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਇਹ ਗੱਲ ਜ਼ੋਰ ਨਾਲ ਉਠਾਈ ਸੀ ਕਿ ਪੰਜਾਬ ਤੋਂ ਡੈਪੂਟੇਸ਼ਨ 'ਤੇ ਆਉਂਦੇ ਅਧਿਕਾਰੀਆਂ ਨੂੰ ਯੂ.ਟੀ. ਵਿਚ ਨੁਕਰੇ ਲਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਪਹਿਲੀ ਰਵਾਇਤ ਅਨੁਸਾਰ ਅਹਿਮ ਵਿਭਾਗਾਂ ਦੇ ਚਾਰਜ ਨਹੀਂ ਦਿੱਤੇ ਜਾਂਦੇ।

ਪਹਿਲਾਂ ਪੰਜਾਬ ਦੇ ਚੰਡੀਗੜ੍ਹ 'ਚ ਡੈਪੂਟੇਸ਼ਨ 'ਤੇ ਜਾਂਦੇ ਆਈ.ਏ.ਐਸ. ਅਧਿਕਾਰੀ ਨੂੰ ਵਿੱਤ ਸਕੱਤਰ ਦੇ ਅਹੁਦੇ ਨਾਲ ਸਿੱਖਿਆ ਵਿਭਾਗ ਵੀ ਦਿੱਤਾ ਜਾਂਦਾ ਸੀ ਪਰ ਪਿਛਲੇ ਸਮੇਂ ਪ੍ਰਸ਼ਾਸਕ ਵੱਲੋਂ ਸਿੱਖਿਆ ਵਿਭਾਗ ਹਰਿਆਣੇ ਤੋਂ ਡੈਪੂਟੇਸ਼ਨ 'ਤੇ ਆਉਂਦੇ ਗ੍ਰਹਿ ਸਕੱਤਰ ਨੂੰ ਦੇਣ ਦੀ ਪ੍ਰਕਿਰਿਆ ਚਲਾ ਦਿੱਤੀ ਹੈ। ਇਸੇ ਤਰ੍ਹਾਂ ਯੂ.ਟੀ. ਦੇ ਡਿਪਟੀ ਕਮਿਸ਼ਨਰ ਦਾ ਅਹੁਦਾ ਹਮੇਸ਼ਾ ਹਰਿਆਣੇ ਨਾਲ ਸਬੰਧਤ ਆਈ.ਏ.ਐਸ. ਅਧਿਕਾਰੀ ਕੋਲ ਰਿਹਾ ਹੈ ਜਦੋਂ ਕਿ ਵਧੀਕ ਡਿਪਟੀ ਕਮਿਸ਼ਨਰ ਦਾ ਚਾਰਜ ਪੰਜਾਬ ਤੋਂ ਆਏ ਪੀ.ਸੀ.ਐਸ. ਅਧਿਕਾਰੀਆਂ ਕੋਲ ਰਿਹਾ ਹੈ ਪਰ ਹੁਣ ਏ.ਡੀ.ਸੀ ਦਾ ਅਹੁਦਾ ਵੀ ਹਰਿਆਣੇ ਨਾਲ ਸਬੰਧਤ ਐਚ.ਸੀ.ਐਸ. ਅਧਿਕਾਰੀ ਮਹਾਵੀਰ ਕੌਸ਼ਿਕ ਨੂੰ ਦਿੱਤਾ ਗਿਆ ਹੈ।

# ਪੰਜਾਬ ਦੀ ਆਟਾ ਦਾਲ ਸਕੀਮ ਹੁਣ ਆਖਰੀ ਸਾਹਾਂ 'ਤੇ ਪਹੁੰਚੀ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ ਨਾਲ ਸਸਤਾ ਆਟਾ ਤੇ ਦਾਲ ਦਾ ਵਾਅਦਾ ਕਰਕੇ ਦੂਜੀ ਵਾਰ ਸੱਤਾ 'ਚ ਆਈ ਅਕਾਲੀ-ਭਾਜਪਾ ਸਰਕਾਰ ਹੁਣ ਮਾੜੀ ਵਿੱਤੀ ਹਾਲਤ ਕਾਰਨ ਇਸ ਤੋਂ ਬੇਮੁਖ ਹੁੰਦੀ ਨਜ਼ਰ ਆ ਰਹੀ ਹੈ। ਇਸ ਸਕੀਮ ਨੇ ਪਨਸਪ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ, ਮਾਰਕਫੈਡ ਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਨੂੰ ਤਕਰੀਬਨ 13 ਹਜ਼ਾਰ ਕਰੋੜ ਰੁਪਏ ਦਾ ਕਰਜ਼ਾਈ ਕਰ ਦਿੱਤਾ ਹੈ ਕਿਉਂਕਿ ਇਨ੍ਹਾਂ ਅਦਾਰਿਆਂ ਨੂੰ ਕਣਕ ਤੇ ਦਾਲਾਂ ਖਰੀਦਣ ਲਈ ਸਰਕਾਰੀ ਖ਼ਜ਼ਾਨੇ 'ਚੋਂ ਪੂਰੇ ਪੰਜਾਂ ਸਾਲਾਂ ਦੌਰਾਨ ਇਕ ਧੇਲਾ ਵੀ ਜਾਰੀ ਨਹੀਂ ਹੋਇਆ ਜਿਸ ਕਾਰਨ ਇਕੱਲੇ ਸਿਰਫ ਪਨਸਪ ਦੇ ਸਿਰ ਹੀ ਇਸ ਯੋਜਨਾ ਕਾਰਨ 834 ਕਰੋੜ ਰੁਪਏ ਕਰਜ਼ਾ ਚੜ੍ਹ ਗਿਆ ਹੈ। ਸਰਕਾਰ ਦੇ ਇਸ ਰਵੱਈਏ ਕਾਰਨ ਪਨਸਪ ਨੇ ਚਲੰਤ ਮਾਲੀ ਸਾਲ ਦੌਰਾਨ ਪੈਸੇ ਲਏ ਬਿਨਾਂ ਇਸ ਸਰਕਾਰੀ ਯੋਜਨਾ ਲਈ ਦਾਲਾਂ ਖਰੀਦਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਇਸ ਯੋਜਨਾ ਦੇ ਤਕਰੀਬਨ 15.5 ਲੱਖ ਲਾਭਪਾਤਰੀ ਪਰਿਵਾਰਾਂ ਨੂੰ ਅਪਰੈਲ ਮਹੀਨੇ ਤੋਂ ਸਿਰਫ਼ ਕਣਕ ਹੀ ਦਿੱਤੀ ਜਾ ਸਕੀ ਹੈ। ਸੂਬੇ 'ਚ ਅਕਾਲੀ-ਭਾਜਪਾ ਗੱਠਜੋੜ ਦੇ ਮੁੜ ਸੱਤਾ ਸੰਭਾਲਣ ਮਗਰੋਂ ਸਰਕਾਰ ਦੀ ਇਹ ਲੋਕ ਲੁਭਾਊ ਯੋਜਨਾ ਬਿਨਾਂ ਦਾਲ ਤੋਂ ਹੀ ਚੱਲ ਰਹੀ ਹੈ। ਪਨਸਪ ਨੇ ਅਗਸਤ ਮਹੀਨੇ ਦੌਰਾਨ ਕਣਕ ਦੇ ਨਾਲ ਦਾਲ ਦੇਣ ਦਾ ਵਾਅਦਾ ਕੀਤਾ ਸੀ ਪਰ ਵਿੱਤ ਵਿਭਾਗ ਵਲੋਂ ਫੰਡ ਜਾਰੀ ਨਾ ਕੀਤੇ ਜਾਣ ਕਾਰਨ ਹੁਣ ਦਾਲ ਦੀ ਸਪਲਾਈ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

### ਸਰਕਾਰੀ ਏਜੰਸੀਆਂ ਹੋਈਆਂ ਕਰਜ਼ਾਈ



ਸੂਤਰਾਂ ਮੁਤਾਬਕ ਪਨਸਪ ਦੇ ਅਧਿਕਾਰੀਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ 47 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ 'ਚ ਡੁੱਬੀ ਪਨਸਪ ਕਰਜ਼ਾ ਲੈ ਕੇ ਸਰਕਾਰ ਦੀ ਆਟਾ ਦਾਲ ਯੋਜਨਾ ਨਹੀਂ ਚਲਾ ਸਕਦੀ। ਪੰਜਾਬ ਸਰਕਾਰ ਨੇ ਸਾਲ 2007 'ਚ ਜਦੋਂ ਇਹ ਯੋਜਨਾ ਚਲਾਈ ਸੀ ਤਾਂ ਉਦੋਂ ਪਨਸਪ ਨੂੰ ਕਣਕ ਤੇ ਦਾਲਾਂ ਦੀ ਖਰੀਦ ਲਈ ਨੋਡਲ ਏਜੰਸੀ ਬਣਾਇਆ ਗਿਆ ਸੀ। ਪਨਸਪ ਦੇ ਅਧਿਕਾਰੀਆਂ ਮੁਤਾਬਕ ਸਰਕਾਰ ਨੇ ਅਪਰੈਲ ਅਤੇ ਮਈ ਮਹੀਨੇ ਦੌਰਾਨ ਦਾਲਾਂ ਖਰੀਦਣ ਲਈ 10 ਕਰੋੜ ਰੁਪਏ ਜਾਰੀ ਕੀਤੇ ਸਨ। ਉਸ ਪਿੱਛੋਂ ਕੋਈ ਪੈਸਾ ਨਹੀਂ ਦਿੱਤਾ। ਇਸ ਅਦਾਰੇ ਨੂੰ ਸਿਰਫ਼ ਦਾਲਾਂ ਖਰੀਦਣ ਲਈ ਹਰੇਕ ਮਹੀਨੇ ਸਾਢੇ ਸੱਤ ਕਰੋੜ ਰੁਪਏ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਵਿੱਤ ਵਿਭਾਗ ਨੇ ਪੁਰਾਣੇ ਕਰਜ਼ੇ ਦਾ ਵਿਆਜ ਅਦਾ ਕਰਨ ਲਈ 100 ਕਰੋੜ ਰੁਪਏ ਜਾਰੀ ਕਰਨ ਨੂੰ ਪ੍ਰਵਾਨਗੀ ਤਾਂ ਦੇ ਦਿੱਤੀ ਹੈ ਪਰ ਸਰਕਾਰੀ ਖ਼ਜ਼ਾਨੇ ਵਿਚ ਪੈਸਾ ਨਾ ਹੋਣ ਕਾਰਨ ਅਦਾਰੇ ਨੂੰ ਇਹ ਰਕਮ ਅਜੇ ਤੱਕ ਨਹੀਂ ਮਿਲੀ ਹੈ। ਸਰਕਾਰ ਵਲੋਂ ਹਰ ਮਹੀਨੇ ਇਕ ਪਰਿਵਾਰ ਨੂੰ ਚਾਰ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ 25 ਕਿਲੋ ਕਣਕ ਤੇ 25 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਦਾਈ ਕਿਲੋ ਦਾਲ ਰਾਸ਼ਨ ਡਿਪੂਆਂ ਰਾਹੀਂ ਦਿੱਤੀ ਜਾਂਦੀ ਹੈ। ਇਸ ਯੋਜਨਾ ਅਧੀਨ ਆਮ ਤੌਰ 'ਤੇ ਚਨਾ ਦਾਲ ਤੇ ਦਾਲ ਉੜਦ ਦਿੱਤੀ ਜਾਂਦੀ ਸੀ।

# ਪੰਜਾਬ ਪੁਲਿਸ ਹੁਣ ਵਸੂਲੇਗੀ ਜਨਤਾ ਤੋਂ ਸੇਵਾ ਦਾ ਮੁੱਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਪੁਲਿਸ ਨੂੰ ਹੁਣ ਆਮ ਲੋਕਾਂ ਦੀਆਂ ਜੇਬਾਂ 'ਚੋਂ ਪੈਸਾ ਕਢਵਾਉਣ ਦਾ ਕਾਨੂੰਨੀ ਅਧਿਕਾਰ ਵੀ ਮਿਲ ਗਿਆ ਹੈ ਤੇ ਲੋਕਾਂ ਨੂੰ ਇਹ ਪੈਸਾ ਪੁਲਿਸ ਨੂੰ ਆਪਣੇ ਆਮ ਕੰਮਾਂ ਲਈ ਦੇਣਾ ਪਵੇਗਾ। ਪੰਜਾਬ ਸਰਕਾਰ ਵੱਲੋਂ ਰਾਜ ਭਰ 'ਚ ਬਣਾਏ ਜਾ ਰਹੇ 469 ਕਮਿਊਨਿਟੀ ਪੁਲੀਸਿੰਗ ਸੁਵਿਧਾ ਸੈਂਟਰਾਂ (ਸੀ.ਪੀ.ਐਸ.ਸੀਜ਼.) 'ਚ ਜਨਤਾ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਦਲੇ ਸੁਵਿਧਾ ਫੀਸ (ਫੈਸਲੀਟੇਸ਼ਨ ਚਾਰਜਿਜ਼) ਲਈ ਜਾਵੇਗੀ।

ਪੰਜਾਬ ਸਰਕਾਰ ਨੇ ਗਵਰਨੈਂਸ ਰਿਫਾਰਮਜ਼ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ 'ਕਮਿਸ਼ਨਰੇਟ' ਪੱਧਰ ਉਪਰ 114 ਕਮਿਊਨਿਟੀ ਪੁਲਸਿੰਗ ਸੁਵਿਧਾ ਸੈਂਟਰ (ਸੀ.ਪੀ.ਐਸ.ਸੀਜ਼) ਤੇ ਜ਼ਿਲ੍ਹਾ ਪੱਧਰ 'ਤੇ 88 ਸੀ.ਪੀ.ਐਸ.ਸੀਜ਼ ਸਥਾਪਤ ਕਰਨ ਦਾ ਫੈਸਲਾ ਲਿਆ ਹੈ। ਇਸ ਤੋਂ ਇਲਾਵਾ ਥਾਣਾ ਪੱਧਰ 'ਤੇ 267 ਪੁਲਿਸ ਸਟੇਸ਼ਨ ਆਊਟਰੀਚ (ਪੀ.ਐਸ.ਓ.ਸੀਜ਼.) ਵੀ ਸਥਾਪਤ ਕੀਤੇ ਜਾ ਰਹੇ ਹਨ।

ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸੈਂਟਰਾਂ ਉਪਰ ਜਨਤਾ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੇ ਇਵਜ਼ ਵਜੋਂ ਸੁਵਿਧਾ ਫੀਸ ਵਸੂਲਣ ਦੀ ਤਜਵੀਜ਼ ਬਣਾਈ ਹੈ। ਇਨ੍ਹਾਂ ਸੈਂਟਰਾਂ ਤੋਂ ਵਸੂਲੇ ਜਾਣ ਵਾਲੇ ਚਾਰਜਿਜ਼ ਰਾਹੀਂ ਹੋਣ ਵਾਲੀ ਆਮਦਨ ਨੂੰ ਇਨ੍ਹਾਂ ਸੈਂਟਰਾਂ ਦੇ ਰੈਕਰਿੰਗ ਖਰਚੇ ਵਜੋਂ ਵਰਤਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਪੰਜਾਬ ਦੇ ਗ੍ਰਹਿ ਮੰਤਰਾਲੇ ਤੇ ਨਿਆਂ ਵਿਭਾਗ ਵੱਲੋਂ ਇਨ੍ਹਾਂ ਸੈਂਟਰਾਂ ਰਾਹੀਂ ਜਨਤਾ ਵੱਲੋਂ ਕਰਵਾਏ ਜਾਣ ਵਾਲੇ ਕੰਮਾਂ ਲਈ ਤੈਅ ਕੀਤੀ ਸੁਵਿਧਾ ਫੀਸ ਦੀ ਬਕਾਇਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤੀ ਗਈ ਹੈ।

### ਜਨਤਾ ਤੋਂ ਪੈਸੇ ਲੈਣ ਦੀ ਕਾਨੂੰਨੀ ਖੁੱਲ੍ਹ



ਖਰਚੇ ਪਾਣੀ ਦਾ ਜੁਗਾੜ!

ਪੁਲਿਸ ਕਮਿਸ਼ਨਰੇਟਸ ਪੱਧਰ ਉਤੇ ਬਣਾਏ ਜਾ ਰਹੇ 114 ਸੈਂਟਰਾਂ ਵਿਚ ਪਾਸਪੋਰਟ ਸੇਵਾਵਾਂ ਲਈ 100 ਰੁਪਏ ਤੋਂ ਲੈ ਕੇ 500 ਰੁਪਏ ਤੱਕ ਫੀਸ ਤੈਅ ਕੀਤੀ ਗਈ ਹੈ। ਪਾਸਪੋਰਟ ਵੈਰੀਫਿਕੇਸ਼ਨ, ਵਿਦੇਸ਼ੀਆਂ ਦੇ ਰਾਜ ਵਿਚ ਆਉਣ ਤੇ ਜਾਣ ਵੇਲੇ ਰਜਿਸਟ੍ਰੇਸ਼ਨ ਕਰਨ ਤੇ ਇਸ ਨਾਲ ਸਬੰਧਤ ਹੋਰ ਸੇਵਾਵਾਂ ਲਈ 100-100 ਰੁਪਏ ਫੀਸ ਤੈਅ ਕੀਤੀ ਗਈ ਹੈ। ਇਸੇ ਤਰ੍ਹਾਂ ਵਿਦੇਸ਼ ਵਿਚ ਪਾਸਪੋਰਟ ਗੁੰਮ ਹੋਣ ਦੀ ਪੜਤਾਲੀਆ ਰਿਪੋਰਟ ਮੁਹੱਈਆ ਕਰਨ ਤੇ ਵਿਦੇਸ਼ੀਆਂ ਨੂੰ ਰੈਜੀਡੈਂਟ ਪਰਮਿਟ ਦੇਣ ਦੀ ਪ੍ਰਕਿਰਿਆ ਵਾਸਤੇ 500-500 ਰੁਪਏ ਫੀਸ ਤੈਅ ਕੀਤੀ ਗਈ ਹੈ।

ਹਥਿਆਰਾਂ ਦੇ ਲਾਇਸੈਂਸ ਦੀ ਵੈਰੀਫਿਕੇਸ਼ਨ ਲਈ 100 ਤੋਂ ਲੈ ਕੇ 200 ਰੁਪਏ ਤੱਕ ਫੀਸ ਤੈਅ ਕੀਤੀ ਗਈ ਹੈ ਜਿਸ ਤਹਿਤ ਆਰਮਜ਼ ਲਾਇਸੈਂਸ ਵਿਚ ਨਵੇਂ ਹਥਿਆਰ ਦੀ ਐਂਟਰੀ ਕਰਨ, ਵੇਚਣ ਦੇ ਇਤਰਾਜ਼ ਨਹੀਂ ਸਰਟੀਫਿਕੇਟ (ਐਨ.ਓ.ਸੀ.) ਦੇਣ ਲਈ 100 ਰੁਪਏ ਫੀਸ ਤੈਅ ਕੀਤੀ ਗਈ ਹੈ ਜਦਕਿ ਨਵਾਂ ਆਰਮਜ਼ ਲਾਇਸੈਂਸ ਬਣਾਉਣ ਤੇ ਨਵਿਆਉਣ ਦੀ ਵੈਰੀਫਿਕੇਸ਼ਨ ਕਰਨ ਦੀ 200 ਰੁਪਏ ਫੀਸ ਤੈਅ ਕੀਤੀ ਹੈ। ਵਾਹਨ ਵੇਚਣ ਤੇ ਖਰੀਦਣ ਵੇਲੇ ਐਨ.ਓ.ਸੀ. ਹਾਸਲ ਕਰਨ ਤੇ ਸਪੀਕਰ ਲਾਉਣ ਦੀ ਮਨਜ਼ੂਰੀ ਲੈਣ ਲਈ 100-100 ਰੁਪਏ ਫੀਸ ਰੱਖੀ ਗਈ ਹੈ।

ਇਸ ਤੋਂ ਇਲਾਵਾ ਮੇਲਾ ਤੇ ਪ੍ਰਦਰਸ਼ਨੀ ਲਾਉਣ ਦੀ ਮਨਜ਼ੂਰੀ ਲੈਣ ਤੇ ਪੈਟਰੋਲ ਪੰਪ, ਮੈਰਿਜ ਪੈਲਿਸ, ਹੋਟਲ, ਸਿਨੇਮਾ, ਆਰਮਜ਼ ਡੀਲਰ, ਸਿਨੇਮਾ ਵੀਡੀਓ ਪਾਰਲਰ ਲਈ ਐਨ.ਓ.ਸੀ. ਲੈਣ ਵਾਸਤੇ 500-500 ਰੁਪਏ ਫੀਸ ਰੱਖੀ ਗਈ ਹੈ। ਪੁਲਿਸ ਕਲੀਅਰੈਂਸ ਸਰਟੀਫਿਕੇਟ ਤਹਿਤ ਸਰਵਿਸ ਵੈਰੀਫਿਕੇਸ਼ਨ, ਕਰੈਕਟਰ ਵੈਰੀਫਿਕੇਸ਼ਨ ਤੇ ਕਿਰਾਏਦਾਰ ਤੇ ਨੌਕਰ ਦੀ ਵੈਰੀਫਿਕੇਸ਼ਨ ਕਰਵਾਉਣ ਲਈ ਵੀ 50 ਰੁਪਏ ਅਦਾ ਕਰਨੇ ਪੈਣਗੇ।

ਇਸੇ ਤਰ੍ਹਾਂ 24 ਪੁਲਿਸ ਜ਼ਿਲ੍ਹਾ ਪੱਧਰ 'ਤੇ 88 ਸੀ.ਪੀ.ਐਸ.ਸੀਜ਼. ਤੇ ਥਾਣਾ ਪੱਧਰ ਉਪਰ ਸਥਾਪਤ ਕੀਤੇ ਜਾ ਰਹੇ 267 ਪੀ.ਐਸ.ਓ.ਸੀਜ਼. ਉਪਰ ਵੀ ਅਜਿਹੀਆਂ ਸਾਰੀਆਂ ਸੇਵਾਵਾਂ ਲਈ ਕਮਿਸ਼ਨਰੇਟਸ ਪੱਧਰ 'ਤੇ ਸਥਾਪਤ ਸੈਂਟਰਾਂ ਵਾਲੀਆਂ ਫੀਸਾਂ ਹੀ ਵਸੂਲੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਦਫ਼ਤਰਾਂ/ਸੁਵਿਧਾ ਸੈਂਟਰਾਂ ਵਲੋਂ ਵਸੂਲੇ ਜਾਣ ਵਾਲੇ ਚਾਰਜਿਜ਼ ਪਿੱਛੋਂ ਸਬੰਧਤ ਪੁਲਿਸ ਸਟੇਸ਼ਨਾਂ ਦੇ ਆਊਟਰੀਚ ਸੈਂਟਰਾਂ 'ਚ ਟਰਾਂਸਫਰ ਕੀਤੇ ਜਾਣਗੇ। ਇਨ੍ਹਾਂ ਚਾਰਜਿਜ਼ ਵਿਚ ਸਬ-ਟੈਕਸ ਵੀ ਸ਼ਾਮਲ ਹੈ ਜਿਸ ਨੂੰ ਕੁਲੈਕਟਿੰਗ ਏਜੰਸੀ ਵਲੋਂ ਜਮ੍ਹਾਂ ਕਰਵਾਇਆ ਜਾਵੇਗਾ।

# ਦਿੱਲੀ ਗੁਰਦੁਆਰਾ ਚੋਣਾਂ ਇਸੇ ਸਾਲ ਕਰਾਉਣ ਦੀ ਹਦਾਇਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਨੂੰ ਇਸ ਸਾਲ ਦੇ ਅੰਤ ਤਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਦੀਆਂ ਚੋਣਾਂ ਕਰਾਉਣ ਤੇ ਉਸ ਤੋਂ ਬਾਅਦ ਨੌਂ ਮਹੀਨਿਆਂ ਦੇ ਅੰਦਰ ਨਵੀਆਂ ਵੋਟਰ ਸੂਚੀਆਂ ਤਿਆਰ ਕਰਨ ਤੇ ਨਵੀਂ ਵਾਰਡਬੰਦੀ ਕਰਨ ਦਾ ਅਭਿਆਸ ਮੁਕੰਮਲ ਕਰਨ ਦੇ ਹੁਕਮ ਦਿੱਤੇ ਹਨ।

ਜਸਟਿਸ ਆਰ.ਐਮ. ਲੋਢਾ ਤੇ ਅਨਿਲ ਦਵੇ ਦੇ ਬੈਂਚ ਨੇ ਇਹ ਫੈਸਲਾ ਵੀ ਸੁਣਾਇਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਉਨ੍ਹਾਂ ਲੋਕਾਂ ਨੂੰ ਵੋਟ ਦਾ ਹੱਕ ਦਿੱਤਾ ਜਾਵੇ ਜਿਨ੍ਹਾਂ ਕੋਲ ਪਾਰਲੀਮੈਂਟ ਜਾਂ ਵਿਧਾਨ ਸਭਾ ਦੀਆਂ ਚੋਣਾਂ ਲਈ ਚੋਣ ਕਮਿਸ਼ਨ ਵੱਲੋਂ ਜਾਰੀ ਕੀਤਾ ਕੋਈ ਅਧਿਕਾਰਤ ਪਛਾਣ ਪੱਤਰ ਹੋਵੇ। ਬੈਂਚ ਨੇ ਇਹ ਵੀ ਸਪਸ਼ਟ ਕੀਤਾ ਕਿ ਵੋਟਰ ਦਾ ਹੱਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣ ਮੈਂਬਰ ਨੇਮ 1972 ਦੇ ਅਧੀਨ ਹੋਵੇਗਾ ਜਿਸ ਤਹਿਤ ਸਿੱਖਾਂ ਨੂੰ ਹੀ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਦਾ ਹੱਕ ਹਾਸਲ ਹੈ।

ਸੁਪਰੀਮ ਕੋਰਟ ਨੇ ਆਖਿਆ ਕਿ ਜੇ ਲੋੜ ਮਹਿਸੂਸ ਹੋਵੇ ਤਾਂ ਨਵੀਆਂ ਵੋਟਰ ਸੂਚੀਆਂ ਤਿਆਰ ਕਰਾਈਆਂ ਜਾਣ ਤੇ ਨਵੇਂ ਸਿਰਿਓਂ ਵਾਰਡਬੰਦੀ ਕੀਤੀ ਜਾਵੇ। ਬੈਂਚ ਨੇ ਦਸਮੇਸ਼ ਸੇਵਾ ਸੁਸਾਇਟੀ ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ-ਯੂ.ਕੇ.) ਵੱਲੋਂ ਦਾਇਰ ਕੀਤੀਆਂ ਅਪੀਲਾਂ 'ਤੇ ਫੈਸਲਾ ਦਿੱਤਾ ਹੈ। ਉਨ੍ਹਾਂ ਦਿੱਲੀ ਹਾਈ ਕੋਰਟ ਦੇ 1 ਮਾਰਚ, 2012 ਦੇ ਉਸ ਫੈਸਲੇ ਨੂੰ ਵੰਗਾਰਿਆ ਸੀ ਜਿਸ ਵਿਚ ਨਵੀਆਂ ਵੋਟਰ ਸੂਚੀਆਂ ਤਿਆਰ ਕਰਨ ਤੇ ਨਵੀਂ ਵਾਰਡਬੰਦੀ ਤੋਂ ਬਗੈਰ ਹੀ ਚੋਣਾਂ ਕਰਾਉਣ ਦਾ ਹੁਕਮ ਦਿੱਤਾ ਗਿਆ ਸੀ।

ਬੈਂਚ ਨੇ ਪਟੀਸ਼ਨਰਾਂ ਨੂੰ ਸਲਾਹ ਦਿੱਤੀ ਕਿ ਉਹ ਭਵਿੱਖ ਵਿਚ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਦੀ ਮਿਆਦ ਨੇੜੇ ਢੁਕਣ ਤੋਂ ਤੁਰੰਤ ਮਗਰੋਂ ਆਪਣੇ ਇਤਰਾਜ਼ ਦੇ ਦੇਣ। ਪਟੀਸ਼ਨਰਾਂ ਨੇ ਸ਼ਿਕਾਇਤ ਕੀਤੀ ਸੀ ਕਿ 1975 ਤੋਂ ਲੈ ਕੇ ਹੁਣ ਤਕ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਪੰਜ ਵਾਰ ਹੀ ਚੋਣਾਂ ਹੋ ਸਕੀਆਂ ਹਨ। ਦਿੱਲੀ ਸਰਕਾਰ ਦੀ ਤਰਫੋਂ ਪੇਸ਼ ਹੋਏ ਸੀਨੀਅਰ ਵਕੀਲ ਕੇ ਟੀ.ਐਸ. ਤੁਲਸੀ ਨੇ ਆਖਿਆ ਕਿ ਸੋਧੀਆਂ ਹੋਈਆਂ ਵੋਟਰ ਸੂਚੀਆਂ ਵਿਚ 405322 ਵੋਟਰ ਹਨ ਜਦਕਿ ਪਟੀਸ਼ਨਰਾਂ ਨੇ ਦਾਅਵਾ ਕੀਤਾ ਕਿ ਇਨ੍ਹਾਂ ਵਿਚੋਂ 2.5 ਲੱਖ ਹੀ ਯੋਗ ਵੋਟਰ ਹਨ।

ਉਂਜ, ਬੈਂਚ ਨੇ ਆਖਿਆ ਕਿ ਇਹ ਮੰਨਣਾ ਔਖਾ ਹੈ ਕਿ 1.5 ਲੱਖ ਵੋਟਰ ਬੋਗਸ ਹੋ ਸਕਦੇ ਹਨ ਕਿਉਂਕਿ ਵੋਟਰ ਸੂਚੀਆਂ ਦੀ ਪ੍ਰਕਾਸ਼ਨਾ ਤੋਂ ਬਾਅਦ ਸਿਰਫ 5000 ਇਤਰਾਜ਼ ਆਏ ਸਨ। ਤੁਲਸੀ ਨੇ ਕਿਹਾ ਕਿ ਦਿੱਲੀ ਸਰਕਾਰ ਸਕੂਲੀ ਇਮਾਰਤਾਂ, ਅਧਿਆਪਕਾਂ ਤੇ ਪੁਲਿਸ ਕਰਮੀਆਂ ਦੀ ਉਪਲਬਧਤਾ ਦੇ ਪੇਸ਼ੇਨਜ਼ਰ 10 ਹਫਤਿਆਂ ਵਿਚ ਚੋਣ ਅਮਲ ਪੂਰਾ ਕਰ ਸਕਦੀ ਹੈ। ਸੁਪਰੀਮ ਕੋਰਟ ਨੇ ਸਾਰੀਆਂ ਸਬੰਧਤ ਧਿਰਾਂ ਨੂੰ ਇਸ ਸਬੰਧ ਵਿਚ ਸਰਕਾਰ ਨਾਲ ਸਹਿਯੋਗ ਕਰਨ ਲਈ ਕਿਹਾ।

ਉਧਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਜਨ ਸਿੰਘ ਵਾਲੀਆ ਨੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਆਗੂ ਰੋੜੇ ਨਾ ਅਟਕਾਉਂਦੇ ਤਾਂ ਚੋਣਾਂ ਬਹੁਤ ਚਿਰ ਪਹਿਲਾਂ ਹੀ ਹੋ ਜਾਣੀਆਂ ਸਨ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਵੀ ਚੋਣ ਅਮਲ ਸ਼ੁਰੂ ਹੁੰਦਾ ਤਾਂ ਬਾਦਲ ਦਲ ਵਾਲੇ ਕੋਈ ਨਾ ਕੋਈ ਅਰਜ਼ੀ ਅਦਾਲਤ ਪਵਾ ਦਿੰਦੇ ਹਨ। ਸ਼੍ਰੋਮਣੀ ਅਕਾਲੀ ਦਲ (ਦਿੱਲੀ-ਯੂ ਕੇ) ਦੇ ਪ੍ਰਧਾਨ ਜਸਜੀਤ ਸਿੰਘ ਤੇ ਦਸਮੇਸ਼ ਸੇਵਾ ਸੁਸਾਇਟੀ ਦੇ ਮੁਖੀ ਇੰਦਰਮੋਹਨ ਸਿੰਘ ਨੇ ਕਿਹਾ ਕਿ ਉਨ੍ਹਾਂ ਵੋਟਰ ਸੂਚੀਆਂ ਵਿਚ ਖਾਮੀਆਂ ਤੇ ਨਵੀਂ ਵਾਰਡਬੰਦੀ ਵਿਚ ਦੇਰੀ ਕਾਰਨ ਪਟੀਸ਼ਨ ਦਾਇਰ ਕੀਤੀ ਸੀ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ
ਫੋਨ: 209-992-7185

***ਵਿਰੋਧੀ ਧਿਰ ਦੀ ਏਕਤਾ ਸਮੇਂ ਦੀ ਮੁਖ ਲੋੜ-ਕੈਪਟਨ ਅਮਰਿੰਦਰ ਸਿੰਘ**
-ਸਿਆਣਿਆਂ ਨੇ ਸਹੀ ਕਿਹੈ, ਅਕਲ ਬਦਾਮ ਖਾਣ ਨਾਲ ਨਹੀਂ, ਧੱਕੇ ਖਾਣ ਨਾਲ ਆਉਂਦੀ ਐ।

***ਨਸ਼ਿਆਂ ਦੀ ਤਸਕਰੀ ਰੋਕਣ ਲਈ ਕੇਂਦਰ ਆਪਣੀ ਭੂਮਿਕਾ ਨਿਭਾਵੇ-ਸੁਖਬੀਰ ਬਾਦਲ**
-ਜਿਵੇਂ ਪੰਜਾਬ ਸਰਕਾਰ ਨਸ਼ੇ ਘਰ ਘਰ ਪਹੁੰਚਾਉਣ ਦੀ ਭੂਮਿਕਾ ਨਿਭਾ ਰਹੀ ਐ।

***ਪੰਜਾਬ ਸਰਕਾਰ ਪਰਵਾਸੀਆਂ ਦੀ ਸੇਵਕ ਹੈ-ਠੇਕੇਦਾਰ ਭੁੱਲੇਵਾਲ ਰਾਠਾਂ**
-ਗੱਲੀਂ ਬਾਤੀਂ।

***ਸੁਸ਼ਮਾ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਯੋਗ ਉਮੀਦਵਾਰ-ਬਾਲ ਠਾਕਰੇ**
-ਉਮੀਦਵਾਰ ਤਾਂ ਭਾਜਪਾ ਕੋਲ 25 ਐ ਪਰ ਕੋਈ ਜਿੱਤੂ ਤਾਂ ਹੀ ਪ੍ਰਧਾਨ ਮੰਤਰੀ ਬਣੂੰ।

***ਪੰਜਾਬ ਦੇ ਅਯੋਗ ਤੇ ਭ੍ਰਿਸ਼ਟ ਮੁਲਾਜ਼ਮ ਜਬਰੀ ਸੇਵਾ ਮੁਕਤ ਕੀਤੇ ਜਾਣਗੇ**
-ਜੇਕਰ ਬਨਦਾ ਹਿੱਸਾ ਸਬੰਧਤ ਮੰਤਰੀਆਂ ਤੱਕ ਪਹੁੰਚਦਾ ਨਾ ਕੀਤਾ ਤਾਂ।

***ਅਕਾਲੀ-ਭਾਜਪਾ ਸਰਕਾਰ ਪੰਜ ਸਾਲ ਪੂਰੇ ਨਹੀਂ ਕਰ ਸਕੇਗੀ-ਕੈਪਟਨ**
-ਅਖੇ! ਤਾਲੋਂ ਖੁੱਥੀ ਡੂਮਣੀ ਬੋਲੇ ਆਲ ਪਤਾਲ।

***ਫੌਜ ਮੇਰੇ ਹਵਾਲੇ ਕਰੋ, ਇੱਕ ਮਹੀਨੇ 'ਚ 'ਕਟੜਪੰਥੀਆਂ' ਨੂੰ ਸਿੱਧਾ ਕਰ ਦਿਆਂਗਾ-ਬਾਲ ਠਾਕਰੇ**
-ਇਥੇ 'ਕਟੜਪੰਥੀਆਂ' ਦੀ ਜਗ੍ਹਾ ਸਿੱਖ ਜਾਂ ਮੁਸਲਮਾਨ ਪੜ੍ਹਿਆ ਜਾਵੇ।

# ਮਾਤਾ ਸੁੰਦਰੀ ਸਬੰਧੀ ਪੁਸਤਕ ਰਿਲੀਜ਼

**ਪਟਿਆਲਾ (ਬਿਊਰੋ):** ਇਥੇ ਪੰਜਾਬੀ ਯੂਨੀਵਰਸਿਟੀ ਦੇ ਗੁਰੂ ਗੋਬਿੰਦ ਸਿੰਘ ਭਵਨ ਵਿਚ ਡਾ. ਪਰਮਵੀਰ ਸਿੰਘ ਦੀ ਪੁਸਤਕ 'ਮਾਤਾ ਸੁੰਦਰੀ ਜੀ: ਸੰਘਰਸ਼ ਅਤੇ ਸ਼ਖ਼ਸੀਅਤ' ਲੋਕ ਅਰਪਣ ਕੀਤੀ ਗਈ। ਇਸ ਪ੍ਰਭਾਵਸ਼ਾਲੀ ਸਮਾਗਮ ਦੀ ਪ੍ਰਧਾਨਗੀ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਕੀਤੀ। ਬਾਬਾ ਨਿਹਾਲ ਸਿੰਘ, ਮੁਖੀ, ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਮੁਖ ਮਹਿਮਾਨ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਮਾਤਾ ਸੁੰਦਰੀ ਕਾਲਜ ਦਿੱਲੀ ਦੀ ਸਾਬਕਾ ਪ੍ਰਿੰਸੀਪਲ ਡਾ. ਮਹਿੰਦਰ ਕੌਰ ਗਿੱਲ ਵਿਸ਼ੇਸ਼ ਮਹਿਮਾਨ ਵਜੋਂ ਸ਼ਰੀਕ ਹੋਏ।

ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਇਹ ਇਕ ਸਰੋਤ ਪੁਸਤਕ ਹੈ ਜਿਸ ਨਾਲ ਸਿੱਖ ਇਤਿਹਾਸ ਅਤੇ ਪਰੰਪਰਾਵਾਂ ਨੂੰ ਮਜ਼ਬੂਤ ਕਰਨ ਵਿਚ ਬਹੁਤ ਸਹਾਇਤਾ ਮਿਲੇਗੀ। ਗੁਰੂ ਮਹਿਲਾਂ ਨਾਲ ਸਬੰਧਤ ਹੁਣ ਤੱਕ ਬਹੁਤ ਘੱਟ ਖੋਜ ਕਾਰਜ ਹੋਇਆ ਹੈ ਅਤੇ ਇਸ ਦਿਸ਼ਾ ਵੱਲ ਹੋਰ ਸੁਚਾਰੂ ਕਾਰਜ ਕਰਨ ਦੀ ਲੋੜ ਸੀ। ਡਾ. ਪਰਮਵੀਰ ਸਿੰਘ ਦਾ ਇਹ ਖੋਜ ਕਾਰਜ ਇਸ ਦਿਸ਼ਾ ਵੱਲ ਇਕ ਵਿਲੱਖਣ ਕਦਮ ਹੈ।

ਬਾਬਾ ਨਿਹਾਲ ਸਿੰਘ ਨੇ ਡਾ. ਪਰਮਵੀਰ ਸਿੰਘ ਦੀ ਇਸ ਖੋਜ 'ਤੇ ਖ਼ੁਸ਼ੀ ਸਾਂਝੇ ਕਰਦੇ ਹੋਏ ਕਿਹਾ ਕਿ ਮਾਤਾ ਜੀ ਦੇ ਜੀਵਨ ਨਾਲ ਸਬੰਧਤ ਇਹ ਬਹੁਤ ਹੀ ਕਠਿਨ ਕਾਰਜ ਸੀ ਜਿਸ ਨੂੰ ਉਨ੍ਹਾਂ ਬਹੁਤ ਹੀ ਮਿਹਨਤ ਨਾਲ ਸਿਰੇ ਚਾੜ੍ਹਿਆ ਹੈ ਅਤੇ ਇਸ ਨਾਲ ਮਾਤਾ ਜੀ ਦੀ ਸ਼ਖ਼ਸੀਅਤ ਸਬੰਧੀ ਭੁਲੇਖੇ ਦੂਰ ਕਰਨ ਵਿਚ ਇਹ ਖੋਜ ਕਾਰਜ ਮੀਲ ਪੱਥਰ ਸਾਬਤ ਹੋਵੇਗਾ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਡਾ. ਪਰਮਵੀਰ ਸਿੰਘ ਨੇ ਇਸ ਖੋਜ ਕਾਰਜ ਨੂੰ ਸਿਰੇ ਚਾੜ੍ਹਨ ਲਈ ਦੂਰ-ਦੁਰਾਡੇ ਦੇ ਅਸਥਾਨਾਂ ਦਾ ਸਰਵੇ ਕੀਤਾ ਹੈ ਅਤੇ ਇਸ ਖੋਜ ਕਾਰਜ ਨੇ ਮਾਤਾ ਜੀ ਦੇ ਜੀਵਨ ਸਬੰਧੀ ਬਹੁਤ ਸਾਰੇ ਛੁਪੇ ਤੱਥਾਂ ਨੂੰ ਉਜਾਗਰ ਕੀਤਾ ਹੈ।

ਬੀਬੀ ਮਹਿੰਦਰ ਕੌਰ ਗਿੱਲ ਨੇ ਕਿਹਾ ਕਿ ਇਸ ਖੋਜ ਕਾਰਜ ਰਾਹੀਂ ਜਿਹੜੇ ਤੱਥ ਸਾਹਮਣੇ ਆਏ ਹਨ ਉਨ੍ਹਾਂ ਨੇ ਮਾਤਾ ਸੁੰਦਰੀ ਦੇ ਜੀਵਨ ਨੂੰ ਹੋਰ ਵਧੇਰੇ ਨਿਖਾਰ ਕੇ ਪੇਸ਼ ਕੀਤਾ ਗਿਆ ਹੈ। ਇਹ ਖੋਜ ਕਾਰਜ ਇਤਿਹਾਸ ਦੇ ਪੰਨਿਆਂ 'ਤੇ ਇਕ ਖ਼ੂਬਸੂਰਤ ਦਸਤਾਵੇਜ਼ ਵਜੋਂ ਸਾਹਮਣੇ ਆਇਆ ਹੈ। ਹਾਜ਼ਰ ਸਰੋਤਿਆਂ ਦਾ ਧੰਨਵਾਦ ਕਰਦਿਆਂ ਡਾ. ਪਰਮਵੀਰ ਸਿੰਘ ਨੇ ਦੱਸਿਆ ਕਿ ਇਹ ਖੋਜ ਕਾਰਜ ਯੂਨੀਵਰਸਿਟੀ ਦੇ ਖੋਜ ਮਿਆਰ ਨੂੰ ਸਾਹਮਣੇ ਰੱਖ ਕੇ ਮਾਤਾ ਜੀ ਦੇ ਜੀਵਨ ਨਾਲ ਸਬੰਧਤ ਸਹੀ ਜਾਣਕਾਰੀ ਪ੍ਰਦਾਨ ਕਰਨ ਦਾ ਇਕ ਯਤਨ ਹੈ। ਡਾ. ਜੋਧ ਸਿੰਘ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਮੰਚ ਸੰਚਾਲਨ ਡਾ. ਗੁਰਮੀਤ ਸਿੰਘ ਨੇ ਕੀਤਾ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ. ਗੁਰਨੇਕ ਸਿੰਘ, ਸ. ਸਿਮਰਜੀਤ ਸਿੰਘ, ਡਾ. ਨਰਿੰਦਰ ਕੁਮਾਰ, ਡਾ. ਪਰਵਿੰਦਰ ਸਿੰਘ, ਡਾ. ਕੁਲਬੀਰ ਸਿੰਘ ਢਿੱਲੋਂ, ਡਾ. ਰਾਜਿੰਦਰ ਕੌਰ ਰੋਹੀ, ਡਾ. ਸੁਖਦਿਆਲ ਸਿੰਘ, ਡਾ. ਧਨਵੰਤ ਕੌਰ, ਡਾ. ਰਾਜਿੰਦਰਪਾਲ ਸਿੰਘ ਬਰਾੜ ਅਤੇ ਡਾ. ਸਰਬਜਿੰਦਰ ਸਿੰਘ ਆਦਿ ਵਿਦਵਾਨ ਸ਼ਾਮਲ ਸਨ।



*ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਪੁਸਤਕ ਰਲੀਜ਼ ਕਰਦੇ ਹੋਏ। ਨਾਲ ਹਨ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਡਾ. ਮਹਿੰਦਰ ਕੌਰ ਗਿੱਲ ਅਤੇ ਲੇਖਕ ਡਾ. ਪਰਮਵੀਰ ਸਿੰਘ*

## ਹੋਵਿਟਜ਼ਰ ਤੋਪਾਂ ਦੀ ਖਰੀਦ ਫਿਰ ਰੁਕੀ

**ਨਵੀਂ ਦਿੱਲੀ:** ਸਰਕਾਰ ਨੇ 180 ਹੋਵਿਟਜ਼ਰ ਤੋਪਾਂ ਖਰੀਦਣ ਲਈ 4,600 ਕਰੋੜ ਰੁਪਏ ਦਾ ਟੈਂਡਰ ਫਿਰ ਰੱਦ ਕਰ ਦਿੱਤਾ ਹੈ। ਇਹ ਤੋਪਾਂ ਖਰੀਦਣ ਲਈ ਹੁਣ ਪੰਜਵੀਂ ਵਾਰ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ।

ਇਸ ਸੌਦੇ ਲਈ ਸਰਕਾਰ ਵੱਲੋਂ ਕਰੀਬ ਦੋ ਸਾਲ ਪਹਿਲਾਂ ਜਾਰੀ ਕੀਤੇ ਟੈਂਡਰ ਰੱਦ ਕਰ ਦਿੱਤੇ ਗਏ ਹਨ ਕਿਉਂਕਿ ਇਸ ਮਾਮਲੇ ਵਿਚ ਘਪਲੇਬਾਜ਼ੀ ਦੀਆਂ ਸ਼ਿਕਾਇਤਾਂ ਸਾਹਮਣੇ ਆ ਰਹੀਆਂ ਸਨ। ਇਹ ਟੈਂਡਰ ਹਾਸਲ ਕਰਨ ਦੀ ਦੌੜ ਵਿਚ ਸਲੋਵਾਕੀਆ ਦੀ ਕੋਨਸਟਰੂਕਟਾ ਤੇ ਜਰਮਨੀ ਦੀ ਇਕ ਕੰਪਨੀ ਸ਼ਾਮਲ ਸਨ।

## ਪੰਜਾਬ 'ਚ ਕਈ ਥਾਂਈਂ ਪਾਣੀ ਪੀਣਯੋਗ ਹੀ ਨਹੀਂ

**ਨਵੀਂ ਦਿੱਲੀ:** ਕੇਂਦਰ ਨੇ ਪੰਜਾਬ 'ਚ ਪੀਣ ਵਾਲੇ ਪਾਣੀ ਦੇ 1686 ਨਮੂਨਿਆਂ 'ਚੋਂ 261 ਵਿਚ ਪਰਮਾਣੂ ਊਰਜਾ ਰੈਗੂਲੇਟ ਬੋਰਡ ਵਲੋਂ ਤੈਅ ਹੱਦ ਤੋਂ ਵੱਧ ਯੂਰੇਨੀਅਮ ਦੀ ਗੱਲ ਕਬੂਲੀ ਹੈ। ਜਲ ਮੰਤਰੀ ਜੈਰਾਮ ਰਮੇਸ਼ ਨੇ ਰਾਜ ਸਭਾ ਵਿਚ ਦੱਸਿਆ ਕਿ ਰਾਜ ਦੇ ਡੂੰਘੇ ਜਨਤਕ ਟਿਊਬਵੈਲਾਂ ਤੇ ਨਲਕਿਆਂ ਤੋਂ ਲਏ ਗਏ ਪਾਣੀ ਦੇ ਇਨ੍ਹਾਂ 1686 ਨਮੂਨਿਆਂ ਦੀ ਜਾਂਚ ਮੁੰਬਈ ਦੇ ਭਾਭਾ ਪਰਮਾਣੂ ਖੋਜ ਕੇਂਦਰ ਨੇ ਕੀਤੀ ਸੀ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਮੁਤਾਬਕ ਇਨ੍ਹਾਂ ਵਿਚੋਂ 261 ਨਮੂਨਿਆਂ 'ਚ ਪਰਮਾਣੂ ਊਰਜਾ ਰੈਗੂਲੇਟ ਬੋਰਡ ਵਲੋਂ ਤੈਅ ਹੱਦ ਤੋਂ ਵੱਧ ਯੂਰੇਨੀਅਮ ਹੈ। ਇਹ ਮਨੁੱਖੀ ਸਿਹਤ ਲਈ ਠੀਕ ਨਹੀਂ ਹੈ। ਉਨ੍ਹਾਂ ਦੱਸਿਆ ਕਿ ਰਾਜ ਦੇ ਸੰਗਰੂਰ ਜ਼ਿਲ੍ਹੇ 'ਚੋਂ ਲਏ ਪਾਣੀ ਦੇ 140 ਨਮੂਨਿਆਂ ਵਿਚੋਂ 14 'ਚ ਤੈਅ ਸੀਮਾ ਤੋਂ ਵੱਧ ਯੂਰੇਨੀਅਮ ਹੈ।

ਮੰਤਰੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ ਸੁਆਲ ਦਾ ਲਿਖਤੀ ਜਵਾਬ ਦਿੰਦਿਆਂ ਕਿਹਾ ਕਿ ਮੁਹਾਲੀ ਸਥਿਤ ਪੰਜਾਬ ਬਾਇਓਟੈਕਨਾਲੋਜੀ ਇਨਕੁਬੇਟਰ ਨੂੰ ਪਾਣੀ ਦੇ 981 ਨਮੂਨੇ ਭਾਰੀ ਧਾਤ ਦੀ ਜਾਂਚ ਲਈ ਭੇਜੇ ਗਏ ਸਨ। ਇਨ੍ਹਾਂ ਵਿਚੋਂ 188 ਨਮੂਨਿਆਂ ਵਿਚ ਧਾਤਾਂ ਤੈਅ ਹੱਦ ਤੋਂ ਵੱਧ ਪਾਈਆਂ ਗਈਆਂ ਤੇ ਇਹ ਪਾਣੀ ਪੀਣਯੋਗ ਨਹੀਂ ਹੈ।


# Wanted Owner Operators

**ਸਟਾਕਟਨ ਦੀ ਇਕ ਬਹੁਤ ਹੀ ਵਧੀਆ ਟਰੱਕਿੰਗ ਕੰਪਨੀ ਨੂੰ ਓਨਰ ਆਪਰੇਟਰਾਂ ਦੀ ਲੋੜ ਹੈ**

*ਸਾਡੇ ਕੋਲ ਲੋਡ ਦੀ ਕੋਈ ਕਮੀ ਨਹੀਂ ਅਤੇ ਤੁਸੀਂ 48 ਸਟੇਟਾਂ ਵਿਚ ਜਿਸ ਤਰ੍ਹਾਂ ਦਾ ਚਾਹੋ, ਲੋਡ ਲੈ ਸਕਦੇ ਹੋ ਤੇਲ ਲਈ ਕਾਰਡ ਜਾਂ ਕੌਮ ਚੈਕ ਲਓ ਹਰ ਗੇੜੇ ਕਾਗਜ਼ ਦਿਓ ਤੇ ਪੈਸੇ ਲਓ*



ਸੰਪਰਕ ਕਰੋ

**ਫੋਨ: 209-479-0242**





**ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ**

**10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ**

# AMANTEL.COM

**$25 ਵਿਚ 3000 ਮਿੰਟ (50 ਘੰਟੇ)**

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

*ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।*

vaisakhi
Coupon Code

*ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ*

*24/7 Customer Service Available*

*Same rate for lanline and mobile.*

**ਟੌਲ ਫਰੀ ਨੰਬਰ 1-888-652-6268**
**732-983-4332/4333**

ਪੰਜਾਬ ਟਾਈਮਜ਼

ਸ਼ਨਿਚਰਵਾਰ, 22 ਸਤੰਬਰ 2012

## ਮਨਮੋਹਨ ਦੀ ਮਨਮਰਜ਼ੀ

ਚਿਰਾਂ ਦੀ ਖਾਮੋਸ਼ੀ ਅਤੇ ਚੁਫੇਰਿਓਂ ਤਿੱਖੀ ਨੁਕਤਾਚੀਨੀ ਤੋਂ ਬਾਅਦ ਭਾਰਤ ਦੇ ਅਰਥਸ਼ਾਸਤਰੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ ਪਹਿਲੇ ਰੰਗਾਂ ਵਿਚ ਆ ਕੇ ਭਬਕ ਮਾਰੀ ਹੈ। ਸਿੱਧੇ ਵਿਦੇਸ਼ੀ ਨਿਵੇਸ਼ ਬਾਰੇ ਚਿਰਾਂ ਤੋਂ ਰੋਕਿਆ ਫੈਸਲਾ ਉਨ੍ਹਾਂ ਮਿੰਟਾਂ-ਸਕਿੰਟਾਂ ਵਿਚ ਸੁਣਾ ਦਿੱਤਾ ਹੈ। ਇਹ ਫੈਸਲਾ ਹੁਣ ਤੁਰੰਤ ਸੁਣਾਉਣ ਦੇ ਬਹੁਤ ਸਾਰੇ ਕਾਰਨ ਹਨ। ਪਹਿਲਾ ਤਾਂ ਇਹੀ ਕਿ ਉਨ੍ਹਾਂ ਦਾ ਪ੍ਰਸ਼ੰਸਕ, ਪੱਛਮੀ ਮੀਡੀਆ ਕੁਝ ਸਮੇਂ ਤੋਂ ਉਨ੍ਹਾਂ ਦੀ ਤਿੱਖੀ ਆਲੋਚਨਾ ਕਰ ਰਿਹਾ ਸੀ। ਇਸ ਆਲੋਚਨਾ ਨੂੰ ਚੁੱਪ ਕਰਾਉਣਾ ਜ਼ਿਆਦਾ ਹੀ ਜ਼ਰੂਰੀ ਸਮਝਿਆ ਗਿਆ। ਦੂਜੇ, ਕਈ ਸੂਬਿਆਂ ਵਿਚ ਜਿਹੜੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਸਨ, ਉਨ੍ਹਾਂ ਦਾ ਕੰਮ ਚਿਰੋਕਣਾ ਮੁੱਕ ਚੁੱਕਾ ਹੈ। ਤੀਜੇ, ਸਰਕਾਰ ਘਪਲਿਆਂ ਦੀ ਮਾਰ ਹੇਠ ਹੈ ਅਤੇ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਅਜਿਹਾ ਕੁਝ ਨਾ ਕੁਝ ਕਰਨਾ ਹੀ ਪੈਣਾ ਸੀ। ਚੌਥੇ, ਅਗਲੇ ਸਾਲ ਲੋਕ ਸਭਾ ਚੋਣਾਂ ਵੀ ਹਨ। ਇਨ੍ਹਾਂ ਚੋਣਾਂ ਲਈ ਸਾਰੀਆਂ ਸਿਆਸੀ ਧਿਰਾਂ ਤਿਆਰੀ ਵਿਚ ਜੁਟੀਆਂ ਹੋਈਆਂ ਹਨ। ਸੋ, ਅਜਿਹੇ 'ਸਖਤ' ਫੈਸਲੇ ਚੋਣਾਂ ਦੀ ਮੁਹਿੰਮ ਮਘਣ ਤੋਂ ਪਹਿਲਾਂ-ਪਹਿਲਾਂ ਕੀਤੇ ਜਾ ਸਕਦੇ ਹਨ। ਸਭ ਨੂੰ ਖਬਰ ਹੈ ਕਿ ਭਾਰਤ ਦੇ ਲੋਕਾਂ ਦਾ ਚੇਤਾ ਬਹੁਤ ਥੋੜ੍ਹ-ਚਿਰਾ ਹੈ। ਚੋਣਾਂ ਤੱਕ ਅਜਿਹੇ ਫੈਸਲੇ ਭੁੱਲ-ਭੁਲਾ ਜਾਣਗੇ। ਉਂਜ ਵੀ ਇਹ ਗੱਲ ਸਪਸ਼ਟ ਸੀ ਕਿ ਸਿੱਧੇ ਪੂੰਜੀ ਨਿਵੇਸ਼ ਬਾਰੇ ਫੈਸਲਾ ਦੇਰ-ਸਵੇਰ ਹੋਣਾ ਹੀ ਸੀ। ਦਰਅਸਲ ਇਸ ਬਾਰੇ ਫੈਸਲਾ ਤਾਂ ਦੋ ਦਹਾਕੇ ਪਹਿਲਾਂ ਉਸ ਵਕਤ ਹੀ ਹੋ ਗਿਆ ਸੀ ਜਦੋਂ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਈਆਂ ਸਨ। ਉਸ ਵਕਤ ਉਨ੍ਹਾਂ ਦੀ ਪੂਰੀ ਚੜ੍ਹਤ ਸੀ। ਉਨ੍ਹਾਂ ਕੋਲ ਦੇਸ਼ ਨੂੰ ਵਿਕਾਸ ਦੀ ਲੀਹ ਉਤੇ ਪਾਉਣ ਦੇ ਦਾਅਵੇ ਸਨ। ਕੁਝ ਸੰਜੀਦਾ ਧਿਰਾਂ ਨੇ ਇਨ੍ਹਾਂ ਨੀਤੀਆਂ ਬਾਰੇ ਉਦੋਂ ਸਵਾਲ ਵੀ ਉਠਾਏ ਸਨ। ਦਲੀਲ ਇਹੀ ਸੀ ਕਿ ਜਿਨ੍ਹਾਂ ਪੱਛਮੀ ਨੀਤੀਆਂ ਦੀ ਨਕਲ ਕੀਤੀ ਜਾ ਰਹੀ ਹੈ, ਉਨ੍ਹਾਂ ਦਾ ਭਾਰ ਸਾਂਭਣ ਜੋਗਾ ਢਾਂਚਾ ਭਾਰਤ ਕੋਲ ਨਹੀਂ, ਪਰ ਇਹ ਦਲੀਲ ਇਹ ਕਹਿ ਕੇ ਦਰਕਿਨਾਰ ਕਰ ਦਿੱਤੀ ਗਈ ਕਿ ਨੁਕਤਾਚੀਨੀ ਕਰਨ ਵਾਲੇ ਨਹੀਂ ਚਾਹੁੰਦੇ ਕਿ ਦੇਸ਼ ਸੰਸਾਰ ਨਾਲ ਵਰ ਮੇਚ ਸਕੇ। ਪਿਛਲੇ ਦੋ ਦਹਾਕਿਆਂ ਦੌਰਾਨ ਭਾਵੇਂ ਪੂਰੇ ਛੇ ਸਾਲ ਭਾਜਪਾ ਦਾ ਵੀ ਰਾਜ ਰਿਹਾ ਹੈ ਪਰ ਉਨ੍ਹਾਂ ਦੀ ਸਰਕਾਰ ਵੇਲੇ ਵੀ ਡਾ. ਮਨਮੋਹਨ ਸਿੰਘ ਵਾਲੀਆਂ ਆਰਥਿਕ ਨੀਤੀਆਂ ਹੀ ਲਾਗੂ ਰਹੀਆਂ ਹਨ। ਅੱਜ ਦਾ ਨਿਰਪੱਖ ਸਰਵੇਖਣ ਦੱਸਦਾ ਹੈ ਕਿ ਇਨ੍ਹਾਂ ਨੀਤੀਆਂ ਨਾਲ ਭਾਰਤ ਦਾ ਵਿਕਾਸ ਤਖਤਾ ਤਾਂ ਵਾਹਵਾ ਸਿਹਤਮੰਦ ਹੋ ਗਿਆ ਜਾਪਦਾ ਹੈ ਪਰ ਲੋਕਾਂ ਵਿਚਕਾਰ ਆਰਥਿਕ ਪਾੜਾ ਬਹੁਤ ਵਧਿਆ ਹੈ। ਆਰਥਿਕ ਨੀਤੀਆਂ ਦਾ ਭਰਪੂਰ ਲਾਭ ਉਠਾਉਣ ਵਾਲੇ ਲੋਕ ਅਤੇ ਅਦਾਰੇ ਤਾਂ ਬਥੇਰੇ ਮਾਲਾਮਾਲ ਹੋਏ ਪਰ ਆਮ ਲੋਕ ਉੱਕਾ ਹੀ ਸੜਕਾਂ ਉਤੇ ਆ ਗਏ ਹਨ। ਸਾਰੀਆਂ ਬੁਨਿਆਦੀ ਸਹੂਲਤਾਂ ਜਿਨ੍ਹਾਂ ਵਿਚ ਸਿਹਤ ਤੇ ਸਿੱਖਿਆ ਸ਼ਾਮਲ ਹਨ, ਇਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ।

ਬਿਨਾਂ ਸ਼ੱਕ ਅੱਜ ਸੰਸਾਰ ਨਾਲ ਚੱਲਣ ਲਈ ਅਜਿਹੀਆਂ ਨੀਤੀਆਂ ਤੋਂ ਸਿਵਾ ਚਾਰਾ ਕੋਈ ਨਹੀਂ ਬਚਿਆ ਹੈ। ਸਾਰੇ ਸੰਸਾਰ ਨੂੰ ਇਹ ਨੀਤੀਆਂ ਕਿਸੇ ਨਾ ਕਿਸੇ ਰੂਪ ਵਿਚ ਅਪਨਾਉਣੀਆਂ ਪੈ ਰਹੀਆਂ ਹਨ। ਸਮੇਂ ਦੀ ਮੰਗ ਸੀ ਕਿ ਇਹ ਨੀਤੀਆਂ ਲਾਗੂ ਕਰਦਿਆਂ ਭਾਰਤ ਅਤੇ ਭਾਰਤ ਦੇ ਲੋਕਾਂ ਦੀ ਹਾਲਤ ਧਿਆਨ ਵਿਚ ਰੱਖੀ ਜਾਂਦੀ ਪਰ ਬਹੁਤ ਸਾਰੇ ਕਾਰਨਾਂ ਕਰ ਕੇ ਅਜਿਹਾ ਹੋ ਨਹੀਂ ਸਕਿਆ। ਡਾ. ਮਨਮੋਹਨ ਸਿੰਘ ਸਣੇ ਸਭ ਅਰਥਸ਼ਾਸਤਰੀਆਂ ਅਤੇ ਹੋਰ ਮਾਹਿਰਾਂ ਨੂੰ ਇਹ ਪਤਾ ਸੀ ਕਿ ਇਨ੍ਹਾਂ ਨੀਤੀਆਂ ਨਾਲ ਸਭ ਤੋਂ ਪਹਿਲੀ ਅਤੇ ਵੱਡੀ ਮਾਰ ਛੋਟੀ ਕਿਸਾਨੀ ਤੇ ਛੋਟੇ ਕਾਰੋਬਾਰੀਆਂ 'ਤੇ ਪੈਣੀ ਹੈ। ਇਨ੍ਹਾਂ ਨੂੰ ਸਾਂਭਣ ਦਾ ਕੋਈ ਹੀਲਾ-ਵਸੀਲਾ ਕਰਨ, ਜਾਂ ਇਨ੍ਹਾਂ ਲਈ ਬਦਲਵੇਂ ਸਾਧਨ ਜੁਟਾਉਣ ਦਾ ਉਪਰਾਲਾ ਕਰਨ ਦੀ ਥਾਂ ਇਨ੍ਹਾਂ ਸਾਰਿਆਂ ਨੂੰ ਇਨ੍ਹਾਂ ਦੇ ਹਾਲ ਉਤੇ ਛੱਡ ਦਿੱਤਾ ਗਿਆ। ਹੁਣ ਕਹਿਣ ਨੂੰ ਤਾਂ ਪੰਜਾਬ ਦਾ ਕਿਸਾਨ ਆਪਣੀ ਜਿਣਸ ਕੌਮਾਂਤਰੀ ਮੰਡੀ ਵਿਚ ਵੇਚ ਸਕਦਾ ਹੈ ਅਤੇ ਚੋਖਾ ਲਾਭ ਵੀ ਕਮਾ ਸਕਦਾ ਹੈ, ਪਰ ਹਕੀਕਤ ਇਹ ਹੈ ਕਿ ਕਿਸਾਨਾਂ ਦੇ ਇਕ ਖਾਸ ਵਰਗ ਨੂੰ ਛੱਡ ਕੇ ਬਾਕੀਆਂ ਨੂੰ ਤਾਂ ਇਸ ਢਾਂਚੇ ਬਾਰੇ ਇਲਮ ਤੱਕ ਵੀ ਨਹੀਂ ਹੈ। ਹੋਰ ਤਾਂ ਹੋਰ, ਅਜੇ ਤਾਂ ਘਰੇਲੂ ਮੰਡੀਆਂ ਵੀ ਜਿਣਸ ਢੰਗ ਨਾਲ ਚੁੱਕ ਨਹੀਂ ਰਹੀਆਂ। ਜਿੰਨੀ ਖੱਜਲ-ਖੁਆਰੀ ਕਿਸਾਨਾਂ ਦੀ ਮੰਡੀਆਂ ਵਿਚ ਹੁੰਦੀ ਹੈ, ਉਸ ਦਾ ਕੋਈ ਹਿਸਾਬ-ਕਿਤਾਬ ਨਹੀਂ। ਜਿਣਸਾਂ ਦੇ ਮੰਡੀਕਰਨ ਲਈ ਕੋਈ ਨੀਤੀ ਹੀ ਨਹੀਂ ਹੈ। ਇਸ ਸੂਰਤ ਵਿਚ ਸੰਸਾਰ ਵਿਕਾਸ ਦੀਆਂ ਗੱਲਾਂ ਕਰਨੀਆਂ ਨਿਰੀਆਂ ਫੜ੍ਹਾਂ ਨਹੀਂ ਤਾਂ ਹੋਰ ਕੀ ਹਨ? ਜ਼ਾਹਿਰ ਹੈ ਕਿ ਡਾ. ਮਨਮੋਹਨ ਸਿੰਘ ਫਿਲਹਾਲ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਏ ਹਨ। ਪਹਿਲਾਂ-ਪਹਿਲ ਆਮ ਲੋਕ ਉਨ੍ਹਾਂ ਨੂੰ ਇਮਾਨਦਾਰ ਮੰਨਦੇ ਸਨ, ਪਰ ਉਨ੍ਹਾਂ ਆਪਣੇ ਬੇਈਮਾਨ ਮੰਤਰੀਆਂ ਨੂੰ ਇੰਨੀ ਖੁੱਲ੍ਹੀ ਛੁੱਟੀ ਦਿੱਤੀ ਕਿ ਉਨ੍ਹਾਂ ਦੀ ਖੁਦ ਦੀ ਸ਼ਖ਼ਸੀਅਤ 'ਤੇ ਦਾਗ ਪੈ ਗਏ। ਆਰਥਿਕ ਫਰੰਟ ਉਤੇ ਉਨ੍ਹਾਂ ਦੀ ਕੋਈ ਵੀ ਨੀਤੀ ਵਧ ਰਹੀ ਮਹਿੰਗਾਈ ਨੂੰ ਠੱਲ੍ਹ ਨਹੀਂ ਪਾ ਸਕੀ। ਸਰਕਾਰ ਵਿਚ ਉਨ੍ਹਾਂ ਦੀ ਪੁਜ਼ੀਸ਼ਨ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਪਿਆਦੇ ਵਾਲੀ ਬਣੀ ਪਈ ਹੈ; ਸਗੋਂ ਹੁਣ ਤਾਂ ਕਾਂਗਰਸ ਨੇ ਵੀ ਉਨ੍ਹਾਂ ਦੀ ਥਾਂ ਰਾਹੁਲ ਗਾਂਧੀ ਦਾ ਨਾਂ ਉਭਾਰਨਾ ਆਰੰਭ ਕਰ ਦਿੱਤਾ ਹੈ। ਸਾਰੇ ਹਾਲਾਤ ਇਹੀ ਬਿਆਨ ਕਰ ਰਹੇ ਹਨ ਕਿ ਕਾਂਗਰਸ ਨੇ ਡਾ. ਮਨਮੋਹਨ ਸਿੰਘ ਤੋਂ ਆਪਣਾ ਆਖਰੀ ਵੱਡਾ ਕੰਮ ਕਢਵਾ ਲਿਆ ਹੈ। ਸਿਤਮਜ਼ਰੀਫੀ ਇਹ ਕਿ ਸੰਸਾਰ ਪੱਧਰ ਦੇ ਇਸ ਅਰਥਸ਼ਾਸਤਰੀ ਨੂੰ ਕਿਸੇ ਵੀ ਫੈਸਲੇ ਬਾਰੇ ਕੋਈ ਉਜਰ ਨਹੀਂ! ਹਾਂ, ਪੱਛਮੀ ਮੀਡੀਆ ਨੇ ਹੁਣ ਉਨ੍ਹਾਂ ਦੇ ਨਵੇਂ ਫੈਸਲੇ ਨੂੰ ਵਿਕਾਸ ਦੀ ਅਗਲੀ ਕੜੀ ਕਰਾਰ ਦੇ ਦਿੱਤਾ ਹੈ। ਉਂਜ ਇਹ ਤਾਂ ਭਾਰਤ ਦੇ ਆਮ ਬੰਦੇ ਨੂੰ ਹੀ ਪਤਾ ਹੈ ਕਿ ਇਸ ਵਿਕਾਸ ਦੀ ਕਿੰਨੀ ਵੱਡੀ ਕੀਮਤ ਉਸ ਨੂੰ ਚੁਕਾਉਣੀ ਪੈ ਰਹੀ ਹੈ। ਉਹ ਆਪ ਤਾਂ ਇਸ ਦੌਰ ਵਿਚ ਰੁਲ ਹੀ ਗਿਆ ਹੈ, ਉਸ ਦੀ ਅਗਲੀ ਪੀੜ੍ਹੀ ਵੀ ਰੁਲਣ ਲਈ ਸਰਾਪੀ ਗਈ ਹੈ। ਮਨਮੋਹਨ ਸਿੰਘ ਦੀ ਮਰਜ਼ੀ ਉਸ ਲਈ ਹੁਣ ਲਾਇਲਾਜ ਮਰਜ਼ ਬਣ ਗਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੁਰ ਬਦਲੀ ਕੈਪਟਨ ਦੀ!*

ਹੌਲਾ ਕੱਖਾਂ ਤੋਂ ਕੀਤਾ ਏ 'ਘਰ ਦਿਆਂ' ਨੇ, ਨੰਬਰ ਆਪਣੇ ਫੇਰ ਬਣਾਉਣ ਲੱਗਾ।
ਦਿੱਲੀ ਵਾਲੀਆਂ ਚੋਣਾਂ ਦਾ ਫਿਕਰ ਕਰਕੇ, ਬੋਚ ਬੋਚ ਕੇ ਪੈਰ ਟਿਕਾਉਣ ਲੱਗਾ।
ਪਹਿਲਾਂ ਟਿੱਚ ਕਰਕੇ ਸਭ ਨੂੰ ਜਾਣਦਾ ਸੀ, ਮਿੱਠਤ ਨਿਮਰਤਾ ਹੇਜ ਦਿਖਾਉਣ ਲੱਗਾ।
ਢਾਹ ਹੋਣਾ ਨਹੀਂ ਵੈਰੀ ਨੂੰ 'ਕੱਲਿਆਂ ਤੋਂ, 'ਕੱਠ ਕਰਨ ਲਈ ਬੀਨ ਵਜਾਉਣ ਲੱਗਾ।
ਚੇਲੇ ਕੱਢਦੇ ਸੁਰਾਂ ਜੋ ਪੁਠੀਆਂ ਨੇ, ਕਾਬੂ ਪਾਇਗਾ ਕਿਸ ਤਰ੍ਹਾਂ 'ਨਾਥ' ਦੇਖੋ!
ਖੂੰਡਾ ਸੁੱਟ ਕੇ ਕੈਪਟਨ ਨੇ ਹੱਥ ਜੋੜੇ, 'ਤੀਜੇ ਬਦਲ' ਤੋਂ ਮੰਗਦਾ ਸਾਥ ਦੇਖੋ!

# ਅਮਰੀਕੀ ਸਿੱਖਾਂ ਲਈ ਹੁਣ ਸਹੀ ਰਾਹ ਚੁਣਨ ਦੀ ਬੇਲਾ

*ਅਮਰੀਕਾ ਵਰਗੇ ਦੇਸ਼ ਵਿਚ ਇਕ ਸਦੀ ਦੇ ਮੁਕਾਮ ਤੋਂ ਬਾਅਦ ਵੀ ਸਿੱਖਾਂ ਲਈ ਨਿਆਰੀ ਪਛਾਣ ਵੱਡਾ ਮੁੱਦਾ ਬਣਿਆ ਹੋਇਆ ਹੈ। ਇਸ ਪਾਸੇ ਕਈ ਸੰਸਥਾਵਾਂ ਅਤੇ ਸ਼ਖਸੀਅਤਾਂ ਆਪੋ-ਆਪਣੀ ਪੱਧਰ ਉਤੇ ਸਰਗਰਮ ਹਨ। ਇਸ ਮਸਲੇ ਨੂੰ ਰਤਾ ਕੁ ਮੋਕਲੇ ਢੰਗ ਨਾਲ ਵਿਚਾਰਦਿਆਂ ਹਰਜਿੰਦਰ ਦੋਸਾਂਝ ਨੇ ਕੁਝ ਅਹਿਮ ਨੁਕਤਿਆਂ ਬਾਰੇ ਗੱਲਾਂ ਕੀਤੀਆਂ ਹਨ। ਇਹ ਮਸਲੇ ਹਨ ਤਾਂ ਤਕਰੀਬਨ ਉਹੀ, ਪਰ ਅੱਜ ਦੇ ਗੁੰਝਲਦਾਰ ਯੁੱਗ ਵਿਚ ਉਨ੍ਹਾਂ ਨੇ ਅਜਿਹੇ ਮਸਲਿਆਂ ਨੂੰ ਇਕ ਖਾਸ ਕੋਣ ਤੋਂ ਦੇਖਣ-ਸਮਝਣ ਦਾ ਯਤਨ ਕੀਤਾ ਹੈ। ਪਰਦੇਸਾਂ ਵਿਚ ਸਿੱਖਾਂ ਦੇ ਪਸਾਰੇ ਦੇ ਸਬੰਧ ਵਿਚ ਹੁਣ ਸਚਮੁੱਚ ਸਹੀ ਰਾਹ ਚੁਣਨ ਦਾ ਵੇਲਾ ਹੈ। ਅੱਜ ਇਹ ਪਰਦੇਸੀ ਉਸ ਮੋੜ ਉਤੇ ਖੜ੍ਹੇ ਹਨ ਜਿਸ ਨੇ ਆਉਣ ਵਾਲੀਆਂ ਨਸਲਾਂ ਲਈ ਰਾਹ-ਦਸੇਰਾ ਬਣਨਾ ਹੈ। ਇਸ ਲਈ ਇਸ ਅਹਿਮ ਮਸਲੇ ਦਾ ਹਰ ਪੱਖ, ਗਹਿਰਾਈ ਵਿਚ ਜਾ ਕੇ ਘੋਖਣਾ ਬਣਦਾ ਹੈ। -ਸੰਪਾਦਕ*

**ਹਰਜਿੰਦਰ ਦੋਸਾਂਝ**

ਮਿਲਵਾਕੀ ਗੁਰਦੁਆਰੇ ਦੀ ਘਿਨੌਣੀ ਘਟਨਾ ਅਮਰੀਕਾ ਦੇ ਸਿੱਖਾਂ ਲਈ ਅਸਹਿ ਘਟਨਾ ਹੈ ਪਰ ਪੂਰਾ ਦੇਸ਼ ਸਿੱਖਾਂ ਦੇ ਨਾਲ ਖੜ੍ਹਾ ਹੀ ਨਹੀਂ ਹੋਇਆ, ਸਗੋਂ ਅਮਰੀਕਾ ਦੇ ਰਾਸ਼ਟਰਪਤੀ ਨੇ ਸਿੱਖਾਂ ਨੂੰ ਵੱਡੇ ਅਮਰੀਕਨ ਸਮਾਜ ਦੇ ਅਹਿਮ ਤੇ ਸਤਿਕਾਰਯੋਗ ਮੈਂਬਰ ਦੱਸਦਿਆਂ ਸਿੱਖਾਂ ਦੀ ਹਰ ਤਰ੍ਹਾਂ ਹਿਫ਼ਾਜ਼ਤ ਦਾ ਭਰੋਸਾ ਦਿੱਤਾ। ਨਾਲ ਹੀ ਢੁਕਵੀਂ ਕਾਰਵਾਈ ਕੀਤੀ ਅਤੇ ਘਟਨਾ ਦੀ ਜਾਂਚ ਪੜਤਾਲ ਜਾਰੀ ਹੈ।

ਸਿੱਖ ਧਰਮ ਸਿਧਾਂਤਕ ਤੌਰ 'ਤੇ ਦੂਜੇ ਧਰਮਾਂ ਵਾਂਗ ਸ਼ਾਂਤੀ ਅਤੇ ਪਿਆਰ ਦਾ ਮੁਦੱਈ ਹੈ। ਇਸ ਮਾਮਲੇ 'ਚ ਇਹ ਮੌਲਿਕ ਪੱਖੋਂ ਦੋ ਕਦਮ ਅੱਗੇ ਹੈ। ਇਹ ਧਰਮ ਪਰਿਵਾਰਕ, ਸਮਾਜਕ, ਨਵੀਨ ਧਰਮ ਹੋਣ ਕਰ ਕੇ ਦੂਜੇ ਧਰਮਾਂ ਦੇ ਮੁਕਾਬਲੇ ਵਿਗਿਆਨਕ ਅਤੇ ਵਿਹਾਰਕ ਹੈ। ਇਸ ਦੇ ਧਾਰਮਿਕ ਬੰਧਨ ਬਹੁਤ ਸਰਲ ਤੇ ਸਾਦੇ ਹਨ ਜਿਨ੍ਹਾਂ ਨੂੰ ਅੱਜ ਦੇ ਯੁੱਗ 'ਚ ਸੌਖਿਆਂ ਹੰਢਾਇਆ ਜਾ ਸਕਦਾ ਹੈ, ਪਰ ਦੁੱਖਦਾਈ ਪਹਿਲੂ ਹੈ ਕਿ ਪਿਛਲੇ ਕੁਝ ਸਮੇਂ ਤੋਂ ਸਿੱਖ ਧਰਮ ਨੂੰ ਕੱਟੜ ਤੇ ਫਿਰਕੂ ਰੰਗ 'ਚ ਰੰਗਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਜਿਹੜੀਆਂ ਸਿੱਖੀ ਦੇ ਮੂਲ ਸਿਧਾਂਤਾਂ ਦੇ ਉਲਟ ਹਨ। ਇਹ ਕੋਸ਼ਿਸ਼ਾਂ ਉਦੋਂ ਤੋਂ ਸ਼ੁਰੂ ਹੋਈਆਂ, ਜਦੋਂ ਤੋਂ ਸਿੱਖ ਭਾਈਚਾਰੇ ਨੂੰ ਕੌਮਾਂਤਰੀ, ਸਿਆਸਤ ਵਿਚ ਹਥਿਆਰ ਵਜੋਂ ਵਰਤਣ ਦੀਆਂ ਸਾਜ਼ਿਸ਼ਾਂ ਸ਼ੁਰੂ ਹੋਈਆਂ। ਸਿੱਖ ਧਰਮ ਨੂੰ ਮੰਨਣ ਵਾਲੇ ਸਾਧਾਰਨ ਲੋਕ ਇਸ ਸਬੰਧੀ ਗੰਭੀਰ ਨਹੀਂ। ਸਿੱਖਾਂ ਦਾ ਵੱਡਾ ਹਿੱਸਾ ਇਸ ਤੋਂ ਸੁਚੇਤ ਵੀ ਨਹੀਂ ਤੇ ਦੂਜਾ ਵੱਡਾ ਹਿੱਸਾ ਵੱਖੋ-ਵੱਖਰੀ ਕਿਸਮ ਦੇ ਸਾਜ਼ਿਸ਼ੀਆਂ ਦੇ ਪ੍ਰਚਾਰ ਤੋਂ ਗੁੰਮਰਾਹ ਹੈ।

ਸਿੱਖ ਧਰਮ ਦੀਆਂ ਇਤਿਹਾਸਕ ਜੜ੍ਹਾਂ ਹਿੰਦ-ਪਾਕ ਸਰਹੱਦ ਦੇ ਦੋਵੇਂ ਪਾਸੀਂ ਹਨ। ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਅਤੇ ਰਾਜਸੀ ਨੇਤਾ ਸਿੱਖਾਂ ਨੂੰ ਉਨ੍ਹਾਂ ਦੇ ਧਰਮ ਦਾ ਹਵਾਲਾ ਦੇ ਕੇ ਆਪਣੇ ਰਾਜਸੀ ਮੁਫ਼ਾਦ ਸਿੱਧ ਕਰ ਰਹੇ ਹਨ। ਹਰਿਮੰਦਰ ਸਾਹਿਬ ਉਤੇ ਹਮਲਾ ਇਨ੍ਹਾਂ ਰਾਜਸੀ ਸਾਜ਼ਿਸ਼ਾਂ ਦਾ ਸਭ ਤੋਂ ਵੱਡਾ ਤੇ ਤਬਾਹਕੁਨ ਨਤੀਜਾ ਸੀ, ਪਰ ਸਿੱਖ ਅਜੇ ਵੀ ਇਨ੍ਹਾਂ ਸਾਜ਼ਿਸ਼ਾਂ ਤੋਂ ਗੁੰਮਰਾਹ ਹਨ। ਅੱਜ ਦੇ ਹਾਲਾਤ 'ਚ ਦੋਵੇਂ ਦੇਸ਼ ਵਿਦੇਸ਼ਾਂ 'ਚ ਵਸਦੇ ਸਿੱਖਾਂ ਨੂੰ ਆਪਣੇ ਮੁਫ਼ਾਦ ਲਈ ਵਰਤਣ ਦੇ ਯਤਨਾਂ 'ਚ ਹਨ। ਅਮਰੀਕਾ ਦੇ ਸਿੱਖ ਅੰਗਰੇਜ਼ਾਂ ਦੇ ਸਮੇਂ ਤੋਂ ਹੀ ਭਾਰਤੀ ਸਿਆਸਤ ਨਾਲ ਬੜੇ ਨੇੜੇ ਤੋਂ ਜੁੜੇ ਹੋਏ ਸਨ, ਪਰ ਅਮਰੀਕਾ ਦੇ ਸਿੱਖਾਂ ਨੂੰ ਕਿਸੇ ਕੌਮਾਂਤਰੀ ਰਾਜਸੀ ਸਾਜ਼ਿਸ਼ 'ਚ ਸ਼ਾਮਲ ਕਰਨ ਲਈ ਸਭ ਤੋਂ ਵੱਡੀ ਕੋਸ਼ਿਸ਼ ਹਿੰਦ-ਪਾਕ ਜੰਗ ਤੋਂ ਛੇਤੀ ਬਾਅਦ 1971 'ਚ ਉਦੋਂ ਹੋਈ, ਜਦੋਂ ਕਮਿਊਨਿਸਟ ਪਿਛੋਕੜ ਵਾਲੇ ਸਿੱਖ ਆਗੂ ਤੇ ਪੰਜਾਬ ਦੇ ਸਾਬਕਾ ਮੰਤਰੀ ਸ. ਜਗਜੀਤ ਸਿੰਘ ਚੌਹਾਨ ਨੇ ਸਿੱਖਾਂ ਲਈ ਵੱਖਰੇ ਰਾਜ ਦੀ ਪ੍ਰਾਪਤੀ ਲਈ 'ਨਿਊ ਯਾਰਕ ਟਾਈਮਜ਼' ਅਖ਼ਬਾਰ 'ਚ ਵੱਡੇ ਇਸ਼ਤਿਹਾਰ ਛਪਵਾਏ। ਇਸ ਤੋਂ ਬਿਨਾਂ ਉਸ ਨੇ ਅਮਰੀਕਾ 'ਚ ਵਸਦੇ ਸਿੱਖਾਂ ਤੋਂ ਕੋਈ 10 ਲੱਖ ਡਾਲਰ ਇਕੱਠੇ ਕੀਤੇ। ਉਸ ਵੱਲੋਂ ਦਰਸਾਏ ਵੱਖਰੇ ਸਿੱਖ ਰਾਜ ਦੇ ਨਕਸ਼ੇ 'ਚ ਭਾਰਤੀ ਇਲਾਕਿਆਂ ਤੋਂ ਬਿਨਾਂ ਪਾਕਿਸਤਾਨੀ ਇਲਾਕੇ ਦੇ ਵੱਡੇ ਹਿੱਸੇ ਨੂੰ ਸ਼ਾਮਲ ਕੀਤਾ ਗਿਆ ਸੀ। ਉਸ ਵਕਤ ਕੁਝ ਪਾਕਿਸਤਾਨੀ ਲੀਡਰ ਕਹਿ ਰਹੇ ਸਨ ਕਿ ਪਾਕਿਸਤਾਨ ਨੂੰ ਤੋੜ ਕੇ ਬੰਗਲਾ ਦੇਸ਼ ਬਣਾਉਣ ਪਿਛੋਂ ਪਾਕਿਸਤਾਨ ਨੂੰ ਤੋੜਨ ਜਾਂ ਕਮਜ਼ੋਰ ਕਰਨ ਦੀ ਇਹ ਨਵੀਂ ਭਾਰਤੀ ਸਾਜ਼ਿਸ਼ ਹੈ, ਪਰ ਭਾਰਤੀ ਕਹਿੰਦੇ ਸਨ ਕਿ ਜੰਗ ਹਾਰਨ ਪਿੱਛੋਂ ਇਹ ਪਾਕਿਸਤਾਨ ਦੀ ਨਵੀਂ ਸ਼ਰਾਰਤ ਹੈ।

ਬਾਅਦ ਵਿਚ ਜਗਜੀਤ ਸਿੰਘ ਚੌਹਾਨ ਭਾਰਤ ਪਰਤ ਗਿਆ ਤੇ ਉਸ ਨੇ 12 ਅਪ੍ਰੈਲ 1980 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਮੁਲਾਕਾਤ ਕੀਤੀ। ਪਿਛੋਂ ਉਹ ਅਨੰਦਪੁਰ ਜਾ ਕੇ 'ਕੌਂਸਲ ਆਫ਼ ਖਾਲਿਸਤਾਨ' ਦੀ ਸਥਾਪਨਾ ਦਾ ਐਲਾਨ ਕਰ ਕੇ ਆਪ ਇਸ ਦਾ ਪ੍ਰਧਾਨ ਬਣ ਗਿਆ। ਇਸੇ ਤਰ੍ਹਾਂ ਦਾ ਐਲਾਨ ਅੰਮ੍ਰਿਤਸਰ 'ਚ ਸ. ਬਲਬੀਰ ਸਿੰਘ ਸੰਧੂ ਨੇ ਕੀਤਾ ਤੇ ਉਸ ਨੇ ਆਪਣੇ-ਆਪ ਨੂੰ ਇਸ ਦਾ ਸਕੱਤਰ ਦੱਸਦਿਆਂ ਵੱਖਰੇ ਸਿੱਖ ਰਾਜ ਖਾਲਿਸਤਾਨ ਦੀ ਕਰੰਸੀ, ਨਕਸ਼ੇ, ਪਾਸਪੋਰਟ ਆਦਿ ਸਮੱਗਰੀ ਵੀ ਵੰਡੀ। ਸ. ਜਗਜੀਤ ਸਿੰਘ ਚੌਹਾਨ ਇਸ ਤੋਂ ਛੇਤੀ ਬਾਅਦ ਲੰਡਨ ਚਲੇ ਗਏ। ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਹੀ ਉਹ ਦੇਸ਼ ਪੁੱਜੇ ਸਨ। ਭਾਰਤ 'ਚ ਸਿੱਖਾਂ ਦੀ ਸਭ ਤੋਂ ਵੱਡੀ ਰਾਜਸੀ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਤੱਤਕਾਲੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਇਸ ਨੂੰ ਕਾਂਗਰਸ ਪਾਰਟੀ ਤੇ ਸਰਕਾਰ ਦਾ ਰਾਜਸੀ ਸਟੰਟ ਦੱਸਦੇ ਸਨ। ਅਮਰੀਕਾ ਦੇ ਸਿੱਖਾਂ ਜਾਂ ਸਭ ਕਿਸਮਾਂ ਤੇ ਧਿਰਾਂ ਦੇ ਆਗੂਆਂ ਨੇ ਸ. ਜਗਜੀਤ ਸਿੰਘ ਚੌਹਾਨ ਵੱਲੋਂ 'ਨਿਊ ਯਾਰਕ ਟਾਈਮਜ਼' ਅਖ਼ਬਾਰਾਂ 'ਚ ਛਪਵਾਏ ਇਸ਼ਤਿਹਾਰ ਦਾ ਨਾ ਤਾਂ ਗੰਭੀਰਤਾ ਨਾਲ ਨੋਟਿਸ ਲਿਆ ਤੇ ਨਾ ਹੀ ਜਾਣਨ ਦੀ ਕੋਸ਼ਿਸ਼ ਕੀਤੀ ਕਿ ਇਸ ਪਿੱਛੇ ਕੌਣ ਸਨ; ਜਿਨ੍ਹਾਂ ਦੇ ਪਿੱਛੇ ਲੱਗ ਕੇ ਸਿੱਖ ਆਪਣੇ ਬੱਚਿਆਂ ਨੂੰ ਭੁੱਖੇ ਰੱਖ ਕੇ ਫੰਡ ਦਿੰਦੇ ਰਹੇ। ਦੱਖਣੀ ਏਸ਼ੀਆਈ ਮਸਲਿਆਂ ਦੇ ਕਈ ਮਾਹਿਰ ਇਸ ਨੂੰ ਸਿੱਖਾਂ ਦੇ ਪੈਸੇ ਨਾਲ ਸਿੱਖਾਂ ਨੂੰ ਧਿਰ ਬਣਾ ਕੇ ਖੇਡੀ ਰਾਜਸੀ ਚਾਲ ਦੱਸਦੇ ਹਨ, ਪਰ ਇਸ ਬਾਰੇ ਸਿੱਖ ਲੀਡਰਸ਼ਿਪ ਸਮੇਤ ਸਭ ਧਿਰਾਂ ਖਾਮੋਸ਼ ਹਨ।

ਅਮਰੀਕਾ ਦੇ ਗੁਰੂਘਰਾਂ ਦੇ ਪ੍ਰਬੰਧਾਂ ਨੂੰ ਲੈ ਕੇ ਕੀਤੀ ਜਾਂਦੀ ਸਿਆਸਤ ਅਸਲ 'ਚ ਭਾਰਤੀ ਸਿਆਸਤ ਜਾਂ ਭਾਰਤ 'ਚ ਗੁਰਦੁਆਰਿਆਂ ਦੇ ਪ੍ਰਬੰਧਾਂ ਨੂੰ ਲੈ ਕੇ ਕੀਤੀ ਜਾਂਦੀ ਸਿਆਸਤ ਦਾ ਹੀ ਪਰਛਾਵਾਂ ਹੈ। ਗੁਰਦੁਆਰਿਆਂ ਦੇ ਪ੍ਰਬੰਧਾਂ ਪ੍ਰਤੀ ਸਿਆਣੇ ਤੇ ਸੂਝਵਾਨ ਸਿੱਖ ਦਿਲਚਸਪੀ ਨਹੀਂ ਲੈ ਰਹੇ ਜਿਸ ਕਾਰਨ ਕਈ ਗੁਰਦੁਆਰਿਆਂ ਦੇ ਪ੍ਰਬੰਧਾਂ 'ਚ ਕਈ ਕਿਸਮ ਦੇ ਗਲਤ ਇਨਸਾਨ ਕਾਬਜ਼ ਹੋ ਜਾਂਦੇ ਹਨ ਜੋ ਸਥਾਨਕ ਸਿੱਖਾਂ ਲਈ ਲਾਹੇਵੰਦ ਨਹੀਂ ਹੈ।

ਭਾਰਤ ਅਤੇ ਪਾਕਿਸਤਾਨ ਦੀਆਂ ਏਜੰਸੀਆਂ ਟੇਢੇ ਢੰਗ ਨਾਲ ਬਹੁਤ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਾਂ 'ਚ ਦਖ਼ਲ ਦੇ ਰਹੀਆਂ ਹਨ। ਦੋਵੇਂ ਧਿਰਾਂ ਪ੍ਰਬੰਧਕਾਂ 'ਚ ਆਪਣੇ ਬੰਦੇ ਫਿਟ ਕਰਵਾਉਣਾ ਚਾਹੁੰਦੀਆਂ ਹਨ। ਦੁੱਖਦਾਈ ਗੱਲ ਹੈ ਕਿ ਜਿਹੜੇ ਪਰਿਵਾਰਾਂ ਨੇ ਗੁਰਦੁਆਰੇ ਬਣਾਉਣ ਜਾਂ ਗੁਰਦੁਆਰਿਆਂ ਦੀ ਬਿਹਤਰੀ ਲਈ ਕਾਰਜ ਕੀਤੇ ਸਨ, ਉਨ੍ਹਾਂ ਨੂੰ ਪ੍ਰਬੰਧ ਤੋਂ ਲਾਂਭੇ ਕਰਨ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ, ਕਿਉਂਕਿ ਅਜਿਹੇ ਲੋਕ ਸੱਚੇ ਦਿਲੋਂ ਸਿੱਖੀ ਦੀ ਬਿਹਤਰੀ ਚਾਹੁੰਦੇ ਹਨ। ਕਈ ਗੁਰੂਘਰਾਂ ਦੇ ਪ੍ਰਬੰਧਕਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਫੈਸਲੇ ਕਿਹੜੀ ਧਿਰ ਦੇ ਹੱਕ 'ਚ ਭੁਗਤ ਰਹੇ ਹਨ। ਉਹ ਕਈ ਫੈਸਲੇ ਆਪਣੇ ਦੂਜੇ ਮਿੱਤਰਾਂ ਦੋਸਤਾਂ ਜਾਂ ਸਿੱਖ ਆਗੂ ਕਹਾਉਂਦੇ ਬੰਦਿਆਂ ਦੇ ਕਹੇ-ਕਹਾਏ ਹੀ ਕਰ ਲੈਂਦੇ ਹਨ। ਇਨ੍ਹਾਂ ਕਥਿਤ ਆਗੂਆਂ ਦੀਆਂ ਤਾਰਾਂ ਕਈ ਏਜੰਸੀਆਂ ਨਾਲ ਜੁੜੀਆਂ ਹੁੰਦੀਆਂ ਹਨ। ਇਹ ਏਜੰਸੀਆਂ ਆਪਣਾ ਅਸਰ ਰਸੂਖ ਬਣਾਈ ਰੱਖਣ ਅਤੇ ਇਕ ਦੂਜੇ ਦੇਸ਼ ਉਤੇ ਆਪਣਾ ਪ੍ਰਭਾਵ ਬਣਾਈ ਰੱਖਣ ਲਈ ਅਜਿਹੇ ਫੈਸਲੇ ਕਰਵਾਉਂਦੀਆਂ ਹਨ ਜਿਨ੍ਹਾਂ ਦਾ ਇਨ੍ਹਾਂ ਨੂੰ ਫ਼ਾਇਦਾ ਹੁੰਦਾ ਹੈ। ਕਈ ਵਾਰ ਸੰਗਤ ਦਾ ਪੈਸਾ ਵੀ ਇਨ੍ਹਾਂ ਏਜੰਸੀਆਂ ਜਾਂ ਇਨ੍ਹਾਂ ਦੇ ਪਿਆਦਿਆਂ ਦੀ ਬਿਹਤਰੀ ਲਈ ਹੀ ਖਰਚਿਆ ਜਾਂਦਾ ਹੈ। ਦਿਲਚਸਪ ਗੱਲ ਹੈ ਕਿ ਗੁਰਦੁਆਰਿਆਂ ਦੀ ਰਾਜਨੀਤੀ ਨਾਲ ਜੁੜੇ ਕਈ ਬੰਦੇ ਦੋਵਾਂ ਦੇਸ਼ਾਂ ਦੀਆਂ ਏਜੰਸੀਆਂ ਨਾਲ ਹੀ ਤਾਲਮੇਲ ਰੱਖਦੇ ਹਨ ਤੇ ਦੋਵਾਂ ਪਾਸਿਆਂ ਤੋਂ ਗੱਫ਼ੇ ਲੈ ਰਹੇ ਹਨ। ਅਜਿਹੇ ਨੇਤਾ ਬਹੁਤ ਬਿਹਤਰ ਜ਼ਿੰਦਗੀ ਬਸਰ ਕਰ ਰਹੇ ਹਨ।

ਗੁਰੂ ਘਰਾਂ 'ਚ ਜਦੋਂ ਕਿਧਰੇ ਝਗੜਾ-ਫਸਾਦ ਹੁੰਦਾ ਹੈ ਤਾਂ ਇਸ ਨਾਲ ਸਿੱਖਾਂ ਦਾ ਅਕਸ ਤਾਂ ਖ਼ਰਾਬ ਹੁੰਦਾ ਹੀ ਹੈ, ਸਥਾਨਕ ਪ੍ਰਸ਼ਾਸਨ ਨੂੰ ਅਜਿਹੇ ਮਸਲੇ ਸਮੇਟਦਿਆਂ ਦਿੱਕਤਾਂ ਆਉਂਦੀਆਂ ਹਨ। ਸਮਝਿਆ ਜਾਂਦਾ ਰਿਹਾ ਹੈ ਕਿ ਗੁਰੂਘਰ ਦੇ ਝਗੜੇ ਗੁਰੂਘਰ ਦੀ ਮਾਇਆ, ਸਮਾਜਕ, ਰੁਤਬੇ, ਹਉਮੈ ਜਾਂ ਸਥਾਨਕ ਭਾਈਚਾਰਕ ਧੜੇਬੰਦੀ ਕਾਰਨ ਹੁੰਦੇ ਹਨ, ਪਰ ਸੂਤਰਾਂ ਅਨੁਸਾਰ ਇਨ੍ਹਾਂ ਝਗੜਿਆਂ 'ਚ ਸਭ ਤੋਂ ਵੱਡਾ ਰੋਲ ਏਜੰਸੀਆਂ ਦੀ ਕਥਿਤ ਦਖ਼ਲਅੰਦਾਜ਼ੀ ਦਾ ਹੈ। ਸੰਗਤ ਨੂੰ ਚਾਹੀਦਾ ਹੈ ਕਿ ਉਹ ਜਿਸ ਵੀ ਗੁਰੂਘਰ ਜਾਂਦੇ ਹਨ, ਉਥੋਂ ਦੇ ਪ੍ਰਬੰਧ 'ਤੇ ਨਿਗਾਹ ਰੱਖਣ ਅਤੇ ਗੁਰੂਘਰ ਨਾਲ ਜੁੜੇ ਮਸਲੇ, ਸਥਾਨਕ ਸੰਗਤ ਦੇ ਸਹਿਯੋਗ ਨਾਲ ਹੀ ਹੱਲ ਕਰਨ। ਗੁਰੂਘਰਾਂ 'ਚ ਅਜਿਹੇ ਫੈਸਲੇ ਲਏ ਜਾਣ ਜਿਸ ਨਾਲ ਸਥਾਨਕ ਸਿੱਖ ਸੰਗਤ ਤੇ ਦੂਜੇ ਭਾਈਚਾਰੇ ਨੂੰ ਫਾਇਦੇ ਹੋਣ। ਗੁਰੂ ਸਾਹਿਬਾਨ ਨੇ ਗੋਲਕ ਤੇ ਦਸਵੰਧ ਪ੍ਰਥਾ ਚਾਲੂ ਕੀਤੀ ਸੀ ਤਾਂ ਕਿ ਜੇ ਕਿਧਰੇ ਸਰਕਾਰਾਂ ਲੋਕ ਭਲਾਈ ਦੇ ਕੰਮਾਂ 'ਚ ਜ਼ਰਾ ਪਿੱਛੇ ਰਹਿ ਜਾਣ ਤਾਂ ਲੋਕ ਗੁਰੂ ਦੀ ਗੋਲਕ ਨਾਲ ਆਪਣੇ ਸਥਾਨਕ ਮਸਲੇ ਹੱਲ ਕਰ ਸਕਣ, ਪਰ ਹੁਣ ਇਹ ਨੇਤਾ ਅਤੇ ਇਨ੍ਹਾਂ ਦੀਆਂ ਪਾਲਕ ਏਜੰਸੀਆਂ ਗੁਰੂ ਦੀ ਗੋਲਕ ਆਪਣੇ ਅਨੁਸਾਰ ਖਰਚਾਉਣ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ। ਅੱਜ ਸਿੱਖਾਂ ਦੇ ਆਪੇ ਬਣੇ ਬਹੁਤੇ ਆਗੂ, ਸਮਾਜ-ਸੇਵੀ ਹੋਣ ਦੇ ਦੰਭ ਹੇਠ ਸਿੱਖ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ।

ਜਿਹੜੇ ਨੇਤਾ ਸਮਾਜ-ਸੇਵਾ ਦੀ ਦੁਹਾਈ ਦੇ ਰਹੇ ਹਨ, ਅਸਲ 'ਚ ਇਹ ਇਨ੍ਹਾਂ ਦਾ ਢੌਂਗ ਹੈ। ਇਹ ਸੇਵਾ ਲੋਕਾਂ ਦੀ ਨਹੀਂ, ਸਗੋਂ ਸਫਾਰਤਖਾਨਿਆਂ ਦੀ ਕਰ ਰਹੇ ਹਨ। ਇਸ ਦੇ ਬਦਲੇ ਇਹ ਸੰਗਤ ਦੇ ਧਨ ਦੀ ਵੀ ਦੁਰਵਰਤੋਂ ਕਰਦੇ ਹਨ। ਫੇਅਰ ਫੈਕਸ (ਵਰਜੀਨੀਆ) ਦੀ ਇਕ ਅਦਾਲਤ ਨੇ ਅਜਿਹੇ ਅਖੌਤੀ ਸਮਾਜ-ਸੇਵਕ ਸੱਈਅਦ ਗੁਲਾਮ ਨਬੀ ਫਾਈ ਨੂੰ ਦੋਸ਼ੀ ਕਰਾਰ ਦੇ ਕੇ ਜੇਲ੍ਹ ਦੀ ਸਜ਼ਾ ਸੁਣਾਈ ਹੈ ਜਿਸ ਨੇ ਕਸ਼ਮੀਰੀ ਅਮਰੀਕਨ ਕੌਂਸਲ ਬਣਾਈ ਹੋਈ ਸੀ ਤੇ ਆਪ ਇਸ ਦਾ ਡਾਇਰੈਕਟਰ ਬਣਿਆ ਹੋਇਆ ਸੀ। ਉਹ ਅਕਸਰ ਕਹਿੰਦਾ ਸੀ ਕਿ ਉਹ ਸੰਯੁਕਤ ਕਸ਼ਮੀਰ ਲਈ ਸੰਘਰਸ਼ ਕਰ ਰਹੇ ਲੋਕਾਂ ਦਾ ਨਿਰਪੱਖ ਬੁਲਾਰਾ ਹੈ। ਇਹ ਗੱਲ ਉਹ ਅਮਰੀਕਨ ਕਾਂਗਰਸ ਨੂੰ ਵੀ ਕਹਿੰਦਾ ਸੀ ਤੇ ਰਾਸ਼ਟਰਪਤੀ ਦੇ ਸਟਾਫ਼ ਨੂੰ ਵੀ, ਪਰ ਜਾਂਚ ਹੋਣ ਉਤੇ ਪਤਾ ਲੱਗਾ ਕਿ ਉਸ ਨੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਤੋਂ ਆਪਣੀ ਜਥੇਬੰਦੀ ਲਈ 3.5 ਮਿਲੀਅਨ ਡਾਲਰ ਹਾਸਲ ਕੀਤੇ ਹਨ। ਪਿਛਲੇ 20 ਸਾਲਾਂ ਤੋਂ ਉਹ ਸਮਾਜ ਸੇਵਾ ਦੇ ਪਰਦੇ ਹੇਠ ਪਾਕਿਸਤਾਨ ਦੀ ਸਰਕਾਰ ਲਈ ਕੰਮ ਕਰਦਾ ਰਿਹਾ। ਜੱਜ ਨੇ ਆਪਣੇ ਫੈਸਲੇ 'ਚ ਕਿਹਾ ਕਿ ਜਿਸ ਤਰੀਕੇ ਨਾਲ ਉਹ ਪਾਕਿਸਤਾਨ ਤੋਂ ਪੈਸੇ ਲੈ ਕੇ ਆਪਣੇ ਬੱਚਿਆਂ ਦੀ ਪਰਵਰਿਸ਼ ਕਰ ਰਿਹਾ ਹੈ ਤੇ ਸੌਖੀ ਅਮਰੀਕਨ ਜ਼ਿੰਦਗੀ ਬਸਰ ਕਰ ਰਿਹਾ ਹੈ, ਉਹ 'ਫਾਰਨ ਏਜੰਟ ਰਜਿਸਟਰੇਸ਼ਨ ਐਕਟ' ਤਹਿਤ ਦੋਸ਼ੀ ਹੈ।

ਦਿਲਚਸਪ ਗੱਲ ਹੈ ਕਿ ਉਸ ਦਾ ਸਬੰਧ ਸਿੱਖਾਂ ਲਈ ਵੱਖਰੇ ਰਾਜ ਲਈ ਸੰਘਰਸ਼ ਕਰ ਰਹੀ ਜਥੇਬੰਦੀ ਨਾਲ ਵੀ ਸੀ। ਇਹ ਜਥੇਬੰਦੀ ਸਿੱਖ ਖਾੜਕੂ ਜਥੇਬੰਦੀਆਂ ਦੀ ਉਸ ਲਿਸਟ 'ਚ ਸ਼ਾਮਲ ਹੈ ਜਿਨ੍ਹਾਂ ਉਤੇ ਅਮਰੀਕਾ 'ਚ ਪਾਬੰਦੀ ਲੱਗੀ ਹੋਈ ਹੈ। ਸਮਝਿਆ ਜਾਂਦਾ ਹੈ ਕਿ ਅਜਿਹੇ ਅਨੇਕਾਂ ਹੋਰ ਪੰਜਾਬੀ ਸਮਾਜ-ਸੇਵੀ ਹਨ ਜਿਹੜੇ ਸਮਾਜ-ਸੇਵਾ ਦੇ ਪਰਦੇ ਪਿੱਛੇ ਭਾਰਤ ਜਾਂ ਪਾਕਿਸਤਾਨ ਲਈ ਕੰਮ ਕਰਦੇ ਹੋ ਸਕਦੇ ਹਨ। ਸਥਾਨਕ ਸਿੱਖਾਂ ਨੂੰ ਇਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

# ਆਰਥਿਕ ਸੁਧਾਰਾਂ ਦਾ ਇਕ ਹੋਰ ਹਮਲਾ

## ਦੇਸ-ਪਰਦੇਸ

***ਜੇ ਪ੍ਰਚੂਨ ਦੇ ਕਾਰੋਬਾਰ 'ਚ ਅਜਾਰੇਦਾਰ ਪੂੰਜੀ ਦਾ ਨਿਵੇਸ਼ ਐਸੀ ਜਾਦੂ ਦੀ ਛੜੀ ਹੈ ਜੋ ਕਾਸ਼ਤਕਾਰਾਂ ਨੂੰ ਮਾਲਾਮਾਲ ਕਰਦੀ ਹੈ ਤਾਂ ਅਮਰੀਕਾ 'ਚ ਅਜਿਹਾ ਕਿਉਂ ਨਹੀਂ ਹੋਇਆ? ਇਥੇ 1930 ਵਿਚ 70 ਲੱਖ ਖੇਤੀ ਫਾਰਮ ਸਨ ਜੋ 1990ਵਿਆਂ ਸਿਰਫ਼ 18 ਲੱਖ ਰਹਿ ਗਏ, ਭਾਵ 52 ਲੱਖ ਖੇਤੀ ਛੱਡ ਗਏ। ਅਮਰੀਕਾ ਵਿਚ 2008 'ਚ ਜੋ ਫਾਰਮ ਬਿੱਲ ਪਾਸ ਕੀਤਾ ਗਿਆ, ਉਸ ਵਿਚ ਖੇਤੀਬਾੜੀ ਲਈ (ਅਗਲੇ ਪੰਜ ਸਾਲਾਂ ਲਈ) 307 ਅਰਬ ਡਾਲਰ ਦੀ ਵਿਆਪਕ ਸਹਾਇਤਾ ਦਾ ਬੰਦੋਬਸਤ ਕੀਤਾ ਗਿਆ। ਜੇ ਵੱਡੇ ਪੱਧਰ ਦੇ ਸਿੱਧੇ ਪੂੰਜੀਨਿਵੇਸ਼ ਦੀ ਨੀਤੀ ਐਨੀ ਹੀ ਫ਼ਾਇਦੇਮੰਦ ਹੈ ਤਾਂ ਐਨੀ ਵੱਡੀ ਸਹਾਇਤਾ ਕਾਹਦੇ ਲਈ? ਤੱਥ ਦੱਸਦੇ ਹਨ ਕਿ ਅਜਿਹੀਆਂ ਵਿਆਪਕ ਸਬਸਿਡੀਆਂ ਦੇ ਬਾਵਜੂਦ ਯੂਰਪ ਵਿਚ ਹਰ ਮਿੰਟ 'ਚ ਇਕ ਕਾਸ਼ਤਕਾਰ ਖੇਤੀਬਾੜੀ ਨੂੰ ਅਲਵਿਦਾ ਆਖ ਦਿੰਦਾ ਹੈ। ਦੂਜੇ ਪਾਸੇ, ਵੱਡੇ ਸਟੋਰਾਂ ਉੱਪਰ ਨਾ ਹੀ ਸਮਾਨ ਸਸਤਾ ਮਿਲਦਾ ਹੈ, ਨਾ ਆਮ ਬਜ਼ਾਰ ਵਾਂਗ ਕੀਮਤ ਘਟਾ-ਵਧਾ ਲੈਣ ਦੀ ਖੁੱਲ੍ਹ ਹੁੰਦੀ ਹੈ। ਕੰਪਨੀਆਂ ਮੰਡੀ ਉੱਪਰ ਅਜਾਰੇਦਾਰੀ ਦਾ ਫ਼ਾਇਦਾ ਉਠਾ ਕੇ ਮਨਮਰਜ਼ੀ ਦੇ ਭਾਅ ਲਾਉਂਦੀਆਂ ਹਨ। ਅਧਿਐਨ ਦਰਸਾਉਂਦੇ ਹਨ ਕਿ ਲਾਤੀਨੀ ਅਮਰੀਕਾ, ਅਫ਼ਰੀਕਾ ਅਤੇ ਏਸ਼ੀਆ ਵਿਚ ਸੁਪਰਬਜ਼ਾਰਾਂ ਦੇ ਭਾਅ ਆਮ ਬਜ਼ਾਰ ਨਾਲੋਂ 20-30 ਵੱਧ ਹੀ ਹੁੰਦੇ ਹਨ।***

ਮਨਮੋਹਨ ਸਿੰਘ-ਸੋਨੀਆ ਹਕੂਮਤ ਵਲੋਂ ਪ੍ਰਚੂਨ ਬਜ਼ਾਰ 'ਚ 51 ਫੀਸਦ, ਏਅਰਲਾਈਨਾਂ 'ਚ 49 ਫੀਸਦ, ਊਰਜਾ ਵਪਾਰ ਦੇ ਲੈਣ-ਦੇਣ 'ਚ 49 ਫੀਸਦ ਅਤੇ ਬ੍ਰਾਡਕਾਸਟਿੰਗ ਖੇਤਰ 'ਚ 74 ਫੀਸਦ ਤੱਕ ਸਿੱਧੇ ਬਦੇਸ਼ੀ ਪੂੰਜੀ-ਨਿਵੇਸ਼ ਦੀ ਖੁੱਲ੍ਹ ਆਖ਼ਿਰ ਦੇ ਦਿੱਤੀ ਗਈ। ਹਿੰਦੋਸਤਾਨ ਕੌਪਰ, ਆਇਲ ਇੰਡੀਆ, ਰਾਈਟਸ ਵਰਗੀਆਂ ਸਰਕਾਰੀ ਕੰਪਨੀਆਂ ਵੇਚ ਕੇ 15,000 ਕਰੋੜ ਰੁਪਏ ਜੁਟਾਉਣ ਨੂੰ ਮਨਜ਼ੂਰੀ ਵੀ ਦਿੱਤੀ ਗਈ ਹੈ। ਇਨ੍ਹਾਂ 'ਦਲੇਰ' ਫ਼ੈਸਲਿਆਂ ਬਾਰੇ ਭਾਰਤੀ ਸਰਮਾਏਦਾਰੀ ਦੇ ਤਰਜਮਾਨੀ ਅਖ਼ਬਾਰ 'ਦੀ ਇਕਨਾਮਿਕ

**ਬੂਟਾ ਸਿੰਘ**
ਫ਼ੋਨ:91-94634-74342

ਟਾਈਮਜ਼' ਨੇ ਟਿੱਪਣੀ ਕੀਤੀ, "ਜਿਸ ਹਕੂਮਤ ਨੂੰ ਆਪਣੀ ਦੂਜੀ ਪਾਰੀ 'ਚ ਅਧਰੰਗ ਮਾਰੀ ਹਕੂਮਤ ਦੱਸਿਆ ਜਾਂਦਾ ਸੀ, ਉਸ ਨੇ ਰਿਕਾਰਡ ਸਮੇਂ 'ਚ ਉਲੰਪਿਕ ਸਪਰਿੰਟ ਵਰਗੀ ਨੀਤੀ ਲਾਗੂ ਕਰ ਵਿਖਾਈ।"

ਸਿਰਫ਼ ਇਕ ਦਿਨ ਪਹਿਲਾਂ ਹੀ ਕੇਂਦਰੀ ਹਕੂਮਤ ਨੇ ਡੀਜ਼ਲ ਦਾ ਭਾਅ 12 ਫੀਸਦ ਵਧਾ ਕੇ ਅਤੇ ਰਸੋਈ ਗੈਸ ਦੀ ਸਬਸਿਡੀ 'ਚ ਵੱਡਾ ਫੇਰਬਦਲ ਕਰ ਕੇ ਮੁਲਕ ਦੇ ਅਵਾਮ ਉੱਪਰ ਤਕੜਾ ਬੋਝ ਪਾਇਆ ਸੀ। ਇਹ 'ਸਖ਼ਤ' ਫ਼ੈਸਲੇ ਉਸ ਵਕਤ ਲਏ ਗਏ ਜਦੋਂ ਭਾਰਤ ਦਾ ਅਵਾਮ ਉੱਪਰੋਥਲੀ ਤਾਜ਼ਾ ਨਸ਼ਰ ਹੋਏ ਤਿੰਨ ਘੁਟਾਲਿਆਂ (ਜਿਨ੍ਹਾਂ ਰਾਹੀਂ ਮੋਟੇ ਤੌਰ 'ਤੇ ਮੁਲਕ ਦੇ ਖ਼ਜ਼ਾਨੇ ਨੂੰ 3.78 ਲੱਖ ਕਰੋੜ ਰੁਪਏ ਦਾ ਚੂਨਾ ਲਾਇਆ ਗਿਆ) ਦੀ ਪਹੇਲੀ ਨੇ ਬੌਂਦਲਾਇਆ ਹੋਇਆ ਹੈ ਪਰ ਉਹ ਇਹ ਨਹੀਂ ਜਾਣਦੇ ਕਿ ਇਸੇ ਹਕੂਮਤ ਨੇ ਬੀਤੇ ਤਿੰਨ ਸਾਲਾਂ 'ਚ ਕਾਰਪੋਰੇਟ ਸਰਮਾਏਦਾਰੀ ਨੂੰ ਟੈਕਸਾਂ ਦੇ ਰੂਪ 'ਚ 2 ਲੱਖ ਕਰੋੜ ਤੋਂ ਵੀ ਜ਼ਿਆਦਾ ਛੋਟ ਦਿੱਤੀ ਹੈ ਜੋ ਕੋਲਾ ਘੁਟਾਲੇ ਤੋਂ ਵੀ ਵੱਡੀ ਰਕਮ ਹੈ; ਭਾਵ ਇਹ ਟੈਕਸ ਉਹ ਸਰਕਾਰ ਨੂੰ ਨਹੀਂ ਦੇਣਗੇ। ਇਸੇ ਤਰ੍ਹਾਂ ਐਕਸਾਈਜ਼ ਕਰ 'ਚ 423294 ਕਰੋੜ ਅਤੇ ਕਸਟਮ ਡਿਊਟੀ 'ਚ 621890 ਕਰੋੜ ਰੁਪਏ ਦੀ ਛੋਟ ਦਿੱਤੀ ਗਈ। ਇਸ ਨੂੰ ਕਾਰਪੋਰੇਟ ਖੇਤਰ ਲਈ ਸਬਸਿਡੀ ਵੀ ਕਿਹਾ ਜਾ ਸਕਦਾ ਹੈ।

ਪਿਛਲੇ ਕੁਝ ਮਹੀਨਿਆਂ ਤੋਂ ਪੱਛਮੀ ਮੀਡੀਆ ਵੱਲੋਂ ਭਾਰਤ ਵਿਚ ਆਰਥਿਕ ਸੁਧਾਰਾਂ ਦੀ 'ਮੱਠੀ' ਚਾਲ ਨੂੰ ਮੁੱਦਾ ਬਣਾ ਕੇ ਮਨਮੋਹਨ ਸਿੰਘ ਨੂੰ ਨਾਲਾਇਕ ਤੇ ਅਸਫ਼ਲ ਪ੍ਰਧਾਨ ਮੰਤਰੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਸੀ। 8 ਜੁਲਾਈ ਨੂੰ 'ਟਾਈਮ' ਰਸਾਲੇ ਨੇ ਮੁੱਖ ਪੰਨੇ 'ਤੇ ਮਨਮੋਹਨ ਸਿੰਘ ਦੀ ਮੂਰਤ ਛਾਪ ਕੇ ਉਸ ਨੂੰ 'ਅੰਡਰਅਚੀਵਰ' ਕਹਿ ਦਿੱਤਾ। 16 ਜੁਲਾਈ ਨੂੰ ਬਰਤਾਨਵੀ ਅਖ਼ਬਾਰ 'ਦੀ ਇੰਡੀਪੈਂਡੈਂਟ' ਨੇ ਉਸ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠਾ ਕਮਜ਼ੋਰ ਅਤੇ ਨੂੜੇ ਹੋਏ ਹੱਥਾਂ ਵਾਲਾ ਮਜਬੂਰ ਸ਼ਖਸ ਗ਼ਰਦਾਨ ਦਿੱਤਾ। 5 ਸਤੰਬਰ ਦੇ 'ਵਾਸ਼ਿੰਗਟਨ ਪੋਸਟ' ਅਨੁਸਾਰ ਚੁੱਪ-ਗੜੁੱਪ ਮਨਮੋਹਨ ਸਿੰਘ ਐਸਾ ਤ੍ਰਾਸਦਿਕ ਪ੍ਰਧਾਨ ਮੰਤਰੀ ਹੈ ਜੋ ਦੰਦਾਂ ਦੇ ਡਾਕਟਰ ਕੋਲ ਜਾ ਕੇ ਵੀ ਮੂੰਹ ਨਹੀਂ ਖੋਲ੍ਹ ਸਕਦਾ। 'ਸਟੈਂਡਰਡ ਐਂਡ ਪੂਅਰ ਅਤੇ ਫਿੱਚ ਐਂਡ ਮੂਡੀ' ਵਰਗੀਆਂ ਕਰਜ਼ਾ ਰੇਟਿੰਗ ਏਜੰਸੀਆਂ ਆਪੋ ਆਪਣੇ ਢੰਗਾਂ ਨਾਲ ਮਨਮੋਹਨ ਸਿੰਘ ਸਰਕਾਰ ਉੱਪਰ ਆਰਥਿਕ ਸੁਧਾਰਾਂ ਦੀ ਚਾਲ ਤੇਜ਼ ਕਰਨ ਲਈ ਦਬਾਅ ਪਾਉਂਦੀਆਂ ਰਹੀਆਂ ਹਨ। ਵਾਲ-ਮਾਰਟ ਨੇ ਪਿਛਲੇ ਦੋ ਸਾਲਾਂ 'ਚ ਜੋੜ-ਤੋੜ ਕਰਨ ਲਈ ਭਾਰਤ ਵਿਚ 52 ਕਰੋੜ ਰੁਪਏ ਖ਼ਰਚੇ, ਇਹ ਖ਼ੁਲਾਸਾ ਵੀ ਅਮਰੀਕਾ 'ਚ ਹੀ ਹੋਇਆ ਹੈ ਪਰ ਮਨਮੋਹਨ ਸਿੰਘ ਨੇ ਦੋ ਦਿਨਾਂ 'ਚ ਹੀ ਵੱਡੇ-ਵੱਡੇ ਫ਼ੈਸਲੇ ਕਰ ਕੇ ਆਲਮੀ ਸਰਮਾਏਦਾਰੀ ਨੂੰ ਬਾਗ਼ੋ-ਬਾਗ਼ ਕਰ ਕੇ ਉਨ੍ਹਾਂ ਦੇ ਸਾਰੇ ਉਲਾਂਭੇ ਲਾਹ ਦਿੱਤੇ।

ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਤਰਜਮਾਨ ਮੀਡੀਆ ਦਾ ਫ਼ਿਕਰ ਇਕ ਪੱਖੋਂ ਜਾਇਜ਼ ਵੀ ਹੈ। ਦਰਅਸਲ, ਭਾਰਤ ਦੇ ਅਮੀਰ ਵਸੀਲਿਆਂ ਨੂੰ ਪੂਰੀ ਤਰ੍ਹਾਂ ਬੇਰੋਕ-ਟੋਕ ਲੁੱਟਣ ਦੀ ਖੁੱਲ੍ਹ ਦੇਣ ਵਾਲੇ ਫ਼ੈਸਲੇ ਹੀ ਡੂੰਘੇ ਮਿਆਦੀ ਸੰਕਟ 'ਚ ਫਸੇ ਅਮਰੀਕਾ, ਬਰਤਾਨੀਆ ਦੇ ਪੂੰਜੀਵਾਦੀ ਅਰਥਚਾਰਿਆਂ ਨੂੰ ਕੁਝ ਠੁੰਮਣਾ ਦੇ ਸਕਦੇ ਹਨ। ਮਨਮੋਹਨ ਸਿੰਘ ਆਲਮੀ ਕਾਰਪੋਰੇਟ ਸਰਮਾਏਦਾਰੀ ਦੀ ਪਹਿਲੀ ਪਸੰਦ ਇਸ ਕਰ ਕੇ ਬਣਿਆ ਕਿਉਂਕਿ ਇਸ ਨੇ ਸਾਮਰਾਜੀ ਯੋਜਨਾਵਾਂ ਅਨੁਸਾਰ ਵਿੱਤ ਮੰਤਰੀ ਦਾ ਅਹੁਦਾ ਸੰਭਾਲ ਕੇ ਉਨ੍ਹਾਂ ਦੀਆਂ ਇਛਾਵਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ ਸੀ। 1991 ਤੋਂ ਮੁਲਕ ਦੀ ਆਰਥਿਕਤਾ ਨੂੰ ਨਵਉਦਾਰਵਾਦੀ ਪਟੜੀ ਚਾੜ੍ਹ ਕੇ ਮਨਮੋਹਨ ਸਿੰਘ ਨੇ ਕਾਰਪੋਰੇਟ ਸਰਮਾਏਦਾਰੀ ਨੂੰ ਥੋਕ ਰਿਆਇਤਾਂ ਤੇ ਖੁੱਲ੍ਹਾਂ ਦੇਣ ਦੀ ਨਿਵੇਕਲੀ ਪਿਰਤ ਪਾ ਦਿੱਤੀ ਸੀ। ਉਦੋਂ ਤੋਂ ਲੈ ਕੇ ਜਿਹੜੀ ਵੀ ਪਾਰਟੀ ਦੀ ਸਰਕਾਰ ਕੇਂਦਰ ਅਤੇ ਸੂਬਿਆਂ 'ਚ ਸੱਤਾ 'ਚ ਆਈ ਹਰ ਕਿਸੇ ਨੇ ਕਾਰਪੋਰੇਟ ਸਰਮਾਏਦਾਰੀ ਪੱਖੀ ਨੀਤੀਆਂ ਨੂੰ ਜੋਸ਼ੋ-ਖਰੋਸ਼ ਨਾਲ ਅਮਲ 'ਚ ਲਿਆ ਕੇ ਮੁਲਕ ਦੇ ਅਮੀਰ ਵਸੀਲੇ ਦਰਿਆਦਿਲੀ ਨਾਲ ਲੁਟਾਏ।

2009 'ਚ ਰਾਡੀਆ ਟੇਪਾਂ ਨਸ਼ਰ ਹੋਣ ਨਾਲ ਉਸ ਕੌੜੀ ਸਚਾਈ 'ਤੇ ਮੋਹਰ ਲੱਗ ਗਈ ਜੋ ਪਹਿਲਾਂ ਪੜ੍ਹੇ-ਲਿਖੇ ਜਾਗਰੂਕ ਹਿੱਸਿਆਂ ਨੂੰ ਵੀ ਹਜ਼ਮ ਨਹੀਂ ਸੀ ਹੋ ਰਹੀ। ਉਹ ਇਹ ਕਿ ਸਰਕਾਰਾਂ ਨੂੰ ਮੁਲਕ ਦੇ ਵੋਟਰ ਵੋਟਾਂ ਪਾ ਕੇ ਚੁਣਦੇ ਜ਼ਰੂਰ ਹਨ ਪਰ ਦੇਸੀ ਤੇ ਬਦੇਸ਼ੀ ਕਾਰਪੋਰੇਟ ਸਰਮਾਏਦਾਰੀ ਆਪਣੇ ਚਹੇਤੇ ਕੈਬਨਿਟ ਮੰਤਰੀਆਂ ਜ਼ਰੀਏ ਆਪਣੀਆਂ ਮਨਪਸੰਦ ਨੀਤੀਆਂ ਪਾਸ ਕਰਵਾ ਕੇ ਲਾਗੂ ਕਰਵਾ ਰਹੀ ਹੈ। ਆਲਮੀ ਕਾਰਪੋਰੇਟ ਚਾਹੁੰਦੇ ਹਨ ਕਿ ਮਨਮੋਹਨ ਸਿੰਘ ਸਰਕਾਰ ਸੁਧਾਰਾਂ ਦੇ 'ਅਗਲੇ ਗੇੜ' ਵਿਚ ਉਨ੍ਹਾਂ ਦੇ ਹਿੱਤ 'ਚ ਹੋਰ ਵੀ ਵੱਡੇ-ਵੱਡੇ 'ਨਿਧੜਕ' ਤੇ ਤਿੱਖੇ ਫ਼ੈਸਲੇ ਲਵੇ।

**ਭਾਰਤੀ ਹਕੂਮਤ ਨੇ ਚਲਾਕੀ ਨਾਲ ਪ੍ਰਚੂਨ ਕਾਰੋਬਾਰ 'ਚ ਖੁੱਲ੍ਹ ਦੇਣ ਦਾ ਆਖ਼ਰੀ ਫ਼ੈਸਲਾ ਲੈਣ ਦਾ ਸਵਾਲ ਸੂਬਾ ਸਰਕਾਰਾਂ 'ਤੇ ਛੱਡ ਦਿੱਤਾ ਹੈ ਪਰ ਕੌਮਾਂਤਰੀ ਵਪਾਰਕ ਕਾਇਦੇ-ਕਾਨੂੰਨਾਂ ਅਨੁਸਾਰ ਮੈਂਬਰ ਮੁਲਕਾਂ ਤੋਂ ਹਰ ਥਾਂ ਇਕੋ ਜਿਹੇ ਸਲੂਕ ਦੀ ਮੰਗੀ ਕੀਤੀ ਜਾਂਦੀ ਹੈ। ਭਾਰਤ ਨੇ ਦੁਵੱਲੇ ਪੂੰਜੀ ਨਿਵੇਸ਼ ਦੀ ਤਰੱਕੀ ਅਤੇ ਸੁਰੱਖਿਆ ਸਮਝੌਤੇ (ਬੀ.ਆਈ.ਪੀ.ਏ.) ਤਹਿਤ ਪਹਿਲਾਂ ਹੀ 70 ਤੋਂ ਵੱਧ ਮੁਲਕਾਂ ਨਾਲ ਅਜਿਹੇ ਇਕਰਾਰਨਾਮੇ ਕੀਤੇ ਹੋਏ ਹਨ ਜਿਨ੍ਹਾਂ ਤਹਿਤ ਇਹ ਉਨ੍ਹਾਂ ਨਾਲ ਇਕਸਾਰ ਕੌਮੀ ਸਲੂਕ ਕਰਨ ਦੀ ਪਾਬੰਦ ਹੈ। ਲਿਹਾਜ਼ਾ ਸੂਬਾ ਸਰਕਾਰਾਂ ਨੂੰ ਵੱਡੇ ਪੱਧਰ ਦੇ ਪ੍ਰਚੂਨ ਵਪਾਰ ਦੀ ਖੁੱਲ੍ਹ ਦੇਣੀ ਹੀ ਪਵੇਗੀ। ਹੁਣ ਜਦੋਂ ਛੋਟੇ ਪ੍ਰਚੂਨ ਦੁਕਾਨਦਾਰਾਂ ਤੇ ਕਾਰੋਬਾਰੀਆਂ ਦੀ ਸੁਰੱਖਿਆ ਖ਼ਤਮ ਕਰ ਦਿੱਤੀ ਗਈ ਹੈ ਤਾਂ ਇਨ੍ਹਾਂ ਧੜਵੈਲ, ਵਿਸ਼ਾਲ ਪੂੰਜੀ ਵਸੀਲਿਆਂ ਵਾਲੀਆਂ ਕੰਪਨੀਆਂ ਮੂਹਰੇ ਉਹ ਟਿਕ ਨਹੀਂ ਸਕਣਗੇ।**

ਆਰਥਿਕ ਸੁਧਾਰਾਂ ਜ਼ਰੀਏ ਆਲਮੀ ਕਾਰਪੋਰੇਟ ਸਰਮਾਏਦਾਰੀ ਦੀਆਂ ਬਹੁਕੌਮੀ ਕੰਪਨੀਆਂ ਮੁਲਕ ਦੇ ਥੋਕ ਵਪਾਰ ਦੇ ਖੇਤਰ 'ਚ ਪਹਿਲਾਂ ਹੀ ਗਿਣਨਯੋਗ ਰੂਪ ਵਿਚ ਦਾਖ਼ਲ ਹੋ ਚੁੱਕੀਆਂ ਹਨ। 2006 ਦੇ ਨੀਤੀ ਫ਼ੈਸਲਿਆਂ ਰਾਹੀਂ ਇਨ੍ਹਾਂ ਨੂੰ ਥੋਕ ਵਪਾਰ 'ਚ ਹੋਰ ਵੀ ਖੁੱਲ੍ਹ ਹਾਸਲ ਹੋ ਗਈ ਸੀ ਪਰ ਉਨ੍ਹਾਂ ਦੀ ਬੇਲਗਾਮ ਲਾਲਸਾ ਨਿਰੇ ਥੋਕ ਵਪਾਰ ਨਾਲ ਸ਼ਾਂਤ ਹੋਣ ਵਾਲੀ ਨਹੀਂ। ਲੰਮੇ ਸਮੇਂ ਤੋਂ ਉਹ ਪ੍ਰਚੂਨ ਕਾਰੋਬਾਰ 'ਚ ਸਿੱਧੇ ਬਦੇਸ਼ੀ ਪੂੰਜੀ-ਨਿਵੇਸ਼ ਦੀ ਖੁੱਲ੍ਹ ਦੇਣ ਲਈ ਦਬਾਅ ਪਾਉਂਦੀਆਂ ਰਹੀਆਂ ਹਨ। ਜਦੋਂ ਮਨਮੋਹਨ-ਚਿਦੰਬਰਮ ਅਤੇ ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਬੁਲਾਰੇ ਭਾਰਤ ਵਿਚ ਆਰਥਿਕ ਸੁਧਾਰਾਂ ਦੇ ਦੂਜੇ ਗੇੜ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦਾ ਭਾਵ ਹੈ ਅਜਿਹੀਆਂ ਹੋਰ ਤਿੱਖੀਆਂ ਨੀਤੀਆਂ ਬਣਾਉਣਾ ਜਿਨ੍ਹਾਂ ਜ਼ਰੀਏ ਬਹੁਕੌਮੀ ਕੰਪਨੀਆਂ ਆਰਥਿਕਤਾ ਦੇ ਉਨ੍ਹਾਂ ਖੇਤਰਾਂ ਨੂੰ ਵੀ ਆਪਣੇ ਕਬਜ਼ੇ 'ਚ ਲੈ ਸਕਣ ਜਿਹੜੇ ਹਾਲੇ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹਨ। ਪ੍ਰਚੂਨ ਕਾਰੋਬਾਰ 'ਚ ਸਿੱਧੇ ਪੂੰਜੀ-ਨਿਵੇਸ਼ ਦੀ ਖੁੱਲ੍ਹ-ਖੇਡ ਦੀ ਮੰਗ ਇਸੇ ਲੰਮੀ-ਚੌੜੀ ਵਿਉਂਤ ਦੀ ਕੜੀ ਹੈ।

ਅਜਿਹੇ ਪੂੰਜੀ ਨਿਵੇਸ਼ ਦੀਆਂ ਮੁਲਕ ਦੇ ਆਰਥਿਕ ਤੇ ਯੁੱਧਨੀਤਕ ਹਿੱਤਾਂ ਲਈ ਡੂੰਘੀਆਂ ਅਰਥ-ਸੰਭਾਵਨਾਵਾਂ ਹਨ। (ਅਜਿਹੀਆਂ ਨੀਤੀਆਂ ਦੇ ਮੁਲਕ ਦੀ ਸੁਰੱਖਿਆ ਨਾਲ ਜੁੜੇ ਸਰੋਕਾਰਾਂ ਬਾਰੇ ਕਿਸੇ ਹੋਰ ਲੇਖ 'ਚ ਚਰਚਾ ਕੀਤੀ ਜਾਵੇਗੀ।) ਇਸ ਨਾਲ ਭਾਰਤ ਦੀ 470 ਅਰਬ ਡਾਲਰ ਦੀ ਪ੍ਰਚੂਨ ਮੰਡੀ ਉੱਪਰ ਵਾਲ-ਮਾਰਟ ਵਰਗੀਆਂ ਬੇਸ਼ੁਮਾਰ ਬਹੁ-ਕੌਮੀ ਕੰਪਨੀਆਂ ਦੇ ਕਾਬਜ਼ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ। ਨਾਲ ਹੀ ਉਨ੍ਹਾਂ ਚਾਰ ਕਰੋੜ ਲੋਕਾਂ ਦੀ ਤਬਾਹੀ ਦਾ ਮੁੱਢ ਬੱਝ ਗਿਆ ਹੈ ਜਿਨ੍ਹਾਂ ਦਾ ਜੀਵਨ ਗੁਜ਼ਾਰਾ ਸਿੱਧੇ ਤੌਰ 'ਤੇ ਇਸ ਕਾਰੋਬਾਰ ਨਾਲ ਜੁੜਿਆ ਹੋਇਆ ਹੈ। ਦੂਜੇ ਪਾਸੇ ਪਹਿਲਾਂ ਹੀ ਤਬਾਹੀ ਦੇ ਮੂੰਹ ਆਈ ਛੋਟੀ ਅਤੇ ਦਰਮਿਆਨੀ ਸਨਅਤ ਅਤੇ ਛੋਟੀ ਤੇ ਦਰਮਿਆਨੀ ਕਿਸਾਨੀ ਦੇ ਉਜਾੜੇ ਦਾ ਅਮਲ ਹੋਰ ਵੀ ਤੇਜ਼ ਹੋ ਜਾਵੇਗਾ।

ਮਨਮੋਹਨ ਸਿੰਘ ਵਜ਼ਾਰਤ ਨੇ ਪਿਛਲੇ ਵਰ੍ਹੇ 25 ਨਵੰਬਰ 2011 ਨੂੰ ਪ੍ਰਚੂਨ ਵਪਾਰ 'ਚ ਸਿੱਧੇ ਬਦੇਸ਼ੀ ਪੂੰਜੀ-ਨਿਵੇਸ਼ ਦੀ ਖੁੱਲ੍ਹ ਦੇਣ ਦਾ ਫ਼ੈਸਲਾ ਕਰ ਲਿਆ ਸੀ ਪਰ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਵਕਤੀ ਤੌਰ 'ਤੇ ਇਸ ਨੂੰ ਆਮ ਸਹਿਮਤੀ ਬਣਾਉਣ ਦੇ ਬਹਾਨੇ ਰੋਕ ਲਿਆ ਗਿਆ। ਵਜ੍ਹਾ ਸਾਫ਼ ਸੀ: ਪੰਜ ਸੂਬਿਆਂ 'ਚ ਹੋਣ ਵਾਲੀਆਂ ਵਿਧਾਨ-ਸਭਾ ਚੋਣਾਂ ਅਤੇ ਕੇਰਲਾ ਤੇ ਪੱਛਮੀ ਬੰਗਾਲ ਵਿਚ ਮੱਧਵਰਤੀ ਚੋਣਾਂ ਅਤੇ ਵਿਰੋਧੀ ਧਿਰ ਦੀਆਂ ਪਾਰਟੀਆਂ ਵਲੋਂ ਇਸ ਮੁੱਦੇ ਉੱਪਰ ਸਿਆਸੀ ਰੋਟੀਆਂ ਸੇਕਣ ਲਈ ਲੋਕ ਸਭਾ 'ਚ ਭਾਰੀ ਹੰਗਾਮਾ। ਇਹ ਵੱਖਰੀ ਗੱਲ ਹੈ ਕਿ ਕਾਂਗਰਸ ਦੀ ਗੱਠਜੋੜ ਸਰਕਾਰ ਵਿਰੋਧੀ ਪਾਰਟੀਆਂ ਦੇ ਇਸ ਢੌਂਗੀ ਵਿਰੋਧ ਨੂੰ ਬਾਖ਼ੂਬੀ ਸਮਝਦੀ ਸੀ। ਉਸ ਨੂੰ ਪਤਾ ਸੀ ਕਿ ਭਾਜਪਾ ਉਹੀ ਪਾਰਟੀ ਹੈ ਜਿਸ ਦਾ ਖ਼ੁਦ ਦਾ ਵਣਜ ਮੰਤਰੀ ਮੁਰਾਸੋਲੀ ਮਾਰਨ ਪ੍ਰਚੂਨ ਕਾਰੋਬਾਰ 'ਚ 100 ਫ਼ੀਸਦੀ ਬਦੇਸ਼ੀ ਪੂੰਜੀ-ਨਿਵੇਸ਼ ਦੀ ਤਜਵੀਜ਼ ਲੈ ਕੇ ਆਇਆ ਸੀ ਅਤੇ ਸਭ ਤੋਂ ਪਹਿਲਾਂ ਬੈਂਕਾਂ ਅਤੇ ਬੀਮਾ ਖੇਤਰਾਂ 'ਚ ਬਦੇਸ਼ੀ ਪੂੰਜੀ-ਨਿਵੇਸ਼ ਲਈ ਦਰਵਾਜ਼ੇ ਇਸੇ ਨੇ ਖੋਲ੍ਹੇ ਸਨ। ਅਤੇ ਸੀ.ਪੀ.ਐੱਮ. ਨੇ ਪੱਛਮੀ ਬੰਗਾਲ ਅੰਦਰ ਟਾਟਾ ਅਤੇ ਇੰਡੋਨੇਸ਼ੀਆ ਦੇ ਸਲੀਮ ਗਰੁੱਪ ਦਾ ਪੂੰਜੀਨਿਵੇਸ਼ ਕਰਾਉਣ ਲਈ ਕੀ ਕੁਝ ਨਹੀਂ ਕੀਤਾ।

ਪ੍ਰਚੂਨ ਕਾਰੋਬਾਰ 'ਚ ਸਿੱਧੇ ਬਦੇਸ਼ੀ ਪੂੰਜੀ-ਨਿਵੇਸ਼ ਦੇ ਫ਼ਾਇਦਿਆਂ ਦੀਆਂ ਦਲੀਲਾਂ ਪੂਰੀ ਤਰ੍ਹਾਂ ਝੂਠ ਦਾ ਪੁਲੰਦਾ ਹਨ। ਇਹ ਦਾਅਵੇ ਖੋਖਲੇ ਹਨ ਕਿ ਅਜਿਹੇ ਪੂੰਜੀ-ਨਿਵੇਸ਼ ਨਾਲ ਪੇਂਡੂ ਬੁਨਿਆਦੀ ਢਾਂਚੇ 'ਚ ਵੱਡਾ ਸੁਧਾਰ ਹੋ ਜਾਵੇਗਾ, ਖੇਤੀ ਉਪਜਾਂ




ਭੰਡਾਰਨ ਖੁਣੋਂ ਬਰਬਾਦ ਨਹੀਂ ਹੋਇਆ ਕਰਨਗੀਆਂ (ਕਿਹਾ ਜਾਂਦਾ ਹੈ ਕਿ ਤੀਜਾ ਹਿੱਸਾ ਫਲ ਅਤੇ ਸਬਜ਼ੀਆਂ ਖੇਤਾਂ ਅਤੇ ਸਟੋਰਾਂ ਦਰਮਿਆਨ ਹੀ ਗਲ-ਸੜ ਜਾਂਦੇ ਹਨ) ਅਤੇ ਕਿਸਾਨਾਂ ਨੂੰ ਫ਼ਸਲਾਂ ਦੇ ਬਿਹਤਰ ਭਾਅ ਮਿਲਣ ਲੱਗ ਜਾਣਗੇ।

ਖ਼ੁਦ ਅਮਰੀਕਾ ਦਾ ਤਜਰਬਾ ਹੀ ਇਸ ਨੂੰ ਗ਼ਲਤ ਸਾਬਤ ਕਰ ਦਿੰਦਾ ਹੈ। ਜਿੱਥੇ ਖੇਤੀ ਦਾ ਕਾਰੋਬਾਰ ਕਰਨ ਵਾਲਿਆਂ ਦੀ ਆਮਦਨੀ (ਵੀਹਵੀਂ ਸਦੀ 'ਚ) 70 ਫ਼ੀਸਦ ਸੀ ਜੋ 2005 'ਚ ਸਿਰਫ਼ ਚਾਰ ਫ਼ੀਸਦ ਰਹਿ ਗਈ। ਜੇ ਪ੍ਰਚੂਨ ਦੇ ਕਾਰੋਬਾਰ 'ਚ ਅਜਾਰੇਦਾਰ ਪੂੰਜੀ ਦਾ ਨਿਵੇਸ਼ ਐਸੀ ਜਾਦੂ ਦੀ ਛੜੀ ਹੈ ਜੋ ਕਾਸ਼ਤਕਾਰਾਂ ਨੂੰ ਮਾਲਾਮਾਲ ਕਰਦੀ ਹੈ ਤਾਂ ਅਮਰੀਕਾ 'ਚ ਅਜਿਹਾ ਕਿਉਂ ਨਹੀਂ ਹੋਇਆ? ਇਥੇ 1930 ਵਿਚ 70 ਲੱਖ ਖੇਤੀ ਫਾਰਮ ਸਨ ਜੋ 1990ਵਿਆਂ ਸਿਰਫ਼ 18 ਲੱਖ ਰਹਿ ਗਏ, ਭਾਵ 52 ਲੱਖ ਖੇਤੀ ਛੱਡ ਗਏ। ਅਮਰੀਕਾ ਵਿਚ 2008 'ਚ ਜੋ ਫਾਰਮ ਬਿੱਲ ਪਾਸ ਕੀਤਾ ਗਿਆ, ਉਸ ਵਿਚ ਖੇਤੀਬਾੜੀ ਲਈ (ਅਗਲੇ ਪੰਜ ਸਾਲਾਂ ਲਈ) 307 ਅਰਬ ਡਾਲਰ ਦੀ ਵਿਆਪਕ ਸਹਾਇਤਾ ਦਾ ਬੰਦੋਬਸਤ ਕੀਤਾ ਗਿਆ। ਜੇ ਵੱਡੇ ਪੱਧਰ ਦੇ ਸਿੱਧੇ ਪੂੰਜੀਨਿਵੇਸ਼ ਦੀ ਨੀਤੀ ਐਨੀ ਹੀ ਫ਼ਾਇਦੇਮੰਦ ਹੈ ਤਾਂ ਐਨੀ ਵੱਡੀ ਸਹਾਇਤਾ ਕਾਹਦੇ ਲਈ? ਤੱਥ ਦੱਸਦੇ ਹਨ ਕਿ ਅਜਿਹੀਆਂ ਵਿਆਪਕ ਸਬਸਿਡੀਆਂ ਦੇ ਬਾਵਜੂਦ ਯੂਰਪ ਵਿਚ ਹਰ ਮਿੰਟ 'ਚ ਇਕ ਕਾਸ਼ਤਕਾਰ ਖੇਤੀਬਾੜੀ ਨੂੰ ਅਲਵਿਦਾ ਆਖ ਦਿੰਦਾ ਹੈ।

ਦੂਜੇ ਪਾਸੇ, ਵੱਡੇ ਸਟੋਰਾਂ ਉੱਪਰ ਨਾ ਹੀ ਸਮਾਨ ਸਸਤਾ ਮਿਲਦਾ ਹੈ, ਨਾ ਆਮ ਬਜ਼ਾਰ ਵਾਂਗ ਕੀਮਤ ਘਟਾ-ਵਧਾ ਲੈਣ ਦੀ ਖੁੱਲ੍ਹ ਹੁੰਦੀ ਹੈ। ਕੰਪਨੀਆਂ ਮੰਡੀ ਉੱਪਰ ਅਜਾਰੇਦਾਰੀ ਦਾ ਫ਼ਾਇਦਾ ਉਠਾ ਕੇ ਮਨਮਰਜ਼ੀ ਦੇ ਭਾਅ ਲਾਉਂਦੀਆਂ ਹਨ। ਅਧਿਐਨ ਦਰਸਾਉਂਦੇ ਹਨ ਕਿ ਲਾਤੀਨੀ ਅਮਰੀਕਾ, ਅਫ਼ਰੀਕਾ ਅਤੇ ਏਸ਼ੀਆ ਵਿਚ ਸੁਪਰਬਜ਼ਾਰਾਂ ਦੇ ਭਾਅ ਆਮ ਬਜ਼ਾਰ ਨਾਲੋਂ 20-30 ਵੱਧ ਹੀ ਹੁੰਦੇ ਹਨ।

ਭਾਰਤ ਦੇ ਅੰਦਾਜ਼ਨ 400 ਅਰਬ ਡਾਲਰ ਦੇ ਪ੍ਰਚੂਨ ਖੇਤਰ ਵਿਚ 1 ਕਰੋੜ 20 ਲੱਖ ਤੋਂ ਵੱਧ ਪ੍ਰਚੂਨ ਕਾਰੋਬਾਰ ਹਨ ਜਿਨ੍ਹਾਂ 'ਚ 4 ਕਰੋੜ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ। ਹੁਣ ਜ਼ਰਾ ਵਾਲ-ਮਾਰਟ ਦੀ ਕਾਰਗੁਜ਼ਾਰੀ ਦੇਖੋ। ਇਸ ਦੀ ਆਲਮੀ ਵੱਟਤ 420 ਅਰਬ ਡਾਲਰ ਦੇ ਕਰੀਬ ਹੈ, ਇਸ ਵਿਚ ਸਿਰਫ਼ 21 ਲੱਖ ਲੋਕ ਰੁਜ਼ਗਾਰ 'ਤੇ ਲੱਗੇ ਹੋਏ ਹਨ। ਭਾਰਤ ਦੇ ਪ੍ਰਚੂਨ ਕਾਰੋਬਾਰ ਨੇ ਵਾਲ-ਮਾਰਟ ਵਰਗੀਆਂ ਅਜਾਰੇਦਾਰ ਕੰਪਨੀਆਂ ਨਾਲੋਂ ਕਿਤੇ ਵੱਡੇ ਪੱਧਰ 'ਤੇ ਰੋਜ਼ਗਾਰ ਮੁਹੱਈਆ ਕੀਤਾ ਹੋਇਆ ਹੈ ਅਤੇ ਵਾਲ-ਵਾਰਟ ਜਿਹੇ ਕਾਰੋਬਾਰੀ ਤਾਂ ਕਰੋੜਾਂ ਲੋਕਾਂ ਦੀ ਰੋਜ਼ੀ ਖੋਹਣ ਦਾ ਕੰਮ ਹੀ ਕਰਨਗੇ। ਪਿੱਛੇ ਜਿਹੇ ਖ਼ੁਦ 'ਨਿਊ ਯਾਰਕ ਟਾਈਮਜ਼' ਨੇ ਖ਼ੁਲਾਸਾ ਕੀਤਾ ਕਿ ਵਾਲ-ਮਾਰਟ ਨੇ ਮਹਿਜ਼ 10 ਸਾਲ 'ਚ ਹੀ ਮੈਕਸੀਕੋ ਦੇ 50 ਫ਼ੀਸਦ ਪ੍ਰਚੂਨ ਕਾਰੋਬਾਰ 'ਤੇ ਕਬਜ਼ਾ ਕਰ ਲਿਆ। ਇਸ ਦੀ ਰਿਪੋਰਟ ਅਨੁਸਾਰ, 'ਵਾਲ-ਮਾਰਟ ਦੀ ਮੈਕਸੀਕਨ ਸਹਾਇਕ ਕੰਪਨੀ ਨੇ 2011 'ਚ 431 ਸਟੋਰ ਖੋਲ੍ਹੇ, ਰਿਸ਼ਵਤ ਦਿੱਤੀ ਅਤੇ ਅਰਕਾਂਸਸ ਦੇ ਕਾਰਪੋਰੇਟ ਸਦਰ ਮੁਕਾਮ ਵਿਖੇ ਇਸ ਮਾਮਲੇ ਦੀ ਪੜਤਾਲ ਦਬਾ ਦਿੱਤੀ ਗਈ।' ਇਸੇ ਤਰ੍ਹਾਂ ਬਹੁਭਾਂਤੀ (ਮਲਟੀ-ਬ੍ਰਾਂਡ) ਪ੍ਰਚੂਨ ਕਾਰੋਬਾਰ ਨਾਲ ਢੁਕਵੇਂ ਵਿਗਿਆਨਕ ਭੰਡਾਰਨ ਦੇ ਇੰਤਜ਼ਾਮ ਅਤੇ ਇਸ ਜ਼ਰੀਏ ਦਹਿ ਲੱਖਾਂ ਟਨ ਅਨਾਜ ਖ਼ਰਾਬ ਹੋਣ ਤੋਂ ਬਚ ਜਾਣ ਦੀ ਦਲੀਲ 'ਚ ਵੀ ਕੋਈ ਦਮ ਨਹੀਂ ਹੈ। ਇਸ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਦੁਨੀਆ 'ਚ ਕਿਥੇ ਵੱਡੇ ਪੱਧਰ ਦੇ ਪ੍ਰਚੂਨ ਕਾਰੋਬਾਰੀਆਂ ਨੇ ਅਜਿਹੀਆਂ ਸਹੂਲਤਾਂ ਮੁਹੱਈਆ ਕੀਤੀਆਂ ਹਨ।

ਭਾਰਤੀ ਹਕੂਮਤ ਨੇ ਚਲਾਕੀ ਨਾਲ ਪ੍ਰਚੂਨ ਕਾਰੋਬਾਰ 'ਚ ਖੁੱਲ੍ਹ ਦੇਣ ਦਾ ਆਖ਼ਰੀ ਫ਼ੈਸਲਾ ਲੈਣ ਦਾ ਸਵਾਲ ਸੂਬਾ ਸਰਕਾਰਾਂ 'ਤੇ ਛੱਡ ਦਿੱਤਾ ਹੈ ਪਰ ਕੌਮਾਂਤਰੀ ਵਪਾਰਕ ਕਾਇਦੇ-ਕਾਨੂੰਨਾਂ ਅਨੁਸਾਰ ਮੈਂਬਰ ਮੁਲਕਾਂ ਤੋਂ ਹਰ ਥਾਂ ਇਕੋ ਜਿਹੇ ਸਲੂਕ ਦੀ ਮੰਗੀ ਕੀਤੀ ਜਾਂਦੀ ਹੈ। ਭਾਰਤ ਨੇ ਦੁਵੱਲੇ ਪੂੰਜੀ ਨਿਵੇਸ਼ ਦੀ ਤਰੱਕੀ ਅਤੇ ਸੁਰੱਖਿਆ ਸਮਝੌਤੇ (ਬੀ.ਆਈ.ਪੀ.ਏ.) ਤਹਿਤ ਪਹਿਲਾਂ ਹੀ 70 ਤੋਂ ਵੱਧ ਮੁਲਕਾਂ ਨਾਲ ਅਜਿਹੇ ਇਕਰਾਰਨਾਮੇ ਕੀਤੇ ਹੋਏ ਹਨ ਜਿਨ੍ਹਾਂ ਤਹਿਤ ਇਹ ਉਨ੍ਹਾਂ ਨਾਲ ਇਕਸਾਰ ਕੌਮੀ ਸਲੂਕ ਕਰਨ ਦੀ ਪਾਬੰਦ ਹੈ। ਲਿਹਾਜ਼ਾ ਸੂਬਾ ਸਰਕਾਰਾਂ ਨੂੰ ਵੱਡੇ ਪੱਧਰ ਦੇ ਪ੍ਰਚੂਨ ਵਪਾਰ ਦੀ ਖੁੱਲ੍ਹ ਦੇਣੀ ਹੀ ਪਵੇਗੀ।

ਹੁਣ ਜਦੋਂ ਛੋਟੇ ਪ੍ਰਚੂਨ ਦੁਕਾਨਦਾਰਾਂ ਤੇ ਕਾਰੋਬਾਰੀਆਂ ਦੀ ਸੁਰੱਖਿਆ ਖ਼ਤਮ ਕਰ ਦਿੱਤੀ ਗਈ ਹੈ ਤਾਂ ਇਨ੍ਹਾਂ ਧੜਵੈਲ, ਵਿਸ਼ਾਲ ਪੂੰਜੀ ਵਸੀਲਿਆਂ ਵਾਲੀਆਂ ਕੰਪਨੀਆਂ ਮੂਹਰੇ ਉਹ ਟਿਕ ਨਹੀਂ ਸਕਣਗੇ। ਵੱਡੀਆਂ ਕੰਪਨੀਆਂ ਦਾ ਇਕੋ ਇਕ ਉਦੇਸ਼ ਉਪਜਾਂ ਪੈਦਾ ਕਰਨ ਵਾਲਿਆਂ ਨੂੰ ਘੱਟ ਤੋਂ ਘੱਟ ਭਾਅ ਦੇ ਕੇ ਅਤੇ ਗਾਹਕਾਂ ਨੂੰ ਮਹਿੰਗੇ ਤੋਂ ਮਹਿੰਗਾ ਭਾਅ ਲਾ ਕੇ ਸੁਪਰ ਮੁਨਾਫ਼ੇ ਕਮਾਉਣਾ ਹੈ। ਇਨ੍ਹਾਂ ਦੀ ਆਮਦ ਨਾਲ ਪ੍ਰਚੂਨ ਦੇ ਕਾਰੋਬਾਰ 'ਚ ਲੱਗੇ ਛੋਟੇ-ਛੋਟੇ 'ਵਿਚੋਲੇ' ਖ਼ਤਮ ਹੋ ਜਾਂਦੇ ਹਨ ਪਰ ਇਨ੍ਹਾਂ ਦੀ ਥਾਂ ਨਵੀਂ ਕਿਸਮ ਦੇ ਵਿਚੋਲੇ ਜਿਵੇਂ ਕਵਾਲਿਟੀ ਕੰਟਰੋਲਰ, ਸਰਟੀਫ਼ੀਕੇਸ਼ਨ ਏਜੰਸੀ, ਪ੍ਰਾਸੈਸ ਕਰਨ ਵਾਲੇ, ਪੈਕੇਜ ਸਲਾਹਕਾਰ ਆਦਿ ਆ ਧਮਕਦੇ ਹਨ ਜੋ ਮੁਨਾਫ਼ੇ ਉਡਾ ਲੈਂਦੇ ਹਨ ਅਤੇ ਕਾਸ਼ਤਕਾਰ ਸਬਸਿਡੀਆਂ ਦੀ ਖ਼ੈਰਾਤ ਸਹਾਰੇ ਜਿਉਂਦੇ ਹਨ।

# ਸੰਵਿਧਾਨ, ਕੌਮੀ ਝੰਡੇ ਜਾਂ ਕੌਮੀ ਗੀਤ ਦਾ ਸਤਿਕਾਰ!

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

***ਅਸੀਮ ਤ੍ਰਿਵੇਦੀ ਨੇ ਭ੍ਰਿਸ਼ਟਾਚਾਰ ਦਾ ਵਿਰੋਧ ਕਰਦੇ ਕੁਝ ਲੋਕਾਂ ਨਾਲ ਮਿਲ ਕੇ ਦਿੱਲੀ ਦੇ ਜੰਤਰ-ਮੰਤਰ ਵਿਖੇ ਇੱਕ ਧਰਨਾ ਲਾਇਆ, ਵਰਤ ਰੱਖਿਆ ਤੇ ਕਾਰਟੂਨ ਬਣਾਏ। ਇਸ ਨਾਲ ਦੇਸ਼-ਧਰੋਹ ਨਹੀਂ ਬਣ ਸਕਦਾ। ਦੇਸ਼-ਧਰੋਹ ਤਾਂ ਉਹ ਬੇਈਮਾਨ ਕਰ ਰਹੇ ਹਨ, ਜਿਹੜੇ ਦੇਸ਼ ਦੇ ਲੋਕਾਂ ਦਾ ਹੱਕ ਬਣਦੀ ਦੌਲਤ ਨੂੰ ਟੈਲੀਕਾਮ ਸਕੈਂਡਲ, ਕੋਲੇ ਦੇ ਬਲਾਕਾਂ ਦੀ ਅਲਾਟਮੈਂਟ ਤੇ ਹੋਰ ਸੌ ਤਰੀਕਿਆਂ ਨਾਲ ਲੁੱਟ ਲੈਂਦੇ ਹਨ। ਜਦੋਂ ਪਾਰਲੀਮੈਂਟ ਵਿਚ ਮਾੜੇ ਲੋਕ ਹਰ ਵਾਰ ਵਧਦੇ ਜਾਂਦੇ ਹਨ ਤਾਂ ਇਹ ਦੇਸ਼ ਦੇ ਆਮ ਲੋਕਾਂ ਦਾ ਕਸੂਰ ਨਹੀਂ, ਉਨ੍ਹਾਂ ਮਾੜਿਆਂ ਵੱਲੋਂ ਲੋਕਤੰਤਰੀ ਪ੍ਰਬੰਧ ਨੂੰ ਅਗਵਾ ਕਰ ਲੈਣ ਕਰ ਕੇ ਵਾਪਰ ਰਿਹਾ ਹੈ। ਸਾਰਾ ਦੇਸ਼ ਉਸ ਦਿਨ ਦੰਗ ਰਹਿ ਗਿਆ ਸੀ, ਜਦੋਂ ਇੱਕ ਟੀ ਵੀ ਚੈਨਲ ਨੇ ਇਹ ਕੌੜਾ ਸੱਚ ਸਾਹਮਣੇ ਲਿਆਂਦਾ ਕਿ ਪਾਰਲੀਮੈਂਟ ਦੇ ਮੈਂਬਰਾਂ ਨੂੰ ਉਥੇ ਸਵਾਲ ਪੁੱਛਣ ਲਈ ਜੇ ਕੋਈ ਕੰਪਨੀ ਚਾਰ ਛਿੱਲੜ ਫੜਾ ਦੇਵੇ ਤਾਂ ਇਸ ਲਈ ਵੀ ਤਿਆਰ ਹੋ ਜਾਂਦੇ ਹਨ।***

ਅਸੀਮ ਤ੍ਰਿਵੇਦੀ ਹੁਣ ਜੇਲ੍ਹ ਵਿਚ ਨਹੀਂ, ਬਾਹਰ ਆ ਚੁੱਕਾ ਹੈ। ਉਸ ਨੇ ਕਿਹਾ ਸੀ ਕਿ ਉਹ ਜ਼ਮਾਨਤ ਦੇ ਬਾਂਡ ਨਹੀਂ ਭਰੇਗਾ, ਪਰ ਆਖਰ ਕੁਝ ਲੋਕਾਂ ਦੇ ਸਮਝਾਉਣ ਉਤੇ ਭਰ ਦਿੱਤੇ ਹਨ। ਜ਼ਮਾਨਤ ਲਈ ਉਸ ਨੇ ਅਰਜ਼ੀ ਨਹੀਂ ਸੀ ਦਿੱਤੀ, ਹਾਈ ਕੋਰਟ ਨੇ ਆਪ ਉਸ ਨੂੰ ਅਣ-ਮੰਗੀ ਜ਼ਮਾਨਤ ਦੇ ਦਿੱਤੀ ਸੀ। ਇਹ ਪੁਲਿਸ ਦੀ ਹਾਰ ਸੀ ਜੋ ਹੋਣੀ ਵੀ ਚਾਹੀਦੀ ਸੀ। ਅਸਲ ਵਿਚ ਇਹ ਪੁਲਿਸ ਤੋਂ ਵੱਧ ਇਸ ਸਿਸਟਮ ਦੀ ਹਾਰ ਹੈ, ਜਿਹੜਾ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ 65 ਸਾਲ ਲੰਘਾ ਕੇ ਵੀ ਆਪਣੇ ਆਪ ਨੂੰ ਬਰਤਾਨਵੀ ਰਾਜ ਦੇ ਖਿਦਮਤਗਾਰਾਂ ਦੀ ਮਾਨਸਿਕਤਾ ਤੋਂ ਨਹੀਂ ਉਭਾਰ ਸਕਿਆ। ਇਸ ਝਟਕੇ ਤੋਂ ਬਾਅਦ ਇਸ ਨੂੰ ਸੰਭਲਣਾ ਚਾਹੀਦਾ ਹੈ।

ਜਿਹੜਾ ਕਾਰਟੂਨ ਅਸੀਮ ਤ੍ਰਿਵੇਦੀ ਨੇ ਬਣਾਇਆ ਸੀ, ਉਸ ਨਾਲ ਮੈਂ ਸਹਿਮਤ ਨਹੀਂ ਹੋ ਸਕਦਾ। ਆਮ ਕਰ ਕੇ ਇਸ ਲੇਖ ਵਿਚ 'ਅਸੀਂ' ਵਰਤਣ ਦੀ ਆਦਤ ਦੇ ਬਾਵਜੂਦ ਇਸ ਵਾਰ 'ਮੈਂ' ਲਫਜ਼ ਦੀ ਵਰਤੋਂ ਇਸ ਲਈ ਕੀਤੀ ਹੈ ਕਿ ਤੁਹਾਡੇ ਵਿਚੋਂ ਕੁਝ ਲੋਕ ਇਸ ਕਾਰਟੂਨ ਨਾਲ ਸਹਿਮਤ ਵੀ ਹੋ ਸਕਦੇ ਹਨ, ਮੈਂ ਇਸ ਨਾਲ ਸਹਿਮਤ ਹੋਵਾਂ ਜਾਂ ਨਾ, ਮੇਰਾ ਵੀ ਓਨਾ ਹੀ ਹੱਕ ਹੈ, ਜਿੰਨਾ ਅਸੀਮ ਤ੍ਰਿਵੇਦੀ ਦਾ ਏਦਾਂ ਦੇ ਕਾਰਟੂਨ ਬਣਾਉਣ ਦਾ ਹੱਕ ਹੈ। ਉਸ ਨੇ ਜਿਸ ਤਰ੍ਹਾਂ ਦੇ ਕਾਰਟੂਨ ਬਣਾਏ ਹਨ, ਉਨ੍ਹਾਂ ਵਿਚੋਂ ਕਈ ਤਾਂ ਕੁਝ ਜ਼ਿਆਦਾ ਹੀ ਹੱਦਾਂ ਲੰਘ ਜਾਣ ਵਾਲੇ ਹਨ। ਇੱਕ ਇਹੋ ਜਿਹੇ ਕਾਰਟੂਨ ਵਿਚ ਉਸ ਨੇ ਟਾਇਲਟ ਸੀਟ ਬਣਾ ਕੇ ਉਸ ਨੂੰ ਭਾਰਤ ਦੇ ਪਾਰਲੀਮੈਂਟ ਭਵਨ ਦੀ ਸ਼ਕਲ ਦੇ ਦਿੱਤੀ, ਇਸ ਤੋਂ ਘਟੀਆ ਗੱਲ ਕਹਿਣੀ ਹੋਰ ਸ਼ਾਇਦ ਸੰਭਵ ਹੀ ਨਾ ਹੋਵੇ। ਇਹ ਉਸ ਦੀ ਮਾਨਸਿਕਤਾ ਦੀ ਝਲਕ ਹੈ। ਉਸ ਨੂੰ ਇਥੋਂ ਤੱਕ ਸ਼ਾਇਦ ਨਹੀਂ ਸੀ ਜਾਣਾ ਚਾਹੀਦਾ, ਪਰ ਜੇ ਉਹ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਯੁੱਗ ਵਿਚ ਇਸ ਹੱਦ ਨੂੰ ਛੋਹ ਗਿਆ ਹੈ ਤਾਂ ਇਸ ਨਾਲ ਉਸ ਨੂੰ ਦੇਸ਼-ਧਰੋਹੀ ਕਰਾਰ ਦੇਣ ਦਾ ਕੋਈ ਕਾਰਨ




ਅਸੀਮ ਤ੍ਰਿਵੇਦੀ ਦਾ ਇਕ ਕਾਰਟੂਨ


ਨਹੀਂ ਬਣਦਾ। ਜਦੋਂ ਉਹ ਪਾਰਲੀਮੈਂਟ ਬਾਰੇ ਇਹ ਕੁਝ ਸੋਚਦਾ ਹੈ ਤਾਂ ਉਸ ਪਾਰਲੀਮੈਂਟ ਵਿਚ ਬੈਠੇ ਕੁਝ ਅਪਰਾਧੀ ਤੱਤਾਂ ਨੂੰ ਵੇਖ ਕੇ ਦੁਖੀ ਹੋ ਰਿਹਾ ਹੁੰਦਾ ਹੈ, ਕਿ ਆਹ ਦਿਨ ਵੀ ਆਉਣੇ ਸਨ! ਇਹ ਭਾਵਨਾ ਉਸ ਇਕੱਲੇ ਦੀ ਨਹੀਂ। ਲੋਕ ਤਾਂ ਬਾਹਰ ਸੜਕਾਂ ਉਤੇ ਖੜੋਤੇ ਬੱਬੇ-ਭੱਬੇ ਦੀਆਂ ਗੰਦੀਆਂ ਗਾਲ੍ਹਾਂ ਵੀ ਕੱਢਦੇ ਹਨ, ਅਸੀਮ ਤ੍ਰਿਵੇਦੀ ਨੇ ਹਾਲੇ ਉਹ ਨਹੀਂ ਕੱਢੀਆਂ।

ਗਾਲ੍ਹਾਂ ਦੀ ਗੱਲ ਚੱਲੀ ਹੈ ਤਾਂ ਇੱਕ ਸਮਾਂ ਸੀ, ਜਦੋਂ ਸਆਦਤ ਹਸਨ ਮੰਟੋ ਨੂੰ ਲਿਖਤਾਂ ਵਿਚ ਅਸ਼ਲੀਲਤਾ ਲਈ ਭੰਡਿਆ ਗਿਆ ਸੀ। ਭੰਡਣ ਵਾਲੇ ਵੀ ਲੇਖਕ ਸਨ। ਬਾਅਦ ਵਿਚ ਮੰਟੋ ਨੂੰ ਮਹਾਨ ਲੇਖਕ ਮੰਨਿਆ ਗਿਆ ਤਾਂ ਇਸ ਨਾਲ ਨਾ ਉਸ ਦੀਆਂ ਲਿਖਤਾਂ ਦੀ ਪੇਸ਼ਕਾਰੀ ਹਰ ਕਿਸੇ ਦੇ ਸੰਘੋਂ ਉਤਰ ਗਈ ਸੀ, ਨਾ ਉਸ ਦੇ ਵਿਰੋਧੀਆਂ ਦਾ ਉਸ ਬਾਰੇ ਉਲਟਾ-ਸਿੱਧਾ ਬੋਲਿਆ ਜਾਇਜ਼ ਹੋ ਗਿਆ ਸੀ। ਦੋਵੇਂ ਧਿਰਾਂ ਨੂੰ ਆਪੋ ਆਪਣੀ ਧਾਰਨਾ ਉਤੇ ਟਿਕੇ ਰਹਿਣ ਦਾ ਹੱਕ ਹੈ। ਪੰਜਾਬ ਵਿਚ ਕੁਝ ਲੋਕਾਂ ਨੇ ਮਕਬੂਲ ਫਿਦਾ ਹੁਸੈਨ ਦੇ ਪੱਖ ਵਿਚ ਵਿਚਾਰਾਂ ਦੀ ਆਜ਼ਾਦੀ ਦੀ ਗੱਲ ਕਹੀ ਸੀ, ਪਰ ਉਨ੍ਹਾਂ ਵਿਚੋਂ ਹੀ ਕੁਝਨਾਂ ਨੇ ਕੁਝ ਗੀਤਕਾਰਾਂ ਨੂੰ ਅਸ਼ਲੀਲਤਾ ਫੈਲਾਉਂਦੇ ਆਖ ਕੇ ਉਨ੍ਹਾਂ ਦੇ ਘਰਾਂ ਤੇ ਪ੍ਰੋਗਰਾਮ ਸਥਾਨਾਂ ਮੂਹਰੇ ਮੁਜ਼ਾਹਰੇ ਕਰਨ ਵਾਲਿਆਂ ਨੂੰ ਉਤਸ਼ਾਹਤ ਕੀਤਾ। ਕੁਝ ਲੋਕਾਂ ਨੂੰ ਇਤਰਾਜ਼ ਹੈ ਕਿ ਜੇ ਫਿਦਾ ਹੁਸੈਨ ਦੇ ਚਿੱਤਰਾਂ ਦੀ ਅਸ਼ਲੀਲਤਾ ਬਰਦਾਸ਼ਤ ਸੀ ਤਾਂ ਇਨ੍ਹਾਂ ਗੀਤਾਂ ਦਾ ਵਿਰੋਧ ਕਿਉਂ? ਵਿਚਾਰਾਂ ਦੀ ਆਜ਼ਾਦੀ ਦਾ ਯੁੱਗ ਹੋਣ ਕਰ ਕੇ ਇਸ ਪੱਖੋਂ ਵੀ ਜਾਇਜ਼ ਕਿਹਾ ਜਾ ਸਕਦਾ ਹੈ ਕਿ ਜੇ ਗੀਤ ਲਿਖਣ ਵਾਲਿਆਂ ਨੂੰ ਕਾਨੂੰਨ ਨਹੀਂ ਰੋਕਦਾ ਤਾਂ ਉਨ੍ਹਾਂ ਦਾ ਵਿਰੋਧ ਕਰਨ ਦਾ ਹੱਕ ਵੀ ਜੇ ਕੋਈ ਵਰਤ ਰਿਹਾ ਹੈ ਤਾਂ ਆਜ਼ਾਦੀ ਉਸ ਦੇ ਲਈ ਵੀ ਹੈ।

ਸਵਾਲ ਤਾਂ ਅਸੀਮ ਤ੍ਰਿਵੇਦੀ ਅਤੇ ਉਹਦੇ ਵਰਗੇ ਹੋਰ ਲੋਕਾਂ ਦਾ ਹੈ, ਜਿਨ੍ਹਾਂ ਨੂੰ ਇੱਕ ਕਾਰਟੂਨ ਛਾਪਣ ਜਾਂ ਕੁਝ ਅੱਖਰ ਲਿਖਣ ਲਈ ਦੇਸ਼-ਧਰੋਹੀ ਦੱਸ ਕੇ ਕਾਨੂੰਨ ਦੀ ਕੁੜਿੱਕੀ ਪਾ ਦਿੱਤੀ ਜਾਂਦੀ ਹੈ। ਭਾਰਤੀ ਕਾਨੂੰਨ ਦੀ ਧਾਰਾ 124-ਏ ਨਾਲ ਇਹ ਕੰਮ ਕੀਤਾ ਜਾਂਦਾ ਹੈ ਤੇ ਇਸ ਵਾਰੀ ਵੀ ਕੀਤਾ ਗਿਆ ਹੈ। ਸਾਰੇ ਦੇਸ਼ ਵਿਚ ਇਸ ਬਾਰੇ ਭਖਵੀਂ ਬਹਿਸ ਹੋਈ ਹੈ। ਜੋ ਕੁਝ ਸਾਹਮਣੇ ਆਇਆ ਹੈ, ਉਹ ਬਹੁਤ ਸਾਰੇ ਲੋਕਾਂ ਨੂੰ ਹੁਣ ਤੱਕ ਪਤਾ ਵੀ ਨਹੀਂ ਹੋਣਾ।

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਦਾ ਸਾਰਾ ਸੰਵਿਧਾਨਕ ਅਤੇ ਕਾਨੂੰਨੀ ਢਾਂਚਾ ਬਰਤਾਨਵੀ ਰਾਜ ਦੇ ਕਾਨੂੰਨ ਦੀ ਬੁਨਿਆਦ ਉਤੇ ਖੜਾ ਹੈ। ਉਨ੍ਹਾਂ ਨੇ 124-ਏ ਵਾਲੀ ਕਾਨੂੰਨੀ ਧਾਰਾ ਰੱਖੀ ਹੋਈ ਸੀ, ਜਿਸ ਨਾਲ ਉਹ ਕਿਸੇ ਨੂੰ ਵੀ ਦੇਸ਼-ਧਰੋਹੀ ਦੱਸ ਕੇ ਜੇਲ੍ਹ ਵਿਚ ਸੁੱਟ ਦਿੰਦੇ ਸਨ। ਦੇਸ਼ ਸਾਡਾ ਸੀ ਤੇ ਵਿਦੇਸ਼ੀ ਸਰਕਾਰ ਦੇ ਖਿਲਾਫ ਬੋਲਣ ਨੂੰ ਦੇਸ਼-ਧਰੋਹ ਦੱਸ ਕੇ ਸਾਡੇ ਲੋਕਾਂ ਨੂੰ ਇਸ ਕਾਨੂੰਨ ਦੇ ਕੁਹਾੜੇ ਨਾਲ ਟੁੱਕਿਆ ਜਾਂਦਾ ਸੀ। ਅੱਜ ਵੀ ਸਾਡੇ ਦੇਸ਼ ਦੇ ਕਿਸੇ ਬੰਦੇ ਨੂੰ ਸੱਟ ਮਾਰ ਦਿੱਤੀ ਜਾਵੇ ਤਾਂ ਕੇਸ ਉਸ ਦੇ ਵੱਲੋਂ ਨਹੀਂ, ਦੇਸ਼ ਦੀ ਸਰਕਾਰ ਵੱਲੋਂ ਹੁੰਦਾ ਹੈ ਤੇ ਅਦਾਲਤ ਵਿਚ ਆਵਾਜ਼ 'ਸਰਕਾਰ ਬਨਾਮ ਫਲਾਣਾ ਅਪਰਾਧੀ' ਕਹਿ ਕੇ ਮਾਰੀ ਜਾਂਦੀ ਹੈ, ਕਿਉਂਕਿ ਨਾਗਰਿਕ ਦੇ ਜਾਨ ਤੇ ਮਾਲ ਦੀ ਰਾਖੀ ਦੀ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ। ਬਰਤਾਨਵੀ ਰਾਜ ਵਿਚ ਸਰਕਾਰ ਦੇ ਵਿਰੁਧ ਹਰ ਗੱਲ ਨੂੰ ਸ਼ਾਹੀ ਤਾਜ ਦੇ ਖਿਲਾਫ ਤੇ ਰਾਜੇ ਜਾਂ ਰਾਣੀ ਦੇ ਖਿਲਾਫ ਮੰਨਿਆ ਜਾਂਦਾ ਸੀ ਅਤੇ ਜਿਹੜਾ ਕੋਈ ਇਸ ਧਾਰਨਾ ਦੀ ਧਾਰਾ ਦੀ ਲਪੇਟ ਵਿਚ ਆ ਗਿਆ, ਉਸ ਦੇ ਵਿਰੁਧ ਦੇਸ਼-ਧਰੋਹ ਦਾ ਕੇਸ ਬਣਾਇਆ ਜਾਂਦਾ ਸੀ। ਗੁਲਾਮੀ ਦਾ ਜੂਲਾ ਸਾਡੇ ਗਲੋਂ ਲੱਥ ਗਿਆ ਪਰ ਜਾਪਦਾ ਹੈ ਕਿ ਉਹ ਧਾਰਾ ਅਤੇ ਧਾਰਨਾ ਅਜੇ ਵੀ ਸਾਡੇ ਗਲੋਂ ਨਹੀਂ ਲੱਥੀ।

ਆਜ਼ਾਦੀ ਤੋਂ ਬਾਅਦ ਜਦੋਂ ਹਾਲੇ ਭਾਰਤ ਦਾ ਸੰਵਿਧਾਨ ਬਣਾਇਆ ਜਾਣਾ ਸੀ, ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਕਿਹਾ



ਅਸੀਮ ਤ੍ਰਿਵੇਦੀ

ਸੀ ਕਿ ਇਸ ਕਾਨੂੰਨ ਨੂੰ ਨਹੀਂ ਰੱਖਣਾ ਚਾਹੀਦਾ, ਕਿਉਂਕਿ ਇਸ ਦੀ ਦੁਰਵਰਤੋਂ ਹੋ ਸਕਦੀ ਹੈ। ਕਈ ਲੋਕਾਂ ਦੀ ਦਲੀਲ ਸੀ ਕਿ ਜੇ ਕੱਲ੍ਹ ਨੂੰ ਇਸ ਆਜ਼ਾਦ ਦੇਸ਼ ਨੂੰ ਕਿਸੇ ਪਾਸੇ ਤੋਂ ਧਰੋਹ ਕਮਾਏ ਜਾਣ ਦਾ ਖਤਰਾ ਪੈਦਾ ਹੋਵੇ ਤਾਂ ਇਸ ਕਾਨੂੰਨ ਦੀ ਲੋੜ ਪੈ ਸਕਦੀ ਹੈ, ਇਸ ਲਈ ਪਿਆ ਰਹਿਣ ਦਿਓ। ਉਸ ਤੋਂ ਕੁਝ ਦੇਰ ਪਿੱਛੋਂ ਇੱਕ ਕੇਸ ਵਿਚ ਪੰਡਤ ਨਹਿਰੂ ਦੇ ਪ੍ਰਧਾਨ ਮੰਤਰੀ ਹੁੰਦਿਆਂ ਹੀ ਇਸ ਧਾਰਾ ਦੀ ਦੁਰਵਰਤੋਂ ਹੋ ਗਈ ਤਾਂ ਦੇਸ਼ ਦੀ ਸਭ ਤੋਂ ਵੱਡੀ ਅਦਾਲਤ, ਸੁਪਰੀਮ ਕੋਰਟ, ਵਿਚ ਕੇਸ ਚਲਾ ਗਿਆ ਸੀ। ਉਦੋਂ ਸੁਪਰੀਮ ਕੋਰਟ ਨੇ ਇਹ ਕਿਹਾ ਸੀ ਕਿ ਕਿਸੇ ਵੱਲੋਂ ਕੁਝ ਕਹਿ ਦੇਣ ਨਾਲ ਦੇਸ਼-ਧਰੋਹ ਨਹੀਂ ਹੋ ਜਾਂਦਾ, ਇਹ ਧਾਰਾ ਤਦੇ ਲੱਗ ਸਕਦੀ ਹੈ, ਜੇ ਕੋਈ ਵਿਅਕਤੀ ਕੁਝ ਲੋਕਾਂ ਨੂੰ ਹਿੰਸਾ ਦਾ ਢੰਗ ਅਪਨਾ ਲੈਣ ਅਤੇ ਮਾਰਨ ਜਾਂ ਮਰ ਜਾਣ ਲਈ ਉਕਸਾ ਰਿਹਾ ਹੋਵੇ।

ਅਸੀਮ ਤ੍ਰਿਵੇਦੀ ਨੇ ਭ੍ਰਿਸ਼ਟਾਚਾਰ ਦਾ ਵਿਰੋਧ ਕਰਦੇ ਕੁਝ ਲੋਕਾਂ ਨਾਲ ਮਿਲ ਕੇ ਦਿੱਲੀ ਦੇ ਜੰਤਰ-ਮੰਤਰ ਵਿਖੇ ਇੱਕ ਧਰਨਾ ਲਾਇਆ, ਵਰਤ ਰੱਖਿਆ ਤੇ ਕਾਰਟੂਨ ਬਣਾਏ। ਇਸ ਨਾਲ ਦੇਸ਼-ਧਰੋਹ ਨਹੀਂ ਬਣ ਸਕਦਾ। ਦੇਸ਼-ਧਰੋਹ ਤਾਂ ਉਹ ਬੇਈਮਾਨ ਕਰ ਰਹੇ ਹਨ, ਜਿਹੜੇ ਦੇਸ਼ ਦੇ ਲੋਕਾਂ ਦਾ ਹੱਕ ਬਣਦੀ ਦੌਲਤ ਨੂੰ ਟੈਲੀਕਾਮ ਸਕੈਂਡਲ, ਕੋਲੇ ਦੇ ਬਲਾਕਾਂ ਦੀ ਅਲਾਟਮੈਂਟ ਤੇ ਹੋਰ ਸੌ ਤਰੀਕਿਆਂ ਨਾਲ ਲੁੱਟ ਲੈਂਦੇ ਹਨ। ਜਦੋਂ ਪਾਰਲੀਮੈਂਟ ਵਿਚ ਮਾੜੇ ਲੋਕ ਹਰ ਵਾਰ ਵਧਦੇ ਜਾਂਦੇ ਹਨ ਤਾਂ ਇਹ ਦੇਸ਼ ਦੇ ਆਮ ਲੋਕਾਂ ਦਾ ਕਸੂਰ ਨਹੀਂ, ਉਨ੍ਹਾਂ ਮਾੜਿਆਂ ਵੱਲੋਂ ਲੋਕਤੰਤਰੀ ਪ੍ਰਬੰਧ ਨੂੰ ਅਗਵਾ ਕਰ ਲੈਣ ਕਰ ਕੇ ਵਾਪਰ ਰਿਹਾ ਹੈ। ਸਾਰਾ ਦੇਸ਼ ਉਸ ਦਿਨ ਦੰਗ ਰਹਿ ਗਿਆ ਸੀ, ਜਦੋਂ ਇੱਕ ਟੀ ਵੀ ਚੈਨਲ ਨੇ ਇਹ ਕੌੜਾ ਸੱਚ ਸਾਹਮਣੇ ਲਿਆਂਦਾ ਕਿ ਪਾਰਲੀਮੈਂਟ ਦੇ ਮੈਂਬਰਾਂ ਨੂੰ ਉਥੇ ਸਵਾਲ ਪੁੱਛਣ ਲਈ ਜੇ ਕੋਈ ਕੰਪਨੀ ਚਾਰ ਛਿੱਲੜ ਫੜਾ ਦੇਵੇ ਤਾਂ ਇਸ ਲਈ ਵੀ ਤਿਆਰ ਹੋ ਜਾਂਦੇ ਹਨ। ਸਾਰੇ ਪਾਰਲੀਮੈਂਟ ਮੈਂਬਰ ਏਦਾਂ ਦੇ ਨਹੀਂ, ਪਰ ਜਿਹੜੇ ਗਿਆਰਾਂ ਮੈਂਬਰ ਇਹੋ ਜਿਹੇ ਬੇਨਕਾਬ ਹੋਏ ਸਨ, ਉਨ੍ਹਾਂ ਵਿਚੋਂ ਲੋਕ ਸਭਾ ਵਿਚ ਪੰਜਾਂ ਨੂੰ ਮੈਂਬਰੀ ਤੋਂ ਖਾਰਜ ਕਰਨ ਦਾ ਮਤਾ ਪਾਸ ਕਰ ਕੇ ਬਾਕੀ ਬਚਦੇ ਰਾਜ ਸਭਾ ਵਾਲੇ ਛੇ ਮੈਂਬਰਾਂ ਨੂੰ ਖਾਰਜ ਕਰਨ ਤੋਂ ਪਾਸਾ ਵੱਟ ਲਿਆ ਗਿਆ ਸੀ। ਪਾਰਲੀਮੈਂਟ ਦਾ ਇੱਕ ਗੁਜਰਾਤੀ ਮੈਂਬਰ ਇੱਕ ਪੰਜਾਬੀ ਬੀਬੀ ਨੂੰ ਆਪਣੀ ਪਤਨੀ ਤੇ ਇੱਕ ਓਪਰੇ ਪੰਜਾਬੀ ਬੱਚੇ ਨੂੰ ਆਪਣਾ ਪੁੱਤਰ ਦੱਸ ਕੇ ਵਿਦੇਸ਼ ਪੁਚਾਉਂਦਾ ਏਅਰਪੋਰਟ ਦੀ ਚੈਕਿੰਗ ਵਿਚ ਫੜਿਆ ਗਿਆ। ਬੜਾ ਰੌਲਾ ਪਿਆ ਕਿ ਇਹ ਪੜਤਾਲ ਵੀ ਕਰੋ ਕਿ ਪਿਛਲੇ ਪੰਜ ਸਾਲਾਂ ਵਿਚ ਜਿਹੜੇ ਪਾਰਲੀਮੈਂਟ ਮੈਂਬਰ ਵਿਦੇਸ਼ ਜਾਂਦੇ ਰਹੇ ਸਨ, ਉਨ੍ਹਾਂ ਦੇ ਨਾਲ ਕੌਣ-ਕੌਣ ਗਿਆ ਸੀ ਤੇ ਉਨ੍ਹਾਂ ਵਿਚੋਂ ਵੀ ਕਿਸੇ ਨੇ ਇਹ ਕੰਮ ਕੀਤਾ ਕਿ ਨਹੀਂ, ਪਰ ਪੜਤਾਲ ਕਦੇ ਨਹੀਂ ਕੀਤੀ ਗਈ। ਦੇਸ਼-ਧਰੋਹ ਕਰਨ ਵਾਲੇ ਫੜਨੇ ਸਨ ਤਾਂ ਇਹ ਪੜਤਾਲ ਕਰ ਲੈਣੀ ਬਣਦੀ ਸੀ। ਆਖਰ ਕਿਉਂ ਨਾ ਕੀਤੀ ਗਈ? ਕੀਤੀ ਜਾਂਦੀ ਤਾਂ ਜਿਹੜੇ ਦੇਸ਼-ਧਰੋਹੀ ਚਿਹਰੇ ਬੇਪਰਦ ਹੋਣੇ ਸਨ, ਉਨ੍ਹਾਂ ਨੇ ਇਹ ਜਾਂਚ ਹੀ ਨਹੀਂ ਹੋਣ ਦਿੱਤੀ ਹੋਵੇਗੀ।

ਗੱਲ ਫਿਰ ਆਉਂਦੀ ਹੈ ਦੇਸ਼-ਧਰੋਹ ਦੇ ਨਾਂ ਉਤੇ ਚੱਲਦੇ 124-ਏ ਵਾਲੇ ਕਾਨੂੰਨ ਦੀ, ਜਿਹੜਾ ਬਰਤਾਨਵੀ ਸਾਮਰਾਜ ਦੇ ਹਾਕਮਾਂ ਨੇ ਭਾਰਤ ਲਈ ਬਣਾਇਆ ਸੀ। ਬਹੁਤੇ ਲੋਕ ਇਹ ਨਹੀਂ ਜਾਣਦੇ ਕਿ ਇੰਗਲੈਂਡ ਤਾਂ ਸਿਰਫ ਇੱਕ ਪ੍ਰਾਂਤ ਹੈ ਅਤੇ ਗ੍ਰੇਟ ਬ੍ਰਿਟੇਨ ਜਾਂ ਬਰਤਾਨੀਆ ਤਿੰਨ ਰਾਜਾਂ; ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਦੇ ਨਾਲ ਜੁੜੇ ਕੁਝ ਹੋਰ ਛੋਟੇ ਟਾਪੂਆਂ ਦਾ ਸਮੂਹ ਹੈ ਤੇ ਜਦੋਂ ਇਸ ਨਾਲ ਆਇਰਲੈਂਡ ਦਾ ਇੱਕ ਹਿੱਸਾ ਜਾਂ ਕੁਝ ਹੋਰ ਜੋੜ ਲਏ ਜਾਣ ਤਾਂ ਇਹ ਯੂ ਕੇ ਜਾਂ ਯੂਨਾਈਟਿਡ ਕਿੰਗਡਮ ਆਫ ਗ੍ਰੇਟ ਬ੍ਰਿਟੇਨ ਬਣ ਜਾਂਦਾ ਹੈ। ਬਰਤਾਨਵੀ ਹਕੂਮਤ ਨੇ ਇੰਗਲੈਂਡ ਲਈ ਹੋਰ ਕਾਨੂੰਨ ਰੱਖੇ ਸਨ, ਗ੍ਰੇਟ ਬ੍ਰਿਟੇਨ ਲਈ ਮਾਮੂਲੀ ਵਖਰੇਵੇਂ ਨਾਲ ਕੁਝ ਹੋਰ ਅਤੇ ਯੂ ਕੇ ਲਈ ਥੋੜ੍ਹੇ ਜਿਹੇ ਵੱਖਰੇ ਹੋਰ ਸਨ, ਪਰ ਭਾਰਤ ਜਦੋਂ ਉਨ੍ਹਾਂ ਦੇ ਰਾਜ ਦਾ ਹਿੱਸਾ ਬਣ ਗਿਆ, ਉਸ ਲਈ ਬਾਕੀ ਸਭਨਾਂ ਤੋਂ ਵੱਖਰੇ ਕਾਨੂੰਨ ਬਣਾਏ ਸਨ। ਗ੍ਰੇਟ ਬ੍ਰਿਟੇਨ ਦੀ ਮਹਾਰਾਣੀ ਵਿਕਟੋਰੀਆ ਪਹਿਲਾਂ 'ਕੁਈਨ ਆਫ ਯੂਨਾਈਟਿਡ ਕਿੰਗਡਮ' ਕਹਾਉਂਦੀ ਸੀ, ਪਰ 1876 ਵਿਚ ਜਦੋਂ ਭਾਰਤ ਨੂੰ ਇਸ ਸਲਤਨਤ ਦਾ ਹਿੱਸਾ ਬਣਾਇਆ ਗਿਆ ਸੀ ਤਾਂ ਉਸ ਦਾ ਖਿਤਾਬ 'ਕੁਈਨ ਆਫ ਯੂਨਾਈਟਿਡ ਕਿੰਗਡਮ ਐਂਡ ਐਂਪਰੈਸ ਆਫ ਇੰਡੀਆ' ਕਰ ਦਿੱਤਾ ਗਿਆ ਸੀ। ਸਾਫ ਹੈ ਕਿ ਭਾਰਤ ਨੂੰ ਯੂ ਕੇ ਵਿਚ ਸ਼ਾਮਲ ਦੇਸ਼ਾਂ ਵਾਂਗ ਬਰਾਬਰੀ ਦੇ ਹੱਕ ਵਾਲਾ ਦੇਸ਼ ਨਹੀਂ ਸੀ ਮੰਨਿਆ ਗਿਆ, ਇੱਕ ਐਂਪਾਇਰ, ਇੱਕ ਸਾਮਰਾਜ, ਮੰਨਿਆ ਸੀ, ਜਿਸ ਲਈ ਨੀਤੀਆਂ ਤੇ ਕਾਨੂੰਨ ਵੀ 'ਆਪਣੇ' ਲੋਕਾਂ ਵਾਲੇ ਨਾ ਰੱਖ ਕੇ 'ਸਾਮਰਾਜੀ ਬਸਤੀ' ਵਾਲੇ ਉਚੇਚੇ ਘੜੇ ਗਏ ਸਨ।

ਕਈ ਸਾਲ ਪਹਿਲਾਂ ਭਾਰਤ ਦੇ ਪੁਲਿਸ ਕਮਿਸ਼ਨ ਨੇ ਜਦੋਂ ਪੰਜਾਬ ਦਾ ਦੌਰਾ ਕੀਤਾ ਤਾਂ ਪੰਜਾਬ ਅਤੇ ਭਾਰਤ ਦੀ ਪੁਲਿਸ ਦੇ ਵਹਿਸ਼ੀ ਵਤੀਰੇ ਬਾਰੇ ਕਈ ਲੋਕਾਂ ਦੀ ਰਾਏ ਮੰਗੀ ਗਈ ਸੀ, ਜਿਨ੍ਹਾਂ ਵਿਚ ਅਸੀਂ ਵੀ ਸ਼ਾਮਲ ਸਾਂ। ਅਸੀਂ ਇਹ ਕਿਹਾ ਸੀ ਕਿ ਬਰਤਾਨਵੀ ਰਾਜ ਤੋਂ ਪਹਿਲਾਂ ਇਥੇ ਪੁਲਿਸ ਨਹੀਂ ਸੀ ਤੇ ਉਨ੍ਹਾਂ ਨੇ ਆ ਕੇ ਜਦੋਂ ਪੁਲਿਸ ਬਣਾਈ ਤਾਂ ਇਸ ਨੂੰ ਉਹੋ ਜਿਹੀ ਨਹੀਂ ਸੀ ਬਣਾਇਆ, ਜਿਹੋ ਜਿਹੀ ਉਨ੍ਹਾਂ ਦੇ ਆਪਣੇ ਰਾਜ ਬਰਤਾਨੀਆ ਵਿਚ ਹੈ। ਉਥੇ ਪੁਲਿਸ ਲੋਕਾਂ ਨੂੰ 'ਸਰ' ਕਹਿੰਦੀ ਹੈ, ਇਥੇ ਉਹ ਪੁਲਿਸ ਬਣਾਈ ਗਈ, ਜਿਹੜੀ 'ਸਰ' ਕਹਿਣ ਦੀ ਥਾਂ ਹਰ ਵਕਤ ਸਿਰ ਪਾੜਨ ਦੇ ਮੌਕੇ ਭਾਲਦੀ ਰਹੇ। ਇਹ ਉਨ੍ਹਾਂ ਦੀ ਲੋੜ ਸੀ ਕਿ ਇਦਾਂ ਦੀ ਪੁਲਿਸ ਬਣਾਈ ਜਾਵੇ, ਜਿਹੜੀ ਲੋਕਾਂ ਨੂੰ ਸਿਰ ਨਾ ਚੁੱਕਣ ਦੇਵੇ ਤੇ ਬਰਤਾਨਵੀ ਹਾਕਮ ਰਾਜ ਕਰਦੇ ਰਹਿਣ, ਪਰ ਇਹ ਲੋੜ ਆਜ਼ਾਦੀ ਮਿਲਣ ਦੇ ਨਾਲ ਮੁੱਕ ਜਾਣੀ ਚਾਹੀਦੀ ਸੀ ਤੇ ਫਿਰ ਭਾਰਤ ਦੀ ਸਰਕਾਰ ਨੂੰ ਉਹ ਪੁਲਿਸ ਬਣਾਉਣੀ ਚਾਹੀਦੀ ਸੀ, ਜਿਹੜੀ ਲੋਕਾਂ ਨਾਲ ਆਪਣਿਆਂ ਵਾਲਾ ਵਿਹਾਰ ਕਰੇ। ਇਸ ਵੇਲੇ ਜਿਸ ਕਾਨੂੰਨ ਦੀ ਚਰਚਾ ਹੋ ਰਹੀ ਹੈ, ਇਹ ਵੀ ਉਨ੍ਹਾਂ ਕਾਨੂੰਨਾਂ ਵਿਚੋਂ ਇੱਕ ਹੈ, ਜਿਹੜੇ ਬਰਤਾਨਵੀ ਹਾਕਮਾਂ ਨੇ ਸਾਡੇ ਉਤੇ ਰਾਜ ਕਰਨ ਲਈ ਬਣਾਏ ਸਨ ਤੇ ਜਿਹੜੇ ਸਮਾਂ ਪਾ ਕੇ ਖਤਮ ਕਰ ਦਿੱਤੇ ਜਾਣੇ ਚਾਹੀਦੇ ਸਨ।

ਇਸ ਹਫਤੇ ਇੱਕ ਖਬਰ ਉਸੇ ਬਰਤਾਨੀਆ ਤੋਂ ਆਈ ਹੈ ਕਿ ਉਥੇ ਭਾਰਤ ਨਾਲ ਸਬੰਧਤ 38 ਕਾਨੂੰਨਾਂ ਨੂੰ ਖਤਮ ਕੀਤਾ ਜਾਣ ਲੱਗਾ ਹੈ। ਸਾਡੇ ਦੇਸ਼ ਨਾਲ ਸਬੰਧਤ ਕਿਸੇ ਕਾਨੂੰਨ ਨੂੰ ਉਹ ਕਿਵੇਂ ਖਤਮ ਕਰ ਸਕਦੇ ਹਨ? ਅਜਿਹਾ ਕਰਨ ਦਾ ਕਾਰਨ ਇਹ ਹੈ ਕਿ ਉਹ ਕਾਨੂੰਨ ਹੁਣ ਸਾਡੇ ਉਤੇ ਲਾਗੂ ਭਾਵੇਂ ਨਹੀਂ ਹੁੰਦੇ, ਪਰ ਬਣੇ ਉਹ ਭਾਰਤ ਲਈ ਸਨ ਤੇ ਉਦੋਂ ਬਣਾਏ ਗਏ ਸਨ, ਜਦੋਂ ਭਾਰਤ ਉਨ੍ਹਾਂ ਦਾ ਗੁਲਾਮ ਦੇਸ਼ ਹੁੰਦਾ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਉਨ੍ਹਾਂ ਨੂੰ ਉਹ ਕਾਨੂੰਨ ਖਤਮ ਕਰ ਦੇਣੇ ਚਾਹੀਦੇ ਸਨ, ਪਰ ਉਨ੍ਹਾਂ ਨੇ ਕੀਤੇ ਨਹੀਂ ਸਨ ਤੇ ਹੁਣ ਇਹ ਗੱਲ ਉਥੇ ਵੀ ਚੱਲ ਪਈ ਹੈ।

ਭਾਰਤ ਦੇ ਕਾਨੂੰਨ ਘਾੜਿਆਂ ਪਾਰਲੀਮੈਂਟ ਮੈਂਬਰਾਂ ਨੂੰ ਵੀ ਵੇਖਣਾ ਚਾਹੀਦਾ ਹੈ ਕਿ ਇਦਾਂ ਦੇ ਕਾਨੂੰਨ ਖਤਮ ਕਰਨ ਦੀ ਕਾਰ-ਸੇਵਾ ਅਰੰਭ ਕਰ ਦਿੱਤੀ ਜਾਵੇ, ਜਿਹੜੇ ਸਮਾਂ ਵਿਹਾ ਚੁੱਕੇ ਬਰਤਾਨਵੀ ਰਾਜ ਅਤੇ ਤਾਜ ਦੀ ਜ਼ਰੂਰਤ ਸੀ, ਇੱਕ ਆਜ਼ਾਦ ਭਾਰਤ ਨੂੰ ਉਨ੍ਹਾਂ ਦੀ ਲੋੜ ਨਹੀਂ। ਕੁਹਾੜਾ ਕਿਸੇ ਘਰ ਵਿਚ ਬੇਲੋੜੀ ਚੀਜ਼ ਸਮਝ ਕੇ ਨੁੱਕਰ ਵਿਚ ਪਿਆ ਰਹੇ ਤਾਂ ਕੁਝ ਲੋਕਾਂ ਨੂੰ ਇਸ ਦਾ ਕੋਈ ਨੁਕਸਾਨ ਨਹੀਂ ਜਾਪਦਾ, ਪਰ ਕਿਸੇ ਦਿਨ ਬਾਪ-ਬੇਟਾ ਆਪੋ-ਵਿਚ ਕਿਸੇ ਗੱਲੋਂ ਖਹਿਬੜ ਪਏ ਤੇ ਇੱਕ ਜਣੇ ਨੇ ਉਹ ਕੁਹਾੜਾ ਚੁੱਕ ਲਿਆ ਤਾਂ ਅਨਰਥ ਵੀ ਹੋ ਸਕਦਾ ਹੈ। ਇਹੋ ਜਿਹਾ ਕਾਨੂੰਨੀ ਕੁਹਾੜਾ ਖਤਮ ਕਰਨ ਦਾ ਸਮਾਂ ਆ ਗਿਆ ਹੈ, ਤੇ ਇਹ ਮੌਕਾ ਅਸੀਮ ਤ੍ਰਿਵੇਦੀ ਦੇ ਕੇਸ ਨੇ ਪੇਸ਼ ਕਰ ਦਿੱਤਾ ਹੈ ਤਾਂ ਇਸ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ, ਹੁਣ ਇਹ ਪੁੰਨ ਖੱਟ ਹੀ ਲੈਣਾ ਬਣਦਾ ਹੈ।

ਯਾਦ ਰੱਖਣ ਵਾਲੀ ਗੱਲ ਉਹ ਹੈ, ਜਿਹੜੀ ਭਾਰਤ ਦੀ ਪ੍ਰੈਸ ਕੌਂਸਲ ਦੇ ਮੁਖੀ ਜਸਟਿਸ ਮਾਰਕੰਡੇ ਕਾਟਜੂ ਕਹਿ ਰਹੇ ਹਨ। ਸੁਪਰੀਮ ਕੋਰਟ ਦੇ ਜੱਜ ਰਹਿ ਚੁੱਕੇ ਜਸਟਿਸ ਕਾਟਜੂ ਮੁਤਾਬਕ ਸੁਪਰੀਮ ਕੋਰਟ ਵਿਚ ਭਾਰਤੀ ਸੰਵਿਧਾਨ ਦੇ ਸਤਿਕਾਰ ਦਾ ਸਵਾਲ ਵੀ ਉਠ ਚੁੱਕਾ ਹੈ, ਭਾਰਤ



ਅਸੀਮ ਤ੍ਰਿਵੇਦੀ ਦਾ ਇਕ ਹੋਰ ਕਾਰਟੂਨ

ਦੇ ਕੌਮੀ ਚਿੰਨ੍ਹ, ਕੌਮੀ ਝੰਡੇ ਅਤੇ ਕੌਮੀ ਗੀਤ ਦਾ ਵੀ ਅਤੇ ਇਸ ਬਾਰੇ ਅਦਾਲਤ ਨੇ ਸਾਫ ਕਿਹਾ ਹੈ ਕਿ ਲੋਕਾਂ ਨੂੰ ਇਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਪਰ ਜੇ ਕੋਈ ਨਹੀਂ ਕਰਦਾ ਤਾਂ ਇੰਨੇ ਨਾਲ ਉਹ ਦੇਸ਼-ਧਰੋਹੀ ਨਹੀਂ ਹੋ ਜਾਂਦਾ। ਅਸੀਂ ਵੀ ਇਹੋ ਸਮਝਦੇ ਹਾਂ। ਅੰਗਰੇਜ਼ੀ ਦਾ ਅਖਾਣ ਹੈ ਕਿ ਘੋੜੇ ਨੂੰ ਪਾਣੀ ਵਿਖਾਇਆ ਜਾ ਸਕਦਾ ਹੈ, ਉਸ ਨੂੰ ਪੀਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਲੋਕਾਂ ਨੂੰ ਦੇਸ਼ ਦੇ ਝੰਡੇ, ਗੀਤ ਤੇ ਸੰਵਿਧਾਨ ਦਾ ਸਤਿਕਾਰ ਕਰਨਾ ਚਾਹੀਦਾ ਹੈ ਪਰ ਜਦੋਂ ਉਨ੍ਹਾਂ ਦੇ ਮਨਾਂ ਵਿਚ ਕੁੜੱਤਣਾਂ ਉਹ ਆਗੂ ਭਰ ਰਹੇ ਹਨ, ਜਿਹੜੇ 15 ਅਗਸਤ ਤੇ 26 ਜਨਵਰੀ ਨੂੰ ਝੰਡੇ ਨੂੰ ਸਲਾਮੀ ਦਿੰਦੇ ਹਨ ਤਾਂ ਦੇਸ਼ ਦੇ ਆਮ ਲੋਕਾਂ ਨੂੰ ਉਨ੍ਹਾਂ ਆਗੂਆਂ ਵਾਂਗ ਵਿਖਾਵੇ ਦਾ ਸਤਿਕਾਰ ਕਰਨ ਲਈ ਕਿਵੇਂ ਆਖਿਆ ਜਾ ਸਕਦਾ ਹੈ? ਜੇ ਸਤਿਕਾਰ ਚਾਹੀਦਾ ਹੈ ਤਾਂ ਸਤਿਕਾਰ ਦੇ ਢੰਡੋਰਚੀ ਉਹ ਕੁਝ ਕਰ ਕੇ ਵਿਖਾਉਣ ਕਿ ਲੋਕਾਂ ਦਾ ਆਪਣੇ ਆਪ ਸਤਿਕਾਰ ਕਰਨ ਨੂੰ ਜੀਅ ਕਰੇ।

# ਜੋ ਰੱਤ ਪੀਵਹਿ ਮਾਣਸਾ...!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਪਿਛਲੇ ਹਫ਼ਤੇ ਵਾਲਾ ਲੇਖ ਲਿਖਦਿਆਂ ਇਹ ਗੱਲ ਚਿਤ-ਚੇਤੇ ਵੀ ਨਹੀਂ ਸੀ ਕਿ ਇਹ ਚੰਦ ਸਤਰਾਂ ਇਤਨੀ ਭਾਰੀ ਗਿਣਤੀ ਵਿਚ ਦੁਖਿਆਰੇ ਵੀਰਾਂ ਦੇ ਅੱਲੇ ਜ਼ਖ਼ਮਾਂ ਨੂੰ ਕੁਰੇਦ ਸੁੱਟਣਗੀਆਂ। ਕਦੇ-ਕਦਾਈਂ ਕਿਸੇ ਵਧੀਆ ਲਿਖਤ ਬਾਰੇ ਪਾਠਕਾਂ ਦੇ ਪ੍ਰਤੀਕਰਮ ਆਉਣੇ ਵੱਖਰੀ ਗੱਲ ਹੈ ਪਰ ਐਤਕੀਂ ਤਾਂ ਜਿੰਨੇ ਫੋਨ ਆਏ, ਸਭ ਨੇ ਪਛਤਾਵਾ ਕਰਦਿਆਂ ਇਹੋ ਜਿਹੀਆਂ ਗੱਲਾਂ ਆਖੀਆਂ, "ਜੇ ਕਿਤੇ ਤੁਸੀਂ ਮੇਰੀ ਕਹਾਣੀ ਸੁਣ ਲਈ ਹੁੰਦੀ ਤਾਂ...।" ਕੋਈ ਭਰੇ ਦਿਲ ਨਾਲ ਕਹਿ ਰਿਹਾ ਸੀ, "ਜੋ ਇਨ੍ਹਾਂ ਵਕੀਲਾਂ ਨੇ ਮੇਰੇ ਨਾਲ ਕੀਤੀ ਹੈ, ਉਹ ਕਿਸੇ ਵੈਰੀ ਦੁਸ਼ਮਣ ਨਾਲ ਵੀ ਹੋਵੇ...।"

ਮਿਸ਼ੀਗਨ ਲਾਗੇ ਪਹੁੰਚੇ ਹੋਏ ਟਰੱਕ ਡਰਾਈਵਰ ਗੱਭਰੂ ਨੇ ਦਿਲ ਦੀ ਵੇਦਨਾ ਪ੍ਰਗਟਾਉਂਦਿਆਂ ਆਖਿਆ, "ਹੱਥ ਵਿਚ ਛੁਰਾ ਲਈ ਖੜ੍ਹਾ ਕੋਈ ਜੱਲਾਦ ਤਾਂ ਆਪਣੇ ਸ਼ਿਕਾਰ 'ਤੇ ਤਰਸ ਕਰ ਕੇ ਉਸ ਦੀ ਜਾਨ ਬਖ਼ਸ਼ ਸਕਦਾ ਹੈ ਪਰ ਵਕੀਲ ਆਪਣੇ ਕਲਾਇੰਟ ਦੀ ਬੇਕਿਰਕ ਹੋ ਕੇ ਖੱਲ ਲਾਹੁਣ ਵੇਲੇ ਭੋਰਾ ਰਹਿਮ ਨਹੀਂ ਕਰਦਾ। ਪਰਦੇਸਾਂ 'ਚ ਧੱਕੇ-ਧੋੜੇ ਖਾਂਦੇ ਅਸੀਂ 'ਵਖਤਾਂ ਦੇ ਮਾਰੇ' ਇਨ੍ਹਾਂ ਪੰਜਾਬੀ ਵਕੀਲਾਂ ਨੂੰ ਆਪਣੇ ਹਮਦਰਦ ਭਰਾ ਜਾਣ ਕੇ ਇਨ੍ਹਾਂ ਕੋਲ ਜਾਂਦੇ ਹਾਂ ਲੇਕਿਨ ਇਹ ਸਾਨੂੰ ਡਾਲਰ ਭੋਟਣ ਵਾਲੀਆਂ ਮਸ਼ੀਨਾਂ ਸਮਝਦੇ ਹਨ...।"



ਉਨੀ-ਇੱਕੀ ਦੇ ਫਰਕ ਵਾਲੀਆਂ ਇਹੋ ਜਿਹੀਆਂ ਅਣਗਿਣਤ ਕਰੁਣਾ-ਭਰੀਆਂ ਕਹਾਣੀਆਂ ਸੁਣਦਾ ਰਿਹਾ। ਸਾਰੇ ਇੰਮੀਗ੍ਰੇਸ਼ਨ ਵਕੀਲਾਂ ਨੂੰ ਹੀ ਸਿਰੇ ਦੇ ਲਾਲਚੀ ਅਤੇ ਬੇ-ਤਰਸ ਦੱਸਣ ਵਾਲੀਆਂ ਕਾਲਾਂ ਸੁਣ-ਸੁਣ ਕੇ ਮੈਨੂੰ ਉਹ ਕਹਾਵਤ ਯਾਦ ਆਈ, ਅਖੇ ਬਦ ਨਾਲੋਂ ਬਦਨਾਮ ਬੁਰਾ; ਜਿਵੇਂ ਪਟਵਾਰੀ ਦੀ ਪਦਵੀ ਇੰਨੀ ਬਦਨਾਮ ਹੋ ਚੁੱਕੀ ਹੈ ਕਿ ਭਗਤ ਕਬੀਰ ਵੀ ਆਪਣੀ ਬਾਣੀ ਵਿਚ ਪਟਵਾਰੀ ਤੋਂ ਤੋਬਾ-ਤੋਬਾ ਕਰ ਦੇ ਲਿਖ ਗਏ ਹਨ,

ਹਰਿ ਕੇ ਲੋਗਾ ਮੋ ਕਉ
ਨੀਤਿ ਡਸੈ ਪਟਵਾਰੀ॥
ਊਪਰਿ ਭੁਜਾ ਕਰਿ
ਮੈ ਗੁਰਿ ਪਹਿ ਪੁਕਾਰਿਆ
ਤਿਨਿ ਹਉ ਲੀਆ ਉਬਾਰੀ॥

ਇੰਜ ਹੀ ਵਕੀਲ ਭਰਾ ਵੀ 'ਮੋਟੀ ਕਮਾਈ' ਕਰਨ ਵਾਲੇ ਗਿਣੇ ਜਾਂਦੇ ਹਨ ਲੇਕਿਨ ਨਾ ਸਾਰੇ ਪਟਵਾਰੀ ਰਿਸ਼ਵਤਖੋਰ ਹੋਣਗੇ ਅਤੇ ਨਾ ਹੀ ਸਾਰੇ ਵਕੀਲ ਅੰਨ੍ਹੀ ਕਮਾਈ ਕਰਨ ਵਾਲੇ ਬੇਤਰਸ ਹੋ ਸਕਦੇ ਹਨ! ਮਨ ਵਿਚ ਆਏ ਇਸੇ ਵਿਚਾਰ ਕਾਰਨ ਮੈਂ ਇਕ ਸੱਜਣ ਨੂੰ ਆਖਿਆ, "ਭਰਾ ਜੀ, ਤੁਹਾਨੂੰ ਵਕੀਲ ਦੀ ਲੋੜ ਪਈ, ਤੁਸੀਂ ਉਹਦੇ ਕੋਲ ਗਏ, ਉਹ ਤੇ ਨਹੀਂ ਨਾ ਚੱਲ ਕੇ ਤੁਹਾਡੇ ਕੋਲ ਆਇਆ?"

ਲੰਮਾ ਅਰਸਾ ਵਕੀਲਾਂ ਨਾਲ ਮਗਜ਼-ਪੱਚੀ ਕਰਦਿਆਂ 'ਅੱਧਾ ਵਕੀਲ' ਬਣਿਆ ਹੋਇਆ ਇਹ ਵੀਰ, ਮੇਰੇ ਵੱਲੋਂ ਉਠਾਏ ਨੁਕਤੇ ਦਾ ਬਾ-ਦਲੀਲ ਜਵਾਬ ਦਿੰਦਿਆਂ ਕਹਿਣ ਲੱਗਾ, "ਮੰਨਦੇ ਆਂ ਕਿ ਮਹਿੰਗੀਆਂ ਪੜ੍ਹਾਈਆਂ ਕਰ ਕੇ ਵਕਾਲਤ ਦੀਆਂ ਡਿਗਰੀਆਂ ਲੈ ਕੇ ਪ੍ਰੈਕਟਿਸ ਕਰ ਰਹੇ ਵਕੀਲਾਂ ਨੂੰ ਫੀਸਾਂ ਲੈਣ ਦਾ ਪੂਰਾ ਹੱਕ ਹੈ। ਜਿਵੇਂ ਸਰੀਰਕ ਦੁੱਖਾਂ ਦਾ ਮਾਰਿਆ ਬੰਦਾ ਡਾਕਟਰ ਕੋਲ ਜਾਂਦਾ ਹੈ, ਇਵੇਂ ਸਾਡੇ ਵਰਗੇ ਕਾਨੂੰਨ ਦੀ ਮਾਰ ਤੋਂ ਬਚਣ ਦਾ ਰਾਹ ਲੱਭਦੇ, ਇਨ੍ਹਾਂ ਕੋਲ ਜਾਂਦੇ ਹਨ ਪਰ ਇਸ ਦਾ ਮਤਲਬ ਇਹ ਥੋੜ੍ਹੀ ਐ ਕਿ ਉਹ ਸਾਡਾ ਹੱਥ ਵਧਾਇਆ ਦੇਖ ਕੇ ਸਾਨੂੰ ਸਬੂਤਾ ਨਿਗਲ ਲੈਣ, ਯਾ ਸਿਰਫ ਫੀਸਾਂ ਬਟੋਰਨ ਲਈ ਸਾਨੂੰ ਹਨ੍ਹੇਰੇ ਵਿਚ ਰੱਖ ਕੇ ਹਰ ਤਰੀਕ 'ਤੇ ਸਬਜ਼ਬਾਗ ਦਿਖਾਈ ਜਾਣ। ਅਸੀਂ ਉਨ੍ਹਾਂ ਨੂੰ ਮੂੰਹ ਮੰਗੀਆਂ ਫੀਸਾਂ ਫੜਾਈ ਜਾਈਏ, ਸਾਡੇ ਪੱਲੇ ਪਾਉਣ ਉਹ ਸਿਰਫ ਤੇ ਸਿਰਫ ਲਾਰੇ! ਅਸੀਂ ਜਾਈਏ ਉਨ੍ਹਾਂ ਕੋਲ ਬੜੇ ਹੰਮੇ ਨਾਲ ਕਿ ਸਾਡੇ ਪੰਜਾਬੀ ਯਾ ਸਿੱਖ ਭਰਾ ਹਨ, ਉਹ ਅੱਗਿਉਂ ਸਾਨੂੰ ਕਸਾਈ ਬਣ ਕੇ ਟੱਕਰਨ! ਇਹ ਕਿੱਧਰਲੀ ਵਕਾਲਤ ਹੋਈ?"

ਵਕੀਲਾਂ ਦੇ ਸਤਾਏ ਹੋਏ ਇਨ੍ਹਾਂ ਸਾਰੇ ਵੀਰਾਂ ਨੇ ਬੇਸ਼ੱਕ, ਆਪੋ-ਆਪਣੀਆਂ ਹੈਰਤ-ਅੰਗੇਜ਼ ਹੱਡ-ਬੀਤੀਆਂ ਸੁਣਾਉਂਦਿਆਂ ਮੈਨੂੰ ਜ਼ੋਰ ਨਾਲ ਆਖਿਆ ਕਿ ਮੈਂ ਇਸੇ ਵਿਸ਼ੇ 'ਤੇ ਤੱਤੇ ਘਾਓ ਹੀ ਇਕ ਲੇਖ ਹੋਰ ਲਿਖਾਂ। ਇਸ ਵਿਚ ਉਨ੍ਹਾਂ ਸਾਰਿਆਂ ਦੇ ਤਲਖ ਤਜਰਬੇ ਕਲਮ-ਬੰਦ ਕਰਾਂ, ਲੇਕਿਨ ਵਰ੍ਹਿਆਂ ਤੋਂ ਗਰੀਨ ਕਾਰਡ ਲਈ ਜਫਰ ਜਾਲ ਰਹੇ ਇਕ ਪਾਠਕ ਦੀ ਕਾਲ ਨੇ ਮੇਰੇ ਮਨ ਵਿਚ ਚੱਲ ਰਹੀ ਦੁਬਿਧਾ 'ਲੇਖ ਲਿਖਾਂ ਕਿ ਨਾ ਲਿਖਾਂ' ਨੂੰ ਇਕੋ ਵਾਰ ਹੂੰਝ ਕੇ ਸੁੱਟ ਦਿੱਤਾ। ਉਸ ਦੀ ਸਾਰੀ ਵਿਥਿਆ ਸੁਣ ਕੇ ਮੇਰਾ ਆਪਣਾ-ਆਪ ਹਲੂਣਿਆ ਗਿਆ। ਮੈਨੂੰ ਇਹ ਵੀ ਇਲਮ ਹੋਇਆ ਕਿ ਨੌਜਵਾਨਾਂ ਵੱਲੋਂ ਧਰਮ ਤੋਂ ਮੂੰਹ ਮੋੜਨ ਦਾ ਇਕ ਹੋਰ ਕਾਰਨ ਵੀ ਹੈ ਜਿਹਦੇ ਵੱਲ ਸਾਡਾ ਧਿਆਨ ਹੀ ਨਹੀਂ ਜਾਂਦਾ; ਯਾ ਨੌਜਵਾਨ ਪੀੜ੍ਹੀ ਉਤੇ ਧਰਮ ਪ੍ਰਚਾਰ 'ਅਸਰ' ਕਿਉਂ ਨਹੀਂ ਕਰਦਾ?

ਅਦਾਲਤਾਂ ਵਿਚ ਗਵਾਹੀ ਦੇਣ ਵਾਲਿਆਂ ਵਾਂਗ ਜੇ ਇਸ ਪਾਠਕ ਵੱਲੋਂ ਆਪਣੇ ਇਸ਼ਟ ਦੀ ਸਹੁੰ ਖਾ ਕੇ ਦਿੱਤੀ ਗਈ ਜਾਣਕਾਰੀ ਨੂੰ ਸੱਚ ਮੰਨਿਆ ਜਾਵੇ, ਫਿਰ ਤਾਂ ਪਰਵਾਸੀ ਪੰਜਾਬੀਆਂ ਨੂੰ ਜ਼ਰੂਰ ਇਸ ਹਨੇਰਗਰਦੀ ਨੂੰ ਰੋਕਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਬਾਹਰੋਂ ਦਿਖਾਈ ਦਿੰਦੇ ਇਨ੍ਹਾਂ ਬੀਬੇ ਰਾਣੇ ਚਿਹਰਿਆਂ ਦੀ ਦਰਿੰਦਗੀ ਜੱਗ-ਜ਼ਾਹਿਰ ਕਰਨ ਲਈ ਤੇ ਇਨ੍ਹਾਂ ਦੇ ਮਖੌਟੇ ਉਤਾਰਨ ਲਈ ਕੋਈ ਨਾ ਕੋਈ ਬਾਨ੍ਹਣੂੰ ਜ਼ਰੂਰ ਬੰਨ੍ਹਿਆ ਜਾਣਾ ਚਾਹੀਦਾ ਹੈ।

ਕਿਸੇ ਨਾ ਕਿਸੇ ਜ਼ਰੀਏ ਅਮਰੀਕਾ ਪਹੁੰਚੇ ਇਸ ਨੌਜਵਾਨ ਨੇ 'ਸਿੱਖ ਭਰਾ' ਜਾਣ ਕੇ ਆਪਣਾ ਕੇਸ ਇਕ ਨਾਮੀ ਵਕੀਲ ਨੂੰ ਦਿੱਤਾ। ਆਮ ਵਾਂਗ ਤਰੀਕਾਂ ਪੈਂਦੀਆਂ ਰਹੀਆਂ। ਵਕੀਲ ਇਸ ਮੁੰਡੇ ਨੂੰ ਤਿਫਲ-ਤਸੱਲੀਆਂ ਦੇਈ ਗਿਆ। ਸੱਤਰ-ਅੱਸੀ ਹਜ਼ਾਰ ਡਾਲਰ ਮਾਠ ਲੈਣ ਮਗਰੋਂ ਵਕੀਲ ਨੇ ਮੁੰਡੇ ਨੂੰ ਸਲਾਹ ਦਿੱਤੀ, ਅਖੇ, "ਤੂੰ ਪੁਲਿਸ ਕੋਲ ਸਮਰਪਣ ਕਰ ਦੇ। ਫਿਰ ਤੇਰਾ ਕੇਸ ਵਧੀਆ ਢੰਗ ਨਾਲ ਹੱਲ ਹੋ ਜਾਵੇਗਾ।" ਮੁੰਡੇ ਨੇ ਬਾਹਰੋ-ਬਾਹਰ ਓਹੜ-ਪੋਹੜ ਕਰਦਿਆਂ ਵਿਆਹ ਕਰਾਉਣ ਲਈ ਇਕ ਸਿਟੀਜ਼ਨ ਕੁੜੀ ਲੱਭ ਲਈ। ਵਕੀਲ ਸਾਹਿਬ ਕੁੜੀ ਕੋਲ ਜਾ ਪਹੁੰਚੇ ਤੇ ਉਹਦੇ ਕੰਨ ਭਰ ਕੇ ਉਸ ਨੂੰ ਮੁਕਰਾ ਦਿੱਤਾ ਕਿ ਮੁੰਡਾ ਤਾਂ ਡਿਪੋਰਟ ਹੋਣ ਵਾਲਾ ਹੈ।

ਇੱਥੇ ਹੀ ਬੱਸ ਨਹੀਂ ਕੀਤੀ, ਸਗੋਂ ਮੁੰਡੇ ਨੂੰ ਡਿਪੋਰਟ ਕਰਾਉਣ ਦੀ ਸਕੀਮ ਨਾਲ ਪੁਲਿਸ ਕੋਲ ਸ਼ਿਕਾਇਤ ਕਰ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਵਿਚਾਰੇ ਦੇ ਚੰਗੇ ਭਾਗਾਂ ਨੂੰ ਗੈਰ-ਸਿੱਖ ਸਾਊਥ ਇੰਡੀਅਨ ਵਕੀਲ ਟੱਕਰ ਪਿਆ ਜਿਸ ਨੇ ਸੈਨ ਫਰਾਂਸਿਸਕੋ ਗੇੜੇ ਮਾਰ-ਮਾਰ ਕੇ ਗ੍ਰਿਫਤਾਰ ਮੁੰਡੇ ਦੀ ਬੰਦਖਲਾਸੀ ਦਾ ਰਾਹ ਖੋਲ੍ਹਿਆ। ਨਵੇਂ ਸਿਰਿਉਂ ਉਹਦੀ ਪਟੀਸ਼ਨ ਪਾਈ। ਆਪਣੇ ਹੱਕ ਵਿਚ ਫੈਸਲਾ ਹੋਣ 'ਤੇ ਇਹ ਮੁੰਡਾ ਸ਼ੁਕਰਾਨੇ ਵਜੋਂ ਨੇੜੇ ਦੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਗਿਆ। ਅੱਗੇ ਭਰੇ ਦਰਬਾਰ ਵਿਚ ਉਸ ਮੁੰਡੇ ਦੇ ਪਹਿਲੇ 'ਸਿੱਖ ਵਕੀਲ' ਦੇ ਗਲ ਵਿਚ ਉਥੋਂ ਦੇ ਪ੍ਰਬੰਧਕ ਸਿਰੋਪਾਓ ਪਾ ਰਹੇ ਸਨ। ਸਟੇਜ ਸਕੱਤਰ ਜੀ ਹੁੱਬ-ਹੁਬ ਕੇ ਸੰਗਤਾਂ ਨੂੰ ਜਾਣਕਾਰੀ ਦੇ ਰਹੇ ਸਨ ਕਿ ਖਾਲਸਾ ਪੰਥ ਦੀ 'ਮਹਾਨ ਸੇਵਾ' ਕਰ ਰਹੇ ਸ੍ਰੀ ਮਾਨ...ਜੀ ਨੂੰ ਸਨਮਾਨਤ ਕਰ ਕੇ ਸਾਨੂੰ ਅਥਾਹ ਪ੍ਰਸੰਨਤਾ ਹੋ ਰਹੀ ਹੈ। ਸੰਗਤਾਂ ਵੱਲੋਂ ਜੈਕਾਰੇ ਛੱਡੇ ਜਾ ਰਹੇ ਸਨ।

ਮੱਥਾ ਟੇਕਣ ਗਏ ਮੁੰਡੇ ਨੂੰ ਉਬਾਲਾ ਉਠਿਆ। ਉਥੋਂ ਸਿੱਧਾ ਜਾ ਪਹੁੰਚਾ ਹਜ਼ਾਮਤਾਂ ਦੀ ਦੁਕਾਨ 'ਤੇ...ਅਤੇ ਆਪਣਾ ਮੂੰਹ ਸਿਰ...।

ਅੱਗੇ ਹੋਰ ਸਿਤਮ ਦੀ ਗੱਲ ਸੁਣੋ! ਜਦੋਂ ਇਹ ਮੁੰਡਾ ਨਵੇਂ ਭੇਸ ਵਿਚ ਆਪਣੇ ਕਲੀਨ ਸ਼ੇਵਨ ਵਕੀਲ ਕੋਲ ਗਿਆ ਤਾਂ ਉਸ ਨੇ ਬੁਰਾ ਮਨਾਉਂਦਿਆਂ ਆਖਿਆ, "ਯੇਹ ਤੋ ਆਪ ਨੇ ਅੱਛਾ ਨਹੀਂ ਕੀਆ...ਕਸੂਰਵਾਰ ਕੋਈ ਔਰ, ਸਜ਼ਾ ਅਪਨੇ ਵਿਸ਼ਵਾਸ ਕੋ ਦੇ ਡਾਲੀ।"

ਦੂਹਰੀਆਂ-ਤੀਹਰੀਆਂ ਸਿਫਟਾਂ 'ਚ ਹੱਡਭੰਨਵੀਂ ਮਿਹਨਤ ਕਰ ਕੇ ਅਤੇ ਉਨੀਂਦੇ ਕਾਰਨ ਰੜਕ ਰਹੀਆਂ ਅੱਖਾਂ 'ਚੋਂ ਨੀਂਦ ਭਜਾਉਣ ਲਈ ਮੂੰਹ ਵਿਚ ਲਾਲ ਮਿਰਚਾਂ ਚਬਾ ਕੇ, ਹੱਕ-ਹਲਾਲ ਦੀ ਕਮਾਈ ਕਰਨ ਵਾਲੇ ਬੇ-ਘਰੇ ਪਰਦੇਸੀਆਂ ਦਾ ਲਹੂ ਪੀਣ ਵਾਲਿਆਂ ਨੂੰ ਕੀ 'ਇਨਸਾਨ' ਕਿਹਾ ਜਾ ਸਕਦਾ ਹੈ?

ਗੁਰੂ ਬਾਬੇ ਨੇ ਇਨਕਲਾਬੀ ਪੰਕਤੀਆਂ ਉਚਾਰੀਆਂ ਨੇ,

ਜੇ ਰਤੁ ਲਗੈ ਕਪੜੇ
ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ
ਤਿਨ ਕਿਉ ਨਿਰਮਲੁ ਚੀਤੁ॥

ਸਾਡੇ ਗੁਣੀ ਗਿਆਨੀ ਇਨ੍ਹਾਂ ਤੁਕਾਂ ਨੂੰ ਮਾਸਾਹਾਰੀ ਖਾਣੇ ਦੇ ਵਿਰੋਧ ਨਾਲ ਜੋੜਦੇ ਰਹਿੰਦੇ ਹਨ ਪਰ ਜੇ ਇਸ ਪੂਰੇ ਸ਼ਬਦ ਦੀ ਵੀਚਾਰ ਕਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਬਾਬਾ ਜੀ ਨੇ ਇਹ ਤਿੱਖੇ ਤੀਰ, ਲਹੂ ਪੀਣੇ 'ਮਨੁੱਖਾਂ' ਦੇ ਸੀਨਿਆਂ ਵਿਚ ਹੀ ਖਿੱਚ-ਖਿੱਚ ਕੇ ਮਾਰੇ ਹਨ।

ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ ਗੁਰਬਾਣੀ ਰੇਡੀਓ ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
Studio Telephone : (408) 272-5200

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਵਜੇ ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- 6 ਵਜੇ ਸ਼ਾਮ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ
- ਸੱਜਰੀ ਸਵੇਰ -ਸੋਮਵਾਰ ਤੋਂ ਸ਼ਨਿਚਰਵਾਰ
- ਨਜ਼ਰੀਆ -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- ਤੁਹਾਡੇ ਸ਼ਹਿਰ ਦੇ ਵਿਹੜੇ -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- ਟੌਪ 10 -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ
605.475.6868 • 832.551.5029
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

# ਕਹਾਣੀਕਾਰ ਅਜਮੇਰ ਸਿੱਧੂ ਨਾਲ ਰੂਬਰੂ ਦਿਲਚਸਪ ਰਿਹਾ

ਇਕ ਰਿਪੋਰਟ

**ਸੈਕਰਾਮੈਂਟੋ (ਬਿਊਰੋ):** ਅਜਮੇਰ ਸਿੱਧੂ ਦੀਆਂ ਕਹਾਣੀਆਂ ਮਨੁੱਖ ਦੇ ਦਰਪੇਸ਼ ਮਸਲਿਆਂ ਨੂੰ ਕਲਾਵੇ ਵਿਚ ਲੈਂਦੀਆਂ ਹਨ ਅਤੇ ਉਨ੍ਹਾਂ ਦੀ ਕਹਾਣੀ ਸਭਿਆਚਾਰਕ, ਆਰਥਿਕ ਤੇ ਲੋਕ ਪੱਖੀ ਰਾਜਨੀਤੀ ਦੇ ਸੁੱਚਜੇ ਮੁੱਦਿਆਂ ਨੂੰ ਉਭਾਰਦੀ ਪੀੜਤ ਵਰਗ ਦੇ ਨੇੜੇ ਹੁੰਦੀ ਹੈ। ਇਹ ਵਿਚਾਰ ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਦੇ ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ ਨੇ ਕਹਾਣੀਕਾਰ ਅਜਮੇਰ ਸਿੱਧੂ ਨਾਲ ਮੰਚ ਵਲੋਂ ਕਰਵਾਏ ਗਏ ਇਕ ਰੂਬਰੂ ਸਮਾਗਮ ਮੌਕੇ ਪ੍ਰਗਟਾਏ। ਮੰਚ ਦੇ ਪ੍ਰਧਾਨ ਮੱਖਣ ਲੁਹਾਰ ਨੇ ਅਜਮੇਰ ਸਿੱਧੂ ਦੇ ਜੀਵਨ ਅਤੇ ਕਹਾਣੀ ਉਤੇ ਬੋਲਦਿਆਂ ਕਿਹਾ ਕਿ ਇਹ ਸਾਡਾ ਕਹਾਣੀਕਾਰ ਕਹਿਣੀ ਤੇ ਕਰਨੀ ਦਾ ਇਕ ਹੈ। ਇਸ ਨੇ ਕਹਾਣੀਆਂ ਰਾਹੀਂ ਹਾਸ਼ੀਆਗ੍ਰਸਤਾਂ ਦੀ ਬਾਤ ਪਾਈ ਹੈ। ਗਿਆਨ ਵਿਗਿਆਨ ਦਾ ਪਸਾਰ ਕੀਤਾ ਹੈ।

ਇਥੇ ਗੁਰਦੁਆਰਾ ਰਿਓ ਲਿੰਡਾ ਵਿਚ ਕਰਵਾਏ ਗਏ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਕਹਾਣੀਕਾਰ ਤੇ 'ਵਿਗਿਆਨ ਜੋਤ' ਰਸਾਲੇ ਦੇ ਸੰਪਾਦਕ ਸ੍ਰੀ ਸਿੱਧੂ ਨੇ ਆਖਿਆ ਕਿ ਉਹ ਪੜ੍ਹਨ ਲਿਖਣ ਵਾਲਾ ਸ਼ਰਮਾਕਲ ਮੁੰਡਾ ਸੀ ਤੇ ਸਾਇੰਸ ਦਾ ਵਿਦਿਆਰਥੀ ਸੀ। ਪੰਜਾਬ ਦੇ ਕਾਲੇ ਦਿਨਾਂ ਨੇ ਉਸ ਨੂੰ ਸਾਹਿਤ ਨਾਲ ਜੋੜ ਦਿੱਤਾ। ਉਸ ਨੇ ਮਨੁੱਖੀ ਆਜ਼ਾਦੀ ਅਤੇ ਬਰਾਬਰੀ ਲਈ ਸਾਹਿਤ ਨੂੰ ਚੁਣਿਆ ਸੀ। ਉਸ ਦੀਆਂ ਕਹਾਣੀਆਂ ਉਨ੍ਹਾਂ ਹਾਸ਼ੀਆਗ੍ਰਸਤ ਲੋਕਾਂ ਦੀਆਂ ਕਹਾਣੀਆਂ ਹਨ ਜਿਨ੍ਹਾਂ ਨੂੰ ਘਰ, ਪਿੰਡ, ਸਮਾਜ ਜਾਂ ਦੇਸ਼ ਵਿਚ ਕੋਈ ਨਹੀਂ ਝੱਲਦਾ। ਉਸ ਨੇ ਔਰਤ-ਮਰਦ ਸਬੰਧਾਂ 'ਤੇ ਵੀ ਕਹਾਣੀਆਂ ਲਿਖੀਆਂ ਹਨ ਪਰ ਨੰਗੇਜ਼ ਪਰੋਸ ਕੇ ਪਾਠਕਾਂ ਨੂੰ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਸਾਹਿਤ ਜੀਵਨ ਨੂੰ ਮੋੜਾ ਦੇ ਸਕਦਾ ਹੈ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਕਾਇਮ ਰੱਖ ਸਕਦਾ ਹੈ।



*ਕਹਾਣੀਕਾਰ ਅਜਮੇਰ ਸਿੱਧੂ ਨਾਲ ਹੋਰ ਸਾਹਿਤਕਾਰ*

ਇਸ ਸਮਾਗਮ ਦੌਰਾਨ ਪ੍ਰਧਾਨਗੀ ਮੰਡਲ ਵਿਚ ਸ੍ਰੀ ਸਿੱਧੂ ਤੋਂ ਇਲਾਵਾ ਅਖਬਾਰ 'ਦੇਸ਼ ਸੇਵਕ' ਦੇ ਸਾਬਕਾ ਸੰਪਾਦਕ ਡਾ. ਜਸਪਾਲ ਸਿੰਘ, ਇੰਡੋ ਯੂ ਐਸ ਡਾਇਲਾਗ ਦੇ ਸੰਪਾਦਕ ਕੁਲਦੀਪ ਸਿੰਘ ਧਾਲੀਵਾਲ, ਬਿੱਕਰ ਸਿੰਘ ਕੰਮੇਆਣਾ, ਡਾ. ਅਮਰੀਕ ਸਿੰਘ ਅਤੇ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਬਿਰਾਜਮਾਨ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਜਸਪਾਲ ਸਿੰਘ ਅਤੇ ਡਾ. ਅਮਰੀਕ ਸਿੰਘ ਨੇ ਕਿਹਾ ਕਿ ਸਾਹਿਤ ਉਹੀ ਅਮਰ ਹੁੰਦਾ ਹੈ ਜਿਹੜਾ ਲੋਕਾਂ ਦੀ ਗੱਲ ਵੀ ਕਰੇ ਪਰ ਉਹਦੇ ਵਿਚ ਕਲਾ ਤੱਤ ਵੀ ਹੋਣ। ਕਲਾ ਵਿਚ ਲਪੇਟ ਕੇ ਕੀਤੀ ਗੱਲ ਹੀ ਉਹਨੂੰ ਸਾਹਿਤ ਦਾ ਕੋਈ ਰੂਪ ਦਿੰਦੀ ਹੈ। ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅਜਮੇਰ ਸਿੱਧੂ ਨੇ ਗ਼ਦਰੀ ਬਾਬਾ ਬੂਝਾ ਸਿੰਘ, ਇਨਕਲਾਬੀ ਆਗੂ ਦਰਸ਼ਨ ਦੁਸਾਂਝ ਅਤੇ ਕਵੀ ਜੈਮਲ ਸਿੰਘ ਪੱਡਾ ਦੀਆਂ ਜੀਵਨੀਆਂ ਲਿਖ ਕੇ ਪਾਠਕਾਂ ਨੂੰ ਇਨਕਲਾਬੀ ਵਿਰਾਸਤ ਨਾਲ ਜੋੜਿਆ ਹੈ।

ਸਵਾਲ-ਜਵਾਬ ਦੇ ਦੌਰ ਵਿਚ ਤਾਰਾ ਸਿੰਘ ਸਾਗਰ, ਮਹਿੰਦਰ ਸਿੰਘ ਘੱਗ, ਬਿੱਕਰ ਕੰਮੇਆਣਾ, ਧਰਮਪਾਲ ਝੰਮਟ, ਪਰਮਜੀਤ ਭੁੱਟਾ, ਹਰੀ ਦਾਸ ਰਾਏ (ਜਰਮਨੀ) ਆਦਿ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਸ੍ਰੀ ਸਿੱਧੂ ਨੇ ਬੜੇ ਸੁਚੱਜੇ ਢੰਗ ਨਾਲ ਦਿੱਤੇ।

ਸਮਾਗਮ ਦਾ ਦੂਜਾ ਸ਼ੈਸ਼ਨ ਕਵੀ ਦਰਬਾਰ ਸੀ ਜਿਸ ਵਿਚ ਮਨਜੀਤ ਕੌਰ ਸੇਖੋਂ, ਮਹਿੰਦਰ ਸਿੰਘ ਘੱਗ, ਹਰਭਜਨ ਸਿੰਘ ਬੇਰੀ, ਜਸਵੰਤ ਜੱਸੀ ਹੱਪੋਆਣੀਆ, ਗੁਰਦਾਸ ਰਾਮ ਰੱਤੂ, ਰਾਜ ਕੁਮਾਰ ਸੂਦ, ਗੁਰਬਚਨ ਚੋਪੜਾ, ਹਰਮੇਸ਼ ਬੰਗੜ, ਜੀਵਨ ਰੱਤੂ, ਬਿੱਕਰ ਸਿੰਘ ਕੰਮੇਆਣਾ, ਡਾ. ਅਮਰੀਕ ਸਿੰਘ, ਤਾਰਾ ਸਿੰਘ ਸਾਗਰ, ਹਰਬੰਸ ਸਿੰਘ ਜਗਿਆਸੂ, ਮੱਖਣ ਲੁਹਾਰ, ਮੇਜਰ ਕੁਲਾਰ ਬੋਪਾਰਾਏ ਆਦਿ ਨੇ ਗੀਤਾਂ-ਕਵਿਤਾਵਾਂ ਰਾਹੀਂ ਹਾਜ਼ਰੀ ਲਵਾਈ।

ਅਖਬਾਰ 'ਪੰਜ ਦਰਿਆ' ਦੇ ਸੰਪਾਦਕ ਜਗਦੇਵ ਸਿੰਘ ਭੰਡਾਲ, 'ਅਜੀਤ' (ਜਲੰਧਰ) ਦੇ ਪੱਤਰਕਾਰ ਹੁਸਨ ਲੜੋਆ ਬੰਗਾ, 'ਦੇਸ ਦੋਆਬਾ' ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਤੋਂ ਇਲਾਵਾ ਗੁਲਿੰਦਰ ਸਿੰਘ ਗਿੱਲ, ਬਲਵਿੰਦਰ ਡੁਲਕੂ, ਕਸ਼ਮੀਰ ਸਿੰਘ ਹੀਰਾ, ਪਰਮਿੰਦਰ ਸਿੰਘ ਔਜਲਾ, ਕੇਵਲ ਕ੍ਰਿਸ਼ਨ ਬੋਲੀਨਾ, ਤਲਵਿੰਦਰ ਕਾਜਲਾ, ਹਰਜਿੰਦਰ ਮੱਟੂ, ਤਰਲੋਕ ਸਿੰਘ, ਸੋਨੂੰ ਚੱਠਾ, ਮਨਜੀਤ ਕੌਰ ਰੱਲ੍ਹ, ਊਸ਼ਾ ਰਾਣੀ, ਸਵਰਨ ਕੌਰ, ਤੁਲਸੀ ਰੱਤੂ, ਊਸ਼ਾ ਰਾਣੀ ਰੱਤੂ, ਕਿਰਨ ਕਮਲ, ਕਮਲਜੀਤ ਕੌਰ ਰੱਲ੍ਹ, ਰਾਜਵਿੰਦਰ ਕੌਰ, ਹਰਮਨਪ੍ਰੀਤ ਸਿੰਘ, ਸੁਖਵੀਰ ਸਿੰਘ, ਦੀਪਕ ਕੁਮਾਰ, ਉਦੇ ਕੁਮਾਰ, ਰਾਮਪਾਲ ਕੌਰ ਅਤੇ ਹੋਰ ਕਾਫੀ ਲੋਕ ਇਸ ਮੌਕੇ ਹਾਜ਼ਰ ਸਨ। ਇਸ ਮੌਕੇ ਉਘੇ ਸੂਫੀ ਗਾਇਕ ਹਾਕਮ ਸੂਫੀ, 'ਹੁਣ' ਰਸਾਲੇ ਦੇ ਸੰਪਾਦਕ ਅਵਤਾਰ ਜੰਡਿਆਲਵੀ ਅਤੇ ਆਜ਼ਾਦੀ ਘੁਲਾਟੀਏ ਗੁਰਸ਼ਰਨ ਸਿੰਘ ਜ਼ਖ਼ਮੀ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

# ਆਈ ਜੀ ਸੰਜੀਵ ਕਾਲੜਾ ਦਾ ਇੰਡੀਆਨਾ 'ਚ ਮਾਣ-ਸਨਮਾਨ

**ਵੈਸਟ ਲੈਫੀਅਟ, ਇੰਡੀਆਨਾ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਆਈ ਜੀ ਪੁਲਿਸ ਸੰਜੀਵ ਕਾਲੜਾ, ਆਈ ਪੀ ਐਸ ਦਾ ਸਟੇਟ ਅਸੈਂਬਲੀ ਦੇ 1982 ਤੋਂ ਪ੍ਰਤੀਨਿਧ ਚਲੇ ਆ ਰਹੇ ਸ਼ੀਲਾ ਕਲਿੰਕਰ ਨੇ ਸ੍ਰੀ ਕਾਲੜਾ ਨੂੰ ਇੰਡੀਆਨਾ ਸਟੇਟ ਦੀ ਤਰਫੋਂ ਵਿਸ਼ੇਸ਼ ਸਨਮਾਨ ਦਰੜ, ਗੁਰਮੀਤ ਸਿੰਘ ਮੁਲਤਾਨੀ, ਸਾਹਿਬ ਸਿੰਘ ਸੇਖੋਂ, ਜਸਪਾਲ ਸਿੰਘ ਘੋਤੜਾ, ਸਤਪਾਲ ਸਿੰਘ ਘੋਤੜਾ, ਵਰਿੰਦਰ ਸਾਹੀ, ਸੁਬੇਗ ਸਿੰਘ



*ਤਸਵੀਰ ਵਿਚ ਬਿੱਟੂ, ਸੁਨੀਲ ਪ੍ਰਭਾਕਰ, ਦਰਸ਼ਨ ਸਿੰਘ ਦਰੜ, ਸ਼ੀਲਾ ਕਲਿੰਕਰ, ਸੁਬੇਗ ਸਿੰਘ, ਪ੍ਰਿਥਪਾਲ ਸਿੰਘ ਘੋਤੜਾ, ਵਿਕ ਕਲਿੰਕਰ, ਜੇ ਪੀ ਖਹਿਰਾ, ਵਰਿੰਦਰ ਸਾਹੀ, ਦੀਵਾਨ ਸਿੰਘ ਘੋਤੜਾ ਅਤੇ ਸੰਜੀਵ ਕਾਲੜਾ (ਸੱਜਿਓਂ ਚੌਥੇ)*

ਇਥੇ ਸਥਾਨਕ ਪੰਜਾਬੀ ਪਤਵੰਤਿਆਂ ਵਲੋਂ ਵਿਸ਼ੇਸ਼ ਮਾਣ ਸਨਮਾਨ ਕੀਤਾ ਗਿਆ। ਸ੍ਰੀ ਕਾਲੜਾ ਇਨ੍ਹੀਂ ਦਿਨੀਂ ਅਮਰੀਕਾ ਆਏ ਹੋਏ ਹਨ। ਉਹ ਪੰਜਾਬ ਦੇ ਚੋਣਵੇਂ ਇਮਾਨਦਾਰ ਅਫਸਰਾਂ 'ਚੋਂ ਇਕ ਗਿਣੇ ਜਾਂਦੇ ਹਨ।

ਸਥਾਨਕ ਪਤਵੰਤੇ ਸ੍ਰੀ ਪ੍ਰਿਥਪਾਲ ਸਿੰਘ ਘੋਤੜਾ ਦੇ ਘਰ ਹੋਏ ਇਸ ਸਨਮਾਨ ਸਮਾਗਮ ਦੌਰਾਨ ਇੰਡੀਆਨਾ ਦੇ 27ਵੇਂ ਡਿਸਟ੍ਰਿਕਟ ਤੋਂ ਚਿੰਨ੍ਹ ਭੇਟ ਕੀਤਾ। ਇਸ ਮੌਕੇ ਬੋਲਦਿਆਂ ਸ਼ੀਲਾ ਕਲਿੰਕਰ ਨੇ ਭਾਰਤੀ ਭਾਈਚਾਰੇ ਵਲੋਂ ਸਥਾਨਕ ਅਰਥਚਾਰੇ ਵਿਚ ਪਾਏ ਗਏ ਵਿਸ਼ੇਸ਼ ਯੋਗਦਾਨ ਦੀ ਉਚੇਚੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿੱਟੂ ਇੰਡੀਅਨਐਪੋਲਿਸ, ਸੁਨੀਲ ਪ੍ਰਭਾਕਰ (ਮੁਖੀ ਕੰਪਿਊਟਰ ਸਾਇੰਸ ਵਿਭਾਗ, ਪਰਡਿਊ ਯੂਨੀਵਰਸਿਟੀ, ਵੈਸਟ ਲੈਫੀਅਟ), ਦਰਸ਼ਨ ਸਿੰਘ ਆਇਓਆ (ਸ੍ਰੀ ਕਾਲੜਾ ਦੇ ਨਜ਼ਦੀਕੀ ਦੋਸਤ), ਡਾ. ਅਵਤਾਰ ਸਿੰਘ (ਪਰਡਿਊ ਯੂਨੀਵਰਸਿਟੀ), ਜੇ ਪੀ ਖਹਿਰਾ, ਦੀਵਾਨ ਸਿੰਘ ਘੋਤੜਾ, ਪਾਲ ਖਲੀਲ, ਲਾਡੀ, ਸ਼ਲਿੰਦਰ ਕੁਲਾਰ, ਡਾ. ਵਿੱਕੀ, ਅਤੇ ਵਿਕ ਕਲਿੰਕਰ (ਸ਼ੀਲਾ ਕਲਿੰਕਰ ਦਾ ਪਤੀ) ਮੌਜੂਦ ਸਨ। ਸ੍ਰੀ ਸੰਜੀਵ ਕਾਲੜਾ ਦਾ ਬੇਟਾ ਮਾਣਕ ਕਾਲੜਾ ਜੋ ਪਰਡਿਊ ਯੂਨੀਵਰਸਿਟੀ ਵਿਚ ਵਿਦਿਆਰਥੀ ਹੈ, ਵੀ ਮੌਜੂਦ ਸੀ।

# ਕੈਨੇਡਾ ਭੇਜਣ ਦੇ ਨਾਂ 'ਤੇ ਠੱਗਣ ਵਾਲਾ ਕਾਬੂ

**ਮੁਹਾਲੀ:** ਜ਼ਿਲ੍ਹਾ ਪੁਲਿਸ ਤੇ ਜ਼ਿਲ੍ਹਾ ਸੀ.ਆਈ.ਏ. ਸਟਾਫ਼ ਮੁਹਾਲੀ ਨੇ ਸਾਂਝੇ ਅਪਰੇਸ਼ਨ ਤਹਿਤ ਕੈਨੇਡਾ ਵਿਚ ਮੇਡ ਤੇ ਨਰਸ ਦੀ ਪੱਕੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਭੋਲੇ-ਭਾਲੇ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਅੰਤਰਰਾਸ਼ਟਰੀ ਗਰੋਹ ਦੇ ਮੈਂਬਰ ਤਲਵਿੰਦਰ ਸਿੰਘ ਉਰਫ਼ ਡਿੰਪਲ ਉਰਫ਼ ਹਿਤੇਸ਼ (33 ਸਾਲ) ਪੁੱਤਰ ਹਰਭਜਨ ਸਿੰਘ ਵਾਸੀ ਅਰਬਨ ਅਸਟੇਟ ਜਲੰਧਰ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਵੱਡੀ ਗਿਣਤੀ ਵਿਚ ਜਾਅਲੀ ਦਸਤਾਵੇਜ਼, ਸਿਮ ਕਾਰਡ, ਏ.ਟੀ.ਐਮ. ਕਾਰਡ ਤੇ ਹੋਰ ਸਮੱਗਰੀ ਬਰਾਮਦ ਕੀਤੀ ਹੈ।

ਮੁਲਜ਼ਮ ਵਿਦੇਸ਼ ਜਾਣ ਦੇ ਇੱਛੁਕ ਵਿਅਕਤੀਆਂ ਨੂੰ ਸੌਦਾ ਕਰਨ ਸਮੇਂ ਧੋਖੇ ਨਾਲ ਚਾਹ-ਕੌਫੀ ਵਿਚ ਕੋਈ ਨਸ਼ੀਲੀ ਚੀਜ਼ ਪਿਲਾ ਕੇ ਬਾਅਦ ਵਿਚ ਉਨ੍ਹਾਂ ਨੂੰ ਠੱਗ ਲੈਂਦਾ ਸੀ। ਇਸ ਗੋਰਖਧੰਦੇ ਵਿਚ ਉਸ ਦੀ ਸਾਲੀ ਦੀਪਿਕਾ ਉਰਫ ਗਰੇਸੀ ਸਿੰਘ (ਉਮਰ ਕਰੀਬ 15 ਸਾਲ) ਪੁੱਤਰੀ ਸੁਰਿੰਦਰ ਸਿੰਘ ਵਾਸੀ ਅਰਬਨ ਅਸਟੇਟ ਫਗਵਾੜਾ ਵੀ ਸ਼ਾਮਲ ਹੈ ਜੋ ਧੋਖਾਧੜੀ ਦੀਆਂ ਕਈ ਵਾਰਦਾਤਾਂ ਵਿਚ ਉਸ ਦਾ ਸਾਥ ਦੇ ਚੁੱਕੀ ਹੈ।

ਮੁਹਾਲੀ ਦੇ ਐਸ.ਐਸ.ਪੀ. ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮੁਲਜ਼ਮ ਜਲੰਧਰ ਸਥਿਤ ਅਰਬਨ ਅਸਟੇਟ ਵਿਖੇ ਆਪਣੇ ਪਰਿਵਾਰ ਨਾਲ ਇਕ ਕਿਰਾਏ ਦੇ ਮਕਾਨ ਵਿਚ ਰਹਿੰਦਾ ਹੈ ਜੋ ਜਾਅਲੀ ਦਸਤਾਵੇਜ਼ਾਂ ਰਾਹੀਂ ਸਿਮ ਕਾਰਡ ਦਿੱਲੀ ਤੇ ਹੋਰ ਸੂਬਿਆਂ ਤੋਂ ਖਰੀਦ ਕੇ ਗਲਤ ਨਾਂ ਤੇ ਪਤਾ ਦੱਸ ਕੇ ਵੱਖ-ਵੱਖ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਕੇਨੈਡਾ ਵਿਚ ਹਾਊਸ ਮੇਡ ਅਤੇ ਨਰਸ ਦੀ ਲੋੜ ਬਾਰੇ ਲੋਕਾਂ ਨੂੰ ਭਰਮਾਉਂਦਾ ਹੈ।

ਜਦੋਂ ਲੋਕਾਂ ਵੱਲੋਂ ਅਖ਼ਬਾਰੀ ਇਸ਼ਤਿਹਾਰ ਵਿਚ ਦਿੱਤੇ ਟੈਲੀਫੋਨ ਜਾਂ ਮੋਬਾਈਲ ਨੰਬਰਾਂ 'ਤੇ ਸੰਪਰਕ ਕੀਤਾ ਜਾਂਦਾ ਹੈ ਤਾਂ ਉਹ ਉਨ੍ਹਾਂ ਨੂੰ ਆਪਣੇ ਜਾਲ ਵਿਚ ਕੈਨੇਡਾ ਵਿਚ ਹਾਊਸ ਮੇਡ ਤੇ ਬਤੌਰ ਨਰਸ ਦੇ ਤੌਰ 'ਤੇ ਲੈ ਕੇ ਜਾਣ ਲਈ ਬੈਂਕਾਂ ਵਿਚ ਆਪਣੀ ਵੱਧ ਤੋਂ ਵੱਧ ਜਮ੍ਹਾਂ ਪੂੰਜੀ ਦਿਖਾਉਣ ਲਈ ਆਖਦਾ ਸੀ ਤੇ ਲੋਕਾਂ ਨੂੰ ਬੈਂਕ ਦੀ ਚੈਕ ਬੁੱਕ, ਏ.ਟੀ.ਐਮ. ਕਾਰਡ, ਫੋਟੋਆਂ, ਪਾਸਪੋਰਟ ਆਪਣੇ ਨਾਲ ਲੈ ਕੇ ਆਉਣ ਲਈ ਵੱਖ-ਵੱਖ ਥਾਵਾਂ 'ਤੇ ਬੁਲਾਉਂਦਾ ਸੀ।

ਇਸ ਦੌਰਾਨ ਉਹ ਕਾਗਜ਼ਾਤ ਚੈਕ ਕਰਨ ਤੋਂ ਬਾਅਦ ਨੇੜਲੇ ਏ.ਟੀ.ਐਮ. ਬੂਥ 'ਤੇ ਲਿਜਾ ਕੇ ਸਬੰਧਤ ਵਿਅਕਤੀ ਕੋਲੋਂ ਮਿੰਨੀ ਸਟੇਟਮੈਂਟ ਕਢਵਾਉਣ ਦੇ ਬਹਾਨੇ ਏ.ਟੀ.ਐਮ. ਦਾ ਚਲਾਕੀ ਨਾਲ ਪਾਸਵਰਡ (ਕੋਡ ਨੰਬਰ) ਵੀ ਨੋਟ ਕਰ ਲੈਂਦਾ ਸੀ ਤੇ ਕਈ ਵਾਰ ਚੈਕ ਬੁੱਕ 'ਤੇ ਦਸਤਖ਼ਤ ਵੀ ਕਰਵਾ ਲੈਂਦਾ ਸੀ। ਉਸ ਨੂੰ ਮਾਪਿਆਂ ਨੇ ਬੇਦਖ਼ਲ ਕੀਤਾ ਹੋਇਆ ਹੈ। ਮੁਲਜ਼ਮ ਕਰੀਬ 5 ਸਾਲ ਪਹਿਲਾਂ ਦੁਬਈ ਵਿਖੇ ਟਰਾਲਾ ਚਲਾਉਂਦਾ ਸੀ ਤੇ ਸਾਲ 2007 ਵਿਚ ਬਾਹਰਲੇ ਦੇਸ਼ ਤੋਂ ਆ ਕੇ ਐਮਵੇਅ ਦੇ ਉਤਪਾਦ ਵੇਚਣ ਦਾ ਕੰਮ ਸ਼ੁਰੂ ਕਰ ਲਿਆ।

# ਸ਼ਾਹਜਹਾਂ ਵੱਲੋਂ ਦੁਆਬੇ 'ਚ ਬਣਵਾਈ ਸਰਾਂ ਬਣੀ ਖੰਡਰ

**ਲਾਂਬੜਾ (ਬਿਊਰੋ):** ਦੱਖਣੀ ਸਰਾਂ ਨੂੰ ਸੈਰ ਸਪਾਟਾ ਵਿਭਾਗ ਪੰਜਾਬ ਤੇ ਪ੍ਰਸ਼ਾਸਨ ਚਿਰਾਂ ਤੋਂ ਨਜ਼ਰ ਅੰਦਾਜ਼ ਕਰਦਾ ਆ ਰਿਹਾ ਹੈ। ਇਹ ਪੰਜਾਬ ਦੀ ਪਹਿਲੀ ਅਜਿਹੀ ਮੰਦਭਾਗੀ ਇਤਿਹਾਸਕ ਇਮਾਰਤ ਹੈ ਜਿਸ ਨੂੰ ਜਾਣ ਲਈ ਕੋਈ ਰਸਤਾ ਹੀ ਨਹੀਂ ਹੈ। ਇਹ ਸਰਾਂ ਲਾਂਬੜਾ ਤੋਂ ਦਸ ਕਿਲੋਮੀਟਰ ਦੀ ਦੂਰੀ 'ਤੇ ਨਕੋਦਰ-ਕਪੂਰਥਲਾ ਰੋਡ ਉਪਰ ਵਸੇ ਜਹਾਂਗੀਰ ਪਿੰਡ ਦੇ ਖੇਤਾਂ 'ਚ ਸਥਿਤ ਹੈ।

ਇਸ ਸਰਾਂ ਨੂੰ ਜਾਣ ਲਈ ਕੋਈ ਰਸਤਾ ਨਹੀਂ ਤੇ ਇਸ ਦੇ ਆਲੇ ਦੁਆਲੇ ਖੇਤ ਹਨ ਜਿਨ੍ਹਾਂ ਵਿਚ ਝੋਨਾ ਲਾਇਆ ਹੋਇਆ ਹੈ ਤੇ ਨਾਲ ਹੀ ਕਾਲੀ ਵੇਈਂ ਵਗਦੀ ਹੈ। ਭਾਰਤੀ ਪੁਰਾਤਤਵ ਵਿਭਾਗ ਆਪਣੀ ਨੀਂਦ ਤੋਂ ਉਦੋਂ ਜਾਗਿਆ ਜਦੋਂ ਇਹ ਸਰਾਂ ਖੰਡਰ ਬਣਨ ਲੱਗ ਪਈ ਤੇ ਇਸ ਦੇ ਮੁੱਖ ਦਰਵਾਜ਼ੇ 'ਤੇ ਕੀਤੀ ਮੀਨਾਕਾਰੀ ਬਰਬਾਦ ਹੋਣ ਲੱਗੀ। ਸਰਾਂ ਦੀਆਂ ਬਾਹਰੀ ਕੰਧਾਂ ਦੀਆਂ ਇੱਟਾਂ ਡਿੱਗਣ ਲੱਗੀਆਂ।

ਸੈਨਿਕਾਂ ਦੀ ਰਿਹਾਇਸ਼ ਲਈ ਬਣੀਆਂ ਕੋਠੜੀਆਂ ਤੇ ਬੈਰਕਾਂ ਦਾ ਇਕ ਹਿੱਸਾ ਅਜੇ ਵੀ ਮਲਬੇ ਦਾ ਢੇਰ ਬਣਿਆ ਹੋਇਆ ਹੈ। ਭਾਵੇਂ ਕਿ



ਪੁਰਾਤਤਵ ਵਿਭਾਗ ਇਸ ਦੀ ਕਾਫੀ ਮੁਰੰਮਤ ਕਰ ਚੁੱਕਾ ਹੈ ਫਿਰ ਵੀ ਉਹ ਸ਼ਾਨੋ-ਸ਼ੌਕਤ, ਜਿਹੜੀ ਸ਼ਾਹਜਹਾਂ ਦੇ ਸ਼ਾਸਨ ਕਾਲ ਵਿਚ ਸੀ, ਉਸ ਨੂੰ ਵਾਪਸ ਨਹੀਂ ਲਿਆ ਸਕਿਆ। ਵਿਭਾਗ ਨੇ ਇਸ ਇਮਾਰਤ ਦੀ ਮੁਰੰਮਤ 'ਤੇ 80-85 ਲੱਖ ਰੁਪਏ ਤਕ ਖਰਚ ਕਰ ਦਿੱਤੇ ਹਨ ਪਰ ਦੁਖਾਂਤ ਇਹ ਕਿ ਵਿਭਾਗ ਇਸ ਸਰਾਂ ਨੂੰ ਜਾਣ ਵਾਲਾ ਰਸਤਾ ਅਜੇ ਤੱਕ ਨਹੀਂ ਲੈ ਸਕਿਆ। ਰਸਤੇ ਵਾਲੀ ਥਾਂ 'ਤੇ ਕਿਸਾਨਾਂ ਨੇ ਝੋਨਾ ਲਾਇਆ ਹੋਇਆ ਹੈ। ਰਸਤਾ ਨਾ ਹੋਣ ਕਰਕੇ ਖੋਜੀ, ਇਤਿਹਾਸਕਾਰ ਤੇ ਆਮ ਦਰਸ਼ਕ ਇਸ ਨੂੰ ਦੂਰੋਂ ਹੀ ਦੇਖ ਕੇ ਮੁੜ ਜਾਂਦੇ ਹਨ।

ਜ਼ਿਕਰਯੋਗ ਹੈ ਕਿ ਦੱਖਣੀ ਸਰਾਂ ਦੀ ਨੀਂਹ 1640 ਈਸਵੀ ਨੂੰ ਬਾਦਸ਼ਾਹ ਸ਼ਾਹਜਹਾਂ ਦੇ ਅਹਿਲਕਾਰ ਅਲੀ ਮਰਦਾਨ ਖਾਂ ਨੇ ਰੱਖੀ ਸੀ। 12 ਏਕੜ ਵਿਚ ਬਣੀ ਇਸ ਸਰਾਂ ਦਾ 'ਦਿੱਲੀ ਦਰਵਾਜ਼ਾ' ਅੰਦਰ ਜਾਣ ਲਈ ਖੁੱਲ੍ਹਦਾ ਹੈ। ਪੱਛਮ ਵੱਲ 'ਲਾਹੌਰੀ ਦਰਵਾਜ਼ਾ ਹੈ, ਜੋ ਅੰਗਰੇਜ਼ ਹਕੂਮਤ ਵੇਲੇ ਦਾ ਬੰਦ ਹੈ। ਕਦੇ ਇਸ ਦਿੱਲੀ ਦਰਵਾਜ਼ੇ 'ਤੇ ਲਾਲ, ਪੀਲੇ, ਨੀਲੇ, ਹਰੇ ਰੰਗ ਦੇ ਪੱਥਰਾਂ ਨਾਲ ਬਣਾਏ ਵੇਲ-ਬੂਟੇ ਤੇ ਗੇਟ 'ਤੇ ਲੱਕੜ ਦਾ ਭਾਰੀ ਦਰਵਾਜ਼ਾ ਸੀ ਜੋ ਹੁਣ ਨਹੀਂ ਹੈ।

ਸਰਾਂ ਦੇ ਕਰਮਚਾਰੀਆਂ ਨੇ ਦੱਸਿਆ ਕਿ ਇਸ ਸਰਾਂ ਨੂੰ ਰਸਤਾ ਨਾ ਹੋਣ ਕਾਰਨ ਇਥੇ ਬਹੁਤ ਘੱਟ ਯਾਤਰੀ ਆਉਂਦੇ ਹਨ। ਨਕੋਦਰ ਦੇ ਮਕਬਰਿਆਂ 'ਚ ਸਥਿਤ ਜਲੰਧਰ ਜ਼ੋਨ ਦੇ ਮੁੱਖ ਦਫ਼ਤਰ ਦੇ ਕਰਮਚਾਰੀ ਵੀ.ਵੀ. ਥਾਪਰ ਮੁਤਾਬਕ ਸਰਾਂ ਨੂੰ ਜਾਣ ਲਈ ਰਸਤਾ ਪ੍ਰਾਪਤ ਕਰਨ ਲਈ ਉਹ ਕਈ ਵਾਰੀ ਸੈਰ ਸਪਾਟਾ ਵਿਭਾਗ ਤੇ ਪੰਜਾਬ ਸਰਕਾਰ ਨੂੰ ਲਿਖ ਚੁੱਕੇ ਹਨ। ਡਿਪਟੀ ਕਮਿਸ਼ਨਰ ਤੇ ਐਸ.ਡੀ.ਐਮ. ਨਕੋਦਰ ਨੂੰ ਕਈ ਵਾਰ ਖ਼ਤਾਂ ਰਾਹੀਂ ਰਸਤਾ ਦੇਣ ਬਾਰੇ ਕਿਹਾ ਗਿਆ ਹੈ ਤੇ ਪਿੱਛੇ ਜਿਹੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਰਸਤਾ ਦਿਵਾਉਣ ਬਾਰੇ ਖ਼ਤ ਲਿਖਿਆ ਗਿਆ ਹੈ।

ਸਰਕਾਰੀ ਕਰਮਚਾਰੀ ਆਉਂਦੇ ਹਨ ਮੁਆਇਨਾ ਕਰਕੇ ਚਲੇ ਜਾਂਦੇ ਹਨ ਪਰ ਸਮੱਸਿਆ ਦਾ ਹੱਲ ਨਹੀਂ ਨਿਕਲ ਰਿਹਾ। ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਭਾਰਤੀ ਪੁਰਾਤਤਵ ਵਿਭਾਗ ਇਸ ਦੇ ਆਸ-ਪਾਸ ਦੀਆਂ ਇਤਿਹਾਸਕ ਇਮਾਰਤਾਂ ਨੂਰ ਮਹਿਲ ਦੀ ਸਰਾਂ ਤੇ ਨਕੋਦਰ ਦੇ ਮਕਬਰੇ 'ਤੇ ਕਰੋੜਾਂ ਰੁਪਏ ਖਰਚ ਕਰ ਰਿਹਾ ਹੈ। ਇਸ ਉਦੇਸ਼ ਨਾਲ ਕਿ ਇਨ੍ਹਾਂ ਇਮਾਰਤਾਂ ਨੂੰ ਸੈਰ ਸਪਾਟੇ ਲਈ ਵਰਤਿਆ ਜਾ ਸਕੇ ਪਰ ਦੱਖਣੀ ਸਰਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।

## ਇਰਾਨ ਦਾ ਤੇਲ ਉਤਪਾਦਨ 40 ਫੀਸਦ ਘਟਿਆ

**ਵਾਸ਼ਿੰਗਟਨ:** ਅਮਰੀਕਾ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਕਾਰਨ ਇਰਾਨ ਦਾ ਤੇਲ ਉਤਪਾਦਨ 40% ਘਟ ਗਿਆ ਹੈ ਜਿਸ ਨਾਲ ਉਸ ਨੂੰ ਪ੍ਰਤੀ ਤਿਮਾਹੀ ਨੌਂ ਅਰਬ ਡਾਲਰ ਦਾ ਨੁਕਸਾਨ ਹੋ ਰਿਹਾ ਹੈ।

ਸਾਲ 2011 ਵਿਚ ਇਹ ਰੋਜ਼ਾਨਾ 25 ਲੱਖ ਬੈਰਲ ਸੀ ਤੇ ਇਸ ਸਾਲ ਜੂਨ ਵਿਚ ਇਹ 15 ਲੱਖ ਬੈਰਲ ਰਹਿ ਗਿਆ।

# ਅਭੀ ਕਤਲ ਕਾਂਡ ਦੇ ਦੋਸ਼ੀ ਲੱਗਣਗੇ ਫਾਹੇ

**ਹੁਸ਼ਿਆਰਪੁਰ:** ਇਥੋਂ ਦੇ ਡੀ.ਏ.ਵੀ. ਸਕੂਲ ਦੇ ਨੌਵੀਂ ਦੇ ਵਿਦਿਆਰਥੀ ਅਭੀ ਵਰਮਾ ਉਰਫ਼ ਹੈਰੀ (16) ਨੂੰ ਅਗਵਾ ਕਰਕੇ ਕਤਲ ਕਰਨ ਵਾਲੇ ਦੋਸ਼ੀਆਂ ਵਿਕਰਮ ਸਿੰਘ ਵਾਲੀਆ ਤੇ ਜਸਬੀਰ ਸਿੰਘ ਨੂੰ ਸੈਸ਼ਨ ਕੋਰਟ ਨੇ ਪੰਜ ਅਕਤੂਬਰ ਨੂੰ ਫਾਂਸੀ ਦੇਣ ਦੇ ਹੁਕਮ ਦਿੱਤੇ ਹਨ। ਜ਼ਿਲ੍ਹਾ ਤੇ ਸੈਸ਼ਨ ਜੱਜ ਜੀ.ਕੇ.ਧੀਰ ਨੇ ਸੁਣਾਏ ਫ਼ੈਸਲੇ 'ਚ ਜੇਲ੍ਹ ਸੁਪਰਡੈਂਟ ਪਟਿਆਲਾ ਨੂੰ ਫਾਂਸੀ ਬਾਰੇ ਹੁਕਮ ਜਾਰੀ ਕਰ ਦਿੱਤੇ ਹਨ।

ਅਭੀ ਵਰਮਾ ਦੇ ਕਾਤਲਾਂ ਨੂੰ ਜ਼ਿਲ੍ਹਾ ਅਦਾਲਤ ਨੇ 21 ਦਸੰਬਰ, 2006 ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। 30 ਮਈ 2008 ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ 'ਤੇ ਮੋਹਰ ਲਾ ਦਿੱਤੀ ਸੀ। ਦੋਸ਼ੀਆਂ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ 25 ਜਨਵਰੀ, 2010 ਨੂੰ ਵਿਕਰਮ ਸਿੰਘ ਤੇ ਜਸਬੀਰ ਸਿੰਘ ਦੀ ਮੌਤ ਦੀ ਸਜ਼ਾ ਬਰਕਰਾਰ ਰੱਖੀ ਪਰ ਜਸਬੀਰ ਦੀ ਪਤਨੀ ਸੋਨੀਆ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਸੀ।

ਦੋਸ਼ੀਆਂ ਨੇ ਬਚਾਅ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਪਾ ਕੇ ਸਜ਼ਾ ਨੂੰ ਚੁਣੌਤੀ ਵੀ ਦਿੱਤੀ ਸੀ। ਉਨ੍ਹਾਂ ਆਈ.ਪੀ.ਸੀ. ਦੀ ਧਾਰਾ 364 ਏ (ਫਿਰੌਤੀ ਲਈ ਅਗਵਾ) ਤਹਿਤ ਮੌਤ ਦੀ ਸਜ਼ਾ ਦੇਣ ਨੂੰ ਗੈਰ ਸੰਵਿਧਾਨਕ ਦੱਸਿਆ ਸੀ ਪਰ ਅਦਾਲਤ ਨੇ ਉਨ੍ਹਾਂ ਦੀ ਦਲੀਲ ਨਕਾਰ ਦਿੱਤੀ। ਪਟਿਆਲਾ ਜੇਲ੍ਹ ਦੇ ਸੁਪਰਡੈਂਟ ਵੱਲੋਂ ਸੈਸ਼ਨ ਕੋਰਟ ਹੁਸ਼ਿਆਰਪੁਰ ਨੂੰ ਸੂਚਿਤ ਕੀਤਾ ਗਿਆ ਕਿ ਪਟੀਸ਼ਨ ਖਾਰਜ ਹੋਣ ਤੋਂ ਲੈ ਕੇ ਹੁਣ ਤੱਕ ਦੋਸ਼ੀਆਂ ਦੀ ਮੌਤ ਦੀ ਸਜ਼ਾ 'ਤੇ ਕੋਈ ਕਾਨੂੰਨੀ ਰੋਕ ਨਹੀਂ ਲੱਗੀ ਜਿਸ 'ਤੇ ਅਦਾਲਤ ਨੇ ਉਨ੍ਹਾਂ ਨੂੰ ਫਾਂਸੀ ਦੇਣ ਬਾਰੇ ਵਾਰੰਟ ਜਾਰੀ ਕਰ ਦਿੱਤੇ।

ਇਸ ਦੌਰਾਨ ਮ੍ਰਿਤਕ ਦੇ ਪਿਤਾ ਰਵੀ ਵਰਮਾ ਨੇ ਆਪਣੇ ਵਕੀਲ ਮਨਿੰਦਰਪਾਲ ਸਿੰਘ ਰਾਹੀਂ ਸੈਸ਼ਨ ਕੋਰਟ 'ਚ ਸੀ.ਆਰ.ਪੀ.ਸੀ. ਦੀ ਧਾਰਾ 414 ਤਹਿਤ ਕਈ ਵਾਰ ਅਪੀਲਾਂ ਪਾਈਆਂ। ਪਿਛਲੇ ਮਹੀਨੇ ਵੀ ਅਜਿਹੀ ਹੀ ਇਕ ਬੇਨਤੀ ਅਦਾਲਤ ਨੂੰ ਕੀਤੀ ਗਈ ਸੀ। ਰਵੀ ਵਰਮਾ ਨੇ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕੀਤਾ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਫ਼ੈਸਲਾ ਕਰਨ 'ਚ ਅਦਾਲਤਾਂ ਨੇ ਕਾਫ਼ੀ ਦੇਰ ਲਾਈ ਪਰ ਉਨ੍ਹਾਂ ਨੂੰ ਤਸੱਲੀ ਹੈ ਕਿ ਆਖਿਰਕਾਰ ਉਨ੍ਹਾਂ ਦੇ ਬੇਟੇ ਦੇ ਕਾਤਲਾਂ ਨੂੰ ਸਜ਼ਾ ਮਿਲੇਗੀ।

ਜ਼ਿਕਰਯੋਗ ਹੈ ਕਿ ਅਭੀ ਵਰਮਾ ਸਥਾਨਕ ਡੀ.ਏ.ਵੀ ਸਕੂਲ ਦਾ ਨੌਵੀਂ ਜਮਾਤ ਦਾ ਵਿਦਿਆਰਥੀ ਸੀ। ਦੋਸ਼ੀਆਂ ਨੇ ਉਸ ਨੂੰ ਸਕੂਲ ਜਾਣ ਮੌਕੇ ਰਸਤੇ 'ਚੋਂ ਅਗਵਾ ਕਰ ਲਿਆ ਤੇ ਉਸ ਦੇ ਪਿਤਾ ਤੋਂ 50 ਲੱਖ ਰੁਪਏ ਦੀ ਫਿਰੌਤੀ ਮੰਗੀ। ਅਭੀ ਦਾ ਪਰਿਵਾਰ ਫਿਰੌਤੀ ਦੀ ਰਕਮ ਦੇਣ ਨੂੰ ਤਿਆਰ ਹੋ ਗਿਆ ਸੀ ਪਰ ਦੋਸ਼ੀਆਂ ਨੇ ਅਭੀ ਨੂੰ ਇੰਨੀਆਂ ਜ਼ਿਆਦਾ ਨਸ਼ੀਲੀਆਂ ਦਵਾਈਆਂ ਦੇ ਦਿੱਤੀਆਂ ਕਿ ਉਸ ਦੀ ਮੌਤ ਹੋ ਗਈ।

Visit us on the web:
www.punjabtimesusa.com


**Quick Stop 40, Oklahoma**

ਟਰੱਕ ਸਟਾਪ ਲਈ ਲੋੜ ਹੈ

ਕੁਕ, ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ

*ਇੰਡੀਅਨ ਰੈਸਟੋਰੈਂਟ ਵਿਚ ਫੁਲਕੇ ਪਕਾਉਣ ਲਈ ਖਾਸ ਤੌਰ 'ਤੇ ਕੁਕ ਦੀ ਲੋੜ ਹੈ। ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ*

ਕਾਲ ਕਰੋ:832-512-7172



**ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?**

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



*ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ*

**Safe & Easy Weight Loss**
**Ph:317-886-4858**

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜ਼ਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur

*ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।*



**PANNU'S Legal Services**



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details



IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

| FREMONT | SAN FRANCISCO | MANTECA |
|---|---|---|
| 4127 Bay St., Unit 7<br>Fremont, CA 94538<br>(Near Fremont Bharat Bazar) | 965 Mission St., Unit 102<br>San Francisco, CA 94103<br>(Near India Visa Center) | 1381 E. Yosemite Ave<br>Manteca, CA 95336<br>(off 99 & 120 Hwy - beside Dollar Tree store) |

Call (510) 677-5200 (209) 679-8025
E-mail: indiavisa123@yahoo.com • Fax: (510) 279-7624



**Noble Dental Care**



Shital Shah, DDS

Family and Cosmetic Dentistry

ਸਪੈਸ਼ਲ ਆਫਰ *Special Offer*

$50 Dental X-Rays, Examination Consultation and Cleaning (Cash Patients Only)* *Conditions Apply


Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,950*

*Limitied time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

*State of the Art Dental Technology*
*Most Dental PPO Plans Accepted*
*Interest Free Payment Plans Available*

Ph:510-493-2130
www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)



**The Anu Attorney Immigration Law Firm**
**Law offices of Anu Peshawaria**

*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court

*Bankruptcy Consultation and Filing



*Anu Peshawaria*
*Attorney at Law*

Visa:Students, Athletes, Musicians, Journalists, Nurses, Teachers, Cooks, Religious & other professionals

*Woman of the year award 1991 – India*
*US acclaimed extraordinary ability*
*Awarded for outstanding community service*

*Licensed to practice Immigration & Bankruptcy in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Weekends & Evening Appointments Available

Call:1-866-586-6297, 510-353-0102

46560 Fremont Blvd., STE#205, Fremont, CA 94538
anu@anuattorney.com www.anuattorney.com

## ਸੁਖਵਿੰਦਰ ਅੰਮ੍ਰਿਤ ਤੇ ਅਜਮੇਰ ਸਿੱਧੂ ਨਾਲ ਮਿਲਣੀ 23 ਨੂੰ

**ਯੂਨੀਅਨ ਸਿਟੀ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫ਼ੋਰਨੀਆ ਵਲੋਂ ਕਵਿਤਰੀ ਸੁਖਵਿੰਦਰ ਅੰਮ੍ਰਿਤ ਅਤੇ ਕਹਾਣੀਕਾਰ ਅਜਮੇਰ ਸਿੱਧੂ ਨਾਲ ਇਕ ਸਾਹਿਤਕ ਮਿਲਣੀ ਐਤਵਾਰ 23 ਸਤੰਬਰ ਨੂੰ ਇਥੇ ਰਾਜਾ ਸਵੀਟਸ ਰੈਸਟੋਰੈਂਟ (31853 ਅਲਵਰਾਡੋ ਬੁਲੇਵਾਰਡ) ਵਿਚ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤਕ ਕਰਵਾਈ ਜਾ ਰਹੀ ਹੈ।

ਇਕ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਅਕਾਦਮੀ ਵਲੋਂ ਸਮੂਹ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਮਿਲਣੀ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਹੋਰ ਜਾਣਕਾਰੀ ਸੁਖਵਿੰਦਰ ਕੰਬੋਜ ਫੋਨ (209) 417-7960 ਜਾਂ ਕੁਲਵਿੰਦਰ ਫੋਨ (510) 367-2090 ਤੋਂ ਲਈ ਜਾ ਸਕਦੀ ਹੈ।

## ਕੈਨੇਡਾ ਕੱਪ 'ਚ ਜੇਤੂ ਅੰਡਰ-21 ਟੀਮ ਦਾ ਮਾਣ-ਸਨਮਾਨ

**ਫਰੀਮਾਂਟ (ਬਿਊਰੋ):** ਟੋਰਾਂਟੋ, ਕੈਨੇਡਾ ਵਿਚ ਪਿਛਲੇ ਦਿਨੀਂ ਹੋਏ ਕਬੱਡੀ ਕੱਪ ਟੂਰਨਾਮੈਂਟ ਦੌਰਾਨ ਅੰਡਰ-21 ਮੁਕਾਬਲਾ ਜਿੱਤ ਕੇ ਪਰਤੀ ਆਪਣੀ ਟੀਮ ਦੇ ਮਾਣ ਸਨਮਾਨ ਲਈ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਇਥੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਆਪਣੇ ਸਮੇਂ ਦੇ ਚੰਗੇ ਖਿਡਾਰੀ ਰਹੇ ਸ. ਮੇਜਰ ਸਿੰਘ ਬੈਂਸ ਨੇ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੀ ਖੇਡ ਵੱਲ ਧਿਆਨ ਦੇਣ ਦੀ ਨਸੀਹਤ ਕੀਤੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਨਾਲ ਜੋੜਨਾ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਸ. ਮੇਜਰ ਸਿੰਘ ਬੈਂਸ ਰਾਜਾ ਸਵੀਟਸ ਦੇ ਮਾਲਕ ਸ. ਮੱਖਣ ਸਿੰਘ ਬੈਂਸ ਦੇ ਪਿਤਾ ਹਨ।

ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਜੇਤੂ ਖਿਡਾਰੀਆਂ ਨੂੰ ਸ਼ਾਬਾਸ਼ ਦਿੰਦਿਆਂ ਆਖਿਆ ਕਿ ਕਲੱਬ ਵਲੋਂ ਅਗਲੇ ਗਰੁਪ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ। ਚਾਹਵਾਨ ਖਿਡਾਰੀ ਨਵੀਂ ਟੀਮ ਬਾਰੇ ਧੰਨੇ ਭਲਵਾਨ ਨਾਲ ਫੋਨ 510-459-6463 ਉਤੇ ਸੰਪਰਕ ਕਰ ਸਕਦੇ ਹਨ।

## ਅੰਮ੍ਰਿਤਾ ਪ੍ਰੀਤਮ ਦੇ ਪੁੱਤਰ ਦੇ ਕਤਲ ਬਾਰੇ ਭੇਤ ਬਰਕਰਾਰ

**ਚੰਡੀਗੜ੍ਹ:** ਫ਼ਿਲਮ ਨਿਰਮਾਤਾ ਵਜੋਂ ਮਸ਼ਹੂਰ ਤੇ ਪੰਜਾਬੀ ਸਾਹਿਤਕਾਰ ਮਰਹੂਮ ਅੰਮ੍ਰਿਤਾ ਪ੍ਰੀਤਮ ਦੇ ਪੁੱਤਰ ਨਵਰਾਜ ਕਵਾਤਰਾ ਦੀ ਮੁੰਬਈ 'ਚ ਹੱਤਿਆ ਹੋ ਗਈ ਹੈ। ਨਵਰਾਜ (65) ਦੀ ਲਾਸ਼ 14 ਸਤੰਬਰ ਸਵੇਰੇ ਉਨ੍ਹਾਂ ਦੇ ਮੁੰਬਈ ਦੇ ਬੋਰੀਵਿਲੀ ਇਲਾਕੇ ਵਿਚਲੇ ਫਲੈਟ 'ਚੋਂ ਮਿਲੀ। ਪੁਲਿਸ ਨੂੰ ਕਤਲ ਦੇ ਠੋਸ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਪਰ ਸ਼ੱਕ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੀ ਮੌਤ ਸਾਹ ਘੁੱਟਣ ਨਾਲ ਹੋਈ ਹੈ ਤੇ ਉਨ੍ਹਾਂ ਦੇ ਹੱਥ ਪੈਰ ਬੰਨ੍ਹੇ ਹੋਏ ਸਨ।

ਉਹ ਆਪਣੇ ਫਲੈਟ ਦੀ ਜ਼ਮੀਨੀ ਮੰਜ਼ਲ 'ਤੇ ਰਹਿੰਦੇ ਸਨ ਤੇ ਗੁਆਂਢੀਆਂ ਨਾਲ ਮੇਲ ਮਿਲਾਪ ਘੱਟ ਹੀ ਰੱਖਦੇ ਸਨ। ਉਹ ਅਕਸਰ ਨਵੀਂ ਦਿੱਲੀ ਆਪਣੀ ਪਤਨੀ ਨੂੰ ਮਿਲਣ ਲਈ ਜਾਂਦੇ ਸਨ। ਪਰਿਵਾਰਕ ਸੂਤਰਾਂ ਅਨੁਸਾਰ ਨਵਰਾਜ ਨੇ ਪਿਛਲੇ ਸਾਲ ਆਪਣਾ ਨਵੀਂ ਦਿੱਲੀ ਵਿਚਲਾ ਬੰਗਲਾ 25 ਕਰੋੜ ਵਿਚ ਵੇਚਿਆ ਸੀ। ਇਸ ਪੈਸੇ ਨਾਲ ਗਰੇਟਰ ਕੈਲਾਸ਼ ਖੇਤਰ 'ਚ ਦੋ ਫਲੈਟ ਖਰੀਦਣ ਤੋਂ ਬਾਅਦ ਬਚਦੀ ਰਕਮ ਉਨ੍ਹਾਂ ਫ਼ਿਲਮ ਇੰਡਸਟਰੀ ਵਿਚ ਨਿਵੇਸ਼ ਕਰ ਦਿੱਤੀ ਸੀ। ਪੁਲਿਸ ਨੂੰ ਫਲੈਟ 'ਚੋਂ ਕੁਝ ਦਸਤਾਵੇਜ਼ ਵੀ ਮਿਲੇ ਹਨ। ਘਰ ਦੇ ਸਾਮਾਨ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ।



*ਸੀਨੀਅਰ ਅਕਾਲੀ ਆਗੂ ਅਤੇ ਮਾਰਕੀਟ ਕਮੇਟੀ ਮੋਗਾ ਦੇ ਚੇਅਰਮੈਨ ਅਤੇ ਪਿੰਡ ਲੰਡੇਕੇ ਦੇ ਸਰਪੰਚ ਅਮਰਜੀਤ ਸਿੰਘ ਗਿੱਲ ਗੁਰਦੁਆਰਾ ਸੈਨ ਹੋਜ਼ੇ ਦੇ ਦਰਸ਼ਨ ਕਰਨ ਆਏ। ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਤਸਵੀਰ ਵਿਚ ਉਨ੍ਹਾਂ ਦੇ ਨਾਲ ਹਨ ਕਮੇਟੀ ਪ੍ਰਧਾਨ ਹਰਦੇਵ ਸਿੰਘ ਤੱਖਰ, ਸਟੇਜ ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਕਮੇਟੀ ਮੈਂਬਰ ਨੀਟੂ ਸਿੰਘ ਕਾਹਲੋਂ ਅਤੇ ਹੋਰ ਲੋਕ*

## ਚੰਡੀਗੜ੍ਹ ਅਜੇ ਵੀ ਗੜਬੜ ਵਾਲਾ ਇਲਾਕਾ!

**ਚੰਡੀਗੜ੍ਹ:** ਚੰਡੀਗੜ੍ਹ ਪ੍ਰਸ਼ਾਸਨ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਦਸੰਬਰ 1986 ਨੂੰ ਸ਼ਹਿਰ ਨੂੰ ਗੜਬੜ ਵਾਲਾ ਖੇਤਰ ਐਲਾਨਣ ਬਾਰੇ ਜਾਰੀ ਨੋਟੀਫਿਕੇਸ਼ਨ ਵਾਪਸ ਲੈਣ ਦਾ ਕੋਈ ਇਰਾਦਾ ਨਹੀਂ। ਇਸ ਨੋਟੀਫਿਕੇਸ਼ਨ ਵਾਪਸ ਲਏ ਜਾਣ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਅੱਗੇ ਪੇਸ਼ ਹੁੰਦਿਆਂ ਯੂ.ਟੀ. ਦੇ ਸੀਨੀਅਰ ਵਕੀਲ ਸੰਜੇ ਕੌਸ਼ਲ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ।

ਹਾਈ ਕੋਰਟ ਵਿਚ ਪੇਸ਼ ਕੀਤੇ ਆਪਣੇ ਜਵਾਬ ਵਿਚ ਪ੍ਰਸ਼ਾਸਨ ਨੇ ਕਿਹਾ ਹੈ ਕਿ ਚੰਡੀਗੜ੍ਹ ਦੋ ਸੂਬਿਆਂ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਹੋਣ ਦੇ ਨਾਲ ਨਾਲ ਕੇਂਦਰ ਸ਼ਾਸਤ ਸੂਬਾ ਵੀ ਹੈ। ਦੋਵਾਂ ਰਾਜਾਂ ਦੀਆਂ ਸਰਕਾਰਾਂ ਚਲਾਉਣ ਵਾਲਿਆਂ ਦੇ ਨਾਲ ਚੰਡੀਗੜ੍ਹ ਉਨ੍ਹਾਂ ਲੋਕਾਂ ਦੀਆਂ ਸੁਰੱਖਿਆ ਲੋੜਾਂ ਵੀ ਪੂਰੀਆਂ ਕਰ ਰਿਹਾ ਹੈ ਜੋ ਅਤਿਵਾਦ ਵਿਰੁੱਧ ਲੜਾਈ ਵਿਚ ਸਰਗਰਮ ਰੂਪ ਵਿਚ ਸ਼ਾਮਲ ਸਨ।

ਸ੍ਰੀ ਕੌਸ਼ਲ ਨੇ ਕਿਹਾ ਕਿ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਵੱਡੇ ਮਾਮਲਿਆਂ ਵਿਚ ਸ਼ਾਮਲ ਕੈਦੀ ਹਨ ਜਿਵੇਂ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿਚ ਸ਼ਾਮਲ ਲੋਕ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਦਾਇਰ ਜਵਾਬ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਮੁਲਜ਼ਮਾਂ ਵਿਚੋਂ ਕੁਝ ਨੇ ਜੇਲ੍ਹ ਵਿਚ ਸੁਰੰਗ ਵੀ ਬਾਹਰ ਤਕ ਪੁੱਟ ਲਈ ਸੀ। ਜਨਤਾ ਦਲ (ਯੂਨਾਈਟਿਡ) ਦੇ ਪ੍ਰਧਾਨ ਸੁਰਿੰਦਰ ਭਾਰਦਵਾਜ ਵੱਲੋਂ ਦਾਇਰ ਜਨਹਿੱਤ ਪਟੀਸ਼ਨ ਨੂੰ ਸਿਆਸੀ ਹਿੱਤ ਪੂਰਨ ਵਾਲੀ ਕਰਾਰ ਦਿੰਦਿਆਂ ਕੌਸ਼ਲ ਨੇ ਬੇਨਤੀ ਕੀਤੀ ਕਿ ਇਹ ਪਟੀਸ਼ਨ ਖਾਰਜ ਕੀਤੀ ਜਾਵੇ।

## ਰਸ਼ਦੀ ਦੇ ਸਿਰ ਦੇ ਮੁੱਲ ਵਧਾਇਆ

**ਤਹਿਰਾਨ:** ਇਰਾਨ ਦੀ ਫਾਊਂਡੇਸ਼ਨ ਨੇ ਬਰਤਾਨਵੀ ਲੇਖਕ ਸਲਮਾਨ ਰਸ਼ਦੀ ਦੇ ਸਿਰ ਦੇ ਮੁੱਲ ਵਿਚ ਪੰਜ ਲੱਖ ਡਾਲਰ ਦਾ ਵਾਧਾ ਕਰ ਦਿੱਤਾ ਹੈ। ਖੋਰਦਾਦ ਫਾਊਂਡੇਸ਼ਨ ਨੇ ਬਿਆਨ ਵਿਚ ਕਿਹਾ ਹੈ ਕਿ ਇਸਲਾਮ ਦੀ ਬੇਅਦਬੀ ਕਰਨ ਵਾਲੇ ਇਸ ਲੇਖਕ ਦਾ ਸਿਰ ਕਲਮ ਕਰਨ ਵਾਲੇ ਨੂੰ ਹੁਣ 33 ਲੱਖ ਡਾਲਰ ਦਾ ਇਨਾਮ ਦਿੱਤਾ ਜਾਵੇਗਾ।

ਰਸ਼ਦੀ ਵੱਲੋਂ 'ਸ਼ੈਤਾਨ ਦੀਆਂ ਆਇਤਾਂ' ਨਾਮਕ ਪੁਸਤਕ ਲਿਖਣ ਕਰਕੇ ਇਰਾਨ ਦੇ ਸਰਵਉੱਚ ਆਗੂ ਮਰਹੂਮ ਆਇਤੁਲਾ ਖੁਮੀਨੀ ਨੇ 1989 ਵਿਚ ਉਨ੍ਹਾਂ ਖਿਲਾਫ ਫਤਵਾ ਜਾਰੀ ਕਰ ਦਿੱਤਾ ਸੀ। ਉਸ ਪਿਛੋਂ ਇਹ 65 ਸਾਲਾ ਲੇਖਕ ਲੁਕ-ਛਿਪ ਕੇ ਦਿਨ ਕੱਟ ਰਿਹਾ ਹੈ।



*ਜੇਤੂ ਅੰਡਰ-21 ਟੀਮ ਪ੍ਰਬੰਧਕਾਂ ਨਾਲ*


**For Sale or Lease**

**ਕੈਨਟਕੀ ਤੇ ਇੰਡੀਆਨਾ 'ਚ ਵਿਕਾਊ ਹਨ**

**Gas Stations (7):** Avg. Inside monthly sales w/o lottery $75,000-$100,000 avg.
Monthly gallons 60,000-100,000 rent avg. $4,000-$7,000
Goodwill $100,000-$250,000 plus inv.
**Liquor stores (3):** Monthly sales avg.$100,000-$130,000
Goodwill $250,000-$350-000 plus inv. Rent $2,500-$5,000
**Located in: Kentucky & Indiana**

**Seller financing may be available for qualified buyers*

ਗੈਸ ਸਟੇਸ਼ਨ (7): ਔਸਤਨ ਮਾਸਿਕ ਇਨਸਾਈਡ ਸੇਲ (ਲਾਟਰੀ ਤੋਂ ਬਿਨਾਂ) $75000 ਤੋਂ $100,000
ਗੈਸ 60 ਹਜ਼ਾਰ ਤੋਂ ਇਕ ਲੱਖ ਗੈਲਨ, ਰੈਂਟ ਔਸਤਨ $4000 ਤੋਂ $7000
ਗੁਡਵਿਲ $100,000 ਤੋਂ $250,000+ਇਨਵੈਂਟਰੀ
ਲਿੱਕਰ ਸਟੋਰ (3): ਔਸਤ ਮਾਸਿਕ ਵਿਕਰੀ $100,000-$130,000
ਗੁਡਵਿਲ $250,000-350,000+ਇਨਵੈਂਟਰੀ



ਸੰਪਰਕ ਕਰੋ: 502-836-4825

*Sukh Bains*
*Cell: (502) 836-4825*
Email: Sbains888@yahoo.com

Alltech ENTERPRISE®

# Solar Electric LED Lighting Energy Solutions

## Be a partner of Green Energy

## ਆਪਣੇ ਘਰ ਜਾਂ ਬਿਜਨਸ 'ਤੇ ਸੋਲਰ ਸਿਸਟਮ ਲੁਆਓ, ਪੈਸੇ ਬਚਾਓ

We install high quality Solar System with 80% power guaranty for 30 years.

ਸੋਲਰ ਸਿਸਟਮ ਲਾਉਣ ਦਾ ਖਰਚਾ ਇਸ ਵੇਲੇ ਬਹੁਤ ਹੀ ਘੱਟ ਹੈ। ਸੋਲਰ ਸਿਸਟਮ ਖਰੀਦਣ ਅਤੇ ਬਿਜਲੀ ਦੇ ਵੱਡੇ ਵੱਡੇ ਬਿਲਾਂ ਤੋਂ ਬਚਣ ਦਾ ਇਹ ਸੁਨਹਿਰੀ ਮੌਕਾ ਹੈ।

ਤੁਸੀਂ ਆਪਣੀ ਸਾਲਾਨਾ ਇਨਕਮ ਟੈਕਸ ਰਿਟਰਨ ਭਰਨ ਵੇਲੇ ਅਦਾ ਕੀਤੀ ਕੁਲ ਕੀਮਤ ਦੇ 30% ਦਾ ਕਰੈਡਿਟ ਲੈ ਸਕਦੇ ਹੋ




We sell and install Grid-tied complete solar systems including drawings, permit, provide all the paper work and commissioning.

**Alltech Enterprise presents: Energy Solutions for your businesses.**

We sell led lighting for gas station canopy, area and parking lot, building lighting and for cooler/freezer door lighting.





ਅਸੀਂ ਗੈਸ ਸਟੇਸ਼ਨ ਕੈਨੋਪੀ, ਏਰੀਆ ਅਤੇ ਪਾਰਕਿੰਗ ਲਾਟ, ਬਿਲਡਿੰਗ ਦੁਆਲੇ ਲਾਈਟਾਂ ਤੋਂ ਇਲਾਵਾ ਕੂਲਰ/ਫਰੀਜ਼ਰ ਲਈ LED ਲਾਈਟਾਂ ਵੀ ਵੇਚਦੇ ਹਾਂ

We sell best brand of America. Beta LED, GE and LED Power.



**Case LED** lighting fixture replaces 85-watt fluorescent lamps saves average $90.00 per door per year.

**ECM fan motors**: By changing fan motors (cooler & freezer) with two speed EC motors by using fan control you can save significant energy and then money. **Example**: For 15 door walk-in cooler when you replace 8 (1/20 HP) fan motors with ECM, install fan control and install **ASH control** for doors, saves up to **$4200.00** per year.

*We are Trade Professional Alliance of PG&E and reducing your bill at no cost in PG&E territory. And provide no fee, no interest On-Bill Financing from PG&E.*


**For More Info., Call Toll Free (855) 292-2800**

ਹੋਰ ਜਾਣਕਾਰੀ ਲਈ ਟੌਲ ਫਰੀ ਕਾਲ ਕਰੋ:

**ਬਲਜਿੰਦਰ ਕੈਲੇ (855) 292-2800**

# ਆਪਣਿਆਂ ਦੇ ਸਿਤਮ ਦੀ ਚੱਲੀ ਕਟਾਰ!

## ਦਿੱਲੀ ਤੋਂ ਦੱਖਣ



ਫੋਟੋਗ੍ਰਾਫਰ ਰਣਦੀਪ ਮੱਦਕੋ ਦੀ ਡਾਇਰੀ
ਫੋਨ: +91-98146-93368

*ਰਣਦੀਪ ਮੱਦੋਕੇ ਨੇ ਐਤਕੀਂ ਦਲਿਤਾਂ ਵਿਚਕਾਰ ਆਪਸ ਵਿਚ ਪਏ ਪਾੜੇ ਦੀ ਦਾਸਤਾਨ ਛੋਹੀ ਹੈ। ਇਹ ਜ਼ਿਕਰ ਕਰਦਿਆਂ ਉਹਨੇ ਵਿਹੜੇ ਵਿਚ ਸਾਹ-ਸਤਹੀਣ ਪਈਆਂ ਮੱਛੀਆਂ ਨੂੰ ਬਿਆਨ ਵਿਚ ਲਿਆ ਕੇ ਆਪਣਾ ਦਰਦ ਸਾਂਝਾ ਕੀਤਾ ਹੈ। ਵੱਖਰੇ-ਵੱਖਰੇ ਡਰਾਂ ਕਾਰਨ ਇਹ ਲੋਕ ਸਦੀਆਂ ਤੋਂ ਚੁੱਪ ਹਨ। ਰਣਦੀਪ ਇਨ੍ਹਾਂ ਨਾਲ ਗੱਲਾਂ ਕਰ ਕੇ ਇਹ ਚੁੱਪ ਤੋੜਦਾ ਹੈ। ਉਹ ਆਪਣੀ ਡਾਇਰੀ ਵਿਚ ਦਲਿਤਾਂ ਦੀ ਜਿਹੜੀ ਦਾਸਤਾਨ ਛੋਂਹਦਾ ਹੈ, ਉਹ ਪੀੜ ਨਾਲ ਉੱਛਲੀ ਪਈ ਹੈ। ਤਾਮਿਲਨਾਡੂ ਉਹ ਘੁੰਮਣ-ਫਿਰਨ ਨਹੀਂ ਸੀ ਗਿਆ, ਸਗੋਂ ਉਥੇ ਵਸਦੇ ਲੋਕਾਂ ਦੇ ਦੁੱਖ-ਦਰਦ ਸਮਝਣ ਗਿਆ ਸੀ। ਉਹ ਚਾਹੁੰਦਾ ਹੈ ਕਿ ਲੋਕਾਂ ਦੇ ਮਨਾਂ ਵਿਚ ਹੌਲੀ-ਹੌਲੀ ਪਿਘਲ ਰਿਹਾ ਲਾਵਾ ਕੋਈ ਰਾਹ ਫੜੇ ਅਤੇ ਆਪਣੀ ਅੰਤਾਂ ਦੀ ਤਪਸ਼ ਵਾਲੀ ਦਾਸਤਾਨ ਬਿਆਨ ਕਰੇ। -ਸੰਪਾਦਕ*

ਸੁਬਹ ਜਲਦੀ ਉਠ ਅਸੀਂ ਆਪਣੇ ਅਗਲੇ ਪ੍ਰੋਗਰਾਮ ਅਨੁਸਾਰ ਆਪਣੇ ਠਿਕਾਣੇ ਤੋਂ ਨਿਕਲ ਪਏ। ਹੁਣ ਸਾਡੇ ਨਾਲ ਬੀਬੀ ਏਲੁਚੀ ਪੇਰਾਵਾਈ ਨੇ ਅਗਲੇ ਪਿੰਡਾਂ 'ਚ ਜਾਣਾ ਸੀ। ਉਹਨੂੰ ਇਲਾਕੇ ਬਾਰੇ ਪੂਰੀ ਜਾਣਕਾਰੀ ਸੀ। ਅਸੀਂ ਵਲਾਈਦਮ ਦੇ ਆਟੋ 'ਤੇ ਬੈਠ ਏਲੁਚੀ ਪੇਰਾਵਾਈ ਦੇ ਘਰ ਜਾ ਪਹੁੰਚੇ। ਛੋਟਾ ਜਿਹੇ ਸਾਫ-ਸੁਥਰੇ ਘਰ ਵਿਚ ਸਾਡਾ ਨਿੱਘਾ ਸਵਾਗਤ ਹੋਇਆ। ਰਵੀ ਚੰਦਰਨ ਨੇ ਮੇਰੀ ਅਤੇ ਰੋਸ਼ਨ ਦੀ ਜਾਣ-ਪਛਾਣ ਹਮੇਸ਼ਾ ਵਾਂਗ ਕਰਾਈ। ਬੀਬੀ ਏਲੁਚੀ ਅਰੁੰਥਥਿਆਰ ਜਾਤੀ ਦੀ ਇਕ ਜਥੇਬੰਦੀ ਦੀ ਕਾਰਕੁਨ ਹੈ ਜੋ ਦਲਿਤਾਂ ਦੇ ਸਵੈਮਾਨ ਤੇ ਹੱਕਾਂ ਖਾਤਿਰ ਕੰਮ ਕਰਦੀ ਹੈ। ਬੀਬੀ ਨੇ ਸਾਨੂੰ ਚਾਹ ਦਿਤੀ ਤੇ ਜਲਦੀ-ਜਲਦੀ ਸਾਡੇ ਨਾਲ ਜਾਣ ਲਈ ਤਿਆਰ ਹੋ ਗਈ। ਉਹ ਦੇਖਣ ਨੂੰ ਤੇਜ-ਤਰਾਰ ਦਿਖ ਵਾਲੀ ਸੀ। ਅਸੀਂ ਉਹਨੂੰ ਨਾਲ ਲੈ ਕੇ ਇਕ ਪਿੰਡ ਵੱਲ ਚੱਲ ਪਏ। ਸ਼ਹਿਰ ਤੋਂ ਪੰਦਰਾਂ ਕੁ ਕਿਲੋਮੀਟਰ ਦੂਰ ਅਸੀਂ ਨਿੱਕੇ ਜਿਹੇ ਪਿੰਡ ਜਾ ਪਹੁੰਚੇ। ਚੜ੍ਹਦੇ ਪਾਸੇ ਕਾਫੀ ਦੂਰ ਧੁੰਦਲਕੇ



ਦੁੱਖ-ਦਰਦ ਸਾਂਝੇ ਕਰ ਰਹੀਆਂ ਦਲਿਤ ਔਰਤਾਂ।

ਜਿਹੇ 'ਚ ਛੋਟੇ-ਛੋਟੇ ਪਹਾੜ ਦਿਖ ਰਹੇ ਸਨ। ਪਿੰਡ ਵੜਦਿਆਂ ਹੀ ਸੱਜੇ ਹੱਥ ਵੱਡਾ ਸਾਰਾ ਛੱਪੜ ਹੈ ਜਿਸ ਦਾ ਸਾਫ ਪਾਣੀ ਤਿੱਖੀ ਧੁੱਪ ਚ ਚਾਂਦੀ ਵਾਂਗ ਚਮਕ ਰਿਹਾ ਸੀ ਤੇ ਪਾਣੀ ਵਿਚ ਉਚੇ ਨਾਰੀਅਲ ਰੁੱਖਾਂ ਦੇ ਪ੍ਰਛਾਵੇਂ ਇੰਜ ਹਿੱਲ ਰਹੇ ਸਨ ਜਿਵੇਂ ਨੱਚ ਰਹੇ ਹੋਣ। ਹਵਾ ਬਿਲਕੁਲ ਬੰਦ ਸੀ, ਕਿਧਰੇ ਪੱਤਾ ਨਹੀਂ ਸੀ ਹਿਲ ਰਿਹਾ। ਨਿੱਕਾ ਜਿਹਾ ਪਿੰਡ ਇੰਜ ਸ਼ਾਂਤ ਸੀ ਜਿਵੇਂ ਸਾਰੇ ਲੋਕੀਂ ਸਾਡੇ ਆਉਣ ਤੋਂ ਪਹਿਲਾਂ ਉਥੋਂ ਕਿਤੇ ਭੱਜ ਗਏ ਹੋਣ। ਕੋਈ ਵੀ ਨਹੀਂ ਸੀ ਰੜਕ ਰਿਹਾ। ਗਲੀਆਂ ਵਿਚ ਕੋਈ ਆਦਮੀਂ ਨਹੀਂ ਦਿਖ ਰਿਹਾ ਸੀ।

ਅਸੀਂ ਨਿੱਕੇ ਜਿਹੇ ਘਰ ਵਿਚ ਦਾਖਿਲ ਹੋਏ। ਵਿਹੜੇ ਵਿਚ ਤਾਜ਼ੀ-ਤਾਜ਼ੀ ਗੋਹਾ-ਮਿੱਟੀ ਫੇਰੀ ਹੋਈ ਸੀ ਜਿਸ ਵਿਚੋਂ ਗੋਹੇ ਅਤੇ ਮਿੱਟੀ ਦੀ ਹਲਕੀ-ਹਲਕੀ ਗੰਧ ਆ ਰਹੀ ਸੀ। ਇਕ ਨੁੱਕਰੇ ਵੱਡੀ ਥਾਲੀ ਵਿਚ ਤਿੰਨ ਮੱਛੀਆਂ ਸੁੱਕਣੇ ਪਾਈਆਂ ਸਨ। ਇਨ੍ਹਾਂ ਵਿਚੋਂ ਦੋ ਤਾਂ ਬਹੁਤ ਛੋਟੀਆਂ ਸਨ, ਉਂਗਲਾਂ ਤੋਂ ਥੋੜ੍ਹੀਆਂ ਹੀ ਵੱਡੀਆਂ ਹੋਣਗੀਆਂ। ਇਕ ਪੂਰੇ ਹੱਥ ਜਿੱਡੀ ਸੀ ਜਿਸ 'ਤੇ ਭੁੱਕਿਆ ਲੂਣ ਹੋਰ ਵੀ ਚਾਂਦੀ ਰੰਗੀ ਦਿੱਖ ਦੇ ਰਿਹਾ ਸੀ। ਵੱਡੀ ਮੱਛੀ ਦੀਆਂ ਮੋਟੀਆਂ ਪਰ ਪਥਰਾਈਆਂ ਅੱਖਾਂ ਤੇ ਮੂੰਹ ਅਸਮਾਨ ਵੱਲ ਅੱਡਿਆ ਹੋਇਆ ਹੈ; ਜਿਵੇਂ ਅਸਮਾਨ ਕੋਲੋਂ ਇੱਕ ਬੂੰਦ ਪਾਣੀ ਦੀ ਫਰਿਆਦ ਕਰ ਰਹੀ ਹੋਵੇ ਜੋ ਉਸਦੀ ਸੁੱਕ ਕੇ ਪਾਪੜ ਬਣ ਚੁੱਕੀ ਰੂਹ ਨੂੰ ਦੁਬਾਰਾ ਜ਼ਿੰਦਾ ਕਰ ਸਕਦੀ ਹੋਵੇ। ਅਸੀਂ ਘਰ ਅੰਦਰ ਲੰਘ ਗਏ। ਇਹ ਘਰ ਪਿੰਡ ਦੀ ਸਰਪੰਚ ਦਾ ਹੈ ਜੋ ਅਰੁੰਥਥਿਆਰ ਜਾਤੀ ਤੋਂ ਸੀ ਜੋ ਦਲਿਤਾਂ ਵਿਚ ਉਚ ਜਾਤੀ ਗਿਣੀ ਜਾਂਦੀ ਹੈ। ਉਹਨੇ ਸਾਨੂੰ 'ਜੀ ਆਇਆਂ ਨੂੰ' ਕਿਹਾ ਤੇ ਠੰਢਾ ਪਾਣੀ ਦਿੱਤਾ ਪਰ ਸਾਡੇ ਨਾਲ ਕ੍ਰਿਸ਼ਨਾਵੇਣੀ ਵਾਲੇ ਮਾਮਲੇ 'ਤੇ ਗੱਲ ਕਰਨ ਤੋਂ ਮਨ੍ਹਾ ਕਰ ਦਿੱਤਾ ਕਿਉਂਕਿ ਉਹ ਜਿਥੇ ਉਚ ਜਾਤੀ ਚੌਧਰੀਆਂ ਤੋਂ ਡਰਦੀ ਸੀ, ਉਥੇ ਕ੍ਰਿਸ਼ਨਾਵੇਣੀ ਨਾਲ ਉਹਦੀ ਨੀਵੀਂ ਜਾਤ ਵਾਲਾ ਵਿਰੋਧ ਵੀ ਸੀ। ਕਾਫੀ ਦੇਰ ਗੱਲਾਂ ਕਰਨ ਤੋਂ ਬਾਅਦ ਉਹ ਕ੍ਰਿਸ਼ਨਾਵੇਣੀ ਬਾਰੇ ਵੀ ਗੱਲਾਂ ਕਰਨ ਲੱਗੀ ਕਿਉਂਕਿ ਉਹਨੂੰ ਨਹੀਂ ਸੀ ਪਤਾ ਕਿ ਸਾਹਮਣੇ ਪਿਆ ਕੈਮਰਾ ਚੱਲ ਰਿਹਾ ਹੈ, ਤੇ ਉਹਨੇ ਕ੍ਰਿਸ਼ਨਾਵੇਣੀ ਬਾਰੇ ਕਾਫੀ ਬੁਰਾ-ਭਲਾ ਕਿਹਾ-ਕਿ ਉਹ ਨੀਵੀਂ ਜਾਤ ਦੀ ਹੋ ਕੇ ਉਚ ਜਾਤੀ ਵਾਲਿਆਂ ਨਾਲ ਬਰਾਬਰੀ ਕਰਦੀ ਹੈ; ਕਿ ਉਹ ਦੂਜਿਆਂ ਦੀ ਪ੍ਰਵਾਹ ਨਹੀਂ ਕਰਦੀ; ਕਿ ਉਸ ਨਾਲ ਇਹ ਭਾਣਾ ਤਾਂ ਵਾਪਰਨਾ ਹੀ ਸੀ; ਨੀਵੀਂ ਜਾਤੀ ਵਾਲਿਆਂ ਨੂੰ ਉਚ ਜਾਤੀ ਨਾਲ ਬਣਾ ਕੇ ਰੱਖਣੀ ਚਾਹੀਦੀ ਹੈ ਤੇ ਉਨ੍ਹਾਂ ਦੀ ਗੱਲ ਦੀ ਪ੍ਰਵਾਹ ਤਾਂ ਹਰ ਹਾਲਤ ਕਰਨੀ ਚਾਹੀਦੀ ਹੈ, ਪਰ ਇਹ ਕ੍ਰਿਸ਼ਨਾਵੇਣੀ ਵਰਗੇ ਨਵੇਂ ਲੋਕਾਂ ਨੂੰ ਤਾਂ ਖੰਭ ਹੀ ਲੱਗ ਗਏ ਨੇ; ਸਾਡੇ ਨਾਲ ਤਾਂ ਕੋਈ ਇਉਂ ਨਹੀਂ ਕਰਦਾ।...

ਇਸ ਅੱਧਖੜ ਉਮਰ ਦੀ ਬੀਬੀ ਨੇ ਸ਼ਾਇਦ ਉਚ ਜਾਤੀ ਦੀ ਗੱਲ ਕਦੇ ਮੋੜੀ ਨਹੀਂ ਹੋਣੀ, ਤੇ ਸ਼ਾਇਦ ਖੌਰੇ ਉਹਦੀ ਥਾਂ ਸਰਪੰਚੀ ਵੀ ਕੋਈ ਹੋਰ ਹੀ ਕਰਦਾ ਹੋਵੇ, ਪਰ ਉਹ ਕਹਿ ਰਹੀ ਸੀ ਕਿ ਸਾਡੇ ਨਾਲ ਤਾਂ ਕਿਸੇ ਨੇ ਕੋਈ ਮਾੜੀ ਨਹੀਂ ਕੀਤੀ!...ਉਹ ਸਦੀਆਂ ਤੋਂ ਚਲੇ ਆ ਰਹੇ ਢਾਂਚੇ ਵਿਚ ਢਲੀ ਹੋਈ ਸੀ ਤੇ ਸ਼ਾਇਦ ਹੀ ਕਿਸੇ ਗੱਲ ਦਾ ਕਦੀ ਵਿਰੋਧ ਕੀਤਾ ਹੋਵੇ। ਉਹ ਬੁਰੀ ਨਹੀਂ ਸੀ, ਪਰ ਨਾ-ਬਰਾਬਰੀ ਦੇ ਕੁਪ੍ਰਬੰਧ ਨੇ ਜਿਵੇਂ ਲੋਕਾਂ ਨੂੰ ਵੰਡਿਆ ਹੋਇਆ ਹੈ, ਉਨ੍ਹਾਂ ਦੀਆਂ ਅੱਖਾਂ ਉਤੇ ਪਰਦੇ ਪਏ ਹੋਏ ਸਨ। ਇਹ ਸਰਪੰਚ ਬੀਬੀ ਵੀ ਬੱਸ ਉਥੋਂ ਹੀ ਬੋਲ ਰਹੀ ਸੀ। ਅਸੀਂ ਚਾਹ ਪੀ ਕੇ ਅਗਲੇ ਪਿੰਡ ਵੱਲ ਚਾਲੇ ਪਾ ਦਿੱਤੇ। ਵਿਰਲੀਆਂ ਜਿਹੀਆਂ ਪਹਾੜੀ ਕਿੱਕਰਾਂ ਦੇ ਜੰਗਲ ਵਿਚੋਂ ਦੀ ਲਾਲ ਸ਼ੱਕਰ ਵਰਗੀ ਮਿੱਟੀ ਉਪਰ ਕਾਲੀ ਸੜਕ ਸਾਡਾ ਪਿੱਛਾ ਕਰਦੀ ਜਾਪ ਰਹੀ ਸੀ ਜਿਵੇਂ ਵੱਡਾ ਸਾਰਾ ਸੱਪ ਸਾਨੂੰ ਨਿਗਲ ਜਾਣ ਲਈ ਸਾਡੇ ਵੱਲ ਸਿਰਤੋੜ ਭੱਜਿਆ ਆ ਰਿਹਾ ਹੋਵੇ। ਹੁਣ ਅਸੀਂ ਜੰਗਲੀ ਇਲਾਕੇ ਤੋਂ ਬਾਹਰ ਸ਼ਹਿਰ ਦੇ ਨੇੜੇ ਆ ਗਏ ਸਾਂ। ਸੜਕ ਦੇ ਨਾਲ-ਨਾਲ ਡੀਲੇ (ਘਾਹ) ਨਾਲ ਭਰੇ ਕਿਨਾਰਿਆਂ ਵਾਲਾ ਨਾਲਾ ਵਗ ਰਿਹਾ ਸੀ। ਸੜਕ ਉਭੜ-ਖਾਬੜ ਹੋਣ ਕਰ ਕੇ ਆਟੋ ਹੌਲੀ-ਹੌਲੀ ਚੱਲ ਰਿਹਾ ਸੀ। ਕੁਝ ਔਰਤਾਂ ਨਾਲੇ ਵਿਚ ਨਹਾ ਰਹੀਆਂ ਸਨ। ਉਹ ਗਿੱਲੇ ਪਾਰਦਰਸ਼ੀ ਕੱਪੜਿਆਂ ਵਿਚ ਆਪਣੇ ਅੱਧਨੰਗੇ ਵਜੂਦ ਲੁਕਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਦੇ ਸਿਰਾਂ ਉਤੇ ਪਲਾਸਟਿਕ ਦੀਆਂ ਰੰਗ-ਬਰੰਗੀਆਂ ਮਟਕੀਆਂ ਸਨ। ਨਾਲੇ ਦੇ ਪਰਲੇ ਕਿਨਾਰੇ ਪੈਪਸੀ ਦੀ ਮਸ਼ਹੂਰੀ ਵਾਲਾ ਆਦਮਕੱਦ ਬੋਰਡ ਸੀ ਜਿਸ ਉਪਰ ਭਾਰਤੀ ਕ੍ਰਿਕਟ ਦੇ ਸਿਤਾਰੇ ਆਪਣੇ ਅੱਧਨੰਗੇ ਸਰੀਰ ਤੇ ਰੰਗ-ਬਰੰਗੀਆਂ ਲਾਟਾਂ ਬਣਾ ਕੇ ਪੂਰੇ ਜੋਸ਼ ਨਾਲ ਦਹਾੜ ਰਹੇ ਨੇ; ਜਿਵੇਂ ਨਾਲੇ ਤੋਂ ਪਾਣੀ ਭਰਦੀਆਂ ਤੇ ਨਹਾਉਂਦੀਆਂ ਬੀਬੀਆਂ ਨੂੰ ਤੱਕ ਕੇ ਮੁਹੱਲੇ ਦੇ ਮੁਸ਼ਟੰਡੇ ਉਨ੍ਹਾਂ ਦੀ ਖਿੱਲੀ ਉੜਾ ਰਹੇ ਹੋਣ। ਇਹ ਬਹੁਤ ਪ੍ਰਭਾਵਸ਼ਾਲੀ ਤਸਵੀਰ ਸੀ ਪਰ ਇਸ ਨੂੰ ਇਕੋ ਫਰੇਮ ਵਿਚ ਕੈਦ ਕਰਨਾ ਮੁਸ਼ਕਿਲ ਸੀ...ਇਸ ਨੂੰ ਸਿਰਫ ਮਹਿਸੂਸ ਹੀ ਕੀਤਾ ਜਾ ਸਕਦਾ ਸੀ। ਸ਼ਹਿਰ ਦੀ ਨਿਆਈਂ ਵਿਚ ਬੇਤਰਤੀਬੇ ਜਿਹੇ ਨਾਰੀਅਲ ਦੇ ਰੁੱਖਾਂ ਨਾਲ ਘਿਰੇ ਘਰ ਹਨ ਜਿਨ੍ਹਾਂ ਦੀਆਂ ਕੰਧਾਂ ਉਤੇ ਨਾਰੀਅਲ ਦੇ ਪੱਤਿਆਂ ਦੇ ਲੰਬੇ ਖੂਬਸੂਰਤ ਪਰਛਾਵੇਂ ਲਟਕ ਰਹੇ ਸਨ ਜੋ ਵੱਡੇ ਚਿੱਤਰਾਂ ਵਾਂਗ ਜਾਪ ਰਹੇ ਸਨ। ਹੁਣ ਅਸੀਂ ਆਟੋ ਚਾਲਕ ਸਾਥੀ ਵਲਾਈਦਮ ਦੇ ਚਾਚੇ ਦੇ ਘਰ ਜਾਣਾ ਹੈ ਜਿਥੇ ਦੁਪਹਿਰ ਦਾ ਖਾਣਾ ਵੀ ਸਾਡੀ ਉਡੀਕ ਕਰ ਰਿਹਾ ਹੈ...।



ਬੇਪਛਾਣ ਨਕਸ਼?...ਆਪਣੇ ਵਿਹੜੇ 'ਚ ਖੜ੍ਹੀ ਇਕ ਦਲਿਤ ਔਰਤ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 29 ਸਤੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-31



*ਖੜ੍ਹੇ ਟਰੱਕ ਵਿਚ, ਝੂਟੇ ਲੈਂਦੇ, ਖੁਸ਼ ਹੋ ਰਹੇ ਨੇ ਝੱਲੇ!*
*ਪੜ੍ਹਨ ਸਕੂਲੇ ਜਾਣਾ ਛਡ ਕੇ, ਇਹ 'ਬਾਬੇ' ਦੇ ਚੱਲੇ!*

## ਕੈਪਸ਼ਨ ਮੁਕਾਬਲਾ-29



ਲੱਗਦਾ ਹੈ ਲਾਡਲਾ ਤੇ ਕੱਲਾ ਪੁੱਤ ਹੈ,
ਵਰਨਾ ਵਿਆਹੁਣ ਦੀ ਇਹ ਕਿਹੜੀ ਰੁੱਤ ਹੈ।
ਸਿਹਰਾ, ਸ੍ਰੀ ਸਾਹਿਬ ਅੱਜ ਦਾ ਸ਼ਿੰਗਾਰ ਨੇ,
ਸ਼ਗਨਾਂ ਦੇ ਦਿਨ ਬੱਸ ਦੋ-ਚਾਰ ਨੇ।
ਵਿਦਿਆ ਦੇ ਰਾਹ ਪੈਣੋਂ ਰੋਕ ਦਿੱਤਾ ਏ,
ਗ੍ਰਹਿਸਥ ਯੁੱਧ ਮੋਰਚੇ 'ਚ ਝੋਕ ਦਿੱਤਾ ਏ।
*-ਮਹਾਂ ਸਿੰਘ ਹਾਂਸ*
*ਫੋਨ: 408-956-1696*

ਬੰਨ੍ਹ ਕੇ ਸਿਹਰੇ, ਪਾ ਕੇ ਅਚਕਨ,
ਫੜ੍ਹ ਤਲਵਾਰ ਅਸੀਂ ਹੋ ਗਏ ਰੈਡੀ।
ਪਰ ਕੀ ਕਰੂ ਇਹ ਖਿੱਚੀ ਤਿਆਰੀ,
ਸਿਰ ਫੇਰੀ ਜਾਵੇ ਸਾਡਾ ਡੈਡੀ।
*-ਜਗਮੀਤ ਸਿੰਘ ਪੰਧੇਰ*
*ਪਿੰਡ: ਕਲਾਹੜ, ਲੁਧਿਆਣਾ।*

---

ਗੁਜ਼ਾਰਦਾ ਸੀ ਜੋ ਜ਼ਿੰਦਗੀ
ਮਾਂ-ਬਾਪ ਦਿਆਂ ਸਾਹਾਂ 'ਤੇ।
ਭੁੱਲ ਜਾਵੇਗਾ ਬਚਪਨ ਦੀਆਂ ਸ਼ਰਾਰਤਾਂ,
ਰਹਿ ਜਾਵੇਗਾ ਲੂਣ, ਤੇਲ ਦੀਆਂ ਆਹਾਂ 'ਤੇ।
ਬੰਨ ਸਿਹਰੇ ਹੱਥ ਫੜ੍ਹ ਸ੍ਰੀ ਸਾਹਿਬ
ਤੁਰ ਪਿਆ ਜੁਆਨ ਗ੍ਰਹਿਸਥ ਦੇ ਰਾਹਾਂ 'ਤੇ।
*-ਅਜਮੇਰ ਸਿੰਘ ਪੰਨੂ, ਸ਼ਿਕਾਗੋ*
*ਫੋਨ: 630-440-3458*

---

ਵਿਆਹ ਕਰਵਾਉਣ ਦਾ ਪੁੱਤਰਾ
ਤੈਨੂੰ ਲੱਗਦਾ ਬੜਾ ਚਾਅ।
ਵਿਆਹ ਤੋਂ ਬਾਅਦ ਪਤਾ ਲੱਗਜੂ,
ਆਟੇ-ਦਾਲ ਦਾ ਭਾਅ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ:645-721-1964*

**OKKJI Transfer LLC.**
15238 Radiance Dr., Noblesville, IN, 46060
ਡਰਾਈਵਰ ਤੇ ਓਨਰ ਅਪਰੇਟਰ ਦੀ ਲੋੜ ਹੈ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ
ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045



ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ
• Kabaddi
• Basketball
• Volleyball
Open Kabaddi
1st Prize $10,000
2nd Prize $8,000
3rd Allstar World
ਕਬੱਡੀ ਕੱਪ
September 30, 2012
All Basketball Games on September 29th
ਗੁਰਦੁਆਰਾ ਬਰਾਡਸ਼ਾਅ ਖੇਡ ਕੰਪਲੈਕਸ
7676 Bradshaw Road • Sacramento, CA 95829
Kings Sports Club
Sacramento, CA
ਸਾਡੇ ਮਹਿਮਾਨ
ਸੱਜਣ ਸਿੰਘ ਚੀਮਾ (ਵਿਜੀਲੈਂਸ ਇੰਡੀਆ)
ਗਰੇਟ ਖਲੀ (ਦਲੀਪ ਸਿੰਘ)
ਜਰਨੈਲ ਸਿੰਘ ਸੇਖੋਂ ਇੰਗਲੈਂਡ
ਸਤਵੰਤ ਸਿੰਘ ਨਿੱਝਰ ਇੰਡਿਆਨਾ
Pawittar Sandhu (Seattle), Sukhwinder Dulai (Canada), Jaskiran Mahal (Canada), Deepa Badesha (Chicago), Sarbjit S. Randhawa, Rana Sidhu, Paramjit S. Sidhu, Tirath S. Atwal (Indianapolis)
Partispating Teams:
(Bay Area Sports Club,
Guru Teg Bahadar Sports Club Canada,
Kings Sports Club)
Top Row:
Jassi Dhillon, Inderjit Mahal, Gurnek Dosanjh, Sukhi Sekhon, Gurmukh S. Sandhu, Santokh S. Dosanjh, Sodhi Dhindsa
Bottom Row:
Gurdial Mall, Gurnek S. Dhillon, Kulwinder S. Bal, Major S. Randhawa, Sukhwinder S. Toor, Sital S. Nijjar
Not in Picture:
Peter Dosanjh, Pala Toor, Bhupinder Dosanjh, Mandeep Sahota
Star Players from India, England and Canada coming! Keepa Surkhpuria, Aman Kundi, Pappi Khira, Keepa Bhadni, Jeete Kooner, Deepa khurli, Happy Rurka, Jassa Sidwa.
ਸਪਾਂਸਰ
ਪਹਿਲਾ ਇਨਾਮ (ਓਪਨ ਕਬੱਡੀ)
ਹਰਨੇਕ ਸਿੰਘ ਅਟਵਾਲ
ਗੁਲਬਿੰਦਰ ਸਿੰਘ ਭਿੰਡਾ
ਕੁਲਜੀਤ ਸਿੰਘ ਨਿੱਝਰ
ਡਾਇਮੰਡ ਟਰਾਂਸਪੋਰਟ
ਪਿੰਕੀ ਅਟਵਾਲ • ਹਰਜਿੰਦਰ ਸਿੰਘ ਸੰਨੀ • ਭੁਪਿੰਦਰ ਸਿੰਘ ਕੰਗ
ਸਪਾਂਸਰ
ਦੂਜਾ ਇਨਾਮ (ਓਪਨ ਕਬੱਡੀ)
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
ਸਪਾਂਸਰ
ਪਹਿਲਾ ਇਨਾਮ (ਅੰਡਰ 21)
ਬਲਿਹਾਰ ਸਿੰਘ ਸਰਪੰਚ
ਕਸ਼ਮੀਰ ਸਿੰਘ ਬਾਂਧੀ
ਮਲਵਿੰਦਰ ਸਿੰਘ ਸੰਧੂ
ਜੋਨੀ ਕਾਹਲੋਂ
ਸਪਾਂਸਰ
ਦੂਜਾ ਇਨਾਮ (ਅੰਡਰ 21)
ਅਮਰਜੀਤ ਸਿੰਘ ਬਾਸੀ
ਤੀਰਥ ਸਿੰਘ ਸਹੋਤਾ
ਬਲਜੀਤ ਸਿੰਘ ਬਾਸੀ
ਕੁਲਵੰਤ ਸਿੰਘ ਬੋਪਾਰਾਏ
ਸਪਾਂਸਰ
ਸਰਬਜੀਤ ਸਿੰਘ ਬਿਆੜਾ
ਸਪਾਂਸਰ
ਸਾਬੀ ਯੂਬਾ ਸਿਟੀ
ਬਾਸਕਿਟਬਾਲ ਸਪਾਂਸਰ:
ਫੈਟ ਡਕ ਪੀਜ਼ਾ ਅਤੇ
ਜੀ ਐਂਡ ਐਸ ਟਰੱਕ ਵਾਸ਼ ਸੈਕਰਾਮੈਂਟੋ
ਸਪਾਂਸਰ
ਕੈਨੇਡਾ ਕਬੱਡੀ ਟੀਮ
ਬੂਟਾ ਲੋਧੀ, ਬੂਟਾ ਢਿੱਲੋਂ, ਬਲਜੀਤ ਸੇਖੋਂ, ਵਰਿੰਦਰ ਕੁਲਾਰ, ਰਾਣਾ ਦੁਸਾਂਝ, ਅਮਰਜੀਤ ਕੰਗ, ਕਮਲ ਚਾਹਲ, ਗੁਰਪਾਲ ਸਿੱਧੂ, ਸਰਬਣ ਢਿੱਲੋਂ, ਗੁਰਜੀਤ ਸਿੰਘ, ਜੋਧਾ ਸੰਧੂ
DIAMOND SPONSORS: Avtar S. Atwal, Baljit Singh, Kulwant Singh, Bitu Samra, Lucky Khaira, Ravinder Johal (Johal Patrolum Inc.), Major S. Bains (Smog Wizards), Jasvir S. Dhami (Curry Leaf Restuarnt), Bobby Gosal, Peter Dosanjh (US Truck Driving School), Sai Sohal (Baba Exp), Mohabatpal Kala & Sukhraj Kang, Sukhjiwan Singh (Pal's liquor), Chinna Jewellers Inc., Tarlochan S. Atwal, Baljit Dhoot (Joe's Travel Plaza), Raja & Harry (LTA Bos.), Sukhwinder Mann & Jarnail Dhaliwal (Jimco Truck Plaza), Sabbi (KTS Exp.), Gurnek Dhillon (Fat Ducks Pizza) Tirath Sahota, Folsom Trucking, Davinder Singh (U.S. Truck & Trailer Repair), Charan Budwal, Lakhvir Aujla (Aujla Trucking), Iqbal Dhanoa, Harnek Sandhu (SSS Trucking), Jassi Sahota (STP Truck Plaza),Dalip Gupta (Golden One Realty), Joga Singh (ShopLess Market), H.S.D Transports, Taran (Kings Exp.), Resham Singh (Power Truck Line), Ajaib Singh (Commander Transport), Sam Gill (Sunrise Trucking), Jaswant & Bawa Singh (Golden State Truck Parking), Salim (Expo Furniture Gallery), Sarbjit S. Bajwa (Bajwa Trucking), Ranbir Nijjar, Harry Pooni, Legend Transport, Malkit S. Boparai (Vanco Truck Stop), Harjider S. Gill, Harry Galt, Gursevak Brar Tracy, Harry Sangha (A1 Liquor), Sakinder Grewal (Punjabi Dhaba), Baljinder Purewal (B.J Gear), Manjit Sandar, Kuldeep Johal, Kala Tracy, Mangal Johal Fresno, Balvir S. Dhillon Fresno, DK Transport Corp. (Fresno), Shri Guru Ravidass Temple (Rio Linda), Narinderpal S. Hundal, Sital Nijjar & Manjit Singh (Punjab Insurance), G&S Truck Wash Sacramento, Jasvir Thandi, JST Real Eastate, Amolak Singh (N.K.R.S.), Kewal Sidhu Corp., Naranjan S. Bains
ਸਪਾਂਸਰ
ਗਰੇਟ ਖਲੀ ਅਤੇ ਸੱਜਣ ਸਿੰਘ ਚੀਮਾ ਦਾ ਗੋਲਡ ਮੈਡਲ ਨਾਲ ਸਨਮਾਨ
Harjinder Manns Liquor, Jaswinder Rai (Bittu), Jaswinder Shergill, Kuldip Singh Cheema, Parmjit Singh Khaira, Seva Singh Sidhu, Malaghar Singh Khaira, Kuldip Singh Sidhu, Gurdev Singh Sohal, Nachattar Singh
GOLD SPONSORS: Jatinder Bassi, Cheema (Natomas Golf Center), Rio Food&Liquor, Gurmail S. Bassi (Bullet Exp. Inc.), Top Carrier, Davinder Nijjar, Surjit Nijjar, Mangal S. Sanghera, TR Transportation, Johni (Bagga Palace), Nirmal S. Dhillon, Super Quick Food Store, A&J Friends Inc., Malkit S. Mann, Harpinder Thandi, Deepa Lalli, Varinder S. Sahota, Rajvir S. Nahal, Shangara S. Aujla, Gurpal S. Aujla, Ali Truck & Trailer Repair, Bhinda (HMB Trucking), Raj (MGM Whole Sale), HB Transportation, Jatinder Singh Sonu, Lal S. Atwal, Gurjit Singh Doctor, Gary & Gary, Arcade Market, Paramjit & Chuhar S. Sanghera, Iqbal Singh, Sandeep Singh, Amritpal & Ranjit Singh, A Pauun Transport Modesto, Sukhi Sanghera (TRY US Trucking), Maghar S. Basra Modesto, Karnail Singh (World Wine& Liquor), Bombay Bar & Grill, Iqbal Aujla, Daljit Singh Dhanda, Manjit S. Grewal (ZebraTown Market), Bhai Ghanaya International Mission, Balwant S. Virk, Jason Dhami, Grewal Trucking, Daljit Brar, Raj Trucking, Paramjit S. Johal, Kesar Singh, Makhan S. Mehat, Jaskaran S. Atwal, Jassi Banga, Pritam S. Gill (A1 Realty Fresno) Faridkot Enterprice Inc., Parminder Singh (Clovis), Kuldeep S. Kang (Fresno), Satvinder S. Reehal( One Stop Smog), Reliance Exp., Ajit Pal Kahalon, Rajash Kumar, Inderjit Sidhu (Stop & Shop)
ਵਿਸ਼ੇਸ਼ ਸਨਮਾਨ:
ਪ੍ਰੀਤਮ ਸਿੰਘ ਪ੍ਰੀਤਾ
(ਆਇਆ ਪ੍ਰੀਤਾ ਗਿਆ ਪ੍ਰੀਤਾ)
ਤੀਰਥ ਗਾਖਲ
SILVER SPONSORS: Jaswant Singh, Samosa Garden, Discount Liquor& Food, Pooja Indian Grill, SMT Repair Services, Capital Truck Tires, Dharminder Singh, Raju Aulakh, Rajvir Singh, Jagjit Singh, Gurvinder S. Bains, Rajvirpal S. Bains, Jaggi Tut, Mandeep Sahota, Pindee Sandhu, Rajvir Dhami, AB Indian Sweet Restaurant, Amarjit Dhillon, Santokh Mann (Auto Exp.), Manpreet Brar, Baljinder Johal, Randhawa Transport, Balbir Singh, Surjit S. Atwal, Gurwinder Kang, Narinder Sanghera, Mandar Singh, Baljit Singh Dhindsa, Mandhir Singh, Harnek Sanghera, Amarjit S. Kang, Mangat Singh, Paramjit Singh, Jagraj Singh, Kirandeep S. Kailay, Balwinder S. Virk, Surinder S. Dhadda, Onkar Dhillon, Mandeep Singh, Paramjit S. Dosanjh, Narinder S. Dosanjh, Tirath S. Mann, Phangan Dhami. Amercian Travel& Tours, Gurpal Singh, Sajan Singh, Jassi Gill, Lakhmeer Singh, Sukhi Sohi, Davinder Shoker, Happy Khela, Kapoor S. Atwal
ਕੁਮੈਂਟਰੀ: ਰਾਜਵਿੰਦਰ ਰੰਡਿਆਲਾ
ਇਕਬਾਲ ਗਾਲਿਬ ਅਤੇ ਸੁਖਵਿੰਦਰ ਸੰਘੇੜਾ
PLAYERS
Meek
Moula
Sandeep Nagal
Shipu
Sukhi Sarawan
Dulla
Manga Mithapuria
Arshi
Chetan Mahal
Dounte
Hardip Tauo
Johnny
Kinda Beharipuria
Labhi
Any team under 21 can get three players from anywhere must provide passport or birth certificate only, Each team can not have no more than 10 players in play ground. Official decision is final NO argument.
ਚਾਹ ਪਾਣੀ: ਡਾਇਮੰਡ ਕਲੱਬ ਆਫ਼ ਕੈਲੀਫੋਰਨੀਆ, ਸੈਕਰਾਮੈਂਟੋ
Video: Moon Light Studio 916.267.8784 • Sound: Unlimted DJ
ਜ਼ਰੂਰੀ ਹਦਾਇਤਾਂ: ਇਹ ਟੂਰਨਾਮੈਂਟ ਗੁਰਦੁਆਰਾ ਬਰਾਡਸ਼ਾਅ ਰੋਡ ਦੇ ਹਦੂਦ ਅੰਦਰ ਹੋਰ ਰਿਹਾ ਹੈ। ਸੋ ਬੇਨਤੀ ਹੈ ਕਿ ਕੋਈ ਵੀ ਸੱਜਣ ਕਿਸੇ ਵੀ ਨਸ਼ੇ ਦਾ ਸੇਵਨ ਕਰਕੇ ਨਾ ਆਵੇ ਅਤੇ ਨਾ ਹੀ ਗੈਰ ਕਾਨੂੰਨੀ ਵਸਤੂ ਲੈ ਕੇ ਅੰਦਰ ਆਵੇ। ਪ੍ਰਬੰਧਕਾਂ ਵਲੋਂ ਪੁਲਿਸ ਦਾ ਸਖਤ ਪ੍ਰਬੰਧ ਹੋਵੇਗਾ। ਔਰਤਾਂ ਤੇ ਬੱਚਿਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।
ਟੂਰਨਾਮੈਂਟ ਨੂੰ ਲਾਈਵ ਦੇਖਣ ਲਈ www.bc.kabaddilive.com
General Info: Major Randhawa (916) 747-0952 • Gurnek Dhillon (916) 201-1863 | Kabaddi: Kindu Ramidi (916) 870-3303 • Sukhi Sekhon (209) 589-5664
Basketball: Gurpreet Toor (916) 617-6836 • Sukhdeep Singh (916) 627-9689 | Vollyball: Narinder Singh (916) 257-8658 • Santokh Dusanjh (916) 439-0081
design: Print13.com | 510.657.8110

# ਪੰਜਾਬ ਦੇ 89 ਫੀਸਦੀ ਕਿਸਾਨ ਕਰਜ਼ੇ ਦੇ ਭਾਰ ਹੇਠ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਿਛਲੇ ਦਹਾਕੇ ਦੌਰਾਨ ਪੰਜਾਬ 'ਚ ਤਕਰੀਬਨ ਪੰਜ ਹਜ਼ਾਰ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਕਰਜ਼ੇ ਦੇ ਬੋਝ ਤੇ ਹੋਰ ਮੁਸੀਬਤਾਂ ਤੋਂ ਅੱਕ ਕੇ ਖ਼ੁਦਕੁਸ਼ੀ ਕਰ ਲਈ ਹੈ। ਸੂਬੇ ਦੀਆਂ ਤਿੰਨਾਂ ਯੂਨੀਵਰਸਿਟੀਆਂ ਮੁਤਾਬਕ ਪਿਛਲੇ ਦਹਾਕੇ ਦੌਰਾਨ ਬੇਸ਼ੱਕ ਪੰਜ ਹਜ਼ਾਰ ਤੋਂ ਵੱਧ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ ਪਰ 4786 ਕਿਸਾਨ ਤੇ ਖੇਤ ਮਜ਼ਦੂਰਾਂ ਦੇ ਪਰਿਵਾਰ ਅਜਿਹੇ ਹਨ ਜਿਨ੍ਹਾਂ ਕਰਜ਼ੇ ਦੇ ਭਾਰ ਕਾਰਨ ਆਪਣਾ ਅੰਤ ਕਰ ਲਿਆ। ਸਰਕਾਰ ਨੇ ਇਨ੍ਹਾਂ ਪੀੜਤ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ ਜਿਸ ਨਾਲ ਨਾਲ ਖ਼ਜ਼ਾਨੇ 'ਤੇ 47 ਕਰੋੜ 86 ਕਰੋੜ ਦਾ ਭਾਰ ਪਵੇਗਾ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਦੇ ਸਰਵੇਖਣ ਮੁਤਾਬਕ ਸੂਬੇ ਦੇ 89 ਫੀਸਦੀ ਕਿਸਾਨ ਕਰਜ਼ੇ ਦੇ ਭਾਰ ਥੱਲੇ ਦੱਬੇ ਹੋਏ ਹਨ। ਪੀ.ਏ.ਯੂ. ਵੱਲੋਂ ਮੋਗਾ, ਬਰਨਾਲਾ, ਲੁਧਿਆਣਾ ਤੇ ਮਾਨਸਾ ਜ਼ਿਲ੍ਹਿਆਂ 'ਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਦੀ ਗਣਨਾ ਕੀਤੀ ਗਈ। ਸਰਵੇਖਣ ਅਨੁਸਾਰ ਇਨ੍ਹਾਂ ਜ਼ਿਲ੍ਹਿਆਂ 'ਚ ਦੋ ਹਜ਼ਾਰ ਦੇ ਕਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਕਰਜ਼ੇ ਦੇ ਭਾਰ ਕਾਰਨ ਸਾਲ 2000 ਤੋਂ 2010 ਤੱਕ ਦੇ ਸਮੇਂ ਦੌਰਾਨ ਖ਼ੁਦਕੁਸ਼ੀਆਂ ਕਰ ਲਈਆਂ।

ਖੇਤੀ ਯੂਨੀਵਰਸਿਟੀ ਨੇ ਸਾਲ 2008 'ਚ 2000 ਤੋਂ 2008 ਤੱਕ ਦੇ ਸਮੇਂ ਦੌਰਾਨ ਕੀਤੀਆਂ ਆਤਮ ਹੱਤਿਆਵਾਂ ਦੀ ਵੱਖਰੀ ਗਣਨਾ ਸੰਗਰੂਰ ਤੇ ਬਠਿੰਡਾ ਜ਼ਿਲ੍ਹਿਆਂ 'ਚ ਕੀਤੀ ਸੀ। ਇਨ੍ਹਾਂ ਜ਼ਿਲ੍ਹਿਆਂ 'ਚ 2880 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਕਰਜ਼ੇ ਦੇ ਭਾਰ ਕਾਰਨ ਖ਼ੁਦਕੁਸ਼ੀਆਂ ਕੀਤੀਆਂ ਹੋਣ ਦੇ ਤੱਥ ਸਾਹਮਣੇ ਆਏ ਸਨ। ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਓ.ਪੀ. ਮਿਗਲਾਨੀ ਦੀ ਅਗਵਾਈ ਹੇਠ ਜਿਹੜਾ ਸਰਵੇਖਣ ਕੀਤਾ ਗਿਆ ਉਸ ਮੁਤਾਬਕ ਸੱਤ ਜ਼ਿਲ੍ਹਿਆਂ ਫ਼ਰੀਦਕੋਟ, ਫਤਹਿ ਗੜ੍ਹ ਸਾਹਿਬ, ਹੁਸ਼ਿਆਰਪੁਰ, ਮੁਕਤਸਰ, ਮੁਹਾਲੀ, ਪਟਿਆਲਾ ਤੇ ਰੋਪੜ 'ਚ 322 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ।

ਇਨ੍ਹਾਂ ਵਿਚ ਸਭ ਤੋਂ ਜ਼ਿਆਦਾ ਪਟਿਆਲਾ ਅਤੇ ਮੁਕਤਸਰ ਜ਼ਿਲ੍ਹਿਆਂ 'ਚ ਹੋਈਆਂ ਸਨ। ਮੁਕਤਸਰ 'ਚ 50 ਕਿਸਾਨਾਂ ਤੇ 52 ਖੇਤ ਮਜ਼ਦੂਰਾਂ, ਪਟਿਆਲਾ 'ਚ 65 ਕਿਸਾਨਾਂ ਤੇ 61 ਖੇਤ ਮਜ਼ਦੂਰਾਂ ਨੇ ਮੌਤ ਨੂੰ ਗਲੇ ਲਾ ਲਿਆ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪ੍ਰੋ. ਗਿਆਨ ਕੌਰ ਦੀ ਅਗਵਾਈ ਹੇਠ ਕੀਤੇ ਸਰਵੇਖਣ ਦੌਰਾਨ ਪਤਾ ਚੱਲਿਆ ਕਿ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਫ਼ਿਰੋਜ਼ਪੁਰ, ਨਵਾਂਸ਼ਹਿਰ, ਜਲੰਧਰ ਅਤੇ ਕਪੂਰਥਲਾ 'ਚ ਪਿਛਲੇ ਇਕ ਦਹਾਕੇ ਦੌਰਾਨ ਕਰਜ਼ੇ ਦਾ ਭਾਰ ਨਾ ਸਹਿੰਦਿਆਂ 184 ਕਿਸਾਨਾਂ ਅਤੇ 41 ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ।

ਹੁਣ ਪੰਜਾਬ ਸਰਕਾਰ ਨੇ ਕਰਜ਼ੇ ਦਾ ਭਾਰ ਨਾ ਸਹਿੰਦਿਆਂ ਆਪਣੇ ਜੀਵਨ ਦਾ ਅੰਤ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਦਾ ਫੈਸਲਾ ਕੀਤਾ ਹੈ। ਸੂਬਾ ਸਰਕਾਰ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਵਾਰਸਾਂ ਨੂੰ ਇਕ ਲੱਖ ਰੁਪਏ ਪ੍ਰਤੀ ਪਰਿਵਾਰ ਮੁਆਵਜ਼ਾ ਦੇਵੇਗੀ।

## ਮ੍ਰਿਤਕਾਂ ਦੇ ਵਾਰਸਾਂ ਨੂੰ ਇਕ ਲੱਖ ਦੇ ਮੁਆਵਜ਼ੇ ਦਾ ਐਲਾਨ



ਇਸ ਫੈਸਲੇ ਮੁਤਾਬਕ ਸੂਬੇ ਦੀਆਂ ਤਿੰਨ ਯੂਨੀਵਰਸਿਟੀਆਂ ਵੱਲੋਂ ਹਾਲ ਹੀ 'ਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਸੂਬੇ ਭਰ 'ਚ ਕੀਤੇ ਸਰਵੇਖਣ ਨੂੰ ਆਧਾਰ ਬਣਾ ਕੇ ਇਹ ਮੁਆਵਜ਼ਾ ਰਾਸ਼ੀ ਦਿੱਤੀ ਜਾਵੇਗੀ।

ਇਸ ਫੈਸਲੇ ਮੁਤਾਬਕ ਕਰਜ਼ੇ ਕਾਰਨ ਖ਼ੁਦਕੁਸ਼ੀਆਂ ਤੋਂ ਪੀੜਤ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਸਰਕਾਰ ਇਕ ਲੱਖ ਰੁਪਏ ਤੁਰੰਤ ਦੇਵੇਗੀ। ਇਹ ਰਾਸ਼ੀ ਦੇਣ ਲਈ ਪ੍ਰਸ਼ਾਸਨ ਵੱਲੋਂ ਕੋਈ ਪੜਤਾਲ ਨਹੀਂ ਕੀਤੀ ਜਾਵੇਗੀ। ਇਹ ਵੀ ਫੈਸਲਾ ਹੋਇਆ ਕਿ ਭਵਿੱਖ ਵਿਚ ਜੇ ਸਰਕਾਰ ਅਜਿਹੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਵੱਧ ਦੇਣ ਦਾ ਫੈਸਲਾ ਲੈਂਦੀ ਹੈ ਤਾਂ ਇਕ ਲੱਖ ਰੁਪਇਆ ਮੁਆਵਜ਼ਾ ਲੈ ਚੁੱਕੇ ਪਰਿਵਾਰਾਂ ਨੂੰ ਵੀ ਵਿਚਾਰਿਆ ਜਾਵੇਗਾ। ਪੰਜਾਬ ਸਰਕਾਰ ਵੱਲੋਂ ਇਸ ਤੋਂ ਪਹਿਲਾਂ ਵੀ ਖ਼ੁਦਕੁਸ਼ੀ ਪੀੜਤ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਦਿੱਤੀ ਜਾ ਰਹੀ ਹੈ ਪਰ ਇਹ ਰਾਸ਼ੀ ਸਿਰਫ਼ ਸਾਲ 2008 ਤੋਂ ਬਾਅਦ ਖ਼ੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਹੀ ਦਿੱਤੀ ਜਾ ਰਹੀ ਹੈ।

# ਫੈਡਰੇਸ਼ਨ ਵੱਲੋਂ ਸਿੱਖਾਂ ਦੀ ਖ਼ੁਦਮੁਖਤਿਆਰੀ ਲਈ ਸੰਘਰਸ਼ ਦਾ ਐਲਾਨ

**ਬਠਿੰਡਾ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਹੈ ਕਿ ਫੈਡਰੇਸ਼ਨ ਨੂੰ ਸਿਆਸੀ ਪਾਰਟੀ ਵਜੋਂ ਦਰਜ ਕਰਵਾਇਆ ਜਾਵੇਗਾ ਜਿਸ ਦਾ ਏਜੰਡਾ ਪੰਜਾਬ ਵਿਚ ਸਿੱਖਾਂ ਦੀ ਪ੍ਰਭੂਸੱਤਾ ਦੇ ਮੁੱਦੇ ਦੇ ਹੱਲ ਲਈ ਸੂਬੇ ਵਿਚ 'ਜਨਮਤ' ਕਰਵਾਉਣਾ ਹੋਵੇਗਾ। ਫੈਡਰੇਸ਼ਨ ਦਾ ਸਿਆਸੀ ਮੰਤਵ ਸਿੱਖਾਂ ਲਈ 'ਖ਼ੁਦਮੁਖਤਿਆਰੀ' ਦਾ ਅਧਿਕਾਰ ਹਾਸਲ ਕਰਵਾਉਣਾ ਹੋਵੇਗਾ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮਨਾਈ 68ਵੀਂ ਵਰ੍ਹੇਗੰਢ ਦੌਰਾਨ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਕਿਹਾ ਕਿ ਸਿੱਖ ਧਰਮ ਵੱਖਰਾ ਧਰਮ ਹੈ ਤੇ ਭਾਰਤੀ ਨਿਆ ਪ੍ਰਣਾਲੀ ਨੂੰ ਛੱਡ ਕੇ ਸਮੁੱਚੇ ਵਿਸ਼ਵ ਵਿਚ ਇਸ ਨੂੰ ਇਸੇ ਤਰ੍ਹਾਂ ਮਾਨਤਾ ਮਿਲੀ ਹੋਈ ਹੈ।

**ਪ੍ਰਭੂਸੱਤਾ ਦੇ ਮੁੱਦੇ ਬਾਰੇ 'ਜਨਮਤ' ਕਰਵਾਉਣ 'ਤੇ ਜ਼ੋਰ**

ਭਾਰਤੀ ਸੰਵਿਧਾਨ ਤਹਿਤ ਸਿੱਖ ਧਰਮ ਦੀ ਵੱਖਰੀ ਪਛਾਣ ਤੇ ਰੁਤਬੇ ਨੂੰ ਬਹਾਲ ਕੀਤਾ ਜਾਵੇ। ਇਸ ਮੌਕੇ ਫੈਡਰੇਸ਼ਨ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ 1944 ਵਿਚ ਹੋਈ ਇਸ ਦੀ ਸਥਾਪਨਾ ਤੋਂ ਲੈ ਕੇ ਫੈਡਰੇਸ਼ਨ ਨੇ ਆਜ਼ਾਦੀ ਪ੍ਰਾਪਤੀ ਦੀ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲਿਆ ਹਾਲਾਂਕਿ ਆਜ਼ਾਦੀ ਦਾ ਨਤੀਜਾ ਇਹ ਨਿਕਲਿਆ ਕਿ ਸਿੱਖਾਂ ਦੇ ਅਧਿਕਾਰਾਂ ਨੂੰ ਦਬਾ ਦਿੱਤਾ ਗਿਆ, ਸਿੱਖ ਧਰਮ ਦੀ ਵੱਖਰੀ ਪਛਾਣ ਨੂੰ ਖਤਮ ਕਰ ਦਿੱਤਾ ਗਿਆ ਤੇ ਸਿੱਟੇ ਵਜੋਂ ਭਾਰਤ ਵਿਚ ਸਿੱਖਾਂ ਦੀ ਖੁੱਲੇਆਮ ਨਸਲਕੁਸ਼ੀ ਕਰਵਾਈ ਗਈ। ਫੈਡਰੇਸ਼ਨ ਵੱਲੋਂ ਲਾਏ ਗੁਰਮਤਿ ਵਿਚਾਰ ਕੈਂਪ ਤੇ ਨਵੰਬਰ 1984 ਸਿੱਖ ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਵਿਚ ਪਾਈ ਜਾਣ ਵਾਲੀ 1503 ਪ੍ਰਟੀਸ਼ਨ ਬਾਰੇ ਫਾਰਮ ਭਰਨ ਲਈ ਲਾਏ ਗਏ ਕੈਂਪ ਵਿਚ ਹਜ਼ਾਰਾਂ ਪੀੜਤ ਪਰਿਵਾਰਾਂ ਤੇ ਸੰਗਤਾਂ ਵੱਲੋਂ ਫਾਰਮ ਭਰੇ ਗਏ।

# ਦਿੱਲੀ ਗੁਰਦੁਆਰਾ ਕਮੇਟੀ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਵਿਚ ਹੀ ਰਹੇਗੀ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਦੇ ਜੱਜ ਆਰ.ਕੇ. ਸੀਕਰੀ ਤੇ ਜੱਜ ਰਾਜੀਵ ਸਹਾਏ ਏਂਡਲਾ ਦੇ ਦੋਹਰੇ ਬੈਂਚ ਨੇ ਅਪਣੇ ਫੈਸਲੇ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਅਦਾਰਿਆਂ ਨੂੰ ਸੂਚਨਾ ਦੇ ਅਧਿਕਾਰ ਨਿਯਮ (ਆਰ.ਟੀ.ਆਈ.) ਦੇ ਤਹਿਤ ਜਾਣਕਾਰੀ ਦੇਣ ਦੇ ਮੁੜ ਆਦੇਸ਼ ਦਿੱਤੇ ਹਨ।

ਜਥੇਦਾਰ ਕੁਲਦੀਪ ਸਿੰਘ ਭੋਗਲ ਨੇ ਹਾਈ ਕੋਰਟ ਦੇ ਫੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਦਿੱਲੀ ਕਮੇਟੀ ਦੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਨ ਲਈ ਆਰ.ਟੀ.ਆਈ. ਤਹਿਤ ਵਰ੍ਹਾ 2012 ਦੌਰਾਨ ਗੁਰਦੁਆਰਾ ਕਮੇਟੀ ਤੋਂ ਜਾਣਕਾਰੀ ਮੰਗੀ ਸੀ ਪਰ ਦਿੱਲੀ ਕਮੇਟੀ ਵੱਲੋਂ ਇਨਕਾਰ ਕਰ ਦਿੱਤਾ ਗਿਆ ਤੇ ਇਹ ਵੀ ਕਿਹਾ ਗਿਆ ਕਿ ਦਿੱਲੀ ਕਮੇਟੀ ਆਰ.ਟੀ.ਆਈ. ਕਾਨੂੰਨ ਦੇ ਦਾਇਰੇ ਵਿਚ ਨਹੀਂ ਆਉਂਦੀ।



ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਰ.ਟੀ.ਆਈ. ਕਾਨੂੰਨ ਦੇ ਦਾਇਰੇ ਵਿਚੋਂ ਬਾਹਰ ਰੱਖਣ ਦੇ ਮਾਮਲੇ ਵਿਚ ਦਿੱਲੀ ਹਾਈ ਕੋਰਟ ਦੇ ਦੋਹਰੇ ਬੈਂਚ ਨੇ ਦਿੱਲੀ ਕਮੇਟੀ ਪ੍ਰਬੰਧਕਾਂ ਦੀ ਅਪੀਲ ਖਾਰਜ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਪਾਰਲੀਮੈਂਟ ਵੱਲੋਂ ਜਾਰੀ ਕੀਤੇ ਗਏ ਦਿੱਲੀ ਸਿੱਖ ਗੁਰਦੁਆਰਾ ਐਕਟ-1971 ਤਹਿਤ ਕਾਇਮ ਕੀਤੀ ਗਈ ਹੈ। ਇਸ ਲਈ ਇਹ ਸੂਚਨਾ ਦੇ ਅਧਿਕਾਰ ਨਿਯਮ, 2005 ਦੀ ਧਾਰਾ 2 (ਐਚ) ਦੇ ਤਹਿਤ ਜਨਤਕ ਅਥਾਰਿਟੀ ਹੈ ਤੇ ਇਸ ਨੂੰ ਆਰ.ਟੀ.ਆਈ. ਦੇ ਤਹਿਤ ਮੰਗੀ ਗਈ ਸੂਚਨਾ ਮੁਹੱਈਆ ਕਰਵਾਉਣਾ ਲਾਜ਼ਮੀ ਹੈ। ਅਦਾਲਤ ਦੇ ਇਸ ਫੈਸਲੇ ਨਾਲ ਦਿੱਲੀ ਕਮੇਟੀ ਪ੍ਰਬੰਧਕਾਂ ਦੀਆਂ ਮੁਸ਼ਕਲਾਂ ਵਧਣ ਦੇ ਆਸਾਰ ਬਣ ਗਏ ਹਨ ਕਿਉਂਕਿ ਹੁਣ ਇਸ ਨਾਲ ਸਬੰਧਤ ਪੁਰਾਣੇ ਮਾਮਲੇ ਖੁੱਲ੍ਹਣ ਦਾ ਰਾਹ ਵੀ ਪੱਧਰਾ ਹੋ ਜਾਵੇਗਾ ਜਿਸ ਤਹਿਤ ਇਕ ਮਾਮਲੇ ਵਿਚ ਪਰਮਜੀਤ ਸਿੰਘ ਸਰਨਾ ਨੂੰ ਸੰਮਨ ਵੀ ਜਾਰੀ ਕੀਤੇ ਗਏ ਸਨ।

# ਸਹਿਕਾਰੀ ਵਿਭਾਗ ਦੀਆਂ ਜ਼ਮੀਨਾਂ ਵੇਚਣ ਦੀ ਤਿਆਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਨੇ ਸਹਿਕਾਰਤਾ ਵਿਭਾਗ ਦੀਆਂ ਜ਼ਮੀਨਾਂ ਵੇਚਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜ਼ਮੀਨਾਂ ਵੇਚਣ ਲਈ ਵਿਭਾਗ ਦੀ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਰਕਾਰ ਦਾਅਵਾ ਕੀਤਾ ਗਿਆ ਹੈ ਕਿ ਸਹਿਕਾਰੀ ਸੰਸਥਾਵਾਂ ਦੀਆਂ ਜ਼ਮੀਨਾਂ/ਇਮਾਰਤਾਂ ਵੇਚਣ ਲਈ ਪਾਰਦਰਸ਼ੀ ਨੀਤੀ ਤਿਆਰ ਕੀਤੀ ਗਈ ਹੈ ਜਿਸ ਤਹਿਤ ਇਨ੍ਹਾਂ ਦੀ ਵਿਕਰੀ ਤੋਂ ਮਿਲਣ ਵਾਲੀ ਰਾਸ਼ੀ ਸਬੰਧਤ ਸੰਸਥਾ 'ਚ ਸਿਰਫ਼ ਨਿਵੇਸ਼ ਅਤੇ ਆਮਦਨੀ ਪੈਦਾ ਕਰਨ ਵਾਲੇ ਕਾਰਜਾਂ 'ਤੇ ਵਰਤੀ ਜਾ ਸਕੇਗੀ।

ਇਹ ਵੀ ਕਿਹਾ ਗਿਆ ਹੈ ਕਿ ਜ਼ਮੀਨ ਜਾਂ ਇਮਾਰਤ ਦੀ ਵਿਕਰੀ ਨਾਲ ਇਕੱਠੀ ਹੋਈ ਆਮਦਨ ਨੂੰ ਕਰਮਚਾਰੀਆਂ ਦੀਆਂ ਤਨਖ਼ਾਹਾਂ ਤੇ ਹੋਰ ਰੋਜ਼ਾਨਾ ਦੇ ਖ਼ਰਚਿਆਂ ਲਈ ਨਹੀਂ ਵਰਤਿਆ ਜਾਵੇਗਾ। ਵੇਚੀ ਜਾਣ ਵਾਲੀ ਜ਼ਮੀਨ ਜਾਂ ਇਮਾਰਤ ਦੀ ਵਿਕਰੀ ਨੂੰ ਪ੍ਰਵਾਨਗੀ ਦੇਣ ਲਈ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਸਮਰੱਥ ਅਧਿਕਾਰੀ ਹਨ। ਮੁੱਖ ਮੰਤਰੀ ਵੱਲੋਂ ਪ੍ਰਵਾਨ ਕੀਤੀ ਨਵੀਂ ਨੀਤੀ ਤਹਿਤ ਜੇ ਸਹਿਕਾਰੀ ਸੰਸਥਾ ਨੇ ਆਪਣੀ ਜਾਇਦਾਦ ਵੇਚਣੀ ਹੈ ਤਾਂ ਉਸ ਦੇ ਮੈਨੇਜਿੰਗ ਡਾਇਰੈਕਟਰ, ਮੁੱਖ ਕਾਰਜਕਾਰੀ ਅਫ਼ਸਰ ਜਾਂ ਪ੍ਰਾਇਮਰੀ ਸਹਿਕਾਰੀ ਸਭਾ ਜਾਂ ਸੰਸਥਾ ਦੇ ਪ੍ਰਧਾਨ ਵੱਲੋਂ ਇਸ ਨੂੰ ਵੇਚਣ ਦੇ ਕਾਰਨ ਦੱਸਦੇ ਹੋਏ ਆਪਣੀ ਸਿਫ਼ਾਰਸ਼ ਸਮੇਤ ਕੇਸ ਬੋਰਡ ਆਫ਼ ਡਾਇਰੈਕਟਰਜ਼/ਮੈਨੇਜਿੰਗ ਕਮੇਟੀ ਨੂੰ ਭੇਜਿਆ ਜਾਵੇਗਾ।

ਜੇਕਰ ਸਹਿਕਾਰੀ ਸੰਸਥਾ ਦੇ ਬੋਰਡ ਆਫ਼ ਡਾਇਰੈਕਟਰ/ਮੈਨੇਜਿੰਗ ਕਮੇਟੀ ਵੱਲੋਂ ਮਤਾ ਪਾਸ ਕਰ ਦਿੱਤਾ ਜਾਂਦਾ ਹੈ ਤਾਂ ਇਸ ਬਾਰੇ ਕੇਸ ਪ੍ਰਵਾਨਗੀ ਲਈ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਨੂੰ ਭੇਜਿਆ ਜਾਵੇਗਾ। ਨਵੀਂ ਨੀਤੀ ਮੁਤਾਬਕ ਜ਼ਮੀਨ ਵੇਚਣ ਦੀ ਪ੍ਰਕਿਰਿਆ 'ਚ ਵੱਧ ਤੋਂ ਵੱਧ ਮਾਰਕੀਟ ਕੀਮਤ ਹਾਸਲ ਕਰਨ ਲਈ ਸੰਸਥਾਵਾਂ ਵਲੋਂ ਵਿਕਰੀ ਖੁੱਲ੍ਹੀ ਨਿਲਾਮੀ ਰਾਹੀਂ ਕੀਤੀ ਜਾਵੇਗੀ। ਨਿਲਾਮੀ ਲਈ ਰਾਖਵੀਂ ਕੀਮਤ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਲੋਂ ਮਾਰਕੀਟ ਕੀਮਤ ਦੇ ਆਧਾਰ 'ਤੇ ਤੈਅ ਕੀਤੀ ਜਾਵੇਗੀ।

**ਪੰਜਾਬ ਸਰਕਾਰ ਵੱਲੋਂ ਵਿਭਾਗ ਦੀ ਨੀਤੀ ਨੂੰ ਪ੍ਰਵਾਨਗੀ**



ਜੇਕਰ ਨਿਲਾਮੀ 'ਚ ਰਾਖਵੀਂ ਕੀਮਤ ਹਾਸਲ ਨਹੀਂ ਹੁੰਦੀ ਤਾਂ ਦੋ ਵਾਰ ਨਿਲਾਮੀ ਰੱਖਣ ਪਿੱਛੋਂ ਉਸ ਜਾਇਦਾਦ ਦੀ ਰਾਖਵੀਂ ਕੀਮਤ ਨੂੰ ਵੱਧ ਤੋਂ ਵੱਧ 20 ਫੀਸਦੀ ਦੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਬੁਲਾਰੇ ਅਨੁਸਾਰ ਨਵੀਂ ਨੀਤੀ ਤਹਿਤ ਨਿਲਾਮੀ ਦੀ ਵੀਡੀਓ ਰਿਕਾਰਡਿੰਗ ਲਾਜ਼ਮੀ ਹੋਵੇਗੀ ਜਿਸ ਦੀ ਇਕ ਕਾਪੀ ਸਿਖਰ ਸੰਸਥਾ/ਕੇਂਦਰੀ ਸੰਸਥਾ 'ਚ ਰਿਕਾਰਡ ਵਜੋਂ ਸੰਭਾਲ ਕੇ ਸੀਲਬੰਦ ਰੱਖੀ ਜਾਵੇਗੀ। ਇਸ ਤਰ੍ਹਾਂ ਪ੍ਰਾਇਮਰੀ ਸਭਾਵਾਂ ਆਪਣੇ ਕੋਲ ਉਪਰੋਕਤ ਸੀ.ਡੀ. ਰੱਖਣ ਤੋਂ ਇਲਾਵਾ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਦੇ ਦਫ਼ਤਰ ਵਿਚ ਵੀ ਇਕ ਕਾਪੀ ਸੀਲਬੰਦ ਕਰਕੇ ਭੇਜਣਗੀਆਂ।

ਜੇਕਰ ਕੋਈ ਸਹਿਕਾਰੀ ਸੰਸਥਾ ਆਪਣੀ ਜ਼ਮੀਨ ਖੁੱਲ੍ਹੀ ਨਿਲਾਮੀ ਰਾਹੀਂ ਖ਼ੁਦ ਨਹੀਂ ਵੇਚਣਾ ਚਾਹੁੰਦੀ ਤਾਂ ਉਹ ਪੁੱਡਾ ਜਾਂ ਅਜਿਹੀਆਂ ਹੋਰ ਵਿਕਾਸ ਅਥਾਰਟੀਆਂ ਜਿਵੇਂਕਿ ਗਲਾਡਾ, ਗਮਾਡਾ ਨੂੰ ਵਿਕਸਤ ਕਰਕੇ ਜਾਂ ਸਿੱਧੇ ਤੌਰ 'ਤੇ ਵੇਚਣ ਲਈ ਵੀ ਦੇ ਸਕਦੀ ਹੈ। ਅਜਿਹੀ ਸਥਿਤੀ ਵਿਚ ਸਬੰਧਤ ਅਥਾਰਟੀ ਵਲੋਂ ਇਸ ਜ਼ਮੀਨ ਨੂੰ ਵੇਚ ਕੇ ਜੋ ਰਕਮ ਹਾਸਲ ਹੋਵੇਗੀ, ਉਸ ਵਿਚੋਂ ਵਿਕਾਸ ਸਬੰਧੀ ਤੇ ਹੋਰ ਜਾਇਜ਼ ਖਰਚੇ ਕੱਟਣ ਤੋਂ ਬਾਅਦ ਬਾਕੀ ਬਚਦੀ ਰਕਮ ਸੰਸਥਾ ਨੂੰ ਤਬਦੀਲ ਕਰ ਦਿੱਤੀ ਜਾਵੇਗੀ।

ਨਵੀਂ ਨੀਤੀ ਮੁਤਾਬਕ ਕਿਸੇ ਸਹਿਕਾਰੀ ਸੰਸਥਾ ਵਲੋਂ ਆਪਣੀ ਜ਼ਮੀਨ/ਇਮਾਰਤ ਵੇਚਣ ਲਈ ਹੋਰ ਕੋਈ ਵਿਧੀ ਨਹੀਂ ਅਪਣਾਈ ਜਾਵੇਗੀ। ਜੇਕਰ ਕਿਸੇ ਅਦਾਰੇ ਵੱਲੋਂ ਕਿਸੇ ਸਰਕਾਰੀ ਸੰਸਥਾ ਤੋਂ ਜਨ ਹਿੱਤ ਦੇ ਕਾਰਜ ਲਈ ਜ਼ਮੀਨ/ਇਮਾਰਤ ਦੀ ਮੰਗ ਕੀਤੀ ਜਾਂਦੀ ਹੈ ਤੇ ਜੇਕਰ ਸਬੰਧਤ ਸੰਸਥਾ ਉਸ ਅਦਾਰੇ ਨੂੰ ਜ਼ਮੀਨ ਦੇਣ ਦਾ ਫੈਸਲਾ ਕਰਦੀ ਹੈ ਤਾਂ ਇਸ ਨੂੰ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਦੀ ਪ੍ਰਵਾਨਗੀ ਨਾਲ ਤਬਦੀਲ ਕੀਤਾ ਜਾ ਸਕਦਾ ਹੈ। ਅਜਿਹੇ ਕੇਸਾਂ 'ਚ ਨਿਲਾਮੀ ਦੀ ਪ੍ਰਕਿਰਿਆ ਅਪਨਾਉਣ ਦੀ ਕੋਈ ਜ਼ਰੂਰਤ ਨਹੀਂ ਹੋਵੇਗੀ। ਇਸ ਬਾਰੇ ਤਬਦੀਲ ਕੀਤੀ ਜਾਣ ਵਾਲੀ ਜ਼ਮੀਨ ਦੀ ਕੀਮਤ ਡਿਪਟੀ ਕਮਿਸ਼ਨਰ ਵੱਲੋਂ ਮਾਰਕੀਟ ਰੇਟ ਦੇ ਆਧਾਰ 'ਤੇ ਤੈਅ ਕੀਤੀ ਜਾਵੇਗੀ।

# ਕੀ ਕੀਰਤਪੁਰ ਅਸਥੀਆਂ ਪਾਉਣ ਨਾਲ ਮੁਕਤੀ ਹੋ ਜਾਂਦੀ ਹੈ?

ਮੇਰੇ ਪਰਮ ਮਿੱਤਰ ਪ੍ਰਸਿਧ ਢਾਡੀ ਬਾਈ ਗੁਰਪ੍ਰੀਤ ਸਿੰਘ ਹਠੂਰ ਦਾ ਇੱਕ ਦਿਨ ਫ਼ੋਨ ਆਇਆ, ਉਸ ਦਿਨ ਕਬੱਡੀ ਦੇ ਜਗਤ ਪ੍ਰਸਿਧ ਖਿਡਾਰੀ ਅਮਨ ਹਠੂਰ ਅਤੇ ਉਨ੍ਹਾਂ ਦੇ ਰਿਸਤੇਦਾਰਾਂ ਦੀ ਕੀਰਤਪੁਰ ਫੁੱਲ ਪਾਉਣ ਜਾਂਦਿਆਂ ਦੀ ਰੋਪੜ ਕੋਲ ਇਕ ਟਰੱਕ ਨਾਲ ਟੱਕਰ ਵਿਚ ਉਸ ਦੇ ਪਰਿਵਾਰ ਦੇ 5 ਜੀਆਂ ਦੀ ਮੌਤ ਹੋ ਗਈ ਸੀ। ਗੁਰਪ੍ਰੀਤ ਨਾਲ ਉਸ ਪਿੰਡ ਦਾ ਹੋਣ ਕਰਕੇ ਅਫ਼ਸੋਸ ਪ੍ਰਗਟ ਕੀਤਾ ਪਰ ਮਨ ਵਿਚ ਇੱਕ ਗੱਲ ਰਹਿ ਰਹਿ ਕੇ ਆ ਰਹੀ ਹੈ ਕਿ ਕੀ ਫੁੱਲ ਪਾਉਣੇ ਲਾਜ਼ਮੀਂ ਹਨ? ਕੀ ਫੁੱਲ ਪਾਉਣ ਨਾਲ ਸਾਡੇ ਕੋਲੋ ਦੂਰ ਚਲੇ ਗਏ ਉਕਤ ਮਿਤਰ ਪਿਆਰੇ ਨੂੰ ਕੋਈ ਲਾਭ ਹੁੰਦਾ ਹੈ? ਮੇਰੀ ਸੋਚ ਤਾਂ ਇਹ ਕਹਿੰਦੀ ਹੈ ਕਿ ਇਹ ਵਾਧੂ ਦੇ ਵਹਿਮ ਹਨ ਪੁਰਾਣੀਆਂ ਘਸੀਆਂ ਪਿਟੀਆਂ ਥੋਥੀਆਂ ਤੇ ਵੇਲਾ ਵਿਹਾ ਚੁੱਕੀਆਂ ਰੀਤਾਂ ਹਨ ਜੋ ਕਿਸੇ ਨੂੰ ਨਾ ਕਦੇ ਸਹਾਈ ਹੋਈਆਂ ਹਨ ਅਤੇ ਨਾ ਹੀ ਹੋਣਗੀਆਂ। ਜਿਸ ਵੀ ਜੀਅ ਜਾਂ ਜਿਸ ਵੀ ਪੌਦੇ ਨੇ ਇਸ ਧਰਤੀ 'ਤੇ ਜਨਮ ਲਿਆ ਹੈ, ਉਸ ਨੂੰ ਇੱਕ ਨਾ ਇੱਕ ਦਿਨ ਇਹ ਸੰਸਾਰ ਛੱਡਣਾ ਹੀ ਪੈਣਾ ਹੈ। ਮਰਨਾ ਸੱਚ ਹੈ ਅਤੇ ਜਿਉਣਾ ਝੂਠ। ਜਦੋਂ ਮਰਨਾ ਸੱਚ ਹੈ ਤਾਂ ਫਿਰ ਮਿੱਟੀ ਹੋਏ ਮਨੁੱਖ ਦੇ ਇਕੱਠੇ ਕੀਤੇ ਹੱਡ ਨਦੀ ਜਾਂ ਗੰਗਾ ਵਿਚ ਪਾਉਣ ਨਾਲ ਉਸ ਮ੍ਰਿਤਕ ਮਨੁੱਖ ਦਾ ਕੋਈ ਭਲਾ ਨਹੀਂ ਹੋਵੇਗਾ।

ਆਉ ਹੁਣ ਆਪਾਂ ਅਸਲੀ ਗੱਲ ਵੱਲ ਆਈਏ ਕਬੱਡੀ ਖਿਡਾਰੀ ਅਮਨੇ ਹਠੂਰ ਦਾ ਜ਼ਿਕਰ ਮੈਂ ਤਾਂ ਕੀਤਾ ਹੈ ਕਿ ਉਹ ਇਕ ਬੜਾ ਵਧੀਆ ਕਬੱਡੀ ਖਿਡਾਰੀ ਸੀ, ਜੋ ਸਾਡੇ ਸਮਾਜ ਦੀਆਂ ਚਲਾਈਆਂ ਹੋਈਆਂ ਬੇਹੀਆਂ ਰਸਮਾਂ ਦਾ ਸ਼ਿਕਾਰ ਹੋ ਗਿਆ। ਇਨ੍ਹਾਂ ਅੰਧ ਵਿਸ਼ਵਾਸੀ ਗੱਲਾਂ ਲਈ ਲੋਕਾਂ ਦਾ ਦੋਸ਼ ਤਾਂ ਘੱਟ ਹੈ, ਅੱਜ ਦੇ ਧਰਮ ਦੇ ਰਹਿਬਰਾਂ ਦਾ ਦੋਸ਼ ਬਹੁਤਾ ਹੈ। ਸਿੱਖ ਧਰਮ ਤਾਂ ਵਿਗਿਆਨਕ ਲੀਹਾਂ ਉਪਰ ਚੱਲਣ ਵਾਲਾ ਧਰਮ ਹੈ। ਫਿਰ ਇਸ ਧਰਮ ਨੇ ਆਹ ਹਰਿਦੁਆਰ ਵਾਂਗ ਕੀਰਤਪੁਰ ਕਿਸ ਕਰਕੇ ਉਸਾਰ ਲਿਆ? ਕਿਉਂ ਸਿੱਖ ਧਰਮ ਦੇ ਕਥਿਤ ਰਹਿਬਰ ਕੀਰਤਪੁਰ ਵਿਖੇ ਹੋ ਰਹੀ ਕੁਰੀਤੀ ਨੂੰ ਬੰਦ ਨਹੀਂ ਕਰਵਾਉਂਦੇ? ਇਹ ਗੱਲ ਗਲਤ ਹੈ ਕਿ ਸਿੱਖ ਧਰਮ ਨੂੰ ਬ੍ਰਾਹਮਣਵਾਦੀਆਂ ਨੇ ਨੁਕਸਾਨ ਪਹੁੰਚਾਇਆ ਹੈ। ਸਿੱਖ ਧਰਮ ਨੂੰ ਨੁਕਸਾਨ ਪ੍ਰਚਾਰ ਦੀ ਘਾਟ ਨੇ ਪਹੁੰਚਾਇਆ ਹੈ ਤੇ ਉਸ ਲਈ ਸਿੱਧੀ ਜਿੰਮੇਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਸਦੀਆਂ ਤੋਂ ਇਹ ਭਰਮ ਲੋਕ ਮਨਾਂ ਵਿਚ ਘਰ ਕਰੀ ਬੈਠਾ ਹੈ ਕਿ ਮ੍ਰਿਤਕ ਪ੍ਰਾਣੀ ਦੇ ਫੁੱਲ ਕਿਸੇ ਖਾਸ ਸਥਾਨ 'ਤੇ ਪਾਉਣ ਨਾਲ ਉਸ ਦੀ ਮੁਕਤੀ ਹੋ ਜਾਂਦੀ ਹੈ। ਗੁਰਬਾਣੀ ਅੰਦਰ ਜੀਵਨ ਮੁਕਤੀ ਦਾ ਸਿਧਾਂਤ ਹੈ ਕਿ ਸਿੱਖ ਨੇ ਜਿਉਂਦੇ ਜੀ ਮੁਕਤ ਕਿਵੇਂ ਹੋਣਾ ਹੈ। ਜੋ ਜਿਉਂਦਾ ਮੁਕਤ ਨਹੀਂ ਹੋਇਆ ਉਸ ਦੀਆਂ ਅਸਥੀਆਂ ਕੀਰਤਪੁਰ ਜਾਂ ਹਰਿਦੁਆਰ ਪਾ ਕੇ ਉਸ ਦੀ ਮੁਕਤੀ ਕਿਵੇਂ ਹੋ ਜਾਵੇਗੀ? ਜੇ ਮੁਕਤੀ ਐਨੀ ਸੌਖੀ ਹੋ ਜਾਂਦੀ ਹੋਵੇ ਤਾਂ ਫਿਰ ਦਸਾਂ ਗੁਰੂਆਂ ਨੂੰ ਨਿਆਰਾ ਧਰਮ ਚਲਾਉਣ ਦੀ ਕੀ ਲੋੜ ਸੀ? ਉਹ ਦਸ-ਬਾਰਾਂ ਅਸਥਘਾਟ ਬਣਾ ਦਿੰਦੇ ਤੇ ਸਿੱਖਾਂ ਨੂੰ ਹੁਕਮ ਕਰ ਜਾਂਦੇ ਕਿ ਕੋਈ ਲੋੜ ਨਹੀਂ ਚੰਗੇ ਕੰਮ ਕਰਨ ਦੀ, ਬੱਸ ਇਨ੍ਹਾਂ ਅਸਥਾਨਾਂ 'ਤੇ ਅਸਥੀਆਂ ਪਾ ਇਓ, ਮੁਕਤੀ ਮਿਲ ਜਾਵੇਗੀ।

ਇਤਿਹਾਸ ਵਿਚ ਐਨੇ ਸ਼ਹੀਦ ਮਿਲ ਜਾਣਗੇ ਜਿਨ੍ਹਾਂ ਦੇ ਮ੍ਰਿਤਕ ਸਰੀਰ ਵੀ ਨਹੀਂ ਮਿਲੇ, ਕੀ ਉਨ੍ਹਾਂ ਦੀ ਮੁਕਤੀ ਨਹੀਂ ਹੋਈ? ਇਹ ਸਰੀਰ ਪੰਜ ਤੱਤਾਂ ਦਾ ਸੁਮੇਲ ਹੈ ਤੇ ਇਸ ਨੇ ਇੱਕ ਨਾ ਇੱਕ ਦਿਨ ਪੰਜ ਤੱਤਾਂ ਵਿਚ ਹੀ ਵਿਲੀਨ ਹੋਣਾ ਹੈ। ਦੁੱਖ ਦੀ ਗੱਲ ਹੈ ਕਿ ਸਿੱਖ ਵੀ ਅਸਥੀਆਂ ਲੈ ਕੇ ਕੀਰਤਪੁਰ ਤੁਰੇ ਫਿਰਦੇ ਹਨ ਅਤੇ ਨਿਆਰੇ ਸਿੱਖ ਧਰਮ ਦੇ ਸੇਵਕ ਵੀ ਅਖਵਾਈ ਜਾਂਦੇ ਹਨ। ਫੁੱਲ ਪਾਉਣ ਸਬੰਧੀ ਸਿੱਖ ਰਹਿਤ ਮਰਿਆਦਾ ਵਿਚ ਵੀ ਲਿਖਿਆ ਹੈ ਕਿ ਅੰਗੀਠੇ ਵਿਚੋਂ ਫੁਲ ਚੁਗ ਕੇ, ਗੰਗਾ ਜਾਂ ਕੀਰਤਪੁਰ ਪਾਉਣੇ ਮਨਮੱਤ ਹੈ। ਹੁਣ ਸੰਗਤਾਂ ਆਪ ਵਿਚਾਰ ਕਰਨ।

*-ਮਿੰਟੂ ਖੁਰਮੀਂ ਹਿੰਮਤਪੁਰਾ*
*ਫੋਨ: 91-98885-15785*

## ਗੁਰਬਾਣੀ ਗਿਆਨ

# ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ

ਆਸਾ ਮਹਲਾ ੫
ਸੰਤਾ ਕੀ ਹੋਇ ਦਾਸਰੀ
ਏਹੁ ਅਚਾਰਾ ਸਿਖੁ ਰੀ॥
ਸਗਲ ਗੁਣਾ ਗੁਣ ਉਤਮੋ
ਭਰਤਾ ਦੂਰਿ ਨਾ ਪਿਖੁ ਰੀ॥੧॥
ਇਹੁ ਮਨੁ ਸੁੰਦਰਿ ਆਪਣਾ
ਹਰਿ ਨਾਮਿ ਮਜੀਠੈ ਰੰਗਿ ਰੀ॥
ਤਿਆਗਿ ਸਿਆਣਪ ਚਾਤੁਰੀ
ਤੂੰ ਜਾਣੁ ਗੁਪਾਲਹਿ ਸੰਗਿ ਰੀ॥੧॥ ਰਹਾਉ॥
ਭਰਤਾ ਕਹੈ ਸੁ ਮਾਨੀਐ
ਏਹੁ ਸੀਗਾਰੁ ਬਣਾਇ ਰੀ॥
ਦੂਜਾ ਭਾਉ ਵਿਸਾਰੀਐ
ਏਹੁ ਤੰਬੋਲਾ ਖਾਇ ਰੀ॥੨॥
ਗੁਰ ਕਾ ਸਬਦੁ ਕਹਿ ਦੀਪਕੋ
ਇਹ ਸਤ ਕੀ ਸੇਜ ਬਿਛਾਇ ਰੀ॥
ਆਠ ਪਹਰ ਕਰ ਜੋੜਿ ਰਹੁ
ਤਉ ਭੇਟੈ ਹਰਿ ਰਾਇ ਰੀ॥੩॥
ਤਿਸ ਹੀ ਚਜੁ ਸੀਗਾਰੁ ਸਭੁ
ਸਾਈ ਰੂਪਿ ਅਪਾਰਿ ਰੀ॥
ਸਾਈ ਸੋੁਹਾਗਣਿ ਨਾਨਕਾ
ਜੋ ਭਾਣੀ ਕਰਤਾਰਿ ਰੀ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਪਰਮਾਤਮਾ ਨੂੰ ਆਪਣਾ ਭਰਤਾ, ਭਾਵ ਪਤੀ ਦੇ ਰੂਪ ਵਿਚ ਤੱਕ ਕੇ ਆਪਣੇ-ਆਪ ਨੂੰ ਮੁਖਾਤਬ ਹੋ ਰਹੇ ਹਨ, ਹੇ ਮੇਰੀ ਜਿੰਦੜੀਏ! ਤੂੰ ਆਪਣੇ ਮਨ ਨੂੰ ਪ੍ਰਭੂ ਦੇ ਮਜੀਠੈ, ਭਾਵ ਪੱਕੇ ਰੰਗ ਵਿਚ ਰੰਗ ਲੈ ਤੇ ਆਪਣੇ ਅੰਦਰੋਂ ਸਿਆਣਪ ਤੇ ਚਤਰਾਈ ਦੇ ਸਾਰੇ ਹੰਕਾਰ ਛੱਡ ਦੇਹ ਤੇ ਸੰਸਾਰ ਦੇ ਪ੍ਰਤਿਪਾਲਕ ਪ੍ਰਭੂ ਨੂੰ ਸਦਾ ਹੀ ਆਪਣੇ ਨਾਲ ਸਮਝ। ਹੇ ਜਿੰਦੇ! ਪ੍ਰਭੂ ਪਿਆਰੇ ਸਤਸੰਗੀਆਂ ਦੀ ਦਾਸਰੀ ਸੇਵਕ ਬਣ ਜਾ ਤੇ ਇਹ ਸਿਆਣਪ ਸਿੱਖ ਲੈ ਕਿ ਉਹ ਸਰਬ ਸ੍ਰੇਸ਼ਟ ਮਾਲਕ ਪ੍ਰਭੂ ਦੂਰ ਨਹੀਂ; ਉਹ ਤਾਂ ਹਰ ਸਮੇਂ ਤੇਰੇ ਨਾਲ ਹੀ ਰਹਿੰਦਾ ਹੈ।

ਭਰਤਾ ਕਹੈ ਸੁ ਮਾਨੀਐ
ਏਹੁ ਸੀਗਾਰੁ ਬਣਾਇ ਰੀ॥
ਦੂਜਾ ਭਾਉ ਵਿਸਾਰੀਐ
ਏਹੁ ਤੰਬੋਲਾ ਖਾਇ ਰੀ॥੨॥

ਹੇ ਮੇਰੀ ਜਿੰਦੜੀਏ! ਉਹ ਮਾਲਕ ਪ੍ਰਭੂ ਜੋ ਸਭ ਦਾ ਖਸਮ ਹੈ, ਜੋ ਵੀ ਹੁਕਮ ਕਰੇ, ਉਸ ਦੇ ਹੁਕਮ ਨੂੰ ਸਤਿਕਾਰ ਨਾਲ ਮੰਨ ਕੇ ਰਹੁ ਤੇ ਉਹਦੇ ਹੁਕਮ ਨੂੰ ਮੰਨ ਕੇ ਜੋ ਤੁਰਨਾ ਹੈ, ਤੂੰ ਉਸੇ ਨੂੰ ਹੀ ਆਪਣਾ ਸੁਹਾਗਣਾਂ ਵਾਲਾ ਸ਼ਿੰਗਾਰ ਬਣਾ ਲੈ। ਦੂਜਾ ਭਾਉ, ਭਾਵ ਉਸ ਪ੍ਰਭੂ ਤੋਂ ਬਗੈਰ ਹੋਰ ਸੰਸਾਰਕ ਤੇ ਮਾਇਆ ਦੇ ਝੂਠੇ ਦਿਖਾਵੇ ਦੇ ਜੋ ਸੁੱਖ ਹਨ, ਉਨ੍ਹਾਂ ਨੂੰ ਵਿਸਾਰਿਐ, ਭਾਵ ਭੁਲ ਜਾਣਾ ਹੀ ਚੰਗਾ ਹੈ। ਹੇ ਜਿੰਦੇ! ਤੰਬੋਲਾ, ਭਾਵ ਪਾਨ ਦੇ ਬੀੜੇ ਦੇ ਝੂਠੇ ਪਾਖੰਡ ਛੱਡ ਕੇ ਆਪਣੇ ਖਸਮ, ਪ੍ਰਭੂ ਜੀ ਦਾ ਨਾਮ ਰੂਪੀ ਪਾਨ ਖਾਹ ਅਤੇ ਸਿਮਰਨ ਵਿਚ ਜੁੜ।

ਗੁਰ ਕਾ ਸਬਦੁ ਕਹਿ ਦੀਪਕੋ
ਇਹ ਸਤ ਕੀ ਸੇਜ ਬਿਛਾਇ ਰੀ॥
ਆਠ ਪਹਰ ਕਰ ਜੋੜਿ ਰਹੁ
ਤਉ ਭੇਟੈ ਹਰਿ ਰਾਇ ਰੀ॥੩॥

ਹੇ ਮੇਰੀਏ ਜਿੰਦੇ! ਆਪਣੇ ਸਤਿਗੁਰੂ ਦੇ ਸ਼ਬਦ ਨੂੰ ਤੂੰ ਦੀਪਕੋ, ਭਾਵ ਦੀਵਾ ਬਣਾ ਲੈ ਅਤੇ ਉਹ ਦੀਵਾ ਤੇਰੇ ਅੰਦਰਲੇ ਹਨੇਰੇ ਨੂੰ ਦੂਰ ਕਰ ਕੇ ਤੈਨੂੰ ਆਤਮਕ ਚਾਨਣ ਦੇਵੇਗਾ ਤੇ ਹੁਣ ਤੂੰ ਗਿਆਨ ਰੂਪੀ ਦੀਵੇ ਦੇ ਚਾਨਣ 'ਚ ਆਪਣੇ ਉਚੇ ਤੇ ਸੁੱਚੇ ਆਚਰਨ, ਭਾਵ ਸਤ ਦੀ ਸੇਜ ਵਿਛਾ ਕੇ ਰੱਖ। ਹੇ ਜਿੰਦੇ! ਹੁਣ ਤੂੰ ਹਰ ਵੇਲੇ ਦੋਵੇਂ ਹੱਥ ਜੋੜ ਕੇ ਆਪਣੇ ਧੁਰ ਅੰਦਰੋਂ ਉਸ ਖਸਮ ਪ੍ਰਭੂ ਦਾ ਧਿਆਨ ਧਰ ਤੇ ਸਵਾਸ-ਸਵਾਸ ਉਸ ਦਾ ਨਾਮ ਸਿਮਰਨ ਕਰ। ਇਸੇ ਤਰ੍ਹਾਂ ਹੀ ਤੈਨੂੰ ਉਸ ਦਾ ਮਿਲਾਪ ਹੋ ਸਕਦਾ ਹੈ।

ਤਿਸ ਹੀ ਚਜੁ ਸੀਗਾਰੁ ਸਭੁ
ਸਾਈ ਰੂਪਿ ਅਪਾਰਿ ਰੀ॥
ਸਾਈ ਸੋੁਹਾਗਣਿ ਨਾਨਕਾ
ਜੋ ਭਾਣੀ ਕਰਤਾਰਿ ਰੀ॥੪॥

ਹੇ ਮੇਰੀਏ ਜਿੰਦੜੀਏ! ਉਸੇ ਜੀਵ ਰੂਪੀ ਇਸਤਰੀ ਨੂੰ ਹੀ ਸੁਚੱਜੀ ਮੰਨਿਆ ਜਾਂਦਾ ਹੈ ਅਤੇ ਉਸੇ ਜੀਵ ਰੂਪੀ ਇਸਤਰੀ ਦਾ ਹੀ ਆਤਮਕ ਗੁਣਾਂ ਨਾਲ ਕੀਤਾ ਹੋਇਆ ਹਾਰ-ਸ਼ਿੰਗਾਰ ਚੰਗਾ ਲੱਗਦਾ ਹੈ ਅਤੇ ਉਹੀ ਜੀਵ ਰੂਪੀ ਇਸਤਰੀ ਸੋਹਣੇ ਤੇ ਸੁੰਦਰ ਰੂਪਵਾਲੀ ਬਣ ਜਾਂਦੀ ਹੈ ਜੋ ਉਸ ਬੇਅੰਤ ਅਤੇ ਮਿਹਰਵਾਨ ਪ੍ਰਭੂ ਦੇ ਚਰਨਾਂ ਵਿਚ ਹਰ ਸਮੇਂ ਲੀਨ ਰਹਿੰਦੀ ਹੈ। ਇਹ ਨਾਨਕ ਆਖਦਾ ਹੈ, ਉਹੋ ਹੀ ਜੀਵ ਰੂਪੀ ਇਸਤਰੀ ਸੁਹਾਗਣ ਅਤੇ ਭਾਗਾਂ ਵਾਲੀ ਹੈ ਜੋ ਉਸ ਕਰਤਾਰ, ਭਾਵ ਪ੍ਰਭੂ ਦੀ ਯਾਦ ਵਿਚ ਜੁੜੀ ਰਹਿੰਦੀ ਹੈ; ਉਹ ਹੀ ਆਪਣੇ ਮਾਲਕ ਪ੍ਰਭੂ ਨੂੰ ਪਿਆਰੀ ਲਗਦੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਪਾਣੀ ਦੇ ਡਿੱਗਦੇ ਪੱਧਰ ਬਾਰੇ ਪੰਜਾਬ ਸਰਕਾਰ ਤਲਬ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ, ਪੁੱਡਾ, ਧਰਤੀ ਹੇਠਲੇ ਪਾਣੀ ਬਾਰੇ ਕੇਂਦਰੀ ਅਥਾਰਟੀ ਨੂੰ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਨੋਟਿਸ ਜਾਰੀ ਕੀਤੇ ਹਨ। ਇਸ ਪਟੀਸ਼ਨ ਵਿਚ ਪੰਜਾਬ ਦੇ 18 ਬਲਾਕਾਂ ਵਿਚ ਉਸਾਰੀ ਮੰਤਵਾਂ ਲਈ ਧਰਤੀ ਹੇਠਲਾ ਪਾਣੀ ਵਰਤੇ ਜਾਣ 'ਤੇ ਪਾਬੰਦੀ ਲਾਉਣ ਦੀ ਬੇਨਤੀ ਕੀਤੀ ਗਈ ਹੈ।

ਐਕਟਿੰਗ ਚੀਫ ਜਸਟਿਸ ਜਸਬੀਰ ਸਿੰਘ ਤੇ ਜਸਟਿਸ ਰਾਕੇਸ਼ ਜੈਨ 'ਤੇ ਆਧਾਰਤ ਡਵੀਜ਼ਨ ਬੈਂਚ ਨੇ ਐਡਵੋਕੇਟ ਐਸ ਸੀ ਅਰੋੜਾ ਦੀ ਪਟੀਸ਼ਨ 'ਤੇ 3 ਅਕਤੂਬਰ ਨੂੰ ਇਨ੍ਹਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਹਨ। ਅਰੋੜਾ ਵੱਲੋਂ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਡਿਪਟੀ ਕਮਿਸ਼ਨਰਾਂ, ਮਿਊਂਸਪਲ ਕਾਰਪੋਰੇਸ਼ਨਾਂ, ਮਿਊਂਸਪਲ ਕੌਂਸਲਾਂ ਨੂੰ ਪੰਜਾਬ ਦੇ ਮੁੱਖ ਸਕੱਤਰ ਰਾਹੀਂ ਨਿਰਦੇਸ਼ ਜਾਰੀ ਕਰਵਾਏ ਜਾਣ ਕਿ ਉਸਾਰੀ ਮੰਤਵਾਂ ਲਈ ਧਰਤੀ ਹੇਠਲਾ ਪਾਣੀ ਵਰਤੇ ਜਾਣ 'ਤੇ ਪਾਬੰਦੀ ਲਾਈ ਜਾਵੇ।


**Global Multi Services**

ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸ
ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ
ਸੇਵਾ ਨੂੰ ਸਮਰਪਿਤ

ਉਪਲਬਧ ਸੇਵਾਵਾਂ
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

DMV Lic No. 62822

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay



Gurbans Singh Gill
Realtor

15 Years Experiance
in Real Estate
e-mail: gurbans@gotracy.com
Fax: 209-836-0706
www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

**Gurbans Gill 209-815-1869**

## ਅਮਰੀਕੀ ਅਧਿਕਾਰੀ ਨੇ ਮੰਨਿਆ...

# ਸਕੂਲਾਂ ਵਿਚ ਸਿੱਖ ਬੱਚੇ ਨਸਲੀ ਹਿੰਸਾ ਦਾ ਸ਼ਿਕਾਰ

**ਵਾਸ਼ਿੰਗਟਨ:** ਅਮਰੀਕੀ ਸਿੱਖਾਂ ਦੇ ਬੱਚਿਆਂ ਨੂੰ ਸਕੂਲਾਂ ਵਿਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਵੀਕਾਰ ਕਰਦਿਆਂ ਅਮਰੀਕਾ ਦੇ ਇਕ ਚੋਟੀ ਦੇ ਅਧਿਕਾਰੀ ਨੇ ਇਸ ਮਾਮਲੇ ਵੱਲ ਧਿਆਨ ਦੇਣ ਦੀ ਲੋੜ ਉਪਰ ਜ਼ੋਰ ਦਿੱਤਾ ਹੈ। ਸਹਾਇਕ ਅਟਾਰਨੀ ਜਨਰਲ ਥਾਮਸ ਈ ਪਰੇਜ਼ ਨੇ ਕਿਹਾ ਹੈ ਕਿ ਜਦੋਂ ਓਕ ਕਰੀਕ ਗੁਰਦੁਆਰੇ ਵਰਗੇ ਦੁਖਾਂਤ ਰੋਕਣ ਬਾਰੇ ਸੋਚਿਆ ਜਾ ਰਿਹਾ ਹੈ ਤਾਂ ਸਿੱਖਾਂ ਦੇ ਬੱਚਿਆਂ ਨੂੰ ਸਕੂਲਾਂ ਵਿਚ ਤੰਗ ਕਰਨ ਦੀ ਸਮੱਸਿਆ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।




ਉਹ ਕੈਲੀਫੋਰਨੀਆ ਵਿਚ ਗੁੰਡਾਗਰਦੀ ਰੋਕਣ ਬਾਰੇ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ 2010 ਵਿਚ ਕੀਤੇ ਇਕ ਸਰਵੇ ਅਨੁਸਾਰ ਇਥੇ ਬੇਅ ਖੇਤਰ ਵਿਚ ਤਿੰਨ ਚੌਥਾਈ ਅਮਰੀਕੀ ਸਿੱਖ ਬੱਚਿਆਂ ਨੇ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਨੂੰ ਸਕੂਲਾਂ ਵਿਚ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਂਝਾ ਮਿਸ਼ਨ ਸਕੂਲਾਂ ਤੋਂ ਧੱਕੇਸ਼ਾਹੀ ਰੋਕਣ ਤੋਂ ਸ਼ੁਰੂ ਹੋਣਾ ਚਾਹੀਦਾ ਹੈ ਕਿਉਂਕਿ ਇਹ ਸਕੂਲ ਹੀ ਹਨ ਜਿਥੇ ਬੱਚੇ ਰਹਿਣਾ, ਖੇਡਣਾ ਤੇ ਇਕੱਠੇ ਕੰਮ ਕਰਨਾ ਸਿੱਖਦੇ ਹਨ।

ਇਹ ਸਕੂਲ ਹੀ ਹਨ ਜਿਥੇ ਡਰ, ਅਸਹਿਣਸ਼ੀਲਤਾ ਤੇ ਤੰਗਦਿਲੀ ਦੀਆਂ ਜੜਾਂ ਪੈਦਾ ਹੋ ਸਕਦੀਆਂ ਹਨ ਤੇ ਇਹ ਸਕੂਲ ਹੀ ਹਨ ਜਿਥੇ ਇਜ਼ਤ-ਮਾਣ ਤੇ ਰਹਿਮਦਿਲੀ ਵਰਗੇ ਸਮਾਜਕ ਸਰੋਕਾਰ ਪੈਦਾ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਆਪਣੇ ਬੱਚਿਆਂ ਨੂੰ ਹਿੰਸਾ ਤੋਂ ਬਚਾਉਣ ਦੀ ਗੱਲ ਕੀਤੀ ਜਾਂਦੀ ਹੈ ਤਾਂ ਸਕੂਲਾਂ ਵਿਚ ਦੁਰਵਿਵਹਾਰ ਤੇ ਧੱਕੇਸ਼ਾਹੀ ਖਤਮ ਕਰਨ ਬਾਰੇ ਰਣਨੀਤੀ ਬਾਰੇ ਸੋਚਣਾ ਪਵੇਗਾ। ਉਨ੍ਹਾਂ ਇਸ ਰੁਝਾਨ ਨੂੰ ਤੁਰੰਤ ਰੋਕਣ ਲਈ ਢੁਕਵੇਂ ਕਦਮ ਚੁੱਕਣ ਦੀ ਲੋੜ 'ਤੇ ਜ਼ੋਰ ਦਿੱਤਾ।

ਉਹ ਪੰਜ ਅਗਸਤ ਨੂੰ ਓਕ ਕਰੀਕ ਗੁਰਦੁਆਰੇ ਵਿਚ ਹੋਏ ਕਾਂਡ ਵਿਚ ਮਾਰੇ ਗਏ ਛੇ ਸਿੱਖਾਂ ਦੇ ਮਾਮਲੇ ਦਾ ਆਪਣੇ ਭਾਸ਼ਣ ਵਿਚ ਹਵਾਲਾ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਜੇਕਰ ਸਕੂਲਾਂ ਵਿਚ ਅਜਿਹੀਆਂ ਘਟਨਾਵਾਂ ਨਾ ਰੁਕੀਆਂ ਤਾਂ ਇਨ੍ਹਾਂ ਨੂੰ ਅੱਗੇ ਜਾ ਕੇ ਰੋਕਣਾ ਹੋਰ ਮੁਸ਼ਕਲ ਹੈ। ਉਨ੍ਹਾਂ ਕਿਹਾ ਆਪਣੇ ਬੱਚੇ ਘਰਾਂ, ਸਕੂਲਾਂ ਤੇ ਸੜਕਾਂ ਉਪਰ ਅਜਿਹੀਆਂ ਘਟਨਾਵਾਂ ਤੋਂ ਬਚਾਉਣੇ ਹਨ। ਇਸ ਲਈ ਠੋਸ ਰਣਨੀਤੀ ਘੜਨ ਦੀ ਲੋੜ ਹੈ।

# ਅਮਰੀਕੀ ਸੰਸਦ ਮੈਂਬਰ ਸਿੱਖਾਂ ਦੇ ਹੱਕ 'ਚ ਡਟੇ

### ਨਸਲੀ ਹਮਲਿਆਂ ਖ਼ਿਲਾਫ਼ ਸੰਸਦ 'ਚ ਮਤਾ

**ਵਾਸ਼ਿੰਗਟਨ:** ਅਮਰੀਕਾ ਵਿਚ 80 ਸੰਸਦ ਮੈਂਬਰਾਂ ਦੇ ਸਮੂਹ ਨੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪ੍ਰਤੀਨਿਧੀ ਸਭਾ ਵਿਚ ਇਕ ਮਤਾ ਪੇਸ਼ ਕਰਕੇ ਅਮਰੀਕੀ ਸਿੱਖ ਭਾਈਚਾਰੇ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਤੇ ਉਨ੍ਹਾਂ ਖ਼ਿਲਾਫ਼ ਹੋਏ ਨਸਲੀ ਹਮਲਿਆਂ ਬਾਰੇ ਪਹਿਲੀ ਵਾਰ ਦਸਤਾਵੇਜ਼ਾਂ ਰਾਹੀਂ ਦੱਸਿਆ ਗਿਆ। ਇਹ ਮਤਾ ਜੋਏ ਕਰਾਊਲੀ ਤੇ ਹਾਵਰਡ ਬਰਮੈਨ ਸਣੇ ਉਘੇ ਸੰਸਦ ਮੈਂਬਰਾਂ ਵੱਲੋਂ ਪੇਸ਼ ਕੀਤਾ ਗਿਆ। ਮਤੇ ਵਿਚ ਪਿਛਲੇ ਇਕ ਸਾਲ ਦੌਰਾਨ ਸਿੱਖਾਂ ਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ 'ਤੇ ਹੋਏ ਹਮਲਿਆਂ ਦੀ ਨਿੰਦਾ ਕੀਤੀ ਗਈ। ਇਨ੍ਹਾਂ ਹਮਲਿਆਂ ਵਿਚ ਪਿਛਲੀ ਪੰਜ ਅਗਸਤ ਨੂੰ ਵਿਸਕਾਨਸਿਨ ਦੇ ਓਕ ਕਰੀਕ ਗੁਰਦੁਆਰੇ ਵਿਚ ਹੋਈ ਗੋਲੀਬਾਰੀ ਦੀ ਘਟਨਾ ਵੀ ਸ਼ਾਮਲ ਹੈ। ਇਸ ਗੋਲੀ ਕਾਂਡ ਵਿਚ ਇਹ ਮਤਾ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਉਮੀਦਵਾਰ ਪੌਲ ਰੇਆਨ ਦੇ ਮਤੇ ਨੂੰ ਸਦਨ ਵੱਲੋਂ ਪਾਸ ਕੀਤੇ ਜਾਣ ਦੇ ਕੁਝ ਘੰਟਿਆਂ ਮਗਰੋਂ ਪੇਸ਼ ਕੀਤਾ ਗਿਆ। ਸ੍ਰੀ ਰਿਆਨ ਨੇ ਆਪਣੇ ਮਤੇ ਵਿਚ ਵਿਸਕਾਨਸਿਨ ਗੁਰਦੁਆਰੇ ਉੱਪਰ ਹਮਲੇ ਦੀ ਨਿੰਦਾ ਕੀਤੀ ਹੈ।

ਕਾਂਗਰਸ ਦੇ ਨਵੇਂ ਮਤੇ ਵਿਚ ਨਿਆਂ ਵਿਭਾਗ ਨੂੰ ਕਿਹਾ ਗਿਆ ਹੈ ਕਿ ਉਹ ਸਿੱਖਾਂ ਖ਼ਿਲਾਫ਼ ਨਸਲੀ ਅਪਰਾਧਾਂ ਦੇ ਵਿਆਪਕ ਅੰਕੜੇ ਜੁਟਾਏ। ਇਸ ਸਾਲ ਅਪਰੈਲ ਵਿਚ ਕਾਂਗਰਸ ਦੇ 93 ਮੈਂਬਰਾਂ ਨੇ ਇਕ ਪੱਤਰ ਐਫ.ਬੀ.ਆਈ. ਨੂੰ ਭੇਜ ਕੇ ਕਿਹਾ ਸੀ ਕਿ ਉਹ ਅਮਰੀਕੀ ਸਿੱਖਾਂ ਖ਼ਿਲਾਫ਼ ਹੋਏ ਅਪਰਾਧਾਂ ਦੇ ਅੰਕੜੇ ਜੁਟਾਏ। ਮਤੇ ਵਿਚ ਸ੍ਰੀ ਕਰਾਊਲੀ ਨੇ ਕਿਹਾ ਕਿ "ਮਤੇ ਰਾਹੀਂ ਉਹ ਦੱਸਣਾ ਚਾਹੁੰਦੇ ਹਨ ਕਿ ਅਮਰੀਕੀ ਸਿੱਖਾਂ ਨੇ ਦੇਸ਼ ਦੀ ਤਰੱਕੀ ਵਿਚ ਜੋ ਯੋਗਦਾਨ ਪਾਇਆ ਹੈ, ਉਸ ਦੀ ਪ੍ਰਸ਼ੰਸਾ ਕਰਦੇ ਹਨ। ਉਹ 100 ਸਾਲ ਤੋਂ ਇਸ ਮੁਲਕ ਵਿਚ ਹਨ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਉਪਰ ਦੇਸ਼ ਨੂੰ ਮਾਣ ਹੈ। ਮਤਾ ਪੇਸ਼ ਕਰਨ ਦਾ ਮਕਸਦ ਇਹ ਦੱਸਣਾ ਹੈ ਕਿ ਦੇਸ਼ ਸਿੱਖ ਕੌਮ ਨਾਲ ਡਟ ਕੇ ਖੜ੍ਹਿਆ ਹੈ ਤੇ ਉਨ੍ਹਾਂ ਖ਼ਿਲਾਫ਼ ਨਸਲੀ ਅਪਰਾਧ ਬਰਦਾਸ਼ਤ ਨਹੀਂ ਕੀਤੇ ਜਾਣਗੇ। ਸੰਸਦ ਮੈਂਬਰ ਜੈਰੀ ਮੈਕਨੇਰਨੀ ਨੇ ਕਿਹਾ ਕਿ ਉਨ੍ਹਾਂ ਦੇ ਸਹਿਯੋਗੀਆਂ ਨੇ ਪੰਜ ਅਗਸਤ ਦੇ ਦੁਖਾਂਤ ਦਾ ਮਾਮਲਾ ਉਠਾਇਆ ਹੈ। ਉਸ ਦਿਨ ਭਾਈ ਸੀਤਾ ਸਿੰਘ, ਭਾਈ ਪ੍ਰਕਾਸ਼ ਸਿੰਘ, ਭਾਈ ਰਣਜੀਤ ਸਿੰਘ, ਭਾਈ ਸਤਵੰਤ ਸਿੰਘ ਕਾਲੇਕਾ, ਭਾਈ ਸੁਬੇਗ ਸਿੰਘ ਤੇ ਬੀਬੀ ਪਰਮਜੀਤ ਕੌਰ ਨੂੰ ਜਾਨ ਗੁਆਉਣੀ ਪਈ। ਉਹ ਸਿੱਖ ਕੌਮ ਦੇ ਨਾਲ ਹਨ ਤੇ ਅਜਿਹੀ ਘਟਨਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਗੁਰਦੁਆਰਾ ਗੋਲੀਕਾਂਡ ਵਿਰੁੱਧ ਨਿੰਦਾ ਮਤਾ ਪਾਸ

**ਵਾਸ਼ਿੰਗਟਨ:** ਸਿੱਖ ਭਾਈਚਾਰੇ ਨਾਲ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਅਮਰੀਕੀ ਕਾਂਗਰਸ ਨੇ ਸਰਬਸੰਮਤੀ ਨਾਲ ਪ੍ਰਵਾਨ ਕੀਤੇ ਮਤੇ ਵਿਚ ਵਿਸਕਾਨਸਿਨ ਦੇ ਗੁਰਦੁਆਰਾ ਓਕ ਕਰੀਕ ਵਿਚ ਪਿਛਲੇ ਮਹੀਨੇ ਵਾਪਰੀ ਗੋਲੀਬਾਰੀ ਦੀ ਘਟਨਾ ਦੀ ਨਿੰਦਾ ਕੀਤੀ ਹੈ ਜਿਸ ਵਿਚ ਛੇ ਸ਼ਰਧਾਲੂ ਮਾਰੇ ਗਏ ਸਨ। ਉਪ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਕਿਨ ਉਮੀਦਵਾਰ ਪਾਲ ਰਿਆਨ ਵੱਲੋਂ ਬੀਤੇ ਹਫਤੇ ਪੇਸ਼ ਕੀਤੇ ਗਏ ਇਸ ਮਤੇ ਵਿਚ 5 ਅਗਸਤ ਨੂੰ ਨਸਲੀ ਗੋਰੇ ਵੱਲੋਂ ਕੀਤੇ ਹਮਲੇ ਦੀ ਨਿੰਦਾ ਕਰਦਿਆਂ ਇਸ ਹਮਲੇ ਵਿਚ ਮਾਰ ਗਏ ਵਿਅਕਤੀਆਂ ਦੇ ਪਰਿਵਾਰਾਂ, ਮਿੱਤਰਾਂ ਦੋਸਤਾਂ ਤੇ ਹੋਰ ਸਕੇ ਸਬੰਧੀਆਂ ਨਾਲ ਹਮਦਰਦੀ ਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਅਮਰੀਕੀ ਕਾਂਗਰਸ ਦੇ ਮੈਂਬਰ ਐਡ ਰਾਇਸ ਤੇ ਸੱਤ ਹੋਰ ਸੰਸਦ ਮੈਂਬਰਾਂ ਦੀ ਹਮਾਇਤ ਲਾਲੇ ਪ੍ਰਸਤਾਵ ਵਿਚ ਆਸ ਪ੍ਰਗਟਾਈ ਗਈ ਹੈ ਕਿ ਇਸ ਦੇਸ਼ ਦੇ ਨਾਗਰਿਕ ਅਮਨ ਤੇ ਨਿਆਂ ਲਈ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਇਸ ਦੁੱਖ ਦੀ ਘੜੀ ਸਿੱਖਾਂ ਦੇ ਅੰਗਸੰਗ ਖੜ੍ਹੇ ਹੋਣਗੇ।ਸੰਸਦ ਮੈਂਬਰਾਂ ਵਿਚ ਟੈਮੀ ਬਲੇਡਵਿਨ, ਸੀਨ ਡਫੀ, ਰੋਨ ਕਿੰਡ, ਗਵੈਨ ਮੂਰੇ, ਥਾਮਸ ਈ ਪੇਟਰੀ, ਰੀਡ ਜੇ ਰਿਬਲ ਤੇ ਐਫ ਜੇਮਜ ਸ਼ਾਮਲ ਹਨ।

# ਕੈਨੇਡਾ ਵੱਲੋਂ ਖਾਲਿਸਤਾਨੀਆਂ ਖਿਲਾਫ਼ ਸਖ਼ਤੀ ਦੇ ਸੰਕੇਤ

**ਨਵੀਂ ਦਿੱਲੀ:** ਕੈਨੇਡਾ ਸਰਕਾਰ ਨੇ ਦੇਸ਼ 'ਚ ਖਾਲਿਸਤਾਨੀਆਂ ਦੇ ਹਮਾਇਤੀਆਂ ਖਿਲਾਫ਼ ਸਖ਼ਤੀ ਦੇ ਸੰਕੇਤ ਦਿੱਤੇ ਹਨ। ਕੈਨੇਡਾ ਨੇ ਭਾਰਤ ਸਰਕਾਰ ਨੂੰ ਭਰੋਸਾ ਦਿੱਤਾ ਹੈ ਕਿ ਉਹ ਕੈਨੇਡਾ ਦੀ ਧਰਤੀ 'ਤੇ ਖਾਲਿਸਤਾਨ ਹਮਾਇਤੀਆਂ ਦੀਆਂ ਸਰਗਰਮੀਆਂ ਨੂੰ ਰੋਕਣ ਲਈ ਕਦਮ ਚੁੱਕੇਗਾ। ਇਥੇ ਦੌਰੇ 'ਤੇ ਪੁੱਜੇ ਕੈਨੇਡੀਅਨ ਵਿਦੇਸ਼ ਮੰਤਰੀ ਜੌਹਨ ਬੇਰਡ ਨੇ ਕਿਹਾ ਕਿ ਭਾਰਤੀ ਨੇਤਾਵਾਂ ਨੇ ਪਹਿਲਾਂ ਵੀ ਇਹ ਮੁੱਦਾ ਉਠਾਇਆ ਸੀ ਤੇ ਉਨ੍ਹਾਂ ਦੀ ਸਰਕਾਰ ਨੇ ਇਸ 'ਤੇ ਆਪਣਾ ਧਿਆਨ ਕੇਂਦਰਤ ਕੀਤਾ ਸੀ।

ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨਾਲ ਸਾਂਝੇ ਪੱਤਰਕਾਰ ਸੰਮੇਲਨ ਸਮੇਂ ਜੌਹਨ ਬੇਰਡ ਨੇ ਕਿਹਾ ਕਿ ਕੈਨੇਡਾ ਸਰਕਾਰ ਗਰਮ ਖਿਆਲੀਆਂ ਖਿਲਾਫ਼ ਕਾਰਵਾਈ ਲਈ ਹਰ ਸੰਭਵ ਕਦਮ ਚੁੱਕੇਗੀ। ਉਨ੍ਹਾਂ ਕਿਹਾ ਕਿ ਜਦੋਂ ਵੀ ਭਾਰਤ-ਵਿਰੋਧੀ ਕੋਈ ਸਰਗਰਮੀ ਧਿਆਨ ਵਿਚ ਆਉਂਦੀ ਹੈ ਤਾਂ ਸਰਕਾਰ ਵੱਲੋਂ ਤੁਰੰਤ ਕਦਮ ਚੁੱਕੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਨੇ ਆਪਣੇ ਅਧਿਕਾਰੀਆਂ ਨੂੰ ਇਸ ਮੁੱਦੇ 'ਤੇ ਗੰਭੀਰ ਹੁੰਦਿਆਂ ਤੁਰੰਤ ਲੋੜੀਂਦੇ ਕਦਮ ਚੁੱਕਣ ਲਈ ਆਖਿਆ ਸੀ ਤੇ ਇਸ ਸੰਦਰਭ ਵਿਚ ਕੁਝ ਕਦਮ ਚੁੱਕੇ ਵੀ ਗਏ ਹਨ। ਇਸ ਤੋਂ ਪਹਿਲਾਂ ਸ੍ਰੀ ਕ੍ਰਿਸ਼ਨਾ ਨੇ ਆਪਣੇ ਹਮਰੁਤਬਾ ਮੰਤਰੀ ਕੋਲ ਮੁੜ ਪੁੰਗਰ ਰਹੇ ਖਾਲਿਸਤਾਨੀ ਕਾਰਕੁੰਨਾਂ ਦੇ ਸਮਾਗਮਾਂ ਵਿਚ ਕੈਨੇਡੀਅਨ ਮੰਤਰੀਆਂ ਦੀ ਸ਼ਮੂਲੀਅਤ ਦਾ ਜ਼ਿਕਰ ਕੀਤਾ। ਕੈਨੇਡਾ ਦੇ ਮੰਤਰੀ ਨੇ ਸਾਰੇ ਮਾਮਲੇ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ ਆਪਣਾ ਸਰਕਾਰ ਦਾ ਪੱਖ ਰੱਖਦਿਆਂ ਕਿਹਾ ਕਿ ਉਹ ਪਹਿਲਾਂ ਹੀ ਇਸ ਪਾਸੇ ਸਖ਼ਤੀ ਵਰਤਣ ਬਾਰੇ ਵਿਚਾਰ ਕਰ ਰਹੇ ਹਨ।ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਪੰਜ ਲੱਖ ਦੇ ਕਰੀਬ ਸਿੱਖ ਭਾਈਚਾਰੇ ਨਾਲ ਸਬੰਧਤ ਲੋਕ ਰਹਿ ਰਹੇ ਹਨ।

## 33 ਇੰਚ ਦੇ ਅਦਾਕਾਰ ਰੋਮੀਓ ਦਾ ਦੇਹਾਂਤ

**ਜਲੰਧਰ:** ਕਾਮੇਡੀਅਨ ਤੇ ਲਿਮਕਾ ਗਿੰਨੀਜ਼ ਬੁੱਕ 'ਚ ਨਾਂ ਦਰਜ ਕਰਵਾਉਣ ਵਾਲੇ 33 ਇੰਚ ਦੇ 24 ਸਾਲਾ 'ਰੋਮੀਓ' ਦਾ ਜਲੰਧਰ ਦੇ ਪ੍ਰਾਈਵੇਟ ਹਸਪਤਾਲ 'ਚ ਲੰਬੀ ਬਿਮਾਰੀ ਪਿੱਛੋਂ ਦਿਹਾਂਤ ਹੋ ਗਿਆ। ਆਦਿੱਤਿਆ ਦੇਵ ਉਰਫ 'ਰੋਮੀਓ' ਪਿਛਲੇ ਕਈ ਦਿਨਾਂ ਤੋਂ ਇਲਾਜ ਲਈ ਦਾਖਲ ਸਨ। ਉਸ ਦੀ ਮੌਤ ਦਿਮਾਗ ਦੀ ਨਾੜੀ ਫਟਣ ਕਾਰਨ ਹੋਈ।

ਉਸ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਉਸ ਨੂੰ ਚਾਹੁਣ ਵਾਲਿਆਂ ਵਿਚ ਸੋਗ ਦੀ ਲਹਿਰ ਦੌੜ ਗਈ। ਜ਼ਿਕਰਯੋਗ ਹੈ ਕਿ ਆਦਿੱਤਿਆ ਦੇਵ 'ਰੋਮੀਓ' ਨੇ ਦੇਸ਼ ਵਿਦੇਸ਼ ਵਿਚ ਕਈ ਸਟੇਜ ਸ਼ੋਅ ਵੀ ਕੀਤੇ। ਰੋਮੀਓ ਜਾਪਾਨ, ਦੱਖਣੀ ਕੋਰੀਆ, ਅਮਰੀਕਾ, ਇੰਗਲੈਂਡ, ਕੈਨੇਡਾ ਦੀ ਯਾਤਰਾ ਵੀ ਕਰ ਚੁੱਕਾ ਸਨ। ਉਸ ਦੇ ਛੋਟੇ ਕੱਦ ਕਾਰਨ ਉਸ ਦਾ ਨਾਂ ਗਿਨੀਜ਼ ਬੁੱਕ ਆਫ਼ ਰਿਕਾਰਡ, ਲਿਮਕਾ ਬੁੱਕ ਆਫ਼ ਰਿਕਾਰਡ, ਇੰਡੀਅਨ ਬੁੱਕ ਆਫ਼ ਰਿਕਾਰਡ ਵਿਚ ਦਰਜ ਹੈ।

## ਪਾਕਿ ਅਦਾਲਤ ਵੱਲੋਂ ਮੰਦਰ ਢਾਹੁਣ 'ਤੇ ਰੋਕ

**ਕਰਾਚੀ (ਬਿਊਰੋ):** ਪਾਕਿਸਤਾਨ ਦੀ ਅਦਾਲਤ ਨੇ ਇਥੋਂ ਦੇ 200 ਸਾਲ ਪੁਰਾਣੇ ਹਿੰਦੂ ਮੰਦਰ ਨੂੰ ਢਾਹੁਣ 'ਤੇ ਫਿਲਹਾਲ ਰੋਕ ਲਾ ਦਿੱਤੀ ਹੈ। ਸਿੰਧ ਹਾਈ ਕੋਰਟ ਦੇ ਡਵੀਜ਼ਨ ਬੈਂਚ ਨੇ ਕੈਲਾਸ਼ ਵਿਸ਼ਰਾਨ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਥੋਂ ਦੇ ਸ੍ਰੀ ਲਕਸ਼ਮੀ ਨਰਾਇਣ ਮੰਦਰ ਨੂੰ ਅਗਲੀ ਸੁਣਵਾਈ ਤਕ ਨਾ ਢਾਹੁਣ ਦੇ ਹੁਕਮ ਦਿੱਤੇ ਹਨ।

ਅਗਲੀ ਸੁਣਵਾਈ 10 ਦਿਨ ਬਾਅਦ ਹੋਵੇਗੀ। ਕਰਾਚੀ ਪੋਰਟ ਟਰੱਸਟ ਨੇ ਇਸ ਮੰਦਰ ਨੂੰ ਢਾਹੁਣ ਦੀ ਇਜਾਜ਼ਤ ਮੰਗੀ ਸੀ।


## HK Transport Company

### Wanted Owner Operator & Drivers

**Indianapolis based trucking company needs experienced CDL class A company drivers and owner operators to haul dry freights all over 48 states.**

**For company driver- We provide Good and clean trucks, Pay every 15 days, direct deposit and weekend home. For Owner operators with nice and good condition trucks who want to make more money with flexible dispatch options, we are the right choice.**

**Contact us Phone: 317-837-8577**

Fax: 317-837-1004 email: ginny@hktransportinc.com


## ਭਾਰਤ ਬਾਰੇ 38 ਕਾਨੂੰਨ ਖ਼ਤਮ ਕਰੇਗਾ ਬਰਤਾਨੀਆ


**ਲੰਡਨ:** ਭਾਰਤ ਵਿਚ ਜਿੱਥੇ ਅੰਗਰੇਜ਼ ਹਕੂਮਤ ਵੇਲੇ ਦੇ ਕਾਨੂੰਨਾਂ ਬਾਰੇ ਬਹਿਸ ਚੱਲਦੀ ਰਹਿੰਦੀ ਹੈ, ਉਥੇ ਬਰਤਾਨੀਆ ਵੱਲੋਂ ਵੀ ਭਾਰਤ ਦੀ ਆਜ਼ਾਦੀ ਦੇ 65 ਸਾਲਾਂ ਬਾਅਦ ਉਸ ਵੇਲੇ ਦੇ ਘੱਟੋ-ਘੱਟ 38 ਕਾਨੂੰਨਾਂ ਨੂੰ ਖ਼ਤਮ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਕਾਨੂੰਨ ਭਾਰਤੀ ਰੇਲਵੇ ਨਾਲ ਸਬੰਧਤ ਹਨ ਤੇ 1849 ਤੋਂ 1942 ਦੌਰਾਨ ਬਣਾਏ ਗਏ ਸਨ।

ਗ਼ੌਰਤਲਬ ਹੈ ਕਿ ਕਾਰਟੂਨਿਸਟ ਅਸੀਮ ਦਿਵੇਦੀ ਦੇ ਤਾਜ਼ਾ ਮਾਮਲੇ ਨੂੰ ਲੈ ਕੇ ਅੰਗਰੇਜ਼ਾਂ ਦੇ ਦੌਰ ਦੇ ਦੇਸ਼ਧਰੋਹ ਬਾਰੇ ਕਾਨੂੰਨ 'ਤੇ ਵੀ ਅੱਜ-ਕੱਲ੍ਹ ਬਹਿਸ ਭਖੀ ਹੋਈ ਹੈ। ਭਾਰਤ ਨੂੰ ਹਾਲਾਂਕਿ 1947 ਵਿਚ ਆਜ਼ਾਦੀ ਮਿਲ ਗਈ ਸੀ ਪਰ ਇਹ ਕਾਨੂੰਨ ਹਾਲੇ ਵੀ ਬਰਤਾਨੀਆ ਦੀਆਂ ਕਾਨੂੰਨ ਬਾਰੇ ਕਿਤਾਬਾਂ ਦਾ ਹਿੱਸਾ ਹਨ। ਇਹ 38 ਐਕਟ ਬਰਤਾਨੀਆ ਵੱਲੋਂ ਛਾਂਟੇ ਗਏ ਜਿਨ੍ਹਾਂ ਦਾ ਹੁਣ ਕੋਈ ਮਕਸਦ ਨਹੀਂ ਰਹਿ ਗਿਆ। ਹੁਣ ਇਨ੍ਹਾਂ ਐਕਟਾਂ ਨੂੰ ਖ਼ਤਮ ਕਰਨ ਦੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

ਬਰਤਾਨਵੀ ਕਾਨੂੰਨ ਕਮਿਸ਼ਨ ਦੇ ਸੂਤਰਾਂ ਨੇ ਦੱਸਿਆ ਕਿ ਨਿਆਂ ਮੰਤਰਾਲੇ ਵੱਲੋਂ ਇਨ੍ਹਾਂ ਐਕਟਾਂ ਨੂੰ ਖ਼ਤਮ ਕਰਨ ਲਈ ਇਸੇ ਹਫ਼ਤੇ ਸੰਸਦ ਦੇ ਮੌਜੂਦਾ ਸੈਸ਼ਨ ਵਿਚ ਪੇਸ਼ ਕੀਤਾ ਜਾਵੇਗਾ ਤੇ ਸਾਲ ਦੇ ਅਖ਼ੀਰ ਤੱਕ ਇਨ੍ਹਾਂ ਨੂੰ ਖ਼ਤਮ ਕਰਨ ਦਾ ਅਮਲ ਪੂਰਾ ਕਰ ਲਿਆ ਜਾਵੇਗਾ। ਇਹ ਐਕਟ ਭਾਰਤ ਵਿਚ ਬਰਤਾਨਵੀ ਹਕੂਮਤ ਸਮੇਂ ਭਾਰਤ ਵਿਚ ਰੇਲਵੇ ਨੈਟਵਰਕ ਦੀ ਉਸਾਰੀ ਤੇ ਸਾਂਭ-ਸੰਭਾਲ ਨਾਲ ਸਬੰਧਤ ਹਨ।

## ਭਾਰਤੀ ਮੁਟਿਆਰ ਨੇ ਨੌਂ ਮਹੀਨੇ ਗੋਰਿਆਂ ਨੂੰ ਚਾਰਿਆ

**ਨਿਊ ਯਾਰਕ:** ਇਥੋਂ ਦੀ ਕੋਲੰਬੀਆ ਯੂਨੀਵਰਸਿਟੀ ਦੇ ਕੈਂਪਸ ਵਿਚ ਵਿਦਿਆਰਥੀ ਬਣ ਕੇ ਨੌਂ ਮਹੀਨਿਆਂ ਤੱਕ ਜਮਾਤਾਂ ਲਾਉਣ ਵਾਲੀ ਤੇ ਹੋਰ ਸਮਾਗਮਾਂ ਵਿਚ ਹਿੱਸਾ ਲੈਣ ਵਾਲੀ ਭਾਰਤੀ ਮੁਟਿਆਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਉਪਰ ਯੂਨੀਵਰਸਿਟੀ ਵਿਚ ਘੁਸਪੈਠ ਕਰਨ ਦਾ ਦੋਸ਼ ਹੈ। 26 ਸਾਲਾ ਬਿਰਵਾ ਪਟੇਲ ਨੇ ਵਿਦਿਆਰਥੀਆਂ ਕੋਲ ਗੱਪ ਮਾਰੀ ਕਿ ਉਸ ਦਾ ਨਾਂ ਰੀਆ ਸੇਨ ਹੈ। ਵਿਦਿਆਰਥੀਆਂ ਅਨੁਸਾਰ ਉਨ੍ਹਾਂ ਨੇ ਭਾਰਤੀ ਮੂਲ ਦੀ ਇਸ ਮੁਟਿਆਰ ਨੂੰ ਪਿਛਲੇ ਸਾਲ ਦਸੰਬਰ ਦੇ ਸ਼ੁਰੂ ਵਿਚ ਕੈਂਪਸ ਵਿਚ ਘੁੰਮਦੇ ਦੇਖਿਆ ਸੀ। ਉਨ੍ਹਾਂ ਦੇ ਦਾਅਵਾ ਕੀਤਾ ਸੀ ਕਿ ਉਹ ਇੰਜਨੀਅਰਿੰਗ ਦੀ ਵਿਦਿਆਰਥਣ ਹੈ। ਪਟੇਲ ਨੇ ਨੌਂ ਮਹੀਨਿਆਂ ਤੱਕ ਕਿਸੇ ਨੂੰ ਭਿਣਕ ਤੱਕ ਨਹੀਂ ਲੱਗਣ ਦਿੱਤੀ ਕਿ ਉਹ ਯੂਨੀਵਰਸਿਟੀ ਵਿਚ 'ਐਵੇਂ' ਹੀ ਆਉਂਦੀ ਹੈ। ਉਹ ਜਮਾਤਾਂ ਲਾਉਣ ਤੋਂ ਇਲਾਵਾ ਕੈਂਪਸ ਵਿਚ ਆਮ ਵਿਦਿਆਰਥੀਆਂ ਵਾਂਗ ਘੁੰਮਦੀ, ਇਥੋਂ ਤੱਕ ਕਿ ਬੱਸ ਵਿਚ ਸਫ਼ਰ ਕਰਕੇ ਸ਼ਹਿਰ ਘੁੰਮਦੀ ਤੇ ਫੋਟੋਆਂ ਖਿੱਚਦੀ। ਇਸ ਦੇ ਨਾਲ ਹੀ ਉਹ ਯੂਨੀਵਰਸਿਟੀ ਵਿਚ ਰੋਟੀ-ਪਾਣੀ ਛਕਦੀ ਤੇ ਵਿਦਿਆਰਥੀ ਪ੍ਰਤਿਭਾ ਨਿਖ਼ਾਰ ਸਮਾਗਮਾਂ ਵਿਚ ਜ਼ੋਰ-ਸ਼ੋਰ ਨਾਲ ਸ਼ਮੂਲੀਅਤ ਕਰਦੀ। ਉਸ ਨੇ ਆਪਣੇ ਦੋਸਤਾਂ-ਮਿੱਤਰਾਂ ਨੂੰ ਦੱਸਿਆ ਕਿ ਉਹ ਫਿਲਾਡੈਲਫੀਆ ਵਿਚ ਰਹਿੰਦੀ ਹੈ ਤੇ ਉਸ ਦਾ ਜਨਮ ਭਾਰਤ ਵਿਚ ਹੋਇਆ ਹੈ। ਪਛਾਣ ਪੱਤਰ ਨਾ ਹੋਣ ਦੇ ਬਾਵਜੂਦ ਉਹ ਜਮਾਤਾਂ ਵਿਚ ਜਾਂਦੀ ਰਹੀ। ਉਸ ਤੋਂ ਜਦੋਂ ਪਛਾਣ ਪੱਤਰ ਬਾਰੇ ਪੁੱਛਿਆ ਜਾਂਦਾ ਤਾਂ ਉਹ ਬਹਾਨਾ ਮਾਰਦੀ ਕਿ ਉਹ ਉਸ ਦੀ ਸਹੇਲੀ ਕੋਲ ਰਹਿ ਗਿਆ ਹੈ। ਕਿਸੇ ਨੂੰ ਨਹੀਂ ਸੀ ਪਤਾ ਕਿ ਉਹ ਕੌਣ ਹੈ। ਜਦੋਂ ਉਸ ਬਾਰੇ ਪ੍ਰਸ਼ਾਸਨ ਤੇ ਵਿਦਿਆਰਥੀਆਂ ਨੂੰ ਸ਼ੱਕ ਹੋਇਆ ਤਾਂ ਉਸ 'ਤੇ ਨਜ਼ਰ ਰੱਖੀ ਜਾਣ ਲੱਗੀ ਤੇ ਬੀਤੇ ਦਿਨ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ।



# ਸ਼ੌਕਤ, ਸ਼ਬਾਨਾ ਤੇ ਕੈਫ਼ੀ ਆਜ਼ਮੀ ਦੀ ਦਾਸਤਾਨ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com


ਕੈਫ਼ੀ ਆਜ਼ਮੀ ਉਰਦੂ ਦਾ ਸ਼ਾਇਰ ਸੀ, ਸ਼ੌਕਤ ਉਸ ਦੀ ਪਤਨੀ ਤੇ ਸ਼ਬਾਨਾ ਉਨ੍ਹਾਂ ਦੀ ਬੇਟੀ। ਮੇਰੇ ਹੱਥ ਵਿਚ ਉਹ ਸ਼ੀਸ਼ਾ ਹੈ ਜਿਸ ਵਿਚੋਂ ਤਿੰਨਾਂ ਦੇ ਚਿਹਰੇ ਦਿਖਾਈ ਦਿੰਦੇ ਹਨ। ਨੌਜਵਾਨ ਕੈਫ਼ੀ 1947 ਤੇ ਫਰਵਰੀ ਮਹੀਨੇ ਹੈਦਰਾਬਾਦ ਦੇ ਇੱਕ ਮੁਸ਼ਾਇਰੇ ਵਿਚ 'ਔਰਤ' ਨਾਂ ਦੀ ਕਵਿਤਾ ਦੇ ਇਹ ਸ਼ਿਅਰ ਪੜ੍ਹਦਾ ਹੈ,

ਕਦਰ ਅਬ ਤੱਕ ਤੇਰੀ ਤਾਰੀਖ ਨੇ<br>
ਜਾਨੀ ਹੀ ਨਹੀਂ।<br>
ਤੁੱਝ ਮੇਂ ਸ਼ੁਅਲੇ ਭੀ ਹੈਂ<br>
ਬਸ ਅਸ਼ਕ ਫ਼ਸਾਨੀ ਹੀ ਨਹੀਂ।<br>
ਤੂ ਹਕੀਕਤ ਭੀ ਹੈ<br>
ਦਿਲਚਸਪ ਕਹਾਨੀ ਹੀ ਨਹੀਂ।<br>
ਤੇਰੀ ਹਸਤੀ ਭੀ ਹੈ ਇੱਕ ਚੀਜ਼<br>
ਜਵਾਨੀ ਹੀ ਨਹੀਂ।<br>
ਅਪਨੀ ਤਾਰੀਖ ਕਾ<br>
ਅਨੁਵਾਨ ਬਦਲਨਾ ਹੈ ਤੁਝੇ।<br>
ਉਠ ਮੇਰੀ ਜਾਨ<br>
ਮੇਰੇ ਸਾਥ ਹੀ ਚਲਨਾ ਹੈ ਤੁਝੇ।

19 ਵਰ੍ਹਿਆਂ ਦੀ ਸ਼ੌਕਤ ਕਵਿਤਾ ਸੁਣ ਕੇ ਏਨੀ ਮੋਹਿਤ ਹੋ ਜਾਂਦੀ ਹੈ ਕਿ ਆਪਣੇ ਮਮੇਰੇ ਭਾਈ ਉਸਮਾਨ ਨਾਲ ਤਿੰਨ ਮਹੀਨੇ ਤੱਕ ਹੋਣ ਵਾਲੀ ਸ਼ਾਦੀ ਤੋਂ ਮੁਨਕਰ ਹੋ ਬਹਿੰਦੀ ਹੈ। ਉਧਰ ਕੈਫ਼ੀ ਵੀ ਅਪਣੀ ਮੁੰਬਈ ਵਾਲੀ ਮੰਗੇਤਰ ਤੋਂ ਕਿਨਾਰਾਕਸ਼ੀ ਕਰ ਲੈਂਦਾ ਹੈ। ਪਰ ਇਹ ਕੰਮ ਏਨਾ ਸੌਖਾ ਨਹੀਂ ਸੀ। ਸ਼ੌਕਤ ਨੌਕਰੀਪੇਸ਼ਾ, ਖਾਂਦੇ-ਪੀਂਦੇ ਸੁੰਨੀ ਪਿਤਾ ਦੀ ਧੀ ਸੀ ਅਤੇ ਕੈਫ਼ੀ ਕਟੜ ਸ਼ੀਆ ਮਾਪਿਆਂ ਦਾ ਪੁੱਤਰ ਤੇ ਮਸਤ ਮਲੰਗ ਸ਼ਾਇਰ। ਸ਼ੌਕਤ ਦੇ ਦਸ ਭੈਣ-ਭਰਾਵਾਂ ਵਿਚੋਂ ਦੋ ਭੈਣ-ਭਰਾਵਾਂ ਤੋਂ ਬਿਨਾ ਉਹਦੇ ਨਾਲ ਖੜਾ ਹੋਣ ਵਾਲਾ ਕੋਈ ਨਹੀਂ ਸੀ। ਕਵੀਆਂ ਵਿਚ ਕੈਫ਼ੀ ਤੋਂ ਬਿਨਾ ਮਜਰੂਹ ਸੁਲਤਾਨਪੁਰੀ ਤੇ ਅਲੀ ਸਰਦਾਰ ਜਾਫਰੀ ਵੀ ਸ਼ਾਮਲ ਸਨ। ਆਟੋਗ੍ਰਾਫ ਲੈਣ ਸਮੇਂ ਸ਼ੌਕਤ ਨੇ ਕੈਫ਼ੀ ਦੇ ਆਲੇ-ਦੁਆਲੇ ਭੀੜ ਲੱਗੀ ਦੇਖ ਪਹਿਲਾ ਆਟੋਗ੍ਰਾਫ ਸਰਦਾਰ ਜਾਫਰੀ ਤੋਂ ਲੈ ਲਿਆ। ਜਦੋਂ ਕੈਫ਼ੀ ਨੇ ਸ਼ੌਕਤ ਨੂੰ ਇਸ ਦਾ ਮਿਹਣਾ ਮਾਰਿਆ ਤਾਂ ਸ਼ੌਕਤ ਸਮਝ ਗਈ ਕਿ ਕੈਫ਼ੀ ਵੀ ਉਸ ਨੂੰ ਚਾਹੁੰਦਾ ਹੈ। ਕੌਲ ਕਰਾਰ ਪੌੜੀਆਂ ਵਿਚ ਹੀ ਹੋ ਗਏ। ਸਕੇ ਤੇ ਚਚੇਰੇ ਭਰਾਵਾਂ ਮਿਲਣਾ-ਜੁਲਣਾ ਤਾਂ ਕੀ ਚਿੱਠੀ ਪੱਤਰ ਵੀ ਬੰਦ ਕਰਵਾ ਦਿੱਤਾ। ਪਰ ਸ਼ੌਕਤ ਅਟੱਲ ਸੀ। ਪਿਤਾ ਵੀ ਆਪਣੀ ਧੀ ਨੂੰ ਕਵੀ ਦੇ ਪੱਲੇ ਲਾ ਕੇ ਰੋਲਣ ਤੋਂ ਝਿਜਕਦਾ ਸੀ। ਕੋਈ ਵੀ ਪੇਸ਼ ਨਾ ਜਾਂਦੀ ਵੇਖ ਉਹ ਧੀ ਨੂੰ ਸੈਰ ਸਪਾਟੇ ਦੇ ਬਹਾਨੇ ਮੁੰਬਈ ਲਿਜਾ ਕੇ ਕੈਫ਼ੀ ਵਾਲੇ ਕਮਿਊਨ ਦੀ ਝਾਕੀ ਦਿਖਾਣ ਲੈ ਗਿਆ। ਸ਼ੌਕਤ ਨੂੰ ਉਸ ਦਾ ਪੁਰਾਣੀ ਮੰਜੀ ਤੇ ਕੁਰਸੀ ਮੇਜ਼ ਵਾਲਾ ਇਕੱਲਾ ਕਮਰਾ ਵੀ ਪ੍ਰਵਾਨ ਸੀ। ਪਿਤਾ ਨੇ ਸੱਜਾਦ ਜ਼ਹੀਰ ਨੂੰ ਵਿਚ ਪਾ ਕੇ ਅਤੇ ਕਾਜ਼ੀ ਨੂੰ ਸੁੰਨੀ ਸ਼ੀਆ ਮਸਲੇ ਤੋਂ ਬੇਧਿਆਨ ਕਰਕੇ ਸ਼ੌਕਤ ਨੂੰ ਉਸ ਬੰਧਨ ਵਿਚ ਬੰਨ੍ਹ ਦਿੱਤਾ ਜਿਹੜਾ ਪੂਰੇ 55 ਸਾਲ ਕਾਇਮ ਰਿਹਾ। ਸ਼ਬਾਨਾ ਆਜ਼ਮੀ ਤੇ ਬਾਬਾ ਆਜ਼ਮੀ ਨੂੰ ਇਸ ਦੁਨੀਆਂ ਵਿਚ ਲਿਆਉਣ ਵਾਲਾ ਖ਼ੁਸ਼ਗਵਾਰ ਬੰਧਨ।

ਜਿੱਥੋਂ ਤੱਕ ਕਮਿਊਨਿਸਟ ਪਾਰਟੀ ਤੇ ਉਨ੍ਹਾਂ ਦੀ ਕਮਿਊਨ ਦਾ ਸਬੰਧ ਹੈ ਪਾਰਟੀ ਉਤੇ ਪਾਬੰਦੀਆਂ ਲਗ ਚੁੱਕੀਆਂ ਸਨ। ਕੈਫ਼ੀ ਅੰਡਰਗਰਾਊਂਡ ਚਲਾ ਗਿਆ। ਪਾਰਟੀ ਵਾਲਿਆਂ ਦਾ ਫੈਸਲਾ ਸੀ ਕਿ ਉਨ੍ਹਾਂ ਲਈ ਸ਼ੌਕਤ ਦਾ ਹੋਣ ਵਾਲਾ ਬੱਚਾ (ਸ਼ਬਾਨਾ) ਨੂੰ ਪਾਲਣਾ ਸੰਭਵ ਨਹੀਂ। ਉਨ੍ਹਾਂ ਨੇ ਸ਼ੌਕਤ ਨੂੰ ਗਰਭਪਾਤ ਕਰਾਉਣ ਦੀ ਸਲਾਹ ਵੀ ਦਿੱਤੀ। ਸ਼ੌਕਤ ਪਹਿਲਾਂ ਹੀ ਕੈਫ਼ੀ ਦਾ ਪਹਿਲਾ ਬੱਚਾ ਇਲਾਜ ਖੁਣੋਂ ਗੰਵਾ ਬੈਠੀ ਸੀ। ਉਹ ਨਹੀਂ ਮੰਨੀ। ਅੱਜ ਦੀ ਸ਼ਬਾਨਾ ਆਜ਼ਮੀ ਕਿਸੇ ਹਸਪਤਾਲ ਵਿਚ ਨਹੀਂ ਸਗੋਂ ਇੱਕ ਬਾਗੋ ਨਾਂ ਦੀ ਆਮ ਜਿਹੀ ਦਾਈ ਦੇ ਹੱਥਾਂ ਵਿਚ ਜੰਮੀ। ਉਸ ਦਾ ਭਾਰ ਵੀ ਦਾਣੇ ਤੋਲਣ ਵਾਲੀ ਤਕੜੀ ਨਾਲ ਤੋਲਿਆ ਗਿਆ।

ਸ਼ਬਾਨਾ ਦੀ ਮਾਂ ਸ਼ੌਕਤ ਉਸ ਹੈਦਰਾਬਾਦੀ ਘਰਾਣੇ ਤੋਂ ਆਈ ਸੀ ਜਿਸ ਦੇ ਬਹੁਤੇ ਮੈਂਬਰ ਕੁੜੀਆਂ ਦਾ ਪਰਦੇ ਤੋਂ ਬਿਨਾ ਬਾਹਰ ਜਾਣਾ ਤੇ ਕਿਸੇ ਓਪਰੇ ਮਰਦ ਨਾਲ ਗੱਲਾਂ ਕਰਨਾ ਵੀ ਪਸੰਦ ਨਹੀਂ ਸਨ ਕਰਦੇ। ਜਿੱਥੋਂ ਦੀਆਂ ਮੁਟਿਆਰਾਂ ਆਪਣੇ ਸਿਰ ਦੇ ਵਾਲਾਂ ਵਿਚ ਖ਼ੁਸ਼ਬੋਈ ਸਮੋਣ ਵਾਸਤੇ ਸਿਰ ਧੋਣ ਤੋਂ ਪਿਛੋਂ ਆਪਣੇ ਵਾਲਾਂ ਨੂੰ ਅਜਿਹੇ ਅੰਗਿਆਰਿਆਂ ਉਤੇ ਸੁਕਾਉਂਦੀਆਂ ਸਨ ਜਿਨ੍ਹਾਂ ਉਤੇ ਖ਼ੁਸ਼ਬੂਦਾਰ ਜੜੀ ਬੂਟੀਆਂ ਸਾੜੀਆਂ ਹੁੰਦੀਆਂ ਸਨ। ਅਮੀਰਜ਼ਾਦੇ ਉਨ੍ਹਾਂ ਲਈ ਜਾਨਾਂ ਵਾਰਨ ਨੂੰ ਤਿਆਰ ਰਹਿੰਦੇ ਸਨ।

ਮੇਰੇ ਹਥਲੇ ਸ਼ੀਸ਼ੇ ਦਾ ਨਾਂ 'ਯਾਦ ਕੀ ਰਾਹ ਗੁਜ਼ਰ' ਹੈ। ਸ਼ੌਕਤ ਕੈਫ਼ੀ ਦੀ ਲਿਖੀ ਸਵੈਜੀਵਨੀ। ਸਟਾਰ ਪਬਲੀਕੇਸ਼ਨਜ਼, ਨਵੀਂ ਦਿੱਲੀ ਦੀ ਛਾਪੀ ਹੋਈ। ਇਸ ਵਿਚ ਤੰਗਦਸਤੀ ਦੀਆਂ ਹੋਰ ਝਲਕੀਆਂ ਵੀ ਹਨ। ਇਕ ਵਾਰੀ ਪੈਦਲ ਤੁਰਦਿਆਂ ਸ਼ੌਕਤ ਨੂੰ ਅੰਤਾਂ ਦੀ ਪਿਆਸ ਲਗਦੀ ਹੈ ਪਰ ਪਾਣੀ ਪਿਲਾਉਣ ਵਾਲੀ ਬੁੱਢੀ ਨੂੰ ਦੇਣ ਲਈ ਜੇਬ ਵਿਚ ਦੋ ਪੈਸੇ ਵੀ ਨਹੀਂ। ਉਹ ਪਤੀ ਦੇ ਕਹਿਣ 'ਤੇ ਪਾਣੀ ਪੀਣ ਪਿਛੋਂ ਬੁੱਢੀ ਨੂੰ ਇਹ ਕਹਿ ਕੇ ਤੁਰ ਆਉਂਦੀ ਹੈ ਕਿ ਪਤੀ ਕੋਲੋਂ ਲਿਆ ਦੇਵੇਗੀ। ਸਵੇਰ ਦੀ ਚਾਹ ਆਪੋ ਆਪਣਾ ਮਗ ਲੈ ਕੇ ਸਾਂਝੇ ਪਤੀਲੇ ਤੋਂ ਲਿਆਉਣਾ ਤੇ ਆਪਣੇ ਭਾਂਡੇ ਆਪ ਸਾਫ ਕਰਨਾ ਤਾਂ ਆਮ ਹੀ ਸੀ। ਵਖਰੀ ਰੋਟੀ ਬਣਾਉਣ ਲਈ ਆਪਣੀ ਜਾਂ ਆਪਣੇ ਗਵਾਂਢੀ ਦੀ ਬਾਲਕੋਨੀ ਨੂੰ ਰਸੋਈ ਬਣਾਉਣਾ ਤੇ ਦੋ ਬੱਚਿਆਂ ਦੀ ਮਾਂ ਹੋਣ ਉਤੇ ਵੀ ਇੱਕ ਹੀ ਕਮਰੇ ਵਿਚ ਗੁਜ਼ਾਰਾ ਕਰਨਾ ਵੀ। ਸ਼ਬਾਨਾ ਤੇ ਬਾਬਾ ਆਜ਼ਮੀ ਉਸ ਕਮਿਊਨ ਵਾਲੇ ਜੀਵਨ ਦੀ ਉਪਜ ਹਨ।

ਪਰ ਸ਼ੌਕਤ ਕਮਿਊਨ ਦੇ ਜੀਵਨ ਨੂੰ ਇਕ ਗੁਲਦਸਤਾ ਲਿਖਦੀ ਹੈ। ਗੁਜਰਾਤ ਤੋਂ ਮਨੀ ਬੈਨ, ਮਰਾਠਵਾੜਾ ਤੋਂ ਸਾਵੰਤ ਤੇ ਸ਼ਸ਼ੀ, ਯੂ ਪੀ ਤੋਂ ਕੈਫ਼ੀ, ਸੁਲਤਾਨਾ, ਜਾਫਰੀ ਤੇ ਉਹਦੀਆਂ ਭੈਣਾਂ, ਮੱਧ ਪ੍ਰਦੇਸ਼ ਤੋਂ ਸੁਧੀਰ ਜੋਸ਼ੀ ਤੇ ਹੈਦਰਾਬਾਦ ਤੋਂ ਸ਼ੌਕਤ। ਸਾਰਿਆਂ ਕੋਲ ਇੱਕ ਕਮਰਾ ਤੇ ਬਾਲਕੋਨੀ ਸੀ ਪਰ ਬੱਚੇ ਕਦੀ ਨਹੀਂ ਸਨ ਲੜਦੇ। ਜੇ ਲੜਦੇ ਵੀ ਸਨ ਤਾਂ ਕੋਈ ਕਿਸੇ ਨੂੰ ਉਲਾਂਭਾ ਨਹੀਂ ਸੀ ਦਿੰਦਾ। ਸਾਰੇ ਬਜ਼ੁਰਗ ਦਾਦਾ ਸਨ ਤੇ ਛੋਟੇ ਅੰਕਲ ਆਂਟੀ। ਸਾਰਿਆਂ ਦੇ ਧਰਮ ਵੱਖਰੇ ਪਰ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਕੇਵਲ ਇਕ ਭਾਵ ਇਨਸਾਨੀਅਤ।



*ਕੈਫ਼ੀ, ਸ਼ਬਾਨਾ ਤੇ ਸ਼ੌਕਤ ਕੈਫ਼ੀ (1980)*

ਸੱਚੇ, ਸਪਸ਼ਟ ਤੇ ਸੁਥਰੇ ਬਿਆਨ ਵਾਲੀ ਇਹ ਸਵੈਜੀਵਨੀ ਸੱਜਾਦ, ਜਾਫਰੀ, ਮਖਦੂਮ, ਮਜਰੂਹ, ਸਾਹਿਰ, ਜਜ਼ਬੀ ਤੇ ਜਾਨ ਨਿਸਾਰ ਅਖ਼ਤਰ ਦੀਆਂ ਝਲਕਾਂ ਵੀ ਸਮੋਈ ਬੈਠੀ ਹੈ ਜਿਹੜੇ ਉਨ੍ਹਾਂ ਸਮਿਆਂ ਦੀ ਜਵਾਨੀ ਲਈ ਮਿਸ਼ਾਲਾਂ ਵੀ ਸਨ ਤੇ ਚਾਨਣ ਮੁਨਾਰੇ ਵੀ। ਉਨ੍ਹਾਂ ਤੇ ਰਿਹਾਇਸ਼ੀ ਕਮਰਿਆਂ ਦੇ ਸਾਹਮਣੇ ਹਰੀ ਘਾਹ, ਅੰਬ, ਕੇਲੇ ਤੇ ਕਟਹਲ ਦੇ ਰੁੱਖ, ਮਹਿੰਦੀ ਦੇ ਬੂਟੇ ਤੇ ਚਮੇਲੀ ਦੇ ਫੁੱਲਾਂ ਤੋਂ ਬਿਨਾਂ ਹੋਰ ਕੋਈ ਰੰਗੀਨੀ ਨਹੀਂ ਸੀ। ਹੈਦਰਾਬਾਦੀ ਮਧ-ਸ਼੍ਰੇਣੀ ਦੀ ਜੰਮ-ਪਲ ਸ਼ੌਕਤ ਨੇ ਹਨੀਮੂਨ ਵੀ ਅਜਿਹੇ ਇੱਕ ਕਮਰੇ ਵਿਚ ਮਨਾਇਆ।

ਇਸ ਸਵੈਜੀਵਨੀ ਵਿਚ ਰੰਗਾ-ਰੰਗ ਅਨੁਭਵ ਹਨ, ਠੰਢੇ ਤੱਤੇ ਮੌਸਮਾਂ ਦੀ ਤਸਵੀਰ ਹੈ, ਇਪਟਾ ਤੇ ਪ੍ਰਿਥਵੀ ਥੀਏਟਰ ਦੇ ਨਾਟਕਾਂ ਵਿਚ ਹੀ ਨਹੀਂ 'ਗਰਮ ਹਵਾ' ਤੇ 'ਉਮਰਾਓ ਜਾਨ' ਆਦਿ ਫਿਲਮਾਂ ਵਿਚ ਸ਼ੌਕਤ ਦਾ ਰੋਲ ਹੈ। ਸ਼ੌਕਤ 1928 ਵਿਚ ਹੈਦਰਾਬਾਦ ਵਿਚ ਜਨਮੀ ਤੇ ਉਸ ਨੇ 1947 ਵਿਚ ਕੈਫ਼ੀ ਨੂੰ ਲਭਿਆ, 55 ਵਰ੍ਹੇ ਦਾ ਸਾਥ ਤੇ ਦੋ ਕਮਾਲ ਦੇ ਬੱਚੇ। ਕੁੱਲ ਮਿਲਾ ਕੇ ਇਹ ਰਚਨਾ ਬੀਤੇ ਕੱਲ੍ਹ ਨਾਲ ਪਿਆਰ ਪੈਦਾ ਕਰਨ ਵਾਲੀ ਤੇ ਆਉਣ ਵਾਲੇ ਕੱਲ੍ਹ ਨੂੰ ਚਮਕਾਉਣ ਵਾਲੀ ਹੈ।

ਇਹ ਉਹ ਦਿਨ ਸਨ ਜਦ ਸਰਦਾਰ ਜਾਫ਼ਰੀ ਕਰਤਾਰ ਸਿੰਘ ਦੁੱਗਲ ਦੀ ਸਾਲੀ ਸੁਲਤਾਨਾ ਨਾਲ ਪ੍ਰੇਮ ਕਰ ਰਿਹਾ ਸੀ ਤੇ ਦੁੱਗਲ ਉਸ ਦੀ ਛੋਟੀ ਭੈਣ ਆਇਸ਼ਾ ਨਾਲ। ਇਥੇ ਕੱਚੇ ਵਾਅਦਿਆਂ ਦੀ ਕੋਈ ਥਾਂ ਨਹੀਂ ਸੀ। ਇਹ ਪ੍ਰੇਮ ਪੰਜ ਦਹਾਕਿਆਂ ਤੋਂ ਵੱਧ ਦੇ ਵਿਆਹੁਤਾ ਜੀਵਨ ਵਿਚ ਢਲੇ ਤੇ ਸਫਲ ਰਹੇ। ਜਦੋਂ ਕੈਫ਼ੀ ਤੇ ਸ਼ੌਕਤ ਦੀ ਸ਼ਾਦੀ ਹੋਈ ਸੀ ਤਾਂ ਕੈਫ਼ੀ ਦੀ ਪਹਿਲੀ ਪੁਸਤਕ 'ਆਖਿਰ ਏ ਸ਼ਬ' ਪ੍ਰੈਸ ਵਿਚ ਸੀ। ਸਰਦਾਰ ਜਾਫਰੀ ਕਿਸੇ ਨਾ ਕਿਸੇ ਤਰ੍ਹਾਂ ਇਸ ਦੀ ਇੱਕ ਜਿਲਦ ਲੈ ਆਇਆ ਸੀ ਜਿਹੜੀ ਉਸ ਨੇ ਸ਼ੌਕਤ ਨੂੰ ਕੈਫ਼ੀ ਦਾ ਸ਼ਿਅਰ 'ਜ਼ਿੰਦਗੀ ਜਹਿਦ ਮੇਂ ਹੈ ਸਬਰ ਕੇ ਕਾਬੂ ਮੇ ਨਹੀਂ' ਲਿਖ ਕੇ ਭੇਟ ਕੀਤੀ ਸੀ। 'ਆਖਿਰ ਏ ਸ਼ਬ' ਦਾ ਸਮਰਪਣ ਕੈਫ਼ੀ ਨੇ ਸ਼ੌਕਤ ਦੇ ਨਾਂ ਇਨ੍ਹਾਂ ਸ਼ਬਦਾਂ ਨਾਲ ਕੀਤਾ ਸੀ 'ਮੈਂ ਤਨਹਾ (ਇਕੱਲਾ) ਅਪਨੇ ਫਨ ਕੋ ਆਖਿਰ ਏ ਸ਼ਬ ਤੱਕ ਲਾ ਚੁਕਾ ਹੂੰ ਤੁਮ ਆ ਜਾਓ ਤੋ ਸਹਰ (ਸਵੇਰ) ਹੋ ਜਾਏ।' ਇਹ ਪੁਸਤਕ ਉਸ ਦੀ ਸਵੇਰ ਦੀ ਗਾਥਾ ਹੈ। ਪੁਸਤਕ ਵਿਚ ਇਸਮਤ ਚੁਗਤਾਈ, ਸੰਜੀਵ ਕੁਮਾਰ, ਪ੍ਰਿਥਵੀ ਰਾਜ ਕਪੂਰ ਤੇ ਕਮਿਊਨਿਸਟ ਲਹਿਰ ਦਾ ਦਮ ਭਰਨ ਵਾਲੇ ਅਨੇਕਾਂ ਸਿਤਾਰੇ ਵੀ ਤੁਰਦੇ-ਫਿਰਦੇ ਨਜ਼ਰ ਆਉਂਦੇ ਹਨ, ਕੁਝ ਇਸ ਤਰ੍ਹਾਂ ਜਿਵੇਂ ਕ੍ਰਾਂਤੀਕਾਰੀ, ਚਿੰਤਕ, ਅਦੀਬ, ਆਰਟਿਸਟ ਉਜਲੇ ਭਵਿੱਖ ਦੇ ਸੁਪਨੇ ਸਜਾਈ ਤੁਰੇ ਜਾ ਰਹੇ ਹੋਣ। ਉਨ੍ਹਾਂ ਸੈਂਕੜੇ, ਹਜ਼ਾਰਾਂ, ਨਜ਼ਮਾਂ, ਗੀਤਾਂ, ਗਜ਼ਲਾਂ, ਨਾਟਕ, ਨਾਵਲ ਤੇ ਅਫਸਾਨਿਆਂ ਦੇ ਜਨਮ ਦਾਤਾ ਜਿਹੜੇ ਸਾਡੇ ਸਭਿਆਚਾਰਕ ਵਿਰਸੇ ਦਾ ਅੰਗ ਬਣ ਚੁੱਕੇ ਹਨ।

ਇਹ ਸੰਖੇਪ ਜਿਹੀ ਆਪ ਬੀਤੀ ਉਰਦੂ ਭਾਸ਼ਾ ਦਾ ਹਾਸਿਲ ਨਾ ਰਹਿ ਕੇ ਇਕ ਲਹਿਰ ਦਾ ਹਾਸਲ ਹੈ ਜਿਸ ਨੇ ਆਉਣ ਵਾਲੀਆਂ ਪੀੜ੍ਹੀਆਂ ਦਾ ਮਾਰਗ ਦਰਸ਼ਨ ਕਰਨਾ ਹੈ।

### ਅੰਮ੍ਰਿਤਾ ਪ੍ਰੀਤਮ ਤੇ ਵਿਰਸੇ ਦੀ ਹੋਣੀ

ਕਿਸੇ ਕਲਾਕਾਰ ਦਾ ਵਿਰਸਾ ਉਸ ਦੀ ਰਚਨਾ ਤੇ ਰਚਨਾ ਦੀ ਸਾਂਭ-ਸੰਭਾਲ ਹੁੰਦਾ ਹੈ। ਧੀਆਂ ਪੁੱਤਰ ਪਿਛੋਂ ਆਉਂਦੇ ਹਨ। ਪੰਜਾਬੀ ਕਵੀ ਅੰਮ੍ਰਿਤਾ ਪ੍ਰੀਤਮ ਹਰ ਪਾਸਿਉਂ ਅਭਾਗੀ ਰਹੀ ਹੈ। ਉਸ ਦਾ ਮਕਾਨ ਜਿਹੜਾ ਮਹਿੰਦਰ ਸਿੰਘ ਰੰਧਾਵਾ ਦੀ ਮਿਹਰਬਾਨੀ ਸਦਕਾ ਬਣਿਆ ਤੇ ਜਿਸ ਨੂੰ ਉਸ ਦੇ ਸਾਥੀ ਇਮਰੋਜ਼ ਨੇ ਅੰਮ੍ਰਿਤਾ ਦੀਆਂ ਕਾਵਿ ਟੁਕੜੀਆਂ ਨਾਲ ਸ਼ਿੰਗਾਰਿਆ, ਅੰਮ੍ਰਿਤਾ ਦੇ ਆਪਣੇ ਪੁੱਤਰ ਨਵਰਾਜ ਨੇ ਅਵੱਲੇ ਲਾਲਚ ਹਿੱਤ ਵੇਚ ਛੱਡਿਆ। ਹੁਣ ਇਕ ਸਾਲ ਦੇ ਅਰਸੇ ਪਿੱਛੋਂ ਪੁੱਤਰ ਦੀ ਭੇਦ ਭਰੀ ਹੱਤਿਆ ਨੇ ਅੰਮ੍ਰਿਤਾ ਦੀ ਹੋਣੀ ਨੂੰ ਅਤਿਅੰਤ ਮਾੜੀ ਬਣਾ ਦਿੱਤਾ ਹੈ। ਉਹ ਦਿੱਲੀ ਵਾਲੀ ਪੰਜਾਬੀ ਸਾਹਿਤ ਸਭਾ ਦੀ ਸੀਨੀਅਰ ਫੈਲੋ ਰਹੀ ਹੈ। ਸਾਨੂੰ ਉਸ ਦੀ ਫੈਲੋਸ਼ਿਪ ਦੇ ਵਾਰਸ ਤਾਂ ਗੁਰਸ਼ਰਨ ਸਿੰਘ ਨਾਟਕਕਾਰ ਤੇ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਰੂਪ ਮਿਲ ਗਏ ਪਰ ਬਾਕੀ ਹੋਣੀਆਂ ਦਾ ਹਲ ਨਹੀਂ ਲੱਭ ਰਿਹਾ। ਹੈ ਕੋਈ ਇਸ ਤੋਂ ਅਭਾਗੀ ਗੱਲ। ਪਰਿਵਾਰ ਲਈ ਇਹ ਘੜੀ ਹੋਰ ਵੀ ਦੁਖਦਾਈ ਹੈ। ਇਸ ਲਈ ਵੱਡੇ ਜਿਗਰੇ ਦੀ ਲੋੜ ਹੈ।

**ਅੰਤਿਕਾ:**<br>
(ਮਜਰੂਹ ਸੁਲਤਾਨਪੁਰੀ)<br>
ਮੁਝੇ ਸਹਿਲ ਹੋ ਗਈਂ ਮੰਜ਼ਿਲੇਂ<br>
ਵੁਹ ਹਵਾ ਕੇ ਰੁਖ ਭੀ ਬਦਲ ਗਏ।<br>
ਤੇਰਾ ਹਾਥ ਹਾਥ ਮੇਂ ਆ ਗਿਆ<br>
ਕਿ ਚਿਰਾਗ ਰਾਹ ਮੇਂ ਜਲ ਗਏ।

## ਕਾਵਿ-ਜਗਤ

### ਪੱਥਰਾਂ ਦਾ ਸ਼ਹਿਰ

ਅਸੀਂ ਮਿੱਟੀ ਦੇ ਜਾਏ<br>
ਛੱਡ ਮਿੱਟੀ ਦੇ ਰਿਸ਼ਤੇ<br>
ਪੱਥਰਾਂ ਦੇ ਸ਼ਹਿਰ ਵਿਚ<br>
ਦਿਲਦਾਰ ਲੱਭਣ ਆਏ ਹਾਂ।

ਸਿਖਰ ਦੁਪਹਿਰ ਦੀ ਧੁੱਪ<br>
ਰੱਜ ਕੇ ਮਾਣੀ ਨਾ<br>
ਢਲਦੀ ਹੋਈ ਸ਼ਾਮ 'ਚੋਂ<br>
ਦਿਲਦਾਰ ਲੱਭਣ ਆਏ ਹਾਂ।

ਉਹ ਕੈਸਾ ਮੋਹ ਸੀ<br>
ਗਲ ਲੱਗ ਕੇ ਰੋਏ ਸਾਂ<br>
ਉਹ ਕੈਸੀ ਖਿੱਚ ਸੀ<br>
ਸਾਹਾਂ ਵਿਚ ਪਰੋਏ ਸਾਂ<br>
ਜ਼ਿੰਦਗੀ ਦੀ ਹਕੀਕਤ ਨੂੰ<br>
ਛੱਡ ਰੋਂਦੀ ਵਿਲਕਦੀ<br>
ਸੁਫਨਿਆਂ ਦੇ ਦੇਸ਼ ਦਾ<br>
ਸੰਸਾਰ ਲੱਭਣ ਆਏ ਹਾਂ।

ਉਸ ਪਾਰ ਜਾਣ ਲਈ<br>
ਜੁਗਤਾਂ ਬਣਾਉਂਦੇ ਰਹੇ<br>
ਸਮੁੰਦਰ ਨੂੰ ਮਾਪਦੇ<br>
ਲਹਿਰਾਂ ਨੂੰ ਹੰਢਾਉਂਦੇ ਰਹੇ<br>
ਇੰਜ ਹੀ ਵਕਤ ਨੂੰ<br>
ਮੁੱਠੀ 'ਚੋਂ ਕੇਰ ਦੇ<br>
ਥੋਥੀ ਸ਼ਾਨੋ-ਸ਼ੌਕਤ ਦਾ<br>
ਅੰਬਾਰ ਲੱਭਣ ਆਏ ਹਾਂ।

ਨਾ ਉਹ ਭੁੱਲ ਹੋਇਆ<br>
ਨਾ ਇਹ ਅਪਣਾ ਸਕੇ<br>
ਸੁਣਿਆ ਨਾ ਕਿਸੇ ਨੇ<br>
ਨਾ ਕੁਝ ਕਹਿ ਸਕੇ<br>
ਕਬਰਾਂ ਵਰਗੇ ਘਰਾਂ 'ਚੋਂ<br>
ਸਾਹ ਲੈਂਦੀਆਂ ਲਾਸ਼ਾਂ ਬਣ<br>
ਗੁਗਇਆ ਅਸੀਂ ਜੀਣ ਲਈ<br>
ਆਹਾਰ ਲੱਭਣ ਆਏ ਹਾਂ।

---

### ਰਹਿਮ ਦੀ ਅਪੀਲ

ਘਰ ਦੀਆਂ ਦੋ ਧਿਰਾਂ ਅੰਦਰ<br>
ਮੈਂ ਰਹਿਮ ਦੀ ਅਪੀਲ ਹਾਂ।<br>
ਇਕ ਦੀ ਨਾ ਸਮਝੀ<br>
ਇਕ ਦੀ ਜ਼ਿਦ ਅੰਦਰ<br>
ਮੈਂ ਸਿਸਕਦੀ ਕਲਪਦੀ<br>
ਅਣਸੁਣੀ ਦਲੀਲ ਹਾਂ।

ਘੜੀ ਹਾਂ ਇਕ ਨਾਲ<br>
ਸੁੱਖ ਮੰਗਦੀ ਦੂਜੇ ਲਈ<br>
ਮੈਂ ਇਸ ਲੜਾਈ ਵਿਚ<br>
ਗੂੰਗੀ ਵਕੀਲ ਹਾਂ।<br>
ਜੇ ਹਾਮੀ ਭਰਾਂ ਵਿਹੜੇ ਦੀ<br>
ਛੱਤ ਰੁਸਵਾ ਹੋ ਜਾਏ<br>
ਮੈਂ ਕੱਚੇ ਕੋਠੇ ਦੀ<br>
ਘੁਣ ਖਾਧੀ ਸ਼ਤੀਰ ਹਾਂ।

ਪਰ ਜੇ ਨਾ ਬੋਲਾਂ<br>
ਮੇਰੀ ਰੂਹ ਕੁਰਲਾਉਂਦੀ ਏ<br>
ਮੈਂ ਇੱਧਰ ਨਾ ਉੱਧਰ ਦੀ<br>
ਕੈਸੀ ਤਦਬੀਰ ਹਾਂ।

ਜਿਸ ਘੜਿਆ ਜ਼ਿੰਦਗੀ ਨੂੰ<br>
ਉਦ੍ਹੇ ਕਰਜ ਦਾ ਬੋਝ ਕਹੀ<br>
ਮੈਂ ਤੂਫਾਨੀ ਲਹਿਰਾਂ ਵਿਚ<br>
ਗੋਤੇ ਖਾਂਦੀ ਤਸਵੀਰ ਹਾਂ।

ਲੁੱਟ ਗਿਆ ਸਭ ਕੁਝ ਜਿਸ ਦਾ<br>
ਉਦ੍ਹਾ ਨਾਮ ਹੀ ਬਚ ਜਾਏ<br>
ਮੈਂ ਕੋਰੇ ਕਾਗਜ਼ 'ਤੇ<br>
'ਕੱਲੀ ਲਕੀਰ ਹਾਂ।

ਘਰ ਦੀਆਂ ਦੋ ਧਿਰਾਂ ਅੰਦਰ<br>
ਮੈਂ ਰਹਿਮ ਦੀ ਅਪੀਲ ਹਾਂ।

---

### ਜ਼ਿਦ

ਉਸ ਨੇ ਜ਼ਿਦ ਕੀਤੀ ਸੀ<br>
ਰੋਸ਼ਨੀਆਂ ਦੇ ਸ਼ਹਿਰ ਜਾਣ ਦੀ<br>
ਮੈਂ ਪੁੰਨਿਆ ਦੀ ਰਾਤ ਨੂੰ<br>
ਮੱਸਿਆ ਨਾਲ ਵਟਾ ਲਿਆ।

ਉਸ ਦੇ ਪੈਰਾਂ ਵਿਚ<br>
ਕੰਕਰ ਨਾ ਵੱਜ ਜਾਏ<br>
ਮੈਂ ਹੂੰਝ ਕੇ ਰਾਹਾਂ ਨੂੰ<br>
ਝੋਲੀ ਵਿਚ ਪਾ ਲਿਆ।

ਦਿਨ, ਮਹੀਨੇ, ਸਾਲ ਲੰਘੇ,<br>
ਇਹ ਆਉਂਦੇ ਤੇ ਜਾਂਦੇ ਰਹੇ<br>
ਵਕਤ ਤੇ ਉਮਰ ਤੇ<br>
ਕਿਸੇ ਦਾ ਬੰਧਨ ਕਦ ਰਿਹਾ

ਦੌਲਤ ਦਾ ਛਾਬਾ ਜਦ ਭਾਰਾ ਹੋਇਆ<br>
ਰਾਹਤ ਦਾ ਪਾਸਕੂ ਗਲ ਲੱਗ ਰੋਇਆ<br>
ਮੈਂ ਵਾਂਗ ਸਮਝੌਤੇ ਦੇ<br>
ਜੀਵਨ ਬਿਤਾ ਲਿਆ।

ਹੁਣ ਮਿਲਣ ਨਾ ਮਿਲਣ ਨਾਲ<br>
ਬਹੁਤਾ ਫਰਕ ਨਹੀਂ ਪੈਂਦਾ<br>
ਬਿਰਹਾ ਦੀ ਪੀੜ ਨੂੰ ਮੈਂ<br>
ਸਹਿੰਦੜ ਹੈ ਬਣਾ ਲਿਆ।

ਜਦ ਮੇਰੇ ਸੁੱਖਾਂ ਦੀ,<br>
ਉਹ ਕਦੀ ਗੱਲ ਕਰੇ<br>
ਲੱਗੇ ਜਿਵੇਂ ਹਿੱਕ ਦੇ ਵਿਚ<br>
ਕੋਈ ਖੰਜਰ ਚੁਭਾ ਗਿਆ।<br>
ਕਦਮਾਂ 'ਚੋਂ ਸ਼ਬਦਾਂ ਦੀਆਂ<br>
ਜਦ ਪਾਏ ਬੇੜੀਆਂ<br>
ਝੋਲੀ ਵਿਚ ਕੰਡਿਆਂ ਨੇ<br>
ਲੱਗੇ ਖੂਨ ਵਗਾ ਲਿਆ।

ਮੈਂ ਕੰਧ ਵਾਂਗ ਰਹਿ ਕੇ ਵੀ<br>
ਸਾਹਾਂ ਦੀ ਰਹੀ ਗੱਲ ਕਰਦੀ<br>
ਕੁਝ ਕਹਿਣ ਲਈ ਵਕਤ ਨਹੀਂ ਮਿਲਿਆ<br>
ਮੈਂ ਰਹਿ ਗਈ ਹੁੰਗਾਰਾ ਭਰਦੀ।

ਅੱਗੇ ਲੰਘ ਗਿਆ ਕਾਫ਼ਲਾ<br>
ਪੁੱਛ-ਪੁੱਛ ਕੇ ਰਾਹ ਮੈਨੂੰ<br>
ਮੇਰਾ ਵਜੂਦ ਚੌਰਾਹੇ ਵਿਚ<br>
ਕਿਸੇ ਦੇ ਨਜ਼ਰੀਂ ਹੀ ਨਹੀਂ ਪਿਆ।

*-ਦਵਿੰਦਰ ਗੋਰਾਇਆ, ਵਰਜੀਨੀਆ*<br>
*ਫ਼ੋਨ: 571-315-9543*

ਬਹੁਤ ਬਣਦੇ ਯਾਰ ਅੱਜ ਕੱਲ੍ਹ ਮਹਿਫ਼ਿਲਾਂ ਵਿਚ।<br>
ਲੱਭਣੇ ਸੌਖੇ ਨਹੀਂ ਉਹ ਮੁਸ਼ਕਿਲਾਂ ਵਿਚ।

ਰੇਤਲੇ ਪੈਂਡੇ ਸੁਕਾਉਂਦੇ ਸਾਹ ਨੇ ਮੇਰੇ,<br>
ਤੂੰ ਸਵਾਂਤੀ ਬੂੰਦ ਬਣ ਕੇ ਮਿਲ ਥਲਾਂ ਵਿਚ।

ਛਾਂਗ ਲੈ, ਪਰ ਜੜ੍ਹ ਸਲਾਮਤ ਰਹਿਣ ਦੇਈਂ,<br>
ਵੇਖ ਲਈਂ ਹਰਿਆਵਲਾ ਹੋਊ ਪਲਾਂ ਵਿਚ।

*-ਗੁਰਭਜਨ ਗਿੱਲ*

# ਬਠਿੰਡੇ ਦੀ ਯੂਨੀਵਰਸਿਟੀ ਦਾ ਚਾਂਸਲਰ ਡਾ. ਜੌਹਲ

**ਪ੍ਰਿੰਸੀਪਲ ਸਰਵਣ ਸਿੰਘ**

ਡਾ. ਜੌਹਲ ਜੇ ਜੱਟਾਂ ਦੀ ਥਾਂ ਭਾਪਿਆਂ ਦੇ ਜੰਮੇ ਹੁੰਦੇ ਤਾਂ ਸੰਭਵ ਸੀ ਡਾ. ਮਨਮੋਹਨ ਸਿੰਘ ਦੀ ਥਾਂ ਹੁੰਦੇ! ਇਹ ਹੋਈ ਬੀਤੀ ਗੱਲ ਹੈ ਜਿਸ ਦਾ ਵਿਸਥਾਰ ਕਦੇ ਫੇਰ ਦੇਵਾਂਗੇ। ਉਨ੍ਹਾਂ ਨੂੰ ਹੁਣ ਬਠਿੰਡੇ ਦੀ ਕੇਂਦਰੀ ਯੂਨੀਵਰਸਿਟੀ ਦਾ ਚਾਂਸਲਰ ਬਣਾਇਆ ਗਿਐ। ਇਹਦੇ ਨਾਲ ਡਾ. ਜੌਹਲ ਦਾ ਨਹੀਂ, ਬਠਿੰਡੇ ਦੀ ਯੂਨੀਵਰਸਿਟੀ ਦਾ ਮਾਣ ਵਧਿਐ। ਡਾ. ਜੌਹਲ ਦਾ ਪੂਰਾ ਨਾਂ ਸਰਦਾਰਾ ਸਿੰਘ ਜੌਹਲ ਹੈ ਪਰ ਉਹ ਐਸ.ਐਸ. ਜੌਹਲ ਹੀ ਲਿਖਦੇ ਹਨ। ਉਹ ਸਹੀ ਅਰਥਾਂ ਵਿਚ ਧਰਤੀ ਦੇ ਪੁੱਤ ਹਨ। ਜਿੰਨੇ ਧਰਤੀ ਤੋਂ ਉਪਰ, ਧਰਤੀ 'ਚ ਉਸ ਤੋਂ ਕਿਤੇ ਵੱਧ।

ਮੈਂ ਉਨ੍ਹਾਂ ਨੂੰ 1996 ਤੋਂ ਮਿਲ ਰਿਹਾਂ। ਜਿਸ ਕਾਲਜ ਕਮੇਟੀ ਦੇ ਉਹ ਚੇਅਰਮੈਨ ਰਹੇ, ਮੈਂ ਉਸ ਕਾਲਜ ਦਾ ਪ੍ਰਿੰਸੀਪਲ ਰਿਹਾਂ। ਮੈਨੂੰ ਉਨ੍ਹਾਂ ਨਾਲ ਗੱਲਾਂ-ਬਾਤਾਂ ਕਰਨ ਦੇ ਅਨੇਕਾਂ ਮੌਕੇ ਮਿਲੇ। ਉਹ ਮੇਰੇ ਮੁੰਡੇ ਦੀ ਜੰਨ ਵੀ ਚੜ੍ਹੇ। ਅਮਰਦੀਪ ਕਾਲਜ ਮੁਕੰਦਪੁਰ ਅਕਾਦਮਿਕ ਹਲਕਿਆਂ ਵਿਚ ਡਾ. ਜੌਹਲ ਦਾ ਕਾਲਜ ਕਿਹਾ ਜਾਂਦੈ। ਡਾ. ਜੌਹਲ ਨੇ ਇਸ ਨੂੰ 'ਕਾਲਜ ਵਿਦ ਏ ਡਿਫਰੈਂਸ' ਦਾ ਨਾਂ ਦਿੱਤਾ ਸੀ। ਮੁਕੰਦਪੁਰ ਉਨ੍ਹਾਂ ਦੀ ਪਤਨੀ ਦਾ ਪੇਕਾ ਪਿੰਡ ਹੈ ਜਿਸ ਕਰ ਕੇ ਉਹ ਪਿੰਡ ਦੇ ਫੁੱਫੜ ਜੀ ਹਨ। ਫੁੱਫੜ ਕਿਹਾਂ ਮੂੰਹ ਭਰ ਜਾਂਦੈ! ਮੁਕੰਦਪੁਰੀਆਂ ਨੇ ਜੁਆਈਆਂ ਭਾਈਆਂ ਵਾਲੇ ਮਾਣ ਨਾਲ ਉਨ੍ਹਾਂ ਦਾ ਸਹਿਯੋਗ ਮੰਗਿਆ ਤੇ ਡਾ. ਜੌਹਲ ਨੇ ਅਨੇਕਾਂ ਰੁਝੇਵਿਆਂ ਦੇ ਬਾਵਜੂਦ ਉਨ੍ਹਾਂ ਦਾ ਮਾਣ ਰੱਖਿਆ। ਅਰੰਭ ਵਿਚ ਤਾਂ ਇਹੋ ਕਿਹਾ ਗਿਆ ਕਿ ਸਾਲ ਵਿਚ ਉਹ ਕੁਝ ਘੰਟੇ ਕਾਲਜ ਨੂੰ ਦੇ ਦਿਆ ਕਰਨਗੇ ਪਰ ਬਾਅਦ ਵਿਚ ਉਹ ਆਪਣੀ ਖੁਸ਼ੀ ਨਾਲ ਕਾਲਜ ਲਈ ਖੁੱਲ੍ਹਾ ਵਕਤ ਦਿੰਦੇ ਰਹੇ। ਜਿੱਦਣ ਉਨ੍ਹਾਂ ਨੂੰ ਚਾਂਸਲਰ ਬਣਾਇਆ ਗਿਆ, ਉਦਣ ਵੀ ਉਹ ਅਮਰਦੀਪ ਸੈਕੰਡਰੀ ਸਕੂਲ ਵਿਚ ਆਪਣੇ ਹੱਥੀਂ ਬੂਟਾ ਲਾ ਰਹੇ ਸਨ।

ਡਾ. ਜੌਹਲ ਕੌਮਾਂਤਰੀ ਪ੍ਰਸਿੱਧੀ ਵਾਲੇ ਅਰਥ ਸ਼ਾਸਤਰੀ ਤੇ ਵਿਦਿਅਕ ਮਾਹਿਰ ਹਨ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਭੂਸ਼ਨ ਦੇ ਪੁਰਸਕਾਰ ਨਾਲ ਸਨਮਾਨਿਆ ਹੈ। ਯੂਨੀਵਰਸਿਟੀਆਂ ਨੇ ਉਨ੍ਹਾਂ ਨੂੰ ਡਾਕਟ੍ਰੇਟ ਦੀਆਂ ਆਨਰੇਰੀ ਡਿਗਰੀਆਂ ਦਿੱਤੀਆਂ ਹਨ। ਉਨ੍ਹਾਂ ਨੇ ਯੂ.ਐਨ.ਓ. ਵਿਚ ਕੰਮ ਕਰਦਿਆਂ ਕਈ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ। ਉਹ ਭਾਰਤ ਦੇ ਚਾਰ ਪ੍ਰਧਾਨ ਮੰਤਰੀਆਂ ਦੇ ਆਰਥਿਕ ਸਲਾਹਕਾਰ ਰਹੇ। ਉਹ ਖੇਤੀ ਜਿਣਸਾਂ ਦੀ ਕੀਮਤ ਕਮਿਸ਼ਨ ਦੇ ਚੇਅਰਮੈਨ ਸਨ ਤੇ ਰਿਜ਼ਰਵ ਬੈਂਕ ਆਫ ਇੰਡੀਆ ਦੇ ਬੋਰਡ ਆਫ ਡਾਇਰੈਕਟਰਜ਼ ਵਿਚ ਸ਼ਾਮਲ ਸਨ। ਉਹ ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਰਹੇ ਤੇ ਪੰਜਾਬ ਪਲੈਨਿੰਗ ਬੋਰਡ ਦੇ ਡਿਪਟੀ ਚੇਅਰਮੈਨ। ਉਨ੍ਹਾਂ ਦੇ ਨਾਂ ਨਾਲ ਹੋਰ ਵੀ ਅਨੇਕਾਂ ਅਹੁਦੇ ਜੁੜੇ ਤੇ ਉਹ ਪੰਜਾਬ ਪੀਪਲਜ਼ ਪਾਰਟੀ ਦੇ ਸਰਪ੍ਰਸਤ ਵੀ ਰਹੇ। ਚਾਹੁੰਦੇ ਤਾਂ ਗਵਰਨਰ ਤੇ ਅੰਬੈਸਡਰ ਵੀ ਬਣ ਜਾਂਦੇ ਪਰ ਉਨ੍ਹਾਂ ਨੇ ਕੋਈ ਅਹੁਦਾ ਮੰਗਿਆ ਨਹੀਂ। ਜੋ ਮਿਲਿਆ ਆਪਣੇ ਆਪ ਮਿਲਿਆ ਤੇ ਮਿਲੇ ਦਾ ਮਾਣ ਰੱਖਿਆ।

ਡਾ. ਜੌਹਲ ਨੇ ਬਚਪਨ ਤੇ ਜੁਆਨੀ ਵਿਚ ਤਾਂ ਸਖ਼ਤ ਮਿਹਨਤ ਕੀਤੀ ਹੀ, ਬੁਢਾਪੇ ਵਿਚ ਵੀ ਟਿਕ ਕੇ ਨਹੀਂ ਬੈਠੇ। ਹੁਣ ਵੀ ਜਦ ਕਦੇ ਮਿਲੀਦਾ ਹੈ ਤਾਂ ਕੁਝ ਨਾ ਕੁਝ ਕਰ ਰਹੇ ਹੁੰਦੇ ਨੇ। ਉਨ੍ਹਾਂ ਦਾ ਜੱਦੀ ਪਿੰਡ ਜੰਡਿਆਲਾ ਹੈ ਜੋ ਗੁਰਾਇਆ ਲਾਗੇ ਹੈ। ਉਨ੍ਹਾਂ ਦੇ ਬਜ਼ੁਰਗ ਬਾਰ ਵਿਚ ਚਲੇ ਗਏ ਸਨ ਜਿਥੇ ਉਨ੍ਹਾਂ ਨੇ ਚੱਕਾਂ ਵਾਲਾ ਜੰਡਿਆਲਾ ਵਸਾ ਲਿਆ ਸੀ। ਉਥੇ ਹੀ ਸਰਦਾਰਾ ਸਿੰਘ ਦਾ ਜਨਮ ਸ. ਬੂਟਾ ਸਿੰਘ ਦੇ ਘਰ ਮਾਤਾ ਸ਼ਾਮ ਕੌਰ ਦੀ ਕੁੱਖੋਂ ਹੋਇਆ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਹੈ। ਮਾਂ ਉਦੋਂ ਹੀ ਗੁਜ਼ਰ ਗਈ ਸੀ ਜਦੋਂ ਉਹ ਗੋਦ ਵਿਚ ਸੀ। ਪਾਲਣਾ-ਪੋਸਣਾ ਚਾਚੀਆਂ-ਤਾਈਆਂ ਨੇ ਕੀਤੀ।

ਮੈਂ ਉਨ੍ਹਾਂ ਦੀ ਸਹੀ ਉਮਰ ਪੁੱਛੀ ਤਾਂ ਉਤਰ ਮਿਲਿਆ, "ਮੈਨੂੰ ਉਮਰ ਦਾ ਸਹੀ ਪਤਾ ਨਹੀਂ। ਮੇਰੇ ਮਾਪਿਆਂ ਨੂੰ ਤਾਂ ਸਿਰਫ਼ ਇਹ ਪਤਾ ਸੀ ਕਿ ਮੈਂ 12 ਫੱਗਣ ਨੂੰ ਲੌਢੇ ਵੇਲੇ ਜੰਮਿਆ ਸੀ। ਉਹ ਦੱਸਦੇ ਸਨ ਕਿ ਉਸ ਸਾਲ ਮੇਰੇ ਤਾਇਆ ਜੀ ਦਰ੍ਹਾ ਖ਼ੈਬਰ ਦੇ ਨੇੜੇ ਜਮਰੌਦ ਫੌਜ ਵਿਚ ਨੌਕਰੀ 'ਤੇ ਸਨ ਜਿਥੇ ਉਨ੍ਹਾਂ ਨੂੰ ਮੇਰੇ ਬਾਪ ਨੇ ਮੇਰੇ ਜਨਮ ਦੀ ਖੁਸ਼ਖ਼ਬਰੀ ਦਿੱਤੀ। ਲਾ ਲਓ ਹਿਸਾਬ ਉਹ ਕਿਹੜਾ ਸਾਲ ਸੀ!" ਮੈਂ ਹਿਸਾਬ ਲਇਆ ਤਾਂ ਅਟੇ-ਸਟੇ ਹੁਣ ਉਨ੍ਹਾਂ ਦੀ ਉਮਰ ਅੱਸੀਆਂ ਤੋਂ ਉਤੇ ਹੈ ਪਰ ਉਹ ਵੇਖਣ ਨੂੰ ਸੱਠਾਂ ਦੇ ਲੱਗਦੇ ਹਨ। ਬਣ ਠਣ ਕੇ ਜੁ ਰਹਿੰਦੇ ਹੋਏ। ਉਨ੍ਹਾਂ ਦੀ ਖਿੜੇ ਫੁੱਲ ਵਰਗੀ ਪੱਗ ਦੂਰੋਂ ਹੀ ਟਹਿਕਦੀ ਦਿਸਦੀ ਹੈ। ਪਾਸਪੋਰਟ ਉਤੇ ਉਨ੍ਹਾਂ ਦੀ ਜਨਮ ਤਾਰੀਖ 2 ਅਗਸਤ 1924 ਦਰਜ ਹੈ।

ਸਰਦਾਰਾ ਸਿੰਘ ਨੇ ਆਮ ਕਿਸਾਨਾਂ ਦੇ ਮੁੰਡਿਆਂ ਵਾਂਗ ਬਚਪਨ ਵਿਚ ਡੰਗਰ ਚਾਰੇ, ਖੇਤਾਂ ਦਾ ਕੰਮ ਕੀਤਾ ਤੇ ਪੈਰੋਂ ਨੰਗੇ ਸਕੂਲ ਪੜ੍ਹਨ ਜਾਂਦੇ ਰਹੇ। ਸੱਤ ਅੱਠ ਸਾਲ ਦੀ ਉਮਰ ਤਕ ਤਾਂ ਗਲ-ਤੇੜ 'ਕੱਲਾ ਝੱਗਾ ਹੀ ਹੁੰਦਾ ਸੀ। ਬਾਰ ਦੇ ਪਿੰਡਾਂ ਦਾ ਜੀਵਨ ਖੁੱਲ੍ਹਾ-ਡੁੱਲ੍ਹਾ ਸੀ। ਉਨ੍ਹਾਂ ਦਾ ਪਿੰਡ ਤਹਿਸੀਲ ਜੜ੍ਹਾਂਵਾਲਾ ਜ਼ਿਲ੍ਹਾ ਲਾਇਲਪੁਰ ਵਿਚ ਪੈਂਦਾ ਸੀ। ਸਕੂਲਾਂ ਵਿਚ ਪੜ੍ਹਾਉਣ ਵਾਲੇ ਮਾਸਟਰ ਬੜੇ ਸਖ਼ਤ ਹੁੰਦੇ ਸਨ। ਬੈਂਤ ਮਾਰਨ ਦੀ ਸਜ਼ਾ ਮਿਲਣੀ ਆਮ ਗੱਲ ਸੀ। ਬਾਲਕ ਸਰਦਾਰਾ ਸਿੰਘ ਵੀ ਅਜਿਹੀ ਸਜ਼ਾ ਤੋਂ ਬਚ ਨਾ ਸਕਿਆ। ਇਕ ਮਾਸਟਰ ਤਾਂ ਹਰ ਰੋਜ਼ ਹੀ ਉਸ ਦੇ ਬੈਂਤ ਲਾਇਆ ਕਰਦਾ ਸੀ। ਇਕ ਦਿਨ ਸਰਦਾਰਾ ਸਿੰਘ ਨੇ ਪ੍ਰਾਰਥਨਾ ਸਮੇਂ ਹੋਰ ਮਾਸਟਰਾਂ ਵਿਚ ਖੜ੍ਹੇ ਉਸ ਮਾਸਟਰ ਨੂੰ ਕਿਹਾ, "ਮਾਸਟਰ ਜੀ, ਮੇਰੇ ਬੈਂਤ ਹੁਣੇ ਈ ਲਾ ਲਓ, ਫੇਰ ਮੈਂ ਜੜ੍ਹਾਂਵਾਲੇ ਜਾਣੈ!"

ਬਾਲਕ ਦੀ ਭੋਲੇ ਭਾਅ ਕਹੀ ਗੱਲ ਦੀ



ਡਾ. ਸਰਦਾਰਾ ਸਿੰਘ ਜੌਹਲ

ਸ਼ਰਮਿੰਦਗੀ ਮੰਨਣ ਦੀ ਥਾਂ ਮਾਸਟਰ ਨੇ ਹੋਰ ਵੀ ਗੁੱਸਾ ਕੀਤਾ ਤੇ ਪਹਿਲਾਂ ਨਾਲੋਂ ਦੋ ਬੈਂਤ ਵੱਧ ਲਾਏ। ਸਕੂਲ ਦੀ ਪੜ੍ਹਾਈ ਤੋਂ ਬਾਅਦ ਸਰਦਾਰਾ ਸਿੰਘ ਖੇਤਾਂ ਵਿਚ ਕੰਮ ਕਰਾਉਂਦਾ ਤੇ ਪੱਠੇ ਵੱਢ ਕੇ ਟੋਕੇ ਉਤੇ ਕੁਤਰਦਾ। ਉਹ ਬਾਰ੍ਹਾਂ ਹੱਥ ਲੰਮੀ ਛਾਲ ਮਾਰ ਜਾਂਦਾ ਸੀ। 1947 ਦੀ ਦੇਸ਼ ਵੰਡ ਪਿੱਛੋਂ ਉਨ੍ਹਾਂ ਦੇ ਪਰਿਵਾਰ ਨੂੰ ਉਜੜ ਕੇ ਪਿੰਡ ਜੰਡਿਆਲੇ ਆਉਣਾ ਪਿਆ। ਏਧਰ ਆ ਕੇ ਸਰਦਾਰਾ ਸਿੰਘ ਨੇ ਐਗਰੀਕਲਚਰ ਦੀ ਬੀ.ਐਸਸੀ. ਕੀਤੀ।

ਪਹਿਲਾਂ ਪਹਿਲ ਨੂਰਮਹਿਲ ਤੇ ਬਿਲਗੇ ਦੇ ਸਕੂਲਾਂ ਵਿਚ ਆਰਜ਼ੀ ਅਧਿਆਪਕ ਦੀ ਨੌਕਰੀ ਮਿਲੀ। ਵਿਆਹ ਮੁਕੰਦਪੁਰ ਦੀ ਬੀਬੀ ਮਹਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਇਕ ਧੀ ਤੇ ਇਕ ਪੁੱਤਰ ਨੇ ਜਨਮ ਲਿਆ। ਉਨ੍ਹਾਂ ਦਾ ਪੁੱਤਰ ਜਨਮੇਜਾ ਜੌਹਲ ਸਾਦੇ ਸੁਭਾਅ ਦਾ ਕਲਾਕਾਰ ਹੈ। ਪਰਿਵਾਰ ਦਾ ਪੱਕਾ ਟਿਕਾਣਾ ਲੁਧਿਆਣੇ ਦਾ ਗੁਰਦੇਵ ਨਗਰ ਹੈ। ਜੌਹਲ ਸਾਹਿਬ ਪਾਲਮਪੁਰ ਦੇ ਆਰਜ਼ੀ ਟਿਕਾਣੇ 'ਤੇ ਵੀ ਚਲੇ ਜਾਂਦੇ ਹਨ।

ਡਾ. ਜੌਹਲ ਖੇਤੀਬਾੜੀ ਇੰਸਪੈਕਟਰ ਵੀ ਬਣੇ ਤੇ ਆਲ ਇੰਡੀਆ ਰੇਡੀਓ ਤੋਂ ਮੰਡੀਆਂ ਦੇ ਭਾਅ ਵੀ ਬੋਲਦੇ ਰਹੇ। ਉਨ੍ਹਾਂ ਨੇ ਇਕਨੌਮਿਕਸ ਦੀ ਐਮ.ਏ. ਤੇ ਪੀਐਚ.ਡੀ. ਕੀਤੀ ਤੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਚ ਲੈਕਚਰਾਰ ਲੱਗ ਗਏ। ਫਿਰ ਪ੍ਰੋਫੈਸਰ ਤੇ ਵਿਭਾਗ ਦੇ ਮੁਖੀ ਬਣੇ। ਰਿਸਰਚ ਦੇ ਡਾਇਰੈਕਟਰ ਰਹੇ। ਯੂ.ਐਨ.ਓ. ਦੀ ਨੌਕਰੀ ਕਰਦਿਆਂ ਅਮਰੀਕਾ ਤੇ ਇਰਾਨ ਵਿਚ ਕੁਝ ਵਰ੍ਹੇ ਬਿਤਾਏ। ਵਾਪਸ ਆ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਬਣੇ। ਉਨ੍ਹਾਂ ਦਿਨਾਂ 'ਚ ਯੂਨੀਵਰਸਿਟੀ ਦਾ ਮਾਹੌਲ ਵਿਗੜਿਆ ਹੋਇਆ ਸੀ ਜੋ ਉਨ੍ਹਾਂ ਨੇ ਦੂਰਅੰਦੇਸ਼ੀ ਨਾਲ ਠੀਕ ਕੀਤਾ।

ਡਾ. ਜੌਹਲ ਨੂੰ ਕਿਸਾਨੀ ਸਮਾਜ ਦਾ ਦਿਮਾਗ ਕਿਹਾ ਜਾਂਦੈ। ਉਹ ਲੇਖਕ ਵੀ ਹਨ। ਉਨ੍ਹਾਂ ਨੇ ਅੰਗਰੇਜ਼ੀ ਵਿਚ ਕਿਤਾਬਾਂ ਤੇ ਅਨੇਕਾਂ ਖੋਜ ਪੱਤਰ ਲਿਖੇ। ਪੰਜਾਬੀ ਵਿਚ ਆਪਣੀ ਜੀਵਨ ਗਾਥਾ ਲਿਖੀ ਜਿਸ ਦਾ ਨਾਂ 'ਰੰਗਾਂ ਦੀ ਗਾਗਰ' ਹੈ। ਇਸ ਵਿਚ ਉਨ੍ਹਾਂ ਨੇ ਜਿਥੇ ਆਪਣੇ ਜੀਵਨ ਦੀਆਂ ਘਟਨਾਵਾਂ ਦਾ ਵੇਰਵਾ ਦਿੱਤਾ ਹੈ, ਉਥੇ ਪੰਜਾਬ ਦਾ ਪੰਜਾਹ ਸਾਲਾਂ ਦਾ ਇਤਿਹਾਸ ਵੀ ਪੇਸ਼ ਕੀਤਾ ਹੈ। ਯੂਨੀਵਰਸਿਟੀਆਂ ਦੇ ਕੰਮ ਕਾਜ ਬਾਰੇ ਬਹੁਮੁੱਲੀ ਜਾਣਕਾਰੀ ਦਿੱਤੀ ਹੈ। ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਰਹੇ ਤੇ ਉਨ੍ਹਾਂ ਦੀ ਪ੍ਰਧਾਨਗੀ ਦੌਰਾਨ ਅਕਾਦਮੀ ਕਾਫੀ ਵਿਕਸਿਤ ਹੋਈ। ਉਨ੍ਹਾਂ ਨੂੰ ਅੰਗਰੇਜ਼ੀ, ਪੰਜਾਬੀ ਤੇ ਉਰਦੂ ਵਿਚ ਭਾਸ਼ਣ ਕਰਨ ਉਤੇ ਆਬੂਰ ਹਾਸਲ ਹੈ। ਉਹ ਹਿੰਦੀ ਤੇ ਫਾਰਸੀ ਦੇ ਵੀ ਮਾਹਰ ਹਨ। ਅਜੇ ਤਕ ਵੀ ਉਹ ਚਲੰਤ ਨੋਟਸ ਉਰਦੂ ਵਿਚ ਹੀ ਨੋਟ ਕਰਦੇ ਹਨ। ਮੈਨੂੰ ਉਹ ਅਕਸਰ ਹੀ ਪੰਜਾਬੀ ਵਿਚ ਲਿਖ ਕੇ ਹਦਾਇਤ ਕਰਦੇ ਹਾਲਾਂ ਕਿ ਪੰਜਾਬੀ ਉਨ੍ਹਾਂ ਨੇ ਕਿਸੇ ਵੀ ਸਕੂਲ ਵਿਚ ਨਹੀਂ ਪੜ੍ਹੀ।

ਆਪਣੀ ਪੁਸਤਕ 'ਰੰਗਾਂ ਦੀ ਗਾਗਰ' ਵਿਚ ਉਨ੍ਹਾਂ ਨੇ ਆਪਣੇ ਜੀਵਨ ਦੇ ਕਈ ਦਿਲਚਸਪ ਵੇਰਵੇ ਅੰਕਿਤ ਕੀਤੇ ਹਨ। ਬਾਰ ਦੇ ਪਿੰਡਾਂ ਵਿਚ ਬੱਚੇ ਪਠੀਰ ਉਮਰ ਤਕ ਨੰਗ ਧੜੰਗੇ ਹੀ ਰਹਿੰਦੇ। ਉਹ ਲਿਖਦੇ ਹਨ, 'ਇਕੇਰਾਂ ਚੌਲਾਂ ਦਾ ਯੱਗ ਹੋ ਰਿਹਾ ਸੀ। ਅਸੀਂ ਚੌਲ ਪੁਆਉਣ ਲਈ ਝੱਗਿਆਂ ਦੀਆਂ ਝੋਲੀਆਂ ਅੱਡੀਆਂ ਤਾਂ ਸਾਨੂੰ ਝਿੜਕਾਂ ਪਈਆਂ, ਪਈ ਘੋੜਿਆਂ ਜਿੱਡੇ ਹੋ ਗਏ ਓ, ਤੁਹਾਨੂੰ ਸ਼ਰਮ ਨਹੀਂ ਆਉਂਦੀ?' ਡਾ. ਜੌਹਲ ਸਾਰੀ ਉਮਰ ਸਾਦਗੀ ਵਿਚ ਵਿਚਰੇ ਹਨ। ਮੈਨੂੰ ਉਨ੍ਹਾਂ ਦੀ ਇਕ ਗੱਲ ਯਾਦ ਆ ਰਹੀ ਹੈ। ਮੈਂ ਉਦੋਂ ਅਮਰਦੀਪ ਕਾਲਜ ਵਿਚ ਪ੍ਰਿੰਸੀਪਲ ਲੱਗਾ ਹੀ ਸਾਂ ਕਿ ਜੌਹਲ ਸਾਹਿਬ ਕਾਲਜ ਆਏ। ਕਾਲਜ ਦੇ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ ਦੀ ਮਾਤਾ ਕਰਮ ਕੌਰ ਵੀ ਇੰਗਲੈਂਡ ਤੋਂ ਪਿੰਡ ਆਏ ਹੋਏ ਸਨ। ਉਨ੍ਹਾਂ ਨੇ ਸਾਨੂੰ ਆਪਣੇ ਘਰ ਰੋਟੀ 'ਤੇ ਸੱਦਿਆ। ਮਾਤਾ ਜੀ ਨੇ ਦੋ ਥਾਲੀਆਂ ਵਿਚ ਤਿੰਨ-ਤਿੰਨ ਕੌਲੀਆਂ ਰੱਖ ਕੇ ਖਾਣਾ ਪਰੋਸਿਆ। ਜੌਹਲ ਸਾਹਿਬ ਨੇ ਮੈਨੂੰ ਪੁੱਛਿਆ, "ਸਰਵਣ ਸਿੰਘ, ਇਹ ਦੱਸ ਕਿ ਤਿੰਨਾਂ ਕੌਲੀਆਂ 'ਚੋਂ ਕਿਹੜੀ ਕੌਲੀ ਦੀ ਦਾਲ ਸਬਜ਼ੀ ਵੱਧ ਸੁਆਦ ਐ?"

ਮੈਂ ਆਖਿਆ, "ਮਾਤਾ ਜੀ ਦੀਆਂ ਬਣਾਈਆਂ ਹੋਈਆਂ ਨੇ, ਸਾਰੀਆਂ ਹੀ ਸੁਆਦ ਸਮਝੋ।"

ਉਨ੍ਹਾਂ ਕਿਹਾ, "ਮੈਂ ਇਕੋ ਦਾਲ ਜਾਂ ਸਬਜ਼ੀ ਨਾਲ ਰੋਟੀ ਖਾਂਦਾ ਆ ਰਿਹਾਂ। ਇਹ ਦੱਸ ਕਿ ਤਿੰਨਾਂ ਕੌਲੀਆਂ 'ਚੋਂ ਕਿਹੜੀ ਕੌਲੀ ਲਵਾਂ?"

ਉਹ ਘਰ ਵਿਚ ਹੋਣ ਤਾਂ ਕਾਲੀ ਚਾਹ ਪੀਂਦੇ ਹਨ। ਬਾਹਰ ਅੰਦਰ ਜਿਹੋ ਜਿਹੀ ਮਿਲੇ, ਪੀ ਲੈਂਦੇ ਹਨ। ਉਨ੍ਹਾਂ ਦੀ ਮਨਪਸੰਦ ਮਠਿਆਈ ਕਲਾਕੰਦ ਹੈ ਤੇ ਮੇਵਿਆਂ 'ਚੋਂ ਸੌਗੀ। ਦੁੱਧ ਪੀਣਾ ਉਨ੍ਹਾਂ ਨੇ ਦੇਰ ਦਾ ਛੱਡਿਆ ਹੋਇਐ। ਦਿਲ ਦੇ ਦੌਰੇ ਨੇ ਸ਼ੱਕਰ ਘਿਉ ਛੁਡਾ ਦਿੱਤੇ ਹਨ ਜੋ ਉਨ੍ਹਾਂ ਦੀ ਮਨਭਾਉਂਦੀ ਖੁਰਾਕ ਸੀ।

ਡਾ. ਜੌਹਲ ਦੀਆਂ ਬਿਜਲੀ ਤੇ ਖੇਤੀ ਦੀ ਭਿੰਨਤਾ ਬਾਰੇ ਖੋਜ ਭਰਪੂਰ ਰਿਪੋਰਟਾਂ ਚਰਚਾ ਦਾ ਵਿਸ਼ਾ ਰਹੀਆਂ ਹਨ। ਗੈਟ ਸਮਝੌਤੇ ਬਾਰੇ ਉਨ੍ਹਾਂ ਨੇ ਬੜਾ ਸਪੱਸ਼ਟ ਸਟੈਂਡ ਲਿਆ ਸੀ। ਅਜੀਤ ਅਖ਼ਬਾਰ ਵਿਚ ਉਨ੍ਹਾਂ ਦਾ ਵਿਅੰਗਮਈ ਕਾਲਮ 'ਮੇਰਾ ਭਾਰਤ ਮਹਾਨ' ਪਾਠਕਾਂ ਵਿਚ ਬੜਾ ਹਰਮਨ ਪਿਆਰਾ ਰਿਹਾ।

ਆਮ ਪੇਂਡੂ ਕਾਲਜਾਂ ਵਿਚ ਵਾਈਸ ਚਾਂਸਲਰ ਨਹੀਂ ਜਾਂਦੇ ਪਰ ਡਾ. ਜੌਹਲ ਸਦਕਾ ਅਨੇਕਾਂ ਵਾਈਸ ਚਾਂਸਲਰ ਅਮਰਦੀਪ ਕਾਲਜ ਵਿਚ ਪਧਾਰੇ। ਇਕੇਰਾਂ ਕਾਲਜ ਦੀਆਂ ਕੁੜੀਆਂ ਗਿੱਧੇ ਦੀ ਆਈਟਮ ਤਿਆਰ ਕਰ ਰਹੀਆਂ ਸਨ। ਜੌਹਲ ਸਾਹਿਬ ਦਫਤਰ ਆਏ ਬੈਠੇ ਸਨ। ਗਿੱਧੇ 'ਚੋਂ ਵਾਰ-ਵਾਰ ਆਵਾਜ਼ ਆਵੇ-ਉਹਨੇ ਕੀ ਨੱਚਣਾ, ਜੀਹਨੇ ਦੁੱਧ ਬੱਕਰੀ ਦਾ ਪੀਤਾ, ਉਹਨੇ ਕੀ ਨੱਚਣਾ...। ਡਾ. ਸਾਹਿਬ ਮੁਸਕਰਾਉਂਦੇ ਹੋਏ ਕਹਿਣ ਲੱਗੇ, "ਇਨ੍ਹਾਂ ਕੁੜੀਆਂ ਨੂੰ ਕੀ ਪਤਾ ਕਿ ਬੱਕਰੀ ਦੇ ਦੁੱਧ 'ਚ ਕਿੰਨੀਆਂ ਨਿਆਮਤਾਂ? ਮਹਾਤਮਾ ਗਾਂਧੀ ਐਵੇਂ ਨਹੀਂ ਸੀ ਬੱਕਰੀ ਲਈ ਫਿਰਦਾ। ਪੰਡਤ ਪੂੰਨ 'ਚ ਗਾਂ ਲੈਂਦੇ ਹਨ ਮੱਝ ਨਹੀਂ। ਪੰਜਾਬੀ ਤਾਂ ਮਾਰੇ ਈ ਮੱਝ ਦੇ ਦੁੱਧ ਦੇ ਪਏ ਨੇ। ਜਿਹੋ ਜਿਹੀ ਮੱਝ, ਉਹੋ ਜਿਹੀ ਅਕਲ!"

ਮੱਝ ਦੇ ਦੁੱਧ ਬਾਰੇ ਛਿੜੀਆਂ ਗੱਲਾਂ 'ਚੋਂ ਹੀ ਮੈਂ ਇਕ ਲੇਖ ਦਾ ਸਿਰਲੇਖ ਰੱਖਿਆ ਸੀ-ਮੱਝਾਂ ਦਾ ਦੁੱਧ ਪੀਣ ਵਾਲੇ। ਲਿਖਿਆ ਸੀ ਕਿ ਜਿਸ ਜਾਨਵਰ ਦਾ ਦੁੱਧ ਪੀਈਏ, ਸੁਭਾਅ ਵੀ ਉਹਦੇ ਵਰਗਾ ਹੋ ਜਾਂਦੈ। ਮੱਝਾਂ ਸਿੰਗ ਫਸਾ ਬਹਿੰਦੀਆਂ ਹਨ ਤੇ ਝੋਟੇ ਘੋਰੂ ਪਾਏ ਬਿਨਾਂ ਨਹੀਂ ਰਹਿੰਦੇ। ਉਹ ਭਿੜਨ ਦਾ ਬਹਾਨਾ ਈ ਭਾਲਦੇ ਹਨ। ਇਕ ਝੋਟਾ ਦੂਜੇ ਝੋਟੇ ਨੂੰ ਵੇਖ ਨਹੀਂ ਸਖਾਉਂਦਾ...। ਇਸ ਦਾ ਸੰਕੇਤ ਡਾ. ਜੌਹਲ ਨੇ ਆਪਣੀ ਪੁਸਤਕ 'ਰੰਗਾਂ ਦੀ ਗਾਗਰ' ਵਿਚ ਵੀ ਦਿੱਤਾ ਸੀ।

#

## ਸੰਪਾਦਕ ਦੀ ਡਾਕ

# ਬਲਜੀਤ ਬਾਸੀ ਦੀਆਂ ਸ਼ਬਦਾਂ ਦੇ ਮਾਨਸਰੋਵਰ ਵਿਚ ਤਾਰੀਆਂ

ਸੰਪਾਦਕ ਜੀ,

ਬੜੇ ਚਿਰ ਦੀ ਦਿਲੀ ਖਵਾਹਿਸ਼ ਸੀ ਕਿ ਤੁਹਾਡੇ ਲੇਖ 'ਕਮਲਿਆਂ ਦਾ ਟੱਬਰ' ਦੁਬਾਰਾ ਪੜ੍ਹਨ ਨੂੰ ਮਿਲੇ। ਇਸ ਲੇਖ ਨਾਲ ਮੇਰੀ ਆਪਣੀ ਨਿੱਜੀ ਅਤੇ ਅੰਦਰਲੀ ਖੁਸ਼ੀ ਵੀ ਜੁੜੀ ਹੋਈ ਹੈ। ਇਹ ਲੇਖ ਪੜ੍ਹ ਕੇ ਮੇਰਾ ਅਕਾਲ ਪੁਰਖ ਵਿਚ ਯਕੀਨ ਅਤੇ ਵਿਸ਼ਵਾਸ ਹੋਰ ਡੂੰਘਾ ਹੋ ਗਿਆ ਸੀ ਅਤੇ ਹੱਥ ਜੁੜ ਗਏ ਸਨ ਉਸ ਮਾਲਕ ਅੱਗੇ ਕਿ ਪਰਮੇਸ਼ਵਰ ਨੂੰ ਜੋ ਤੈਨੂੰ ਭਾਉਂਦਾ ਹੈ, ਉਹ ਹੀ ਹੁੰਦਾ ਹੈ। ਇਹ ਲੇਖ ਦੁਬਾਰਾ ਛਾਪਣ ਲਈ ਤੁਹਾਡਾ ਬਹੁਤ ਧੰਨਵਾਦ। ਇਸ ਲਿਖਤ ਰਾਹੀਂ ਤੁਸੀਂ ਆਪਣੇ ਜੀਵਨ ਦੀ ਜੋ ਸੱਚਾਈ ਬਿਆਨ ਕੀਤੀ ਹੈ ਅਤੇ ਪਾਠਕਾਂ ਦੇ ਮਨਾਂ ਨੂੰ ਹਲੂਣਾ ਦਿੱਤਾ ਹੈ, ਉਸ ਨੂੰ ਪੜ੍ਹ ਜਾਂ ਸੁਣ ਕੇ ਤਾਂ ਨਾਸਤਕ ਆਦਮੀ ਵੀ ਰੱਬ ਉਤੇ ਯਕੀਨ ਕਰਨ ਲਈ ਮਜਬੂਰ ਹੋ ਜਾਵੇ।

'ਪੰਜਾਬ ਟਾਈਮਜ਼' ਦੇ 8 ਸਤੰਬਰ 2012 ਵਾਲੇ ਅੰਕ ਵਿਚ ਬਲਜੀਤ ਬਾਸੀ ਦਾ 'ਪ੍ਰਸਾਦਿ' ਪੜ੍ਹ ਕੇ ਅਤਿ ਪ੍ਰਸੰਨਤਾ ਹੋਈ। ਬਾਸੀ ਜੀ ਦਾ ਜਿੰਨਾ ਧੰਨਵਾਦ ਕੀਤਾ ਜਾਵੇ, ਥੋੜ੍ਹਾ ਹੈ। ਉਹ ਸਦਾ ਸ਼ਬਦਾਂ ਦੇ ਮਾਨਸਰੋਵਰ ਵਿਚ ਤਾਰੀਆਂ ਲਾਉਂਦੇ ਹਨ ਅਤੇ ਪਾਠਕਾਂ ਨੂੰ ਸ਼ਬਦਾਂ ਦੀ ਪੀਂਘ 'ਤੇ ਬਿਠਾ ਕੇ ਸਮੁੱਚੇ ਅਸਮਾਨ ਦੀ ਸੈਰ ਵੀ ਕਰਵਾ ਦਿੰਦੇ ਹਨ। ਇਸ ਵਾਰ ਉਨ੍ਹਾਂ ਨੇ ਜੋ ਡਾ. ਗੁਰੂਮੇਲ ਸਿੰਘ ਸਿੱਧੂ ਦੀ ਕਿਤਾਬ 'ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ' ਬਾਰੇ ਲਿਖਿਆ ਹੈ, ਉਹ ਅਤਿ ਖੂਬਸੂਰਤ ਹੈ। ਇਹ ਕਿਤਾਬ ਗੁਰੂ ਦੀ ਮਤ ਅਤੇ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੇ ਹੋਏ ਗੁਰੂ ਪਿਆਰਿਆਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ ਤੇ ਇਸ ਤੋਂ ਲਾਹਾ ਲੈਣਾ ਚਾਹੀਦਾ ਹੈ। ਡਾ. ਸਿੱਧੂ ਦੀ ਸ਼ਖਸੀਅਤ ਅਤੇ ਕਲਮ, ਦੋਵੇਂ ਰੱਬੀ ਮਿਹਰ ਨਾਲ ਭਰਪੂਰ ਹਨ ਅਤੇ ਸਹਿਜ ਹਨ। ਇਸੇ ਹਫਤੇ ਦਲਬੀਰ ਚੇਤਨ ਦੀ ਕਹਾਣੀ 'ਧਰਮ ਯੁੱਧ ਜਾਰੀ ਹੈ' ਪੜ੍ਹਨ ਨੂੰ ਮਿਲੀ। ਪੜ੍ਹਦੇ-ਪੜ੍ਹਦੇ ਹੀ ਆਤਮਾ ਝੰਜੋੜੀ ਗਈ ਕਿ ਧਰਮਾਂ ਨੂੰ ਮੰਨਣ ਵਾਲੇ ਕਿਥੇ ਖੜ੍ਹੇ ਹਨ ਅਤੇ ਮਰਦੀ ਹੋਈ ਮਾਨਵਤਾ ਨੂੰ ਲਾਂਭੇ ਰੱਖ ਕੇ ਕਿਵੇਂ ਆਪਣੇ-ਆਪਣੇ ਢੰਡੋਰੇ ਪਿੱਟੇ ਜਾ ਰਹੇ ਹਨ? ਦਲਬੀਰ ਚੇਤਨ ਦੀ ਇਹ ਕਹਾਣੀ ਕੋਈ ਮਿੱਥ ਨਹੀਂ, ਵਰਤਮਾਨ ਤਮਾਸ਼ੇ ਦੀ ਸੱਚਾਈ ਬਿਆਨ ਕਰ ਗਈ ਹੈ ਅਤੇ ਧਾਰਮਿਕ ਬਣੇ ਲੋਕਾਂ ਨੂੰ ਬਾਹੋਂ ਫੜ ਕੇ ਰਸਤਾ ਵੀ ਵਿਖਾ ਗਈ ਹੈ।

ਅਮੋਲਕ ਸਿੰਘ ਜੰਮੂ ਤੇ ਗੁਰਦਿਆਲ ਬੱਲ ਦੀ ਸੰਪਾਦਕੀ ਥੱਲੇ ਛਪੀ ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਬਾਰੇ ਸ਼ਬਦੀਸ਼ ਦੀ ਵਿਚਾਰ-ਚਰਚਾ ਗੰਭੀਰ ਪਾਠਕ ਲਈ ਸੱਚ ਮੁੱਚ ਹੀ ਰੂਹ ਦੀ ਖੁਰਾਕ ਹੈ। ਪੰਜਾਬ ਟਾਈਮਜ਼ ਦੇ ਪਹਿਲੀ ਸਤੰਬਰ ਦੇ ਅੰਕ ਵਿਚ ਮਝੈਲ ਸਿੰਘ ਸਰਾਂ ਦਾ ਲੇਖ 'ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ...' ਪੜ੍ਹਿਆ। ਜਿਸ ਨਵੇਕਲੇ ਅੰਦਾਜ਼ ਨਾਲ ਉਨ੍ਹਾਂ ਨੇ ਧਾਰਮਿਕ ਬਾਣੇ ਵਿਚ ਲੁਕੇ ਹੋਏ ਭੁੱਖੇ ਭੇੜੀਏ ਤੇ ਪਾਖੰਡੀ ਸਾਧਾਂ ਨੂੰ ਚੌਰਾਹੇ ਵਿਚ ਲਿਆ ਕੇ ਖੜ੍ਹਾ ਕੀਤਾ, ਉਹ ਬਹੁਤ ਹੀ ਸਰਾਹੁਣਯੋਗ ਸੀ। ਬੀਬੀ ਵੀਨਾ ਵਰਮਾ ਦੀ ਕਹਾਣੀ 'ਛੋਟੀ ਸਰਦਾਰਨੀ' ਬੇਹੱਦ ਚੰਗੀ ਲੱਗੀ ਜੋ ਔਰਤ ਦੀ ਤ੍ਰਾਸਦੀ ਬਾਰੇ ਸੱਚਾਈ ਬਿਆਨ ਕਰ ਕੇ ਸਮਾਜ ਦਾ ਚਿਹਰਾ ਨੰਗਾ ਕਰ ਗਈ।

ਇੱਥੇ ਇਹ ਲਿਖਣਾ ਵੀ ਬਣਦਾ ਹੈ ਕਿ 'ਪੰਜਾਬ ਟਾਈਮਜ਼' ਐਵੇਂ ਹੀ ਨਹੀਂ ਧਰਤੀ ਤੋਂ ਉਠ ਕੇ ਅਸਮਾਨ ਦੀਆਂ ਉਚਾਈਆਂ ਨੂੰ ਛੂਹ ਰਿਹਾ। ਇਹ ਤੁਹਾਡੀ ਨਿਆਰੀ ਸੰਪਾਦਨਾ, ਅਣਥੱਕ ਮਿਹਨਤ ਅਤੇ ਲਗਨ ਸਦਕਾ ਹੀ ਅੱਜ ਪੂਰੇ ਅਮਰੀਕਾ ਵਿਚ ਪਾਠਕਾਂ ਦੀ ਪਹਿਲੀ ਪਸੰਦ ਬਣਿਆ ਹੈ। ਇਸ ਦੇ ਸੁਲਝੇ ਹੋਏ ਪਾਠਕ ਇਹਦੇ ਆਉਣ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਨ, ਕਿਉਂਕਿ ਇਸ ਦਾ ਹਰ ਪੰਨਾ ਖੂਬਸੂਰਤ ਹੁੰਦਾ ਹੈ। ਇਸ ਦਾ ਹਰ ਲੇਖ ਗਿਆਨ ਦਾ ਭੰਡਾਰ ਹੈ ਅਤੇ ਇਸ ਦੇ ਸੰਪਾਦਕੀ ਲੇਖ ਵੀ ਅਣਖ ਅਤੇ ਗੈਰਤ ਨਾਲ ਛਾਤੀ ਠੋਕ ਕੇ ਸੱਚਾਈ ਬਿਆਨ ਕਰ ਜਾਂਦੇ ਹਨ। ਇਸੇ ਲਈ ਤਾਂ ਅੱਜ ਦਾ ਸਮਾਂ ਇਸ ਨੂੰ ਬੇਲਾਗ, ਬੇਖ਼ੌਫ, ਬੇਧੜਕ ਤੇ ਬੇਬਾਕ ਕਹਿੰਦਾ ਹੈ।

ਸੰਪਾਦਕ ਜੀ, ਜਿਸ ਜ਼ਿੰਦਾਦਿਲੀ ਤੇ ਮਿਹਨਤ ਨਾਲ ਤੁਸੀਂ 'ਪੰਜਾਬ ਟਾਈਮਜ਼' ਨੂੰ ਸਵਾਰਿਆ ਹੈ, ਸ਼ਿੰਗਾਰਿਆ ਹੈ, ਪਾਠਕਾਂ ਨੇ ਵੀ ਇਸ ਨੂੰ ਉਨੀ ਹੀ ਸ਼ਿੱਦਤ ਅਤੇ ਚਾਅ ਨਾਲ ਆਪਣੇਪਨ ਨਾਲ ਪਿਆਰਿਆ ਤੇ ਸਤਿਕਾਰਿਆ ਹੈ। ਅਸੀਂ ਅਰਦਾਸ ਕਰਦੇ ਹਾਂ ਕਿ 'ਪੰਜਾਬ ਟਾਈਮਜ਼' ਦੀ ਰਵਾਨੀ ਸਦਾ ਬਰਕਰਾਰ ਰਹੇ ਤੇ ਇਹ ਪੰਜਾਬੀ ਮਾਂ ਬੋਲੀ ਦਾ ਲਾਡਲਾ ਤੇ ਪਿਆਰਾ ਪੁੱਤਰ ਬਣ ਕੇ ਸੇਵਾ ਕਰਦਾ ਰਹੇ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

# ਲੇਖ ਯਥਾਰਥ ਨਹੀਂ, ਗਲਪ ਰਚਨਾ ਹੈ

ਸੰਪਾਦਕ ਜੀ,

15 ਸਤੰਬਰ ਦੇ ਅੰਕ ਵਿਚ ਛਪੇ ਡਾ. ਗੋਬਿੰਦਰ ਸਿੰਘ ਸਮਰਾਓ ਦੇ ਲੇਖ ਦਾ ਸਿਰਲੇਖ ਸਮੁੱਚੀ ਲਿਖਤ ਨਾਲ ਬਿਲਕੁਲ ਵੀ ਮੇਲ ਨਹੀਂ ਖਾਂਦਾ। ਪਾਵਨ ਗੁਰਬਾਣੀ ਦੀ ਤੁਕ ਦਾ ਅਰਥ ਭਾਵ ਕੁਝ ਹੋਰ ਹੈ ਪਰ ਲਿਖਤ ਕਿਸੇ ਹੋਰ ਪਾਸੇ ਤੁਰੀ ਫਿਰਦੀ ਹੈ। ਲੇਖਕ ਨੇ ਬੇਸ਼ਕ ਯਥਾਰਥ ਲਿਖ ਰਿਹਾ ਹੋਣ ਦਾ ਪ੍ਰਭਾਵ ਪਾਇਆ ਹੈ ਪਰ ਇਹ ਅੱਧ ਕੁ ਵਿਚ ਪਹੁੰਚ ਕੇ ਕਪੋਲ-ਕਲਪਨਾ ਹੀ ਬਣ ਗਿਆ ਹੈ। ਇਹ ਗੱਲ ਤਾਂ ਮੰਨਣ 'ਚ ਆਉਂਦੀ ਹੈ ਕਿ ਦੁੱਧ-ਬੁੱਧ ਫਿਟਦਿਆਂ ਦੇਰ ਨਹੀਂ ਲੱਗਦੀ। ਕਾਮ ਨੇ ਵੱਡਿਆਂ ਵੱਡਿਆਂ ਦੀਆਂ ਗੋਡਣੀਆਂ ਲੁਆ ਦਿੱਤੀਆਂ ਪਰ ਡਾ. ਸਮਰਾਓ ਦੇ ਲੇਖ ਵਿਚਲੇ ਗ੍ਰੰਥੀ ਦਾ ਤੜਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਦਿਆਂ ਹੀ ਪਰਾਈ ਔਰਤ ਨਾਲ ਕੁਕਰਮ ਕਰਨਾ ਕਿਸੇ ਵੀ ਸੂਰਤ ਵਿਚ ਮੰਨਣਯੋਗ ਨਹੀਂ ਬਣਦਾ। ਕੀ ਉਸ ਭਾਈ ਜਾਂ ਤ੍ਰੀਮਤ ਨੂੰ ਕੋਈ ਹੋਰ ਟਾਈਮ ਜਾਂ ਕੋਈ ਹੋਰ ਥਾਂ ਨਹੀਂ ਸੀ ਲੱਭਦੀ?

ਹੈਰਤ ਦੀ ਗੱਲ ਹੈ ਕਿ ਉਹ ਪਿੰਡ ਜਾਂ ਕਸਬਾ ਇੰਨਾ ਹੀ ਗਿਆ ਗੁਜ਼ਰਿਆ ਹੋਵੇਗਾ ਜਿਥੇ ਕੋਈ ਇਕ ਅੱਧ ਸ਼ਰਧਾਲੂ ਵੀ ਅੰਮ੍ਰਿਤ ਵੇਲੇ ਗੁਰਦੁਆਰੇ ਨਹੀਂ ਜਾਂਦਾ ਹੋਵੇਗਾ? ਇਹ ਘਟਨਾ ਕਤੱਈ ਇਸ ਤਰ੍ਹਾਂ ਨਹੀਂ ਹੋਈ ਹੋਵੇਗੀ। ਲੱਗਦਾ ਹੈ ਕਿ ਭਾਈ ਆਚਰਣਹੀਣ ਤਾਂ ਹੋ ਗਿਆ ਹੋਵੇਗਾ ਪਰ ਉਸ ਦੀ ਚੋਰੀ ਇੰਜ ਨਹੀਂ ਫੜ੍ਹੀ ਗਈ ਹੋਵੇਗੀ ਜਿਵੇਂ ਲੇਖਕ ਨੇ ਬਣਾ ਦਿੱਤੀ ਹੈ। ਗ੍ਰੰਥੀ ਦੀ ਚੋਰੀ ਜੱਗ ਜਾਹਰ ਹੋਣ ਦੀ ਕੋਈ ਹੋਰ ਬਿਧਨਾ ਬਣੀ ਹੋਵੇਗੀ ਪਰ ਆਮ ਗਲਪ ਲੇਖਕਾਂ ਵਾਂਗ ਡਾ. ਸਮਰਾਓ ਨੇ ਆਪਣੀ ਰਚਨਾ ਨੂੰ ਸਨਸਨੀਖੇਜ਼ ਜਾਂ ਦਿਲਚਸਪ ਬਣਾਉਣ ਲਈ ਧੱਕੇ ਨਾਲ ਇਹ ਪ੍ਰਸੰਗ ਸਿਰਜ ਦਿੱਤਾ ਜਾਪਦਾ ਹੈ।

ਵੈਸੇ ਇਸ ਲੇਖ ਦੇ ਅਖੀਰਲੇ ਪੈਰੇ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਲੇਖਕ ਗਰਮ ਖਿਆਲੀ ਸਿੱਖਾਂ ਦੀ ਵੱਖਵਾਦੀ ਸੋਚ ਜਾਂ ਸਿੱਖਾਂ ਵਲੋਂ ਆਪਣੀ ਹਰ ਕਮਜ਼ੋਰੀ ਨੂੰ ਸਦਾ ਬ੍ਰਾਹਮਣਵਾਦ ਦੇ ਗਲ ਮੜ੍ਹਨ ਵਾਲੀ ਪ੍ਰਵਿਰਤੀ ਨੂੰ ਪਸੰਦ ਨਹੀਂ ਕਰਦਾ, ਇਸੇ ਕਾਰਨ ਉਸ ਨੇ ਸ਼ਾਇਦ ਆਪਣੀ ਨਿਜੀ ਭਾਵਨਾ ਦੀ ਪੂਰਤੀ ਲਈ ਗ੍ਰੰਥੀ ਦੀ ਇਕ ਮਨੁੱਖੀ ਕਮਜ਼ੋਰੀ ਨੂੰ ਮਨ ਭਾਉਂਦੇ ਢੰਗ ਨਾਲ ਚਿਤਰ ਦਿੱਤਾ। ਅਜਿਹਾ ਕਰਦਿਆਂ ਲੇਖਕ ਨੇ ਇਸ ਗੱਲ ਦਾ ਰੱਤੀ ਭਰ ਵੀ ਫਿਕਰ ਨਹੀਂ ਕੀਤਾ ਕਿ ਉਸ ਦੀ ਬਣਾਈ ਕਹਾਣੀ ਨਾਲ ਗੁਰਦੁਆਰਾ ਸਿਸਟਮ ਅਤੇ ਸਿੱਖ ਸ਼ਰਧਾ ਨੂੰ ਕਿੰਨੀ ਠੇਸ ਪੁੱਜਣੀ ਹੈ। ਸਿੱਖ ਲਿਖਾਰੀ ਭਰਾਵਾਂ ਨੂੰ 'ਲਿਬਰਲ ਸਿੱਖ' ਸਦਾਉਣ ਦੀ ਨਿਜੀ ਲਾਲਸਾ ਦੀ ਪੂਰਤੀ ਲਈ ਅਜਿਹੀਆਂ ਰਚਨਾਵਾਂ ਲਿਖਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਦੁਨੀਆਂ ਵਿਚ ਬਥੇਰਾ ਕੁਝ ਉਟ-ਪਟਾਂਗ ਹੋ ਰਿਹਾ ਹੈ ਪਰ ਲਿਖਤਾਂ ਵਿਚ ਲਿਆਉਣ ਸਮੇਂ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

**-ਫਕੀਰ ਚੰਦ ਸੈਂਪਲਾ, ਐਲ ਏ।**

# ਐਮ ਏ ਪੰਜਾਬੀ ਅਤੇ ਐਮਰਜੈਂਸੀ ਦੇ ਦਿਨ

***ਪੰਜਾਬ ਟਾਈਮਜ਼ ਦੇ 18 ਅਗਸਤ ਦੇ ਅੰਕ ਵਿਚ ਲੇਖ 'ਕਮਲਿਆਂ ਦਾ ਟੱਬਰ' ਛਪਿਆ ਸੀ ਜੋ ਕਰੀਬ 4 ਸਾਲ ਪਹਿਲਾਂ ਇਨ੍ਹਾਂ ਕਾਲਮਾਂ ਵਿਚ ਛਪਿਆ ਸੀ। ਇਸ ਲੇਖ ਤੋਂ ਬਾਅਦ ਮੈਂ ਕੁਝ ਹੋਰ ਲੇਖ ਵੀ ਇਸੇ ਸਿਲਸਿਲੇ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੜ੍ਹਾਈ ਦੇ ਦਿਨਾਂ ਬਾਰੇ ਲਿਖੇ ਸਨ। 'ਕਮਲਿਆਂ ਦਾ ਟੱਬਰ' ਲੇਖ ਪੜ੍ਹਨ ਤੋਂ ਬਾਅਦ ਬਹੁਤ ਸਾਰੇ ਪਾਠਕਾਂ ਨੇ ਮੰਗ ਕੀਤੀ ਹੈ ਕਿ ਇਹ ਸਾਰੀ ਲੇਖ ਲੜੀ ਮੁੜ ਛਾਪੀ ਜਾਵੇ। ਉਨ੍ਹਾਂ ਦੇ ਇਸਰਾਰ 'ਤੇ ਇਹ ਲੇਖ ਛਾਪ ਰਹੇ ਹਾਂ।-ਸੰਪਾਦਕ***

1974-75 ਵਿਚ ਪੜ੍ਹਦਾ ਭਾਵੇਂ ਮੈਂ ਗੌਰਮਿੰਟ ਕਾਲਜ ਸੈਕਟਰ 11 ਵਿਚ ਸਾਂ ਪਰ ਰਹਿੰਦਾ ਯੂਨੀਵਰਸਿਟੀ ਦੇ ਹੋਸਟਲ ਨੰਬਰ ਇਕ ਵਿਚ ਸਾਂ। ਉਦੋਂ ਹੀ ਮੇਰਾ ਵਾਸਤਾ ਪੰਜਾਬੀ ਵਿਭਾਗ ਦੇ ਸੀਨੀਅਰ ਵਿਦਿਆਰਥੀਆਂ ਅਤੇ ਕੁਝ ਅਧਿਆਪਕਾਂ ਨਾਲ ਪਿਆ, ਜਿਨ੍ਹਾਂ ਤੋਂ ਮੈਂ ਬੜਾ ਕੁਝ ਸਿੱਖਿਆ। ਹਰਪਾਲ ਸਿੰਘ ਜੋ ਬਾਅਦ ਵਿਚ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਪੰਜਾਬੀ ਦੇ ਅਧਿਆਪਕ ਰਹੇ ਅਤੇ ਉਥੋਂ ਹੀ ਰਿਟਾਇਰ ਹੋਏ,

**ਅਮੋਲਕ ਸਿੰਘ ਜੰਮੂ**
**ਫੋਨ: 847-359-0746**

ਉਨ੍ਹਾਂ ਵਿਚੋਂ ਇਕ ਸਨ। ਹਰਪਾਲ ਸਿੰਘ ਦਾ ਪਿੰਡ ਚੰਡੀਗੜ੍ਹ ਤੋਂ ਕੁਝ ਹੀ ਮੀਲ ਦੂਰ ਮੁਲਾਂਪੁਰ ਨਜਦੀਕ ਸੰਗਾਲਾਂ ਸੀ। ਮੈਂ ਕਈ ਵਾਰ ਉਨ੍ਹਾਂ ਦੇ ਪਿੰਡ ਗਿਆ। ਉਨ੍ਹਾਂ ਦੇ ਘਰ ਹੀ ਪਹਿਲੀ ਵਾਰ ਮੈਂ ਅੰਬਾਂ ਦੀ ਚਟਣੀ ਖਾਧੀ ਜੋ ਪੁਆਧ ਅਤੇ ਪੰਜਾਬ ਦੇ ਕੁਝ ਹੋਰ ਜਿਲਿਆਂ ਦੀ ਖਾਸ ਸੌਗਾਤ ਹੈ। ਇਕ ਵਾਰ ਉਨ੍ਹਾਂ ਦੇ ਪਿੰਡ ਜਾਂਦਿਆਂ ਉਹ ਸਾਈਕਲ ਚਲਾ ਰਹੇ ਸਨ ਤੇ ਮੈਂ ਪਿਛੇ ਕਾਠੀ 'ਤੇ ਬੈਠਾ ਸਾਂ। ਰਾਸਤੇ ਵਿਚ ਉਨ੍ਹਾਂ ਦੇ ਪਿੰਡ ਤੇ ਨਾਲ ਲਗਦੇ ਪਿੰਡਾਂ ਤੀੜਾ-ਮਲੋਆ ਦੇ ਕੁਝ ਹੋਰ ਮੁੰਡੇ ਰਲ ਗਏ। ਇਕ ਮੁੰਡਾ ਦੂਜਿਆਂ ਨੂੰ ਦੱਸ ਰਿਹਾ ਸੀ, "ਫੇਰ ਅਸੀਂ ਕੁਕੜੀਆਂ ਭੁੰਨਣ ਲਗ'ਗੇ, ਚਾਰ-ਚਾਰ ਕੁਕੜੀਆਂ ਖਾਧੀਆਂ...।" ਮੈਂ ਹੈਰਾਨ ਕਿ ਇਹ ਚਾਰ-ਚਾਰ ਕੁਕੜੀਆਂ ਭੁੰਨ ਕੇ ਕਿਵੇਂ ਖਾ ਗਏ? ਪਤਾ ਲੱਗਾ ਕਿ ਕੁਕੜੀਆਂ ਤਾਂ ਉਹ ਮੱਕੀ ਦੀਆਂ ਛੱਲੀਆਂ ਨੂੰ ਕਹਿੰਦੇ ਹਨ।

ਉਨ੍ਹੀਂ ਦਿਨੀਂ ਜੈ ਪ੍ਰਕਾਸ਼ ਨਾਰਾਇਣ ਵਲੋਂ ਛੇੜੀ ਗਈ ਮੁਹਿੰਮ ਪੂਰੇ ਸਿਖਰ 'ਤੇ ਸੀ। ਬਹੁਤੇ ਮੁੰਡੇ-ਕੁੜੀਆਂ ਜੇ ਪੀ ਵਲੋਂ ਚਲਾਈ ਗਈ ਲਹਿਰ ਤੋਂ ਪ੍ਰਭਾਵਿਤ ਸਨ ਪਰ ਕਾਂਗਰਸ ਤੇ ਸੀ ਪੀ ਆਈ ਵਾਲੇ ਉਸ ਦੇ ਖਿਲਾਫ਼ ਸਨ। ਵਿਦਿਆਰਥੀਆਂ ਦੀ ਸੀ ਪੀ ਆਈ ਨਾਲ ਸਬੰਧਤ ਜਥੇਬੰਦੀ ਏ ਆਈ ਐਸ ਐਫ ਵਾਲੇ ਅਕਸਰ ਜੇ ਪੀ ਦੇ ਖਿਲਾਫ਼ ਬੋਲਦੇ ਰਹਿੰਦੇ। ਏ.ਆਈ.ਐਸ.ਐਫ. ਦਾ ਇਕ ਆਗੂ ਹਰਪਾਲ ਸਿੰਘ ਮੇਰੇ ਵਾਲੇ ਹੋਸਟਲ ਵਿਚ ਹੀ ਰਹਿੰਦਾ ਸੀ। ਅਸਲ ਵਿਚ ਮੇਰਾ ਕਮਰਾ ਉਪਰ ਸੀ 4/59 ਅਤੇ ਉਸ ਦਾ ਇਕ ਫਲੋਰ ਹੇਠਾਂ 3/59, ਉਸ ਦੇ ਕਮਰੇ ਦੀ ਬਾਲਕੋਨੀ ਵਿਚ ਵੱਡਾ ਵੱਡਾ ਲਿਖਿਆ ਹੁੰਦਾ, "ਜੇ.ਪੀ. ਸੀ ਆਈ ਏ ਏਜੰਟ। ਜੈ ਪ੍ਰਕਾਸ਼ ਫਾਸ਼ੀਵਾਦੀ ਤਾਕਤਾਂ ਦਾ ਆਗੂ।"

ਉਂਜ ਯੂਨੀਵਰਸਿਟੀ ਵਿਚ ਮਾਹੌਲ ਕਾਫੀ ਖੁੱਲ੍ਹਾ-ਡੁੱਲ੍ਹਾ ਸੀ। ਵਿਦਿਆਰਥੀਆਂ ਦੇ ਦੋ ਗਰੁਪ ਸਨ-ਇਕ ਨਗਿੰਦਰ ਸਿੰਘ ਦਾ ਤੇ ਦੂਜਾ ਜਗਮੋਹਨ ਸਿੰਘ ਕੰਗ ਦਾ, ਜੋ ਬਾਅਦ ਵਿਚ ਪੰਜਾਬ ਦਾ ਮੰਤਰੀ ਵੀ ਬਣਿਆ। ਇਨ੍ਹਾਂ ਦੋਹਾਂ ਗਰੁਪਾਂ ਵਿਚਾਲੇ ਕਈ ਵਾਰ ਲੜਾਈਆਂ ਵੀ ਹੋਈਆਂ। ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਵਿਚ ਵੀ ਇਨ੍ਹਾਂ ਦੋਹਾਂ ਗਰੁਪਾਂ ਦੇ ਸਿੰਗ ਖੂਬ ਫਸਦੇ। ਇਨ੍ਹਾਂ ਦੋਹਾਂ ਗਰੁਪਾਂ ਵਿਚ, ਸਮੇਤ ਆਗੂਆਂ ਦੇ, ਕਈ ਮੁੰਡੇ ਕਈ ਕਈ ਸਾਲਾਂ ਤੋਂ ਕਦੀ ਇਕ ਐਮ ਏ ਅਤੇ ਕਦੇ ਦੂਜੀ ਵਿਚ ਦਾਖਲਾ ਲੈ ਕੇ ਯੂਨੀਵਰਸਿਟੀ ਵਿਚ ਹੀ ਰਹੀ ਜਾ ਰਹੇ ਸਨ। ਯੂਨੀਵਰਸਿਟੀ ਕੈਂਪਸ ਦੇ ਪੀ ਜੀ ਆਈ ਵਾਲੇ ਪਾਸੇ ਰੇੜ੍ਹੀਆਂ ਲੱਗੀਆਂ ਹੁੰਦੀਆਂ, ਜੋ ਕਰੀਬ 24 ਘੰਟੇ ਖੁਲ੍ਹੀਆਂ ਰਹਿੰਦੀਆਂ। ਮੁੰਡੇ ਇਨ੍ਹਾਂ ਰੇੜ੍ਹੀਆਂ 'ਤੇ ਖਾਸ ਕਰ ਰਾਤ ਨੂੰ ਜਮਘਟਾ ਲਾਈ ਰਖਦੇ। ਉਂਜ ਇਥੇ ਪੀ ਜੀ ਆਈ ਵਿਚ ਦਾਖਲ ਮਰੀਜਾਂ ਦੇ ਰਿਸ਼ਤੇਦਾਰ ਵੀ ਬੈਠੇ ਹੁੰਦੇ।

ਜੂਨ 1975 ਵਿਚ ਐਮਰਜੈਂਸੀ ਲੱਗ ਗਈ। ਜੁਲਾਈ ਵਿਚ ਮੈਂ ਪੰਜਾਬ ਯੂਨੀਵਰਸਿਟੀ ਵਿਚ ਐਮ ਏ ਪੰਜਾਬੀ ਵਿਚ ਦਾਖਲਾ ਲੈ ਲਿਆ। ਕੁਝ ਮਹੀਨਿਆਂ ਵਿਚ ਹੀ ਯੂਨੀਵਰਸਿਟੀ ਦਾ ਮਾਹੌਲ ਬਦਲ ਚੁਕਾ ਸੀ। ਪੂਰੇ ਮਾਹੌਲ ਵਿਚ ਇਕ ਖਾਸ ਕਿਸਮ ਦੀ ਦਹਿਸ਼ਤ ਸੀ। ਉਸ ਸਾਲ ਯੂਨੀਵਰਸਿਟੀ ਦੀ ਸਟੂਡੈਂਟਸ ਯੂਨੀਅਨ ਦੀਆਂ ਚੋਣਾਂ ਵੀ ਨਾ ਹੋਈਆਂ। ਵਿਦਿਆਰਥੀਆਂ ਵਿਚ ਜਿਹੜਾ ਪਹਿਲਾਂ ਖੜਕਾ-ਦੜਕਾ ਹੁੰਦਾ ਰਹਿੰਦਾ ਸੀ, ਉਹ ਵੀ ਬੀਤੇ ਦੀ ਗੱਲ ਹੋ ਚੁਕੀ ਸੀ। ਕੁਝ ਚਿਰ ਬਾਅਦ ਪੀ ਜੀ ਆਈ ਦੇ ਸਾਹਮਣੇ ਵਾਲੀਆਂ ਰੇੜ੍ਹੀਆਂ ਵੀ ਉਥੋਂ ਉਠਾ ਦਿਤੀਆਂ ਗਈਆਂ।

ਪੰਜਾਬੀ ਵਿਭਾਗ ਵਿਚ ਮੁਖੀ ਡਾ. ਸੁਰਿੰਦਰ ਸਿੰਘ ਕੋਹਲੀ ਸਨ। ਡਾ. ਕੇਸਰ ਸਿੰਘ ਕੇਸਰ, ਡਾ. ਦਰਸ਼ਨ ਸਿੰਘ, ਪ੍ਰੋ. ਰਾਮ ਸਿੰਘ, ਡਾ. ਰਘਬੀਰ ਸਿੰਘ, ਬਲਬੀਰ ਸਿੰਘ ਸੰਧੂ, ਡਾ. ਵਿਸ਼ਵਾਨਾਥ ਤਿਵਾੜੀ ਅਤੇ ਡਾ. ਹਰਦੇਵ ਸਿੰਘ ਸੱਚਰ ਹੋਰ ਅਧਆਪਕ ਸਨ। ਡਾ. ਸੱਚਰ ਨਾਲ ਡਾ. ਕੋਹਲੀ ਦੀ ਬਣਦੀ ਨਹੀਂ ਸੀ। ਉਨ੍ਹਾਂ ਨੂੰ ਖੂੰਜੇ ਲਾਉਣ ਲਈ ਡਾ. ਕੋਹਲੀ ਨੇ ਐਮ ਏ ਦੀ ਕੋਈ ਕਲਾਸ ਨਹੀਂ ਸੀ ਦਿਤੀ, ਸਿਰਫ ਟਰਾਂਸਲੇਸ਼ਨ ਦੇ ਡਿਪਲੋਮੇ ਦੀ ਇਕ ਕਲਾਸ ਦਿਤੀ ਹੋਈ ਸੀ, ਜਿਸ ਦੇ ਹਫਤੇ ਵਿਚ ਸਿਰਫ ਦੋ ਪੀਰੀਅਡ ਲਗਦੇ ਅਤੇ ਵਿਦਿਆਰਥੀ ਵੀ ਇਕ ਕਲਾਸ ਵਿਚ ਦੋ-ਚਾਰ ਹੀ ਹੁੰਦੇ। ਪ੍ਰੋ. ਰਾਮ ਸਿੰਘ ਦੀ ਵੀ ਡਾ. ਕੋਹਲੀ ਨਾਲ ਨਹੀਂ ਸੀ ਬਣਦੀ। ਉਹ ਬਹੁਤ ਹੀ ਸਾਦਾ ਸੁਭਾਅ ਦੇ ਗਾਂਧੀਵਾਦੀ ਸਨ। ਹਮੇਸ਼ਾਂ ਖੱਦਰ ਪਾਉਂਦੇ ਅਤੇ ਸਾਈਕਲ 'ਤੇ ਹੀ ਡਿਪਾਰਟਮੈਂਟ ਆਉਂਦੇ। ਡਾ. ਕੇਸਰ ਦਸਿਆ ਕਰਦੇ ਕਿ ਪ੍ਰੋ. ਰਾਮ ਸਿੰਘ ਦੇ ਘਰ ਪੂਰਾ ਅਨੁਸ਼ਾਸਨ ਲਾਗੂ ਹੁੰਦਾ ਹੈ ਅਤੇ ਘਰ ਦੇ ਹਰ ਜੀਅ ਨੂੰ ਆਪਣਾ ਕੰਮ ਆਪ ਕਰਨਾ ਪੈਂਦਾ ਹੈ। ਉਨ੍ਹਾਂ ਹੀ ਇਹ ਗੱਲ ਵੀ ਸੁਣਾਈ ਕਿ ਇਕ ਵਾਰ ਪ੍ਰੋ. ਰਾਮ ਸਿੰਘ ਨੇ ਘਰ ਅਖੰਡਪਾਠ ਰਖਵਾ ਲਿਆ। ਪਾਠੀਆਂ ਦਾ ਕੰਮ ਉਨ੍ਹਾਂ ਵਿਦਿਆਰਥੀਆਂ ਨੂੰ ਦਿਤਾ। ਤਿੰਨ ਦਿਨ ਉਨ੍ਹਾਂ ਦੇ ਘਰ ਪੂਰੀ ਗਹਿਮਾ-ਗਹਿਮ ਰਹੀ। ਜਦੋਂ ਅਰਦਾਸ ਦਾ ਵੇਲਾ ਆਇਆ ਤਾਂ ਅਰਦਾਸ ਵੀ ਪ੍ਰੋ. ਸਾਹਿਬ ਦਾ ਇਕ ਵਿਦਿਅਰਥੀ ਜਸਵੀਰ ਸਿੰਘ ਕਰਨ ਲੱਗਾ। ਅਰਦਾਸ ਦੇ ਅਖੀਰ 'ਤੇ ਸ਼ਹੀਦਾਂ ਦੇ ਨਾਂ ਲੈਣ ਉਪਰੰਤ ਕਹਿਣ ਲੱਗਾ, "ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਪ੍ਰੋ. ਸਾਹਿਬ ਦੇ ਰਖੇ ਰਖਾਏ ਬਾਦਾਮ, ਅਖਰੋਟ, ਸੌਗੀ-ਮੇਵੇ ਅਤੇ ਭੁਜੇ ਛੋਲੇ ਛਕ-ਛਕਾ ਲਏ, ਤਿਨ੍ਹਾਂ ਸਿੰਘਾਂ ਸਿੰਘਣੀਆਂ ਦਾ ਧਿਆਨ ਧਰ ਖਾਲਸਾ ਜੀ ਬੋਲੋ ਜੀ ਵਾਹਿਗੁਰੂ।" ਪ੍ਰੋ. ਸਾਹਿਬ ਸਮੇਤ ਸਾਰੀ ਸੰਗਤ ਆਪਣਾ ਹਾਸਾ ਨਾ ਰੋਕ ਸਕੀ।

ਡਾ. ਤਿਵਾੜੀ ਐਮ ਏ ਪਹਿਲੇ ਸਾਲ ਦੇ ਵਿਦਿਆਰਥੀਆਂ ਨੂੰ ਕਿੱਸਾ-ਕਾਵਿ ਪੜ੍ਹਾਉਂਦੇ ਸਨ। ਉਨ੍ਹਾਂ ਪਹਿਲੀ ਕਲਾਸ ਵਿਚ ਹੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਮੈਂ ਤੁਹਾਨੂੰ ਐਮ ਏ ਨਹੀਂ ਕਰਾਉਣੀ, ਮੈਂ ਤਾਂ ਤੁਹਾਨੂੰ ਵਧੀਆ ਤੇ ਜ਼ਹੀਨ ਵਿਦਿਆਰਥੀ ਬਣਾਉਣਾ ਹੈ।" ਫਿਰ ਹੀਰ ਵਾਰਸ ਦੀ ਗੱਲ ਛੋਹ ਕੇ ਕਹਿਣ ਲੱਗੇ, "ਪਤਾ ਹੈ ਹੀਰ ਵਾਰਸ ਵਿਚ ਸਭ ਤੋਂ ਵਧੀਆ ਮੌਕਾ ਕਿਹੜਾ ਹੈ? ਉਹ ਹੈ, ਹੀਰ ਦੇ ਛਮਕਾਂ ਮਾਰਨ ਪਿਛੋਂ ਰਾਂਝੇ ਦੇ ਜਵਾਬ ਦਾ, 'ਰਾਂਝੇ ਆਖਿਆ ਵਾਹ ਸੱਜਣ, ਹੀਰ ਹੱਸ ਕੇ ਤੇ ਮੇਹਰਬਾਨ ਹੋਈ।' ਇਹ ਦ੍ਰਿਸ਼ ਐਸਾ ਕਮਾਲ ਹੈ ਕਿ ਬੰਦਾ ਆਪਣਾ ਆਪ ਕੁਰਬਾਨ ਕਰ ਦੇਵੇ...।" ਡਾ. ਤਿਵਾੜੀ ਨੇ ਸਾਲ ਵਿਚ ਸ਼ਾਇਦ ਕੁਲ ਚਾਰ ਕਲਾਸਾਂ ਲਈਆਂ ਤੇ ਹਰ ਕਲਾਸ ਇਥੋਂ ਹੀ ਸ਼ੁਰੂ ਹੁੰਦੀ ਤੇ ਇਥੇ ਹੀ ਖਤਮ।

ਪੰਜਾਬੀ ਵਿਭਾਗ ਦੇ ਦਫਤਰ ਦੇ ਇੰਚਾਰਜ ਹੈਡ ਕਲਰਕ ਸ. ਰਛਪਾਲ ਸਿੰਘ ਹੁੰਦੇ ਸਨ, ਜਿਨ੍ਹਾਂ ਨੂੰ ਵਿਦਿਆਰਥੀ ਚਾਚਾ ਕਹਿ ਕੇ ਬੁਲਾਉਂਦੇ। ਉਨ੍ਹਾਂ ਦੇ ਨਾਲ ਇਕ ਕਲਰਕ ਕੁੜੀ ਹੁੰਦੀ ਸੀ-ਮਨਜਿੰਦਰ, ਚਾਚੇ ਦੀ ਪੂਰੀ ਤਾਬਿਆਦਾਰ। ਦਫਤਰੀ ਕੰਮ ਵਿਚ ਪੂਰੇ ਬਾਬੂ, ਮਜਾਲ ਕੀ ਜਰਾ ਕੁ ਵੀ ਕਿਸੇ ਕਾਗਜ਼ ਪੱਤਰ ਵਿਚ ਢਿਲ ਦੇ ਜਾਣ। ਜੇ ਕਦੀ ਵਿਦਿਆਰਥੀਆਂ ਨੇ ਕਿਸੇ ਸਰਟੀਫਿਕੇਟ ਦੀ ਟਾਈਪ ਕੀਤੀ ਕਾਪੀ ਡਾ. ਕੋਹਲੀ ਕੋਲੋਂ ਅਟੈਸਟ ਕਰਾਉਣੀ ਹੁੰਦੀ (ਜ਼ੀਰੋਕਸ ਕਾਪੀਅਰ ਅਜੇ ਨਹੀਂ ਸਨ ਆਏ) ਤਾਂ ਚਾਚੇ ਨੇ ਇਕ ਇਕ ਅੱਖਰ ਮਿਲਾ ਕੇ ਫਿਰ ਆਪਣੀ ਘੁੱਗੀ ਮਾਰਨੀ ਤੇ ਅੱਗੋਂ ਡਾ. ਕੋਹਲੀ ਨੇ ਪੂਰਾ ਧਿਆਨ ਮਾਰ ਕੇ ਦਸਤਖਤ ਕਰਨੇ। ਚਾਚੇ ਰਛਪਾਲ ਸਿੰਘ ਨੂੰ ਐਮ ਏ ਅੰਗਰੇਜ਼ੀ ਕਰਨ ਦਾ ਬੜਾ ਝੱਲ ਸੀ। ਤਿੰਨ ਵਾਰ ਐਮ ਏ ਅੰਗਰੇਜ਼ੀ ਦੇ ਪਹਿਲੇ ਸਾਲ ਵਿਚ ਫੇਲ੍ਹ ਹੋ ਚੁਕੇ ਸਨ ਤੇ ਦੋ ਵਾਰ ਐਮ ਏ ਦੂਜੇ ਸਾਲ 'ਚ। ਐਮ ਏ ਅਜੇ ਵੀ ਪੂਰੀ ਨਹੀਂ ਸੀ ਹੋਈ। ਹਰਪਾਲ ਸਿੰਘ ਨੇ ਪੰਜਾਬੀ ਵਿਭਾਗ ਬਾਰੇ ਇਕ ਕਵਿਤਾ ਜੋੜੀ ਜਿਸ ਵਿਚ ਚਾਚੇ ਬਾਰੇ ਵੀ ਇਕ ਬੰਦ ਸੀ ਜੋ ਕਾਫੀ ਪ੍ਰਚਲਿਤ ਵੀ ਹੋਇਆ। ਬੋਲ ਸਨ,

ਇਹ ਨੇ ਚਾਚਾ ਰਛਪਾਲ,
ਨਹੀਓਂ ਚਾਚੀ ਦਾ ਖਿਆਲ।
ਕਰੇ ਅੰਗਰੇਜੀ ਖੇਲ੍ਹ, ਹੁੰਦਾ ਹਰ ਵਾਰੀ ਫੇਲ੍ਹ।
ਫਿਰ ਵੀ ਸਭ ਦੇ ਪਿਆਰੇ ਨੇ,
ਪੰਜਾਬੀ ਵਿਭਾਗ ਦੇ ਰੰਗ ਨਿਆਰੇ ਨੇ।

ਕੁਝ ਸਾਲਾਂ ਬਾਅਦ ਉਨ੍ਹਾਂ ਦੇ ਦਿਮਾਗ ਵਿਚ ਪਤਾ ਨਹੀਂ ਕੀ ਨੁਕਸ ਪਿਆ, ਘਰੋਂ ਨਿਕਲ ਗਏ ਅਤੇ ਫਿਰ ਉਨ੍ਹਾਂ ਦੀ ਕੋਈ ਉਘ ਸੁਘ ਨਾ ਮਿਲੀ।

ਐਮ ਏ ਪਹਿਲੇ ਸਾਲ ਵਿਚ ਸਾਡੀ ਕਲਾਸ ਕੋਈ 32-33 ਵਿਦਿਆਰਥੀਆਂ ਦੀ ਸੀ। ਪੜ੍ਹਾਈ ਪੱਖੋਂ ਮੇਰੀ ਟੱਕਰ ਜਸਪਾਲ ਕੌਰ ਨਾਲ ਸੀ ਜੋ ਅਜਕਲ੍ਹ ਯੂਨੀਵਰਸਿਟੀ ਦੇ ਪੱਤਰਵਿਹਾਰ ਡਾਇਰੈਕੋਰੇਟ ਦੇ ਪੰਜਾਬੀ ਵਿਭਾਗ ਦੀ ਮੁਖੀ ਹੈ। ਉਸ ਦੇ ਪਤੀ ਡਾ. ਅਮਰਜੀਤ ਕਾਂਗ ਸਾਲ ਕੁ ਪਹਿਲਾਂ ਚਲਾਣਾ ਕਰ ਗਏ ਸਨ। ਢੁਡੀਕੇ ਦੇ ਤਿੰਨ ਮੁੰਡੇ-ਬਲਜੀਤ, ਜਗਰਾਜ ਤੇ ਸੁਖਦੇਵ ਸਾਡੇ ਨਾਲ ਸਨ। ਸੁਖਦੇਵ ਅਜਕਲ੍ਹ ਉਸੇ ਪੰਜਾਬੀ ਵਿਭਾਗ ਦਾ ਮੁਖੀ ਹੈ। ਰਾਮਮੂਰਤੀ ਨਾਂ ਦਾ ਪੰਡਤਾਂ ਦਾ ਇਕ ਮੁੰਡਾ ਵੀ ਸੀ ਜੋ ਪਤਾ ਲਗਿਐ ਫਿਲਮ ਨਗਰੀ ਮੁੰਬਈ ਵਿਚ ਕਈ ਸਾਲ ਲਾਉਣ ਪਿਛੋਂ ਅਜਕਲ੍ਹ ਸੋਲਨ ਨਜਦੀਕ ਕਿਸੇ ਮੰਦਿਰ ਦਾ ਸੰਨਿਆਸੀ ਬਣਿਆ ਬੈਠਾ ਹੈ। ਬਲਜੀਤ ਤੇ ਰਵਿੰਦਰ ਹਮੇਸ਼ਾਂ ਦੋ ਗੁਤਾਂ ਕਰਕੇ ਰਖਦੀਆਂ। ਬਲਜੀਤ ਅਜਕਲ੍ਹ ਟੋਰਾਂਟੋ ਰਹਿੰਦੀ ਹੈ ਅਤੇ ਰਵਿੰਦਰ ਚੰਡੀਗੜ੍ਹ। ਮਨਿੰਦਰ, ਅਮਰਜੀਤ, ਗੁਰਪ੍ਰੀਤ, ਹਰਿੰਦਰ ਅਤੇ ਹਰਚਰਨ ਦਾ ਚੰਗਾ ਸਹੇਲਪੁਣਾ ਸੀ। ਐਮ ਏ ਦੇ ਪਹਿਲੇ ਸਾਲ ਮੈਂ ਵਿਭਾਗ ਵਿਚ ਫਸਟ ਤੇ ਜਸਪਾਲ ਸੈਕੰਡ ਆਈ।

ਐਮਰਜੈਂਸੀ ਦੇ ਵੇਲਿਆਂ ਵਿਚ ਹੀ ਹਰਭਜਨ ਹਲਵਾਰਵੀ ਸਮੇਤ ਕਈ ਸਾਰੇ ਨਕਸਲੀ ਆਗੂ ਨਵੇਂ ਸਿਰਿਓਂ ਜ਼ਿੰਦਗੀ ਸ਼ੁਰੂ ਕਰਨ ਵਲ ਤੁਰ ਪਏ ਸਨ। ਇਹ ਗੱਲ 1976-77 ਦੀ ਹੈ। ਹਰਭਜਨ ਹਲਵਾਰਵੀ ਐਮ.ਏ. ਦੂਜੇ ਸਾਲ ਵਿਚ ਸਾਡੇ ਨਾਲ ਆ ਦਾਖਲ ਹੋਇਆ। ਇਨ੍ਹੀਂ ਹੀ ਦਿਨੀਂ ਪਾਸ਼ ਜੇਲ੍ਹੋਂ ਰਿਹਾ ਹੋਣ ਉਪਰੰਤ ਇਕ ਵਾਰ ਸਾਡੇ ਵਿਭਾਗ ਆਇਆ, ਸ਼ਾਇਦ ਹਲਵਾਰਵੀ ਕਰਕੇ ਜਾਂ ਵਰਿਆਮ ਸੰਧੂ ਕਰਕੇ। ਵਰਿਆਮ ਸੰਧੂ ਉਸੇ ਸਾਲ ਨਵੇਂ ਸ਼ੁਰੂ ਹੋਏ ਕੋਰਸ ਐਮ ਫਿਲ ਦਾ ਵਿਦਿਆਰਥੀ ਸੀ। ਡਾ. ਕੇਸਰ ਸਿੰਘ ਕੇਸਰ ਨੇ ਕਲਾਸ ਵਿਚ ਪਾਸ਼ ਦੀ ਵਿਦਿਆਰਥੀਆਂ ਨਾਲ ਜਾਣ ਪਛਾਣ ਕਰਵਾਈ। ਪਾਸ਼ ਬਹੁਤ ਹੌਲੀ ਹੌਲੀ ਬੋਲਿਆ ਸੀ ਜਿਵੇਂ ਕਿਸੇ ਬਹੁਤ ਵੱਡੀ ਦਹਿਸ਼ਤ ਦਾ ਉਸ ਉਤੇ ਅਜੇ ਵੀ ਪਰਛਾਵਾਂ ਕਾਇਮ ਹੋਵੇ। ਪਾਸ਼ ਬਹੁਤਾ ਨਾ ਬੋਲ ਸਕਿਆ।

ਮਾਰਚ 1977 ਵਿਚ ਐਮਰਜੈਂਸੀ ਹਟਾਈ ਜਾ ਚੁੱਕੀ ਸੀ। ਨਵੀਆਂ ਚੋਣਾਂ ਹੋਈਆਂ ਤਾਂ ਇੰਦਰਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਹਾਰ ਗਈ। ਦੇਰ ਰਾਤ ਨਤੀਜੇ ਆਉਣ ਲੱਗੇ ਤਾਂ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਢੋਲ ਵੱਜਣਾ ਸ਼ੁਰੂ ਹੋ ਗਿਆ। ਫਿਰ ਜਿਉਂ ਜਿਉਂ ਰੇਡੀਓ ਉਤੇ ਇੰਦਰਾ ਦੀ ਹਾਰ ਅਤੇ ਜਨਤਾ ਪਾਰਟੀ ਦੀ ਜਿੱਤ ਸਪਸ਼ਟ ਹੁੰਦੀ ਗਈ ਭੰਗੜੇ ਦੀ ਤਾਲ ਵੀ ਤਿੱਖੀ ਹੁੰਦੀ ਗਈ। ਮੁੰਡੇ ਪਹਿਲਾਂ ਵੀ.ਸੀ. ਦਫਤਰ ਦੇ ਸਾਹਮਣੇ ਭੰਗੜਾ ਪਾਉਂਦੇ ਰਹੇ ਅਤੇ ਫਿਰ ਕੁੜੀਆਂ ਦੇ ਹੋਸਟਲਾਂ ਵੱਲ ਤੁਰ ਪਏ। ਉਥੋਂ ਕਿੰਨੀਆਂ ਹੀ ਕੁੜੀਆਂ ਵੀ ਮੁੰਡਿਆਂ ਨਾਲ ਰਲ ਗਈਆਂ ਜਿਵੇਂ ਇਹ ਲੋਕਾਂ ਦਾ ਜੰਜੀਰਾਂ ਟੁੱਟਣ ਤੋਂ ਬਾਅਦ ਸੁੱਤੇਸਿਧ ਆਜ਼ਾਦੀ ਦਾ ਪ੍ਰਗਟਾਵਾ ਹੋਵੇ। ਮਨਿੰਦਰ ਦੀ ਸਹੇਲੀ ਨੇਤਾ ਜੀ ਸਭ ਤੋਂ ਅੱਗੇ ਸੀ। ਫਿਰ ਜਨਤਾ ਪਾਰਟੀ ਦੀ ਅਗਵਾਈ ਹੇਠ ਨਵੀਂ ਸਰਕਾਰ ਬਣ ਗਈ। ਇਕ ਵਾਰ ਤਾਂ ਲੋਕਾਂ ਨੂੰ ਜਿਵੇਂ ਸੁੱਖ ਦਾ ਸਾਹ ਜਿਹਾ ਆਇਆ।

ਐਮਰਜੈਂਸੀ ਦੀ ਹਮਾਇਤ ਕਰਨ ਕਰਕੇ ਸੀ.ਪੀ.ਆਈ. ਨਾਲ ਲੋਕਾਂ ਦਾ ਉਕਾ ਹੀ ਮੋਹ ਭੰਗ ਹੋ ਚੁੱਕਾ ਸੀ।

ਵਿਦਿਆਰਥੀਆਂ ਵਿਚ ਅਸਲ ਵਿਚ ਖੱਬੇ ਪੱਖੀ ਲਹਿਰ ਪ੍ਰਤੀ ਮੋਹ ਘਟਦਾ ਹੀ ਜਾ ਰਿਹਾ ਸੀ। ਇਹੋ ਹੀ ਦਿਨ ਸਨ ਜਦੋਂ ਕਈ ਵਾਰ ਸਿੱਖੀ ਸੋਚ ਵਿਚ ਪੈਰ ਧਰਦੇ ਮੁੰਡੇ ਖੱਬੇ ਪੱਖੀ ਹਮਜਮਾਤੀਆਂ ਨਾਲ ਉਲਝ ਪੈਂਦੇ। ਸਿਰਦਾਰ ਕਪੂਰ ਸਿੰਘ ਉਨ੍ਹੀਂ ਦਿਨੀਂ ਗਿਆਰਾਂ ਸੈਕਟਰ ਰਿਹਾ ਕਰਦੇ ਸਨ। ਉਨ੍ਹਾਂ ਦੁਆਲੇ ਯੂਨੀਵਰਸਿਟੀ ਦੇ ਕੁਝ ਨਵੇਂ ਤੇ ਪੁਰਾਣੇ ਮੁੰਡਿਆਂ ਦਾ ਗਰੁੱਪ ਜੁੜਨ ਲੱਗਾ। ਹਰਪਾਲ ਸਿੰਘ ਨਾਲ ਕਦੀ ਕਦੀ ਮੈਂ ਵੀ ਉਨ੍ਹਾਂ ਪਾਸ ਚਲਾ ਜਾਂਦਾ। ਇਕ ਦਿਨ ਪੰਜਾਬ ਦੀ ਸਿਆਸਤ ਦੀ ਗੱਲ ਹੋ ਰਹੀ ਸੀ। ਸਿਰਦਾਰ ਸਾਹਿਬ ਤੋਂ ਕਿਸੇ ਨੇ ਪੁਛਿਆ ਕਿ ਖੱਬੇਪੱਖੀ ਆਪਣੇ ਆਪ ਨੂੰ ਅਗਾਂਹਵਧੂ ਅਖਾਉਂਦੇ ਹਨ, ਤੁਹਾਡਾ ਉਨ੍ਹਾਂ ਬਾਰੇ ਕੀ ਖਿਆਲ ਹੈ? ਤਾਂ ਜਵਾਬ ਸੀ, "ਜੋ ਫੰਡਰ ਗਊਆਂ ਬਾਰੇ ਹੁੰਦਾ ਹੈ। ਜਿਵੇਂ ਗਲ ਵਿਚ ਡੈਹਾ ਪਾਇਆ ਹੋਣ ਦੇ ਬਾਵਜੂਦ ਫੰਡਰ ਗਊਆਂ ਸਭ ਤੋਂ ਅੱਗੇ ਭੱਜੀਆਂ ਜਾਂਦੀਆਂ ਹਨ, ਇਵੇਂ ਹੀ ਸਾਡੇ ਇਹ ਅਗਾਂਹਵਧੂ ਹਨ।"

ਗਜਿੰਦਰ ਸਿੰਘ, ਜੋ ਕਿ ਦਲ ਖਾਲਸਾ ਦਾ ਮੋਹਰੀ ਆਗੂ ਬਣਿਆ, ਐਮਰਜੈਂਸੀ ਦੌਰਾਨ ਡੇਰਾ ਬਸੀ 'ਚ ਇੰਦਰਾ ਦੀ ਇਕ ਰੈਲੀ ਵਿਚ ਖਾਲਿਸਤਾਨ ਦੇ ਨਾਅਰੇ ਲਾਉਣ ਕਰਕੇ ਪੁਲਿਸ ਦੀ ਕੁੱਟ ਸਹਿਣ ਅਤੇ ਕੈਦ ਕੱਟਣ ਤੋਂ ਬਾਅਦ ਬਾਹਰ ਆ ਗਿਆ ਸੀ। ਹਰਸਿਮਰਨ ਸਿੰਘ, ਜੋ ਦਲ ਖਾਲਸਾ ਦੇ ਆਗੂਆਂ ਵਿਚ ਸ਼ਾਮਲ ਹੋਇਆ, ਉਨ੍ਹੀਂ ਦਿਨੀਂ



***ਪੰਜਾਬੀ ਵਿਭਾਗ ਦੇ 1977-78 ਦੇ ਸੈਸ਼ਨ ਦੀ ਇਸ ਫੋਟੋ ਵਿਚ ਪ੍ਰੋ. ਰਾਮ ਸਿੰਘ (ਖੁੱਲ੍ਹੀ ਚਿੱਟੀ ਦਾੜ੍ਹੀ), ਹਰਪਾਲ ਸਿੰਘ (ਪਹਿਲੀ ਕਤਾਰ ਵਿਚ ਚੌਥੇ), ਚਾਚਾ ਰਛਪਾਲ ਸਿੰਘ (ਸੱਜਿਓਂ ਪਹਿਲੀ ਕਤਾਰ ਵਿਚ ਲੜਕੀਆਂ ਦੇ ਪਿੱਛੇ ਐਨਕਾਂ ਨਾਲ)। ਇਹ ਤਸਵੀਰ ਹੁਣ ਸੈਕਰਾਮੈਂਟੋ ਰਹਿੰਦੇ ਮਨਜੀਤ ਸਿੰਘ, ਜੋ ਉਦੋਂ ਐਮ ਏ ਪਹਿਲੇ ਸਾਲ ਵਿਚ ਸਨ, ਨੇ ਭੇਜੀ ਹੈ। ਉਹ ਆਖਰੀ ਕਤਾਰ ਵਿਚ ਖੱਬਿਓਂ ਦੂਜੇ ਹਨ।***

## ਰੰਗ-ਬੇਰੰਗ

ਡਾ. ਵਿਸ਼ਵਨਾਥ ਤਿਵਾੜੀ ਦਾ ਦਫਤਰ ਇੰਚਾਰਜ ਹੋਇਆ ਕਰਦਾ ਸੀ। ਡਿਪਾਰਟਮੈਂਟ ਦਾ ਸਮਾਂ ਖਤਮ ਹੋਣ ਤੋਂ ਬਾਅਦ ਉਸ ਦੇ ਕੁਝ ਦੋਸਤ ਕਦੀ ਕਦੀ ਗੁਲਾਟੀ ਦੀ ਕੰਟੀਨ ਉਤੇ ਚਾਹ ਪੀਣ ਬੈਠ ਜਾਂਦੇ। ਇਨ੍ਹਾਂ ਵਿਚ ਗਜਿੰਦਰ ਸਿੰਘ ਵੀ ਹੁੰਦਾ ਅਤੇ ਕਦੇ ਕਦੇ ਸਤਨਾਮ ਸਿੰਘ ਪਾਊਂਟਾ ਸਾਹਿਬ ਵੀ। ਉਨ੍ਹਾਂ ਨਾਲ ਬਹੁਤ ਵੱਡੀ ਪੱਗ ਬੰਨੀ ਇਕ ਨਿਹੰਗ ਸਿੰਘ ਵੀ ਹੁੰਦਾ। ਇਕ ਦਿਨ ਕਿਸੇ ਸਿੱਖ ਮੁੰਡੇ ਨੇ ਐਵੇਂ ਸ਼ੁਗਲ ਵਿਚ ਹੀ ਉਸ ਦੀ ਇਸ ਪੱਗ ਬਾਰੇ ਮਖੌਲ ਕਰ ਦਿੱਤਾ ਤਾਂ ਨਿਹੰਗ ਸਿੰਘ ਸਮੇਤ ਸਾਰੇ ਮਰਨ ਮਾਰਨ ਉਤੇ ਉਤਾਰੂ ਹੋ ਗਏ। ਹਰਸਿਮਰਨ ਅਤੇ ਉਸ ਦੇ ਸਾਥੀ ਪਤਾ ਨਹੀਂ ਕੀ ਗੱਲਾਂ ਕਰਦੇ, ਸਾਨੂੰ ਵਿਦਿਆਰਥੀਆਂ ਨੂੰ ਇਸ ਦਾ ਬਹੁਤਾ ਇਲਮ ਨਹੀਂ ਸੀ। ਕਈ ਵਾਰ ਹਰਸਿਮਰਨ ਗਜਿੰਦਰ ਸਿੰਘ ਦੀ ਕੋਈ ਕਵਿਤਾ ਸੁਣਾਉਣ ਲੱਗਦਾ ਜਿਨ੍ਹਾਂ ਵਿਚੋਂ ਇਹ ਬੰਦ ਅਜੇ ਵੀ ਮੈਨੂੰ ਯਾਦ ਹੈ:

ਇਹ ਨਹਿਰੂ ਜਾਂ ਨਹਿਰੂ ਦੀ ਧੀ ਏ
ਗੰਗੂ ਹੀ ਗੰਗੂ ਨੇ ਹੋਰ ਇਥੇ ਕੀ ਏ।

ਬਾਅਦ 'ਚ ਗਜਿੰਦਰ ਸਿੰਘ ਦਾ ਕਾਵਿ ਸੰਗ੍ਰਿਹ ਛਪਿਆ "ਪੰਜ ਤੀਰ ਹੋਰ"।

ਪੰਜਾਬੀ ਦੀ ਐਮ ਏ ਕਰਨ ਤੋਂ ਬਾਅਦ ਮੈਂ ਐਮ ਫਿਲ ਵਿਚ ਕਿਸੇ ਕਾਰਨ ਦਾਖਲ ਨਾ ਹੋ ਸਕਿਆ। ਬਹਾਨੇ ਦੇ ਤੌਰ 'ਤੇ ਪੀ ਐਚ ਡੀ ਲਈ ਰਜਿਸਟਰੇਸ਼ਨ ਕਰਵਾ ਕੇ ਹੋਸਟਲ ਹੀ ਰਹਿਣ ਲੱਗ ਪਿਆ। ਇਨ੍ਹਾਂ ਦਿਨਾਂ ਵਿਚ ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਈ ਮੁੰਡੇ ਕਮਿਊਨਿਸਟ ਵਿਚਾਰਾਂ ਖਾਸ ਕਰਕੇ ਸੀ ਪੀ ਆਈ ਨਾਲ ਸਬੰਧਤ ਵਿਦਿਆਰਥੀ ਜਥੇਬੰਦੀ ਦੇ ਮੈਂਬਰਾਂ ਨਾਲ ਪੰਜਾ ਫਸਾ ਬੈਠਦੇ। ਇਨ੍ਹਾਂ ਵਿਚ ਕਾਮਰੇਡ ਕੁਲਦੀਪ, ਨਹਿਰੂ ਅਤੇ ਹਰਪਾਲ ਸਿੰਘ ਸਮੇਤ ਕਈ ਹੋਰ ਮੁੰਡੇ ਸ਼ਾਮਲ ਸਨ। ਅਪਰੈਲ 1978 ਵਿਚ ਵਿਸਾਖੀ ਮੌਕੇ ਨਿਰੰਕਾਰੀ ਕਾਂਡ ਹੋ ਗਿਆ ਅਤੇ ਜਿਹੜੀਆਂ ਨਿਕੀਆਂ ਨਿਕੀਆਂ ਬਹਿਸਾਂ ਚਲਦੀਆਂ ਸਨ ਉਹ ਜ਼ਰਾ ਹੋਰ ਗਰਮ ਹੋ ਗਈਆਂ। ਮਰਹੂਮ ਡਾ. ਵਿਸ਼ਵਨਾਥ ਤਿਵਾੜੀ, ਜਿਨ੍ਹਾਂ ਨੇ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਨੂੰ ਖੂਨ ਨਾਲ ਕੀਤੇ ਦਸਤਖਤ ਹਮਾਇਤ ਦੇ ਤੌਰ 'ਤੇ ਭੇਜੇ ਸਨ, ਦੇ ਪੰਜਾਬੀ ਵਿਭਾਗ ਵਿਚ ਕਮਰਾ ਨੰਬਰ 6 ਵਾਲੇ ਦਫਤਰ ਵਿਚ ਜਿਥੇ ਕਾਂਗਰਸੀ ਵਿਚਾਰਾਂ ਵਾਲੇ ਅਧਿਆਪਕ ਅਤੇ ਵਿਦਿਆਰਥੀ ਇਕੱਠੇ ਹੁੰਦੇ ਉਥੇ ਸਿੱਖੀ ਸੋਚ ਵਾਲੇ ਅਧਿਆਪਕ ਤੇ ਵਿਦਿਆਰਥੀ ਵੀ। ਡਾ. ਤਿਵਾੜੀ ਅਤੇ ਡਾ. ਹਰਦੇਵ ਸਿੰਘ ਸੱਚਰ (ਜੋ 2009 ਵਿਚ ਚਲਾਣਾ ਕਰ ਗਏ) ਨੂੰ ਕਈ ਵਾਰ ਕਿਸੇ ਸਿੱਖ ਮਸਲੇ ਉਤੇ ਉਲਝਦੇ ਵੇਖਿਆ ਜਾ ਸਕਦਾ ਸੀ। ਇਕ ਦਿਨ ਗਾਂਧੀ ਭਵਨ ਅੱਗੇ ਸੜਕ 'ਤੇ ਖੜ੍ਹੇ ਦੋਵੇਂ ਬਹਿਸ ਰਹੇ ਸਨ। ਡਾ. ਤਿਵਾੜੀ ਕਹਿ ਰਹੇ ਸਨ, "ਤੂੰ ਕੱਟੜ ਸਿੱਖ ਹੀ ਨਹੀਂ ਸਗੋਂ ਖਾਲਿਸਤਾਨੀ ਵੀ ਬਣ ਗਿਐਂ।" ਅੱਗੋਂ ਡਾ. ਸੱਚਰ ਦਾ ਜਵਾਬ ਸੀ, "ਹਾਂ ਮੈਂ ਕੱਟੜ ਸਿੱਖ ਹਾਂ ਪਰ ਤੁਹਾਡੇ ਵਾਂਗ ਮੁੱਕਰਦਾ ਨਹੀਂ। ਤੁਸੀਂ ਭਾਵੇਂ ਕਾਂਗਰਸੀ ਹੋ ਪਰ ਅੰਦਰੋਂ ਕੱਟੜ ਬਾਹਮਣਵਾਦੀ।" ਕਈ ਵਾਰ ਮਜ਼ਾਕ ਹੁੰਦਾ ਕਿ ਡਾ. ਤਿਵਾੜੀ ਦਾ ਦਫਤਰ ਇਕ ਅਜੀਬ ਸੰਗਮ ਹੈ ਜਿਥੇ ਸਭ ਤਰ੍ਹਾਂ ਦੇ ਪਾਣੀ ਆ ਰਲਦੇ ਹਨ-ਕਾਂਗਰਸੀ, ਹਿੰਦੂ, ਕਮਿਊਨਿਸਟ ਅਤੇ ਸਿੱਖ।

ਹਰਸਿਮਰਨ ਅਤੇ ਉਸ ਦੇ ਸਾਥੀਆਂ ਦਾ ਚਾਚੇ ਗੁਲਾਟੀ ਦੀ ਕੰਟੀਨ 'ਤੇ ਜੁੜਨਾ ਪਹਿਲਾਂ ਨਾਲੋਂ ਵਧ ਗਿਆ। ਕੁਝ ਸਮਾਂ ਬਾਅਦ ਉਨ੍ਹਾਂ ਨੇ ਦਲ ਖਾਲਸਾ ਦੇ ਗਠਨ ਦਾ ਐਲਾਨ ਵੀ ਕਰ ਦਿਤਾ। ਕਈ ਲੋਕਾਂ ਦਾ ਅੱਜ ਤੱਕ ਵੀ ਖਿਆਲ ਹੈ ਕਿ ਦਲ ਖਾਲਸਾ ਮਰਹੂਮ ਗਿਆਨੀ ਜੈਲ ਸਿੰਘ ਦੀ ਸ਼ਹਿ ਉਤੇ ਬਣਾਇਆ ਗਿਆ ਸੀ ਪਰ ਮੈਨੂੰ ਜਾਪਦਾ ਹੈ ਇਹ ਸ਼ਾਇਦ ਇਕ ਵਹਿਮ ਹੀ ਹੈ। ਅਕਾਲੀਆਂ ਖਿਲਾਫ਼ ਜਥੇਬੰਦੀ ਉਠਦੀ ਵੇਖ ਉਨ੍ਹਾਂ ਇਸ ਦੀ ਜਾਹਰਾ ਜਾਂ ਉਹਲੇ ਵਿਚ ਮਦਦ ਕੀਤੀ ਹੋ ਸਕਦੀ ਹੈ। 1978 ਦੀ ਵਿਸਾਖੀ ਯੂਨੀਵਰਸਿਟੀ ਵਿਚ ਵੀ ਇਕ ਤਰ੍ਹਾਂ ਦਾ ਤਿਖਾ ਮੋੜ ਸੀ। ਬਾਅਦ ਵਿਚ ਹਰਸਿਮਰਨ ਨੇ "ਸਿੱਖ ਹੱਕਾਂ ਦੀ ਭੂਮਿਕਾ" ਨਾਂ ਦੀ ਇਕ ਕਿਤਾਬ ਲਿਖੀ ਜਿਸ ਬਾਰੇ ਮੇਰੇ ਤੋਂ ਵੀ ਕਈ ਸੁਝਾਅ ਲਏ। ਹਰਸਿਮਰਨ ਅਜਕਲ੍ਹ ਸੁਣਿਐਂ ਅਨੰਦਪੁਰ ਸਾਹਿਬ ਰਹਿੰਦਾ ਹੈ। ਹਰਸਿਮਰਨ ਸਿੰਘ ਨੇ ਵੀ ਪੰਜਾਬ ਦੇ ਖਰਾਬ ਦਿਨਾਂ ਵਿਚ ਕਾਫੀ ਕਸ਼ਟ ਝੱਲੇ। ਬਾਅਦ ਵਿਚ ਉਸ ਨੇ ਸਿੱਖ ਰਾਜਨੀਤੀ ਬਾਰੇ ਇਕ ਵਡੀ ਕਿਤਾਬ ਵੀ ਲਿਖੀ। ਅਜਕਲ੍ਹ ਸੁਣਿਐਂ ਅਨੰਦਪੁਰ ਸਾਹਿਬ ਰਹਿੰਦਾ ਹੈ। ਦਲ ਖਾਲਸਾ ਵਲੋਂ ਇਕ ਭਾਰਤੀ ਜਹਾਜ ਅਗਵਾ ਕਰਕੇ ਲਾਹੌਰ ਲਜਾਏ ਜਾਣ ਦੇ ਮਾਮਲੇ ਵਿਚ ਗਜਿੰਦਰ ਸਿੰਘ ਲੰਮੀ ਕੈਦ ਕੱਟਣ ਪਿਛੋਂ ਅਜੇ ਵੀ ਪਾਕਿਸਤਾਨ ਹੀ ਹੈ।

**(ਚਲਦਾ)**

## ਵਿਚਾਰ-ਚਰਚਾ

## 'ਸਿੱਖ ਕੌਮ: ਹਸਤੀ ਤੇ ਹੋਣੀ'-ਕੁੱਝ ਸੰਸੇ, ਕੁਝ ਸਵਾਲ-2

# ਪ੍ਰੋ. ਹਰਪਾਲ ਸਿੰਘ ਪੰਨੂੰ ਦਾ ਕੁਤਰਕ?

*'ਪੰਜਾਬ ਟਾਈਮਜ਼' ਵਿਚ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਸਾਲ 2010-11 ਵਿਚ ਹੋਈ ਵਿਚਾਰ-ਚਰਚਾ ਦੇ ਆਧਾਰ 'ਤੇ ਛਪੀ ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਬਾਰੇ ਅਦਾਰਾ 'ਪੰਜਾਬ ਟਾਈਮਜ਼' ਨੇ ਬਜ਼ੁਰਗ ਦਾਨਸ਼ਵਰ ਡਾ. ਪਰੇਮ ਸਿੰਘ ਨੂੰ 'ਸਿੱਖ ਕੌਮ: ਹਸਤੀ ਤੇ ਹੋਣੀ ਬਾਰੇ' ਆਪਣੀ ਰਾਏ ਲਿਖ ਭੇਜਣ ਲਈ ਬੇਨਤੀ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਪੁਸਤਕ ਵਿਚ ਸ਼ਾਮਲ ਲੇਖਾਂ ਨੂੰ ਉਨ੍ਹਾਂ ਨੇ ਪੂਰੀ ਨੀਝ ਨਾਲ ਪੜ੍ਹਿਆ ਹੈ ਅਤੇ ਉਹ ਇਨ੍ਹਾਂ 'ਚੋਂ ਬਹੁਤੇ ਲੇਖਾਂ ਬਾਰੇ ਵੱਖਰੀ-ਵੱਖਰੀ ਟਿੱਪਣੀ ਲਿਖਣਾ ਵੱਧ ਪਸੰਦ ਕਰਨਗੇ। ਉਨ੍ਹਾਂ ਦੀ ਇਹ ਲੰਮੀ ਟਿੱਪਣੀ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

**ਪਰੇਮ ਸਿੰਘ (ਡਾ.)**

ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਵਿਚ ਪੱਤਰਕਾਰ ਕਰਮ ਬਰਸਟ ਦੇ ਦਸ ਲੇਖ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਸੱਤ ਇਕੋ ਲੜੀ ਵਿਚ ਹਨ। ਉਨ੍ਹਾਂ ਅਨੁਸਾਰ ਸ. ਅਜਮੇਰ ਸਿੰਘ ਦੇ ਵਿਚਾਰ ਪੈਂਡੂਲਮ ਵਾਂਗ ਇਕ ਸਿਰੇ ਤੋਂ ਦੂਜੇ ਤੱਕ ਜਾਂਦੇ ਰਹੇ ਹਨ, ਪਰ ਤੋੜਾ ਸਦਾ ਇਕ ਗੱਲ ਉਤੇ ਝੜਦਾ ਰਿਹਾ ਹੈ ਕਿ ਸਿੱਖ ਇਕ ਕੌਮ ਹਨ। ਹਕੀਕਤ ਇਹ ਹੈ ਕਿ ਭਾਰਤ ਅਜੇ ਵੀ ਕੌਮੀ ਰਾਜ ਨਹੀਂ ਬਣ ਸਕਿਆ, ਭਾਵੇਂ ਸਾਮਰਾਜ ਵਿਰੋਧੀ ਆਜ਼ਾਦੀ ਦੀ ਲਹਿਰ ਸਮੇਂ ਭਾਰਤੀ ਕੌਮ ਦਾ ਧੁੰਦਲਾ ਜਿਹਾ ਰੂਪ ਬਣਨ ਲੱਗ ਪਿਆ ਸੀ। ਕਾਂਗਰਸ ਤੇ ਮੁਸਲਿਮ ਲੀਗ ਦੀਆਂ ਨੀਤੀਆਂ ਤੇ ਉਪਰੋਂ ਵਿਦੇਸ਼ੀ ਹਾਕਮਾਂ ਦੀ ਸ਼ਹਿ ਨੇ ਧਰਮ ਆਧਾਰਤ ਦੋ ਕੌਮਾਂ ਦੀ ਗੈਰ-ਵਿਗਿਆਨਕ ਧਾਰਨਾ ਨੂੰ ਮਾਨਤਾ ਦੇ ਕੇ ਭਾਰਤੀ ਜਨਤਾ ਵਿਚ ਵੰਡੀਆਂ ਪਾ ਦਿੱਤੀਆਂ। ਸਿੱਖਾਂ ਨੂੰ ਵੱਖਰੇ ਰਾਜ ਦੀ ਪੇਸ਼ਕਸ਼ ਅੰਗਰੇਜ਼ਾਂ ਵੱਲੋਂ ਹੋਈ ਦੱਸੀ ਗਈ ਹੈ, ਪਰ ਸਿੱਖ ਆਗੂਆਂ ਨੇ ਦੂਰ-ਅੰਦੇਸ਼ੀ ਦਾ ਸਬੂਤ ਦਿੰਦਿਆਂ ਭਾਰਤ ਵਿਚ ਰਹਿਣ ਨੂੰ ਤਰਜੀਹ ਦਿੱਤੀ। ਸੋਵੀਅਤ ਆਗੂ ਜੋਜ਼ਫ ਸਟਾਲਿਨ ਵਲੋਂ ਦਿੱਤੀ ਗਈ ਕੌਮ ਦੀ ਪਰਿਭਾਸ਼ਾ ਦੇ ਹਵਾਲੇ ਨਾਲ ਕਰਮ ਬਰਸਟ ਨੇ ਲਿਖਿਆ ਹੈ ਕਿ ਇਸ ਅਨੁਸਾਰ ਕੌਮ ਦੀ ਘਾੜਤ ਵਿਚ ਧਰਮ ਦਾ ਕਿਤੇ ਵੀ ਜ਼ਿਕਰ ਨਹੀਂ। ਭਾਰਤ ਵਿਚ ਦੋ ਦਰਜਨ ਦੇ ਕਰੀਬ ਕੌਮੀਅਤਾਂ ਹਨ ਜਿਨ੍ਹਾਂ ਦੀ ਭਾਰੀ ਬਹੁ-ਗਿਣਤੀ ਹਿੰਦੂ ਧਰਮ ਨੂੰ ਮੰਨਦੀ ਹੈ, ਪਰ ਇਸ ਦੇ ਬਾਵਜੂਦ ਇਹ ਹਿੰਦੂ ਕੌਮ ਨਹੀਂ ਹਨ। ਪਾਕਿਸਤਾਨ ਵਿਚ ਵੀ ਮੁਸਲਿਮ ਕੌਮ ਨਾਂ ਦੀ ਚੀਜ਼ ਨਹੀਂ ਮਿਲਦੀ। ਜੇ ਮੁਸਲਮਾਨ ਕੌਮ ਹੁੰਦੇ ਤਾਂ ਵੱਖਰਾ ਬੰਗਲਾ ਦੇਸ਼ ਬਣਾਉਣ ਦੀ ਮੰਗ ਨਹੀਂ ਉਠਣੀ ਸੀ। ਕੁਝ ਸਿੱਖ ਆਗੂ ਤੇ ਅਖੌਤੀ ਸਿੱਖ ਬੁੱਧੀਜੀਵੀ ਧਰਮ ਨੂੰ ਆਧਾਰ ਬਣਾ ਕੇ 'ਸਿੱਖ ਇਕ ਅਲੱਗ ਕੌਮ' ਦੇ ਸਿਧਾਂਤ ਨੂੰ ਪ੍ਰਚਾਰਨ ਤੇ ਸਥਾਪਤ ਕਰਨ ਵਿਚ ਰੁਝੇ ਹੋਏ ਹਨ। ਕਰਮ ਬਰਸਟ ਦਾ ਮੰਨਣਾ ਹੈ ਕਿ 'ਸਿੱਖ ਇਕ ਕੌਮ' ਤੇ 'ਸਿੱਖਾਂ ਦੇ ਬੋਲਬਾਲੇ ਵਾਲੇ ਖਿੱਤੇ' ਦੀ ਮੰਗ ਵਿਹਾਰਕ ਨਹੀਂ ਹੈ। ਉਨ੍ਹਾਂ ਨੂੰ ਅਜਮੇਰ ਸਿੰਘ, ਸਰਮਾਏਦਾਰਾਨਾ ਮੰਡੀ ਅਤੇ ਭਾਸ਼ਾ ਦੇ ਅਰਥ-ਭਰਪੂਰ ਸਬੰਧਾਂ ਵਿਚਕਾਰ ਘਚੋਲਾ ਪੈਦਾ ਕਰਦਾ ਤੇ ਕਿੰਨੀਆਂ ਹੀ ਆਪਾ-ਵਿਰੋਧੀ ਗੱਲਾਂ ਕਰਦਾ ਨਜ਼ਰ ਆਉਂਦਾ ਹੈ। 13 ਅਪਰੈਲ 1978 ਵਾਲੇ ਦਿਨ ਨਿਰੰਕਾਰੀਆਂ ਤੇ ਸਿੱਖ ਜਥੇ ਵਿਚਕਾਰ ਹੋਈ ਹਥਿਆਰਬੰਦ ਟੱਕਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਹੈ ਕਿ ਇਹ ਕਾਰਾ ਨਿਰੰਕਾਰੀਆਂ ਦੀ ਜ਼ਿੱਦ ਅਤੇ ਸਟੇਟ ਦੀ ਅਣਗਹਿਲੀ ਕਾਰਨ ਹੋਇਆ ਸੀ, ਪਰ ਇਹ ਕਹਿਣਾ "ਸਿਰੇ ਦਾ ਭੋਲਾਪਣ" ਹੈ ਕਿ ਇਹ ਸਭ ਕੁਝ ਕਥਿਤ ਹਿੰਦੂ ਸਟੇਟ ਨੇ ਗਿਣ-ਮਿਥ ਕੇ ਕਰਵਾਇਆ ਸੀ ਤੇ ਇਹ ਝਗੜਾ ਹੀ ਬਾਅਦ ਵਿਚ ਵਾਪਰੇ ਘਟਨਾਕ੍ਰਮਾਂ ਦਾ ਮੂਲ ਸੂਤਰ ਸੀ। ਇਹ ਝਗੜਾ ਨਾ ਵੀ ਹੋਇਆ ਹੁੰਦਾ ਤਾਂ ਵੀ ਸਿੱਖ ਮੂਲਵਾਦੀ ਲਹਿਰ ਨੇ ਕੋਈ ਹੋਰ ਬਹਾਨਾ ਲੱਭ ਲੈਣਾ ਸੀ।

ਕਰਮ ਬਰਸਟ ਅਨੁਸਾਰ ਸਿੱਖਾਂ ਨੇ ਸੰਤ ਭਿੰਡਰਾਂਵਾਲੇ ਨੂੰ ਪ੍ਰਵਾਨ ਨਹੀਂ ਕੀਤਾ ਸੀ। 1979 ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸੰਤ ਭਿੰਡਰਾਂਵਾਲੇ ਦੇ ਬਾਹਲੇ ਉਮੀਦਵਾਰ ਵੱਡੇ ਫਰਕ ਨਾਲ ਹਾਰ ਗਏ ਸਨ, ਬਲਕਿ ਜ਼ਮਾਨਤਾਂ ਹੀ ਗਵਾ ਗਏ ਸਨ। ਅਜਮੇਰ ਸਿੰਘ ਨੇ ਆਪਣੇ ਬਿਰਤਾਂਤ ਵਿਚ ਇਸ ਤੱਥ ਨੂੰ ਲੁਕਾਇਆ ਹੈ ਕਿ ਦਮਦਮੀ ਟਕਸਾਲ ਨੇ 1980 ਦੀਆਂ ਆਮ ਚੋਣਾਂ ਵਿਚ ਕਾਂਗਰਸ ਦੀ ਮੱਦਦ ਕੀਤੀ ਸੀ ਤੇ ਸਵਰਗੀ ਸ੍ਰੀਮਤੀ ਸੁਖਬੰਸ ਕੌਰ ਭਿੰਡਰ ਨੂੰ ਜਿਤਾਉਣ ਵਿਚ ਯਥਾ-ਸ਼ਕਤ ਭੂਮਿਕਾ ਨਿਭਾਈ ਸੀ। ਅਜਮੇਰ ਸਿੰਘ ਨੇ ਸ਼ੁਰੂਆਤੀ ਦੌਰ ਵਿਚ ਖਾੜਕੂ ਧਿਰਾਂ ਤੇ ਇੰਦਰਾ ਗਾਂਧੀ ਵਿਚਕਾਰਲੇ ਰਿਸ਼ਤੇ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਹੈ। ਉਸ ਦਾ ਇਹ ਦਾਅਵਾ ਨਿਰਮੂਲ ਹੈ ਕਿ ਸੰਤ ਭਿੰਡਰਾਂਵਾਲਿਆਂ ਨੇ ਹਾਕਮਾਂ ਨੂੰ ਰੜੇ ਮੈਦਾਨ ਲਲਕਾਰਿਆ ਸੀ ਕਿਉਂਕਿ ਦਰਬਾਰ ਸਾਹਿਬ ਦੀ ਓਟ ਲੈਣੀ ਰੜਾ ਮੈਦਾਨ ਨਹੀਂ ਸੀ।

ਅਜਮੇਰ ਸਿੰਘ ਦੇ ਉਦੇਸ਼ ਬਾਰੇ ਕਰਮ ਬਰਸਟ ਦਾ ਕਹਿਣਾ ਹੈ ਕਿ 'ਖਾਲਸਾ ਜੀ ਕੇ ਬੋਲਬਾਲੇ' ਨੂੰ ਸਾਕਾਰ ਹੁੰਦਾ ਵੇਖਣ ਲਈ ਉਸ ਨੂੰ ਹਿੰਦੂਆਂ ਦੀ ਵੱਢ-ਟੁੱਕ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਜ਼ਰ ਨਹੀਂ ਆਉਂਦਾ। ਉਹ 'ਜੱਟ-ਬੂਟ' ਸਿੱਖਾਂ ਤੇ ਬਗਾਵਤ ਕਰਨ ਵਾਲੇ ਧਰਮੀ ਫੌਜੀਆਂ ਦੀ ਨਾਲਾਇਕੀ ਉਪਰ ਵੀ ਆਪਣਾ ਕਹਿਰ ਨਾਜ਼ਲ ਕਰਦਾ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਸੰਤਾਂ ਦੀ ਸਿੱਖਿਆ ਦਾ ਸਹੀ ਪਾਲਣ ਨਹੀਂ ਕੀਤਾ ਸੀ। ਉਸ ਦੇ ਲੁਕਵੇਂ ਇਸ਼ਾਰਿਆਂ ਤੋਂ ਸਪੱਸ਼ਟ ਹੈ ਕਿ ਜੇ ਹਿੰਦੂਆਂ ਦੀ ਦੂਹਰੀ-ਤੀਹਰੀ ਮਾਤਰਾ ਵਿਚ ਨਸਲਕੁਸ਼ੀ ਵਿੱਢ ਦਿੱਤੀ ਜਾਂਦੀ ਤਾਂ ਨਾ ਕੇਵਲ ਹਿੰਦੂਆਂ ਦੀ ਅਕਲ ਟਿਕਾਣੇ ਆ ਜਾਣੀ ਸੀ, ਖਾਲਿਸਤਾਨ ਦੀ ਬਣਤ ਦੀ ਸ਼ਾਹ-ਰਾਹ ਵੀ ਖੁੱਲ੍ਹ ਜਾਣੀ ਸੀ। ਅਜਮੇਰ ਸਿੰਘ ਵੱਲੋਂ ਸਿੱਖਾਂ ਤੇ ਯਹੂਦੀਆਂ ਦੀ ਸਥਿਤੀ ਵਿਚ ਦਰਸਾਈ ਗਈ ਸਾਂਝ ਬਾਰੇ ਕਰਮ ਬਰਸਟ ਕਹਿੰਦਾ ਹੈ ਕਿ ਉਹ ਪੂਰੀਆਂ ਦੀਆਂ ਪੂਰੀਆਂ ਕੌਮਾਂ ਨੂੰ ਗੁਨਾਹਗਾਰਾਂ ਦੇ ਕਟਹਿਰੇ ਵਿਚ ਖੜ੍ਹਾ ਕਰ ਰਿਹਾ ਹੈ। ਸਵਾਲ ਇਹ ਹੈ ਕਿ ਕੀ ਅੱਜ ਇਸਰਾਈਲ ਵਿਚ ਵਸਦੀ ਪੂਰੀ ਯਹੂਦੀ ਕੌਮ ਹੀ ਵਹਿਸ਼ੀ ਹੈ ਜਾਂ ਸਿਰਫ਼ ਉਥੇ ਰਾਜ ਕਰਦੀਆਂ ਹਾਕਮ ਜਮਾਤਾਂ? ਅਸਲ ਵਿਚ ਸਿੱਖਾਂ ਅਤੇ ਯਹੂਦੀਆਂ ਦਾ ਮਸਲਾ ਤੱਤ ਰੂਪ ਵਿਚ ਵੱਖਰਾ ਹੈ। ਯਹੂਦੀਆਂ ਨੇ ਇਕ ਧਰਮ ਦੇ ਤੌਰ ਉਤੇ ਕਦੇ ਵੀ ਵੱਖਰੇ ਦੇਸ਼ ਦੀ ਮੰਗ ਨਹੀਂ ਕੀਤੀ ਸੀ।

ਵੀਹਵੀਂ ਸਦੀ ਦੇ ਅੱਧ ਵਿਚ ਯਹੂਦੀਆਂ ਲਈ ਵੱਖਰਾ ਦੇਸ਼ ਬਣ ਜਾਣਾ ਅਤੇ ਇਸੇ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਧਰਮ ਆਧਾਰਤ ਵੱਖਰੀ ਸਿੱਖ ਸਟੇਟ ਦੇ ਸੁਫਨੇ ਲੈਣੇ ਦੋ ਵੱਖ-ਵੱਖ ਗੱਲਾਂ ਹਨ। ਅਜਮੇਰ ਸਿੰਘ ਵਰਗੇ ਚਿੰਤਕ ਜਾਣ-ਬੁਝ ਕੇ ਇਹ ਗੱਲ ਭੁੱਲਦੇ ਹਨ ਕਿ ਆਟੋਮਾਨ ਸਲਤਨਤ ਦੀ ਬਰਬਾਦੀ ਅਤੇ ਦੂਜੇ ਵਿਸ਼ਵ ਯੁੱਧ ਪਿੱਛੋਂ ਉਹ ਕਿਹੜੇ ਹਾਲਾਤ ਸਨ ਜਿਨ੍ਹਾਂ ਵਿਚ ਇਸਰਾਈਲ ਦੀ ਹੋਂਦ ਸੰਭਵ ਹੋਈ ਤੇ ਇਹ ਵੀ ਕਿ ਇਸਰਾਈਲ ਬਣਾ ਕੇ ਵੀ ਮੱਧ-ਪੂਰਬ ਵਿਚ ਕਿਹੜੇ ਲੱਲੜ ਲੱਗੇ ਹੋਏ ਹਨ? ਇਸਰਾਈਲ ਕਦੇ ਵੀ ਯਹੂਦੀਆਂ ਦੀ ਉਵੇਂ ਮੰਗ ਨਹੀਂ ਸੀ ਜਿਵੇਂ ਪਾਕਿਸਤਾਨ ਮੁਸਲਿਮ ਲੀਗੀਆਂ ਦੀ ਮੰਗ ਸੀ ਜਾਂ ਅੱਜ ਸਿੱਖਾਂ ਦੇ ਬੌਧਿਕ ਹਲਕਿਆਂ ਦੀ ਨਿਗੂਣੀ ਘੱਟ-ਗਿਣਤੀ ਅਲੱਗ 'ਸਿੱਖ ਸਟੇਟ' ਦੀ ਮੰਗ ਲਈ ਆਧਾਰ ਤਿਆਰ ਕਰਨ ਵਿਚ ਲੱਗੀ ਹੋਈ ਹੈ। ਸਿੱਖ, ਭਾਰਤੀ ਸਟੇਟ ਵਿਚ ਇੰਨੀ ਗਹਿ-ਗੱਡਵੀਂ ਤਰ੍ਹਾਂ ਰਚ ਚੁੱਕੇ ਹਨ ਕਿ ਕਿਸਾਨੀ ਅਤੇ ਸ਼ਹਿਰੀ ਸਿੱਖਾਂ ਦੀਆਂ ਕੁਝ ਆਰਥਿਕ ਅਤੇ ਧਾਰਮਿਕ ਮੰਗਾਂ ਤੋਂ ਸਿਵਾਏ ਕੋਈ ਹੋਰ ਮੰਗਾਂ ਨਹੀਂ ਹਨ ਜਿਨ੍ਹਾਂ ਦੇ ਆਧਾਰ 'ਤੇ ਵੱਖਰੀ ਸਟੇਟ ਦੀ ਮੰਗ ਕੀਤੀ ਜਾ ਸਕੇ। ਉਨ੍ਹਾਂ ਦੇ ਕੋਈ ਅਜਿਹੇ ਹੱਕ ਨਹੀਂ ਹਨ ਜੋ ਭਾਰਤੀ ਸਟੇਟ ਵਿਚ ਉਨ੍ਹਾਂ ਨੂੰ ਹਾਸਲ ਨਾ ਹੋਣ। ਸਿੱਖਾਂ ਅਤੇ ਹਿੰਦੂਆਂ ਵਿਚਕਾਰ ਸਿਵਾਏ 1984 ਦੀਆਂ ਦੋ ਕੁਲੱਛਣੀਆਂ ਘਟਨਾਵਾਂ ਦੇ ਕਦੇ ਵੀ ਟਕਰਾਅ ਨਹੀਂ ਹੋਇਆ ਪਰ ਯਹੂਦੀਆਂ ਦਾ ਪਹਿਲਾਂ ਇਸਾਈਆਂ ਨਾਲ ਅਤੇ ਫਿਰ ਮੁਸਲਮਾਨਾਂ ਨਾਲ ਟਕਰਾਅ ਦੋ ਹਜ਼ਾਰ ਵਰ੍ਹੇ ਪਹਿਲਾਂ ਤੋਂ ਚੱਲ ਰਿਹਾ ਹੈ।

ਅਜਮੇਰ ਸਿੰਘ ਦੀ ਆਲੋਚਨਾ ਕਰਦਿਆਂ ਕਰਮ ਬਰਸਟ ਨੇ ਪੱਤਰਕਾਰ ਦਲਬੀਰ ਸਿੰਘ ਦੀ ਪੁਸਤਕ 'ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ' ਦੇ ਹਵਾਲੇ ਨਾਲ ਲਿਖਿਆ ਹੈ ਕਿ ਅਜਮੇਰ ਸਿੰਘ, ਦਲਬੀਰ ਸਿੰਘ ਵਾਂਗ ਢਿਲਵਾਂ ਕਾਂਡ ਨੂੰ ਦਾਅ-ਪੇਚੀ ਕਦਮ ਦੇ ਤੌਰ ਉਤੇ ਦਰੁਸਤ ਦੱਸਦਾ ਹੈ। ਇਹੋ ਉਹ ਮੌਕਾ ਸੀ ਜਦੋਂ ਮੋਰਚਾ ਸੰਤ ਲੌਂਗੋਵਾਲ ਦੇ ਹੱਥੋਂ ਨਿਕਲਣਾ ਸ਼ੁਰੂ ਹੋਇਆ ਸੀ। ਉਸ ਸਮੇਂ ਸੰਤ ਭਿੰਡਰਾਂਵਾਲੇ ਨੇ ਦਲਬੀਰ ਸਿੰਘ ਤੋਂ ਸਲਾਹ ਪੁੱਛੀ ਸੀ ਤੇ ਉਸ ਨੇ ਸੰਤਾਂ ਨੂੰ ਕਿਹਾ ਸੀ ਕਿ ਤੁਸਾਂ ਸ. ਦਰਬਾਰਾ ਸਿੰਘ ਦੀ ਸਰਕਾਰ ਨੂੰ ਭੰਗ ਕਰਨ ਦੀ ਮੰਗ ਕਈ ਵਾਰ ਕੀਤੀ ਹੈ ਪਰ ਸਰਕਾਰ 'ਤੇ ਕੋਈ ਅਸਰ ਨਹੀਂ ਹੋਇਆ। ਹੁਣ ਛੇ ਹਿੰਦੂਆਂ ਦੇ ਕਤਲ ਪਿੱਛੋਂ ਤਾਂ ਇਹ ਸਪੱਸ਼ਟ ਹੋ ਗਿਆ ਹੈ ਕਿ ਸਰਕਾਰ ਕਦੋਂ ਹਰਕਤ ਵਿਚ ਆਉਂਦੀ ਹੈ। ਕਰਮ ਬਰਸਟ ਅਨੁਸਾਰ ਦਲਬੀਰ ਸਿੰਘ ਦੇ ਇਸ ਕੁਤਰਕ ਦੀ ਅਜਮੇਰ ਸਿੰਘ 20-25 ਸਾਲਾਂ ਬਾਅਦ ਤਾਈਦ ਕਰ ਰਿਹਾ ਹੈ। ਉਨ੍ਹਾਂ ਅਨੁਸਾਰ ਦਰਬਾਰ ਸਾਹਿਬ ਉਤੇ ਹਮਲਾ ਮਨਹੂਸ ਕਾਰਵਾਈ ਸੀ ਪਰ ਨਾਲ ਹੀ ਪੁੱਛਿਆ ਹੈ ਕਿ ਕੀ ਜੋ ਕੁਝ ਦਰਬਾਰ ਸਾਹਿਬ ਦੇ ਅੰਦਰ ਹੋ ਰਿਹਾ ਸੀ, ਉਹ ਠੀਕ ਸੀ? ਖਾਲਿਸਤਾਨੀ ਲਹਿਰ ਨੂੰ ਲੋਕ-ਵਿਰੋਧੀ ਕਹਿੰਦਿਆਂ ਕਰਮ ਬਰਸਟ ਲਿਖਦਾ ਹੈ ਕਿ ਇਸ ਲਹਿਰ ਵਿਚ ਸਰਗਰਮ ਨੌਜਵਾਨਾਂ ਦੇ ਅਕੀਦੇ ਨੂੰ ਸਮਝਣਾ ਚਾਹੀਦਾ ਹੈ। ਇਹ ਅਕੀਦਾ ਸੀ ਸਿੱਖ ਧਾਰਮਿਕ ਘੱਟ-ਗਿਣਤੀ ਦੀ ਮੁਕਤੀ। ਭਾਵੇਂ ਉਹ ਗਲਤ ਲਹਿਰ ਵਿਚ ਸਰਗਰਮ ਸਨ, ਉਨ੍ਹਾਂ ਅਨੇਕ ਕਸ਼ਟ ਝੱਲੇ। ਉਨ੍ਹਾਂ ਦਾ ਨਿਸ਼ਾਨਾ ਤੇ ਇਸ ਨੂੰ ਹਾਸਲ ਕਰਨ ਦੇ ਤਰੀਕੇ ਗਲਤ ਹੋ ਸਕਦੇ ਹਨ ਪਰ ਆਪਣੇ ਵਿਚਾਰਾਂ ਨੂੰ ਜ਼ੁਬਾਨ ਦੇਣ ਦੇ ਉਨ੍ਹਾਂ ਦੇ ਹੱਕ ਨੂੰ ਮੰਨਣਾ ਚਾਹੀਦਾ ਹੈ।

ਜ਼ਾਹਿਰ ਹੈ ਕਿ ਕਰਮ ਬਰਸਟ ਸੰਤ ਜਰਨੈਲ ਸਿੰਘ ਦੀ ਲਹਿਰ ਨੂੰ ਗਲਤ ਮੰਨਦੇ ਹੋਏ ਉਸ ਵਿਚ ਸ਼ਾਮਲ ਨੌਜਵਾਨਾਂ ਪ੍ਰਤੀ ਨਰਮ ਗੋਸ਼ਾ ਰੱਖਦੇ ਹਨ ਅਤੇ ਉਨ੍ਹਾਂ 'ਤੇ ਹੋਏ ਤਸ਼ੱਦਦ ਤੋਂ ਪ੍ਰੇਸ਼ਾਨ ਹੁੰਦੇ ਹਨ। ਇਸੇ ਕਰ ਕੇ ਉਹ ਇਸ ਨੁਕਤੇ 'ਤੇ ਬੁਰੀ ਤਰ੍ਹਾਂ ਅਸਪਸ਼ਟ ਹਨ। ਕਾਰਨ ਸਪਸ਼ਟ ਹੈ ਕਿ ਖੱਬੀ ਧਿਰ ਵਾਲੇ ਖਾਲਿਸਤਾਨੀ ਲਹਿਰ ਵੱਲ ਨਰਮ ਗੋਸ਼ਾ ਅਖਤਿਆਰ ਨਹੀਂ ਕਰ ਸਕਦੇ ਸਨ ਕਿਉਂਕਿ ਉਹ ਸਿੱਧੇ ਤੌਰ ਉਤੇ ਇਸ ਦੀ ਕਰੋਪੀ ਦਾ ਸ਼ਿਕਾਰ ਸਨ। ਖਾਲਿਸਤਾਨੀ, ਚੁਣ-ਚੁਣ ਕੇ ਖੱਬੀ ਧਿਰ ਦੇ ਜਾਣੇ-ਪਛਾਣੇ ਆਗੂਆਂ ਤੇ ਵਰਕਰਾਂ ਨੂੰ ਨਿਸ਼ਾਨਾ ਬਣਾ ਰਹੇ ਸਨ। ਜੇ ਖੱਬੀ ਧਿਰ ਕਰਮ ਬਰਸਟ ਵਾਲਾ ਪੈਂਤੜਾ ਅਪਨਾਉਂਦੀ ਤੇ ਲੋਕਾਂ ਨੂੰ ਕਹਿੰਦੀ ਕਿ ਇਸ ਸਭ ਕੁਝ ਦੇ ਪਿੱਛੇ ਕੇਂਦਰ ਸਰਕਾਰ ਦਾ ਹੱਥ ਹੈ ਤੇ ਖਾਲਿਸਤਾਨੀ ਮਹਿਜ਼ ਹੱਥ-ਠੋਕੇ ਹਨ ਤਾਂ ਲੋਕ ਇਹ ਸਮਝਦੇ ਕਿ ਇਹ ਧਿਰ ਖਾਲਿਸਤਾਨੀਆਂ ਤੋਂ ਡਰਦਿਆਂ ਇਹ ਪੁਜੀਸ਼ਨ ਲੈ ਰਹੀ ਹੈ। ਉਸ ਹਾਲਤ ਵਿਚ ਇਹ ਧਿਰ ਨਾ ਖੁਦ ਟਾਕਰਾ ਕਰਨ ਦਾ ਜੇਰਾ ਕਰਦੀ ਤੇ ਨਾ ਹੀ ਲੋਕਾਂ ਨੂੰ ਬਹਾਦਰੀ ਨਾਲ ਅਤਿ ਦੀ ਬਦਨਸੀਬੀ ਭਰੀ ਅਵਸਥਾ ਦਾ ਮੁਕਾਬਲਾ ਕਰਨ ਲਈ ਤਿਆਰ ਕਰ ਸਕਦੀ। ਕਮਿਊਨਿਸਟ ਧਿਰਾਂ ਬੜੀ ਹੀ ਬੁਰੀ ਤਰ੍ਹਾਂ ਲੱਕੋਂ ਫਾਹੇ ਆਈਆਂ ਹੋਈਆਂ ਸਨ।



*ਸੰਤ ਜਰਨੈਲ ਸਿੰਘ ਭਿੰਡਰਾਂਵਾਲੇ*

ਅਜਮੇਰ ਸਿੰਘ ਦੀ ਪਹਿਲੀ ਪੁਸਤਕ ਬਾਰੇ ਮਾਰਕਸਵਾਦੀ ਚਿੰਤਕ ਡਾ. ਤੇਜਵੰਤ ਸਿੰਘ ਗਿੱਲ ਦੇ ਵਿਚਾਰ ਵੀ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੇ ਗਏ ਹਨ। ਉਨ੍ਹਾਂ ਅਨੁਸਾਰ ਅਜਮੇਰ ਸਿੰਘ ਨੇ ਆਪਣੀ ਜਵਾਨੀ ਤੇ ਮਧਲੀ ਆਯੂ ਕਮਿਊਨਿਸਟ ਵਿਚਾਰਧਾਰਾ ਤੋਂ ਪ੍ਰੇਰਤ ਖਾੜਕੂ ਲਹਿਰ ਦੇ ਲੇਖੇ ਲਾਈ ਤੇ ਵਡੇਰੀ ਉਮਰ ਵਿਚ ਉਹ ਸਿੱਖ ਪੰਥ ਵੱਲ ਮੁੜਿਆ ਹੈ। ਉਸ ਨੇ ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤ ਸਮਾਉਣ ਤੋਂ ਅੱਧੀ ਸਦੀ ਬਾਅਦ ਤੱਕ, ਸਿੱਖ ਵਿਰਸੇ ਦੇ ਗੌਰਵ ਦੇ ਜਾਰੀ ਰਹਿਣ ਦੀ ਗੱਲ ਕੀਤੀ ਹੈ, ਪਰ ਇਹ ਗੁੱਥੀ ਸੁਲਝਾਉਣ ਦਾ ਯਤਨ ਨਹੀਂ ਕੀਤਾ ਕਿ ਇਹ ਮਾਂਦਾ ਕਿਉਂ ਪੈ ਗਿਆ? ਡਾ. ਗਿੱਲ ਅਨੁਸਾਰ ਅਜਮੇਰ ਸਿੰਘ ਨੇ ਰਚਨਾਤਮਕ ਸਾਹਿਤ ਵੱਲ ਪਾਸਾ ਵੱਟਿਆ ਹੋਇਆ ਹੈ। 18ਵੀਂ ਸਦੀ ਦਾ ਕਿੱਸਾ ਤੇ ਸੂਫ਼ੀ ਸਾਹਿਤ ਦੱਸਦਾ ਹੈ ਕਿ ਪੰਜਾਬ ਦੀ ਵਧੇਰੇ ਮੁਸਲਿਮ ਵਸੋਂ ਜੋ ਅਟਕ ਪਾਰ ਤੋਂ ਹੁੰਦੇ ਹਮਲਿਆਂ ਤੋਂ ਦੁਖੀ ਸੀ, ਦਾ ਸੁਚੇਤ ਨਹੀਂ ਤਾਂ ਅਚੇਤ ਰੂਪ ਵਿਚ ਲਗਾਓ ਸਿੱਖ ਸੰਘਰਸ਼ ਵੱਲ ਮੁੜਨ ਲੱਗ ਪਿਆ ਸੀ। ਕੋਈ ਨਹੀਂ ਕਹਿ ਸਕਦਾ ਕਿ ਜਿਸ ਵੇਦਨਾ ਸੰਵੇਦਨਾ ਸਹਿਤ ਹੈਦਰ, ਬੁੱਲ੍ਹੇ ਸ਼ਾਹ, ਨਜ਼ਾਬਤ ਅਤੇ ਵਾਰਿਸ ਸ਼ਾਹ ਨੇ ਪੰਜਾਬ ਦਾ ਦੁੱਖ ਦਰਦ ਪੇਸ਼ ਕੀਤਾ, ਉਸ ਨੇ ਸਿੱਖ ਮਨ ਨੂੰ ਨਹੀਂ ਹਲੂਣਿਆ ਹੋਵੇਗਾ! ਡਾ. ਗਿੱਲ ਅਨੁਸਾਰ ਅਜਮੇਰ ਸਿੰਘ ਬਸਤੀਵਾਦ ਅਧੀਨ ਪੰਜਾਬ ਦੀ ਅਧੋਗਤੀ ਦੀ ਜ਼ਿੰਮੇਵਾਰੀ ਸਿੱਖ ਸਰਦਾਰਾਂ, ਸਿੱਖ ਕਿਸਾਨੀ ਅਤੇ ਪੰਜਾਬ ਦੀ ਕੁਲ ਵੱਸੋਂ ਉਤੇ ਪਾਉਂਦਾ ਹੈ; ਪਰ ਇਸ ਰਚਨਾਤਮਕ ਸਾਹਿਤ ਤੋਂ ਅਵੇਸਲਾ ਹੋਣ ਕਾਰਨ ਕੇਵਲ ਇਕ-ਅੱਧ ਇਤਿਹਾਸਕ ਦਸਤਾਵੇਜ਼ ਦੇ ਸਹਾਰੇ ਇਸ ਵਰਤਾਰੇ ਦੀ ਵਿਆਖਿਆ ਕਰਦਾ ਹੈ। ਗੌਰਵ ਦੀ ਗੱਲ ਸਿੱਖ ਵਿਰਸੇ ਲਈ ਹੀ ਨਹੀਂ, ਸਗੋਂ ਪੰਜਾਬ ਲਈ ਵੀ ਹੈ ਕਿ ਬਹੁਤ ਥੋੜ੍ਹੇ ਸਮੇਂ ਵਿਚ ਅਮਰੀਕਾ ਕੈਨੇਡਾ ਵਿਚ ਪਹੁੰਚੇ ਪੰਜਾਬੀ ਜਿਨ੍ਹਾਂ ਵਿਚੋਂ ਵਧੇਰੇ ਸਿੱਖ ਸਨ ਤੇ ਜਿਨ੍ਹਾਂ ਵਿਚ ਸਭ ਤੋਂ ਚਿੰਤਨਸ਼ੀਲ ਭਾਈ ਸੰਤੋਖ ਸਿੰਘ ਸਨ, ਨੇ ਬਸਤੀਵਾਦ ਵਿਰੁਧ ਵਿੱਢੇ ਜਾਣ ਵਾਲੇ ਸੰਘਰਸ਼ ਦੇ ਸਥਲ ਨੂੰ ਤਿਆਰ ਕਰਨ ਲਈ ਕਿਰਤੀ ਕਿਸਾਨ ਪਾਰਟੀ ਦੀ ਨੀਂਹ ਰੱਖੀ ਤੇ 'ਕਿਰਤੀ' ਨਾਮੀ ਮਾਸਕ ਰਸਾਲਾ ਕੱਢਿਆ। ਇਹ ਪੰਜਾਬੀਆਂ ਦੀ ਹੋਣੀ ਅਤੇ ਹਸਤੀ ਨੂੰ ਸਮਝਣ ਅਤੇ ਉਸ ਨੂੰ ਹੱਕ, ਸੱਚ, ਇਨਸਾਫ ਦਿਸ਼ਾ ਖਾਤਰ ਸੰਘਰਸ਼ ਵੱਲ ਲਿਜਾਣ ਲਈ ਬਹੁਤ ਹੀ ਮੌਲਿਕ ਉਦਮ ਸੀ।

ਪੁਸਤਕ ਵਿਚ ਸ. ਅਭੈ ਸਿੰਘ ਦੇ ਪੰਜ ਲੇਖ ਸ਼ਾਮਲ ਹਨ। ਪਹਿਲਾ ਲੇਖ 'ਕਿਸ ਬਿਧ ਰੁਲੀ ਪਾਤਸ਼ਾਹੀ' ਬਾਰੇ ਹੈ, ਜੋ ਅਜਮੇਰ ਸਿੰਘ ਨੂੰ ਸੰਬੋਧਤ ਚਿੱਠੀ ਦੇ ਰੂਪ ਵਿਚ ਹੈ। ਉਨ੍ਹਾਂ ਲਿਖਿਆ ਹੈ ਕਿ ਭਾਵੇਂ ਤੁਸਾਂ (ਅਜਮੇਰ ਸਿੰਘ) ਆਪਣੇ ਖਿਆਲਾਤ ਨੂੰ ਸਿਧਾਂਤਾਂ ਵਿਚ ਢਾਲਣ ਦਾ ਯਤਨ ਕੀਤਾ ਹੈ, ਪਰ ਬਹੁਤੀ ਜਗ੍ਹਾ ਤੁਹਾਡੀਆਂ ਧਾਰਨਾਵਾਂ ਗਲਤ ਹਨ। ਮਿਸਾਲ ਵਜੋਂ ਤੁਸਾਂ 'ਪਾਤਸ਼ਾਹੀ' ਨੂੰ ਇਕ ਫਿਰਕੇ ਜਾਂ ਕੌਮ ਦੀ ਆਜ਼ਾਦੀ ਦੇ ਤੌਰ ਉਤੇ ਲਿਆ ਹੈ, ਜਦੋਂ ਕਿ ਇਹ ਸਿਰਫ਼ ਇਕ ਬੰਦੇ ਲਈ ਹੀ ਵਰਤਿਆ ਜਾ ਸਕਦਾ ਹੈ। ਰਣਜੀਤ ਸਿੰਘ ਦੇ ਰਾਜ ਨੂੰ ਲੋਕ ਸਿੱਖਾਂ ਦਾ ਰਾਜ ਕਹਿ ਦਿੰਦੇ ਹਨ ਪਰ ਜੋ ਥੋੜ੍ਹੀ ਬਹੁਤ ਜਮਹੂਰੀਅਤ ਮਿਸਲਾਂ ਵੇਲੇ ਸੀ, ਰਣਜੀਤ ਸਿੰਘ ਦੇ ਵਕਤ ਉਹ ਵੀ ਖ਼ਤਮ ਕਰ ਦਿੱਤੀ ਗਈ ਸੀ। ਇਸ ਲਈ ਉਸ ਰਾਜ ਨੂੰ ਸਿੱਖਾਂ ਦੀ ਆਜ਼ਾਦੀ ਦਾ ਦੌਰ ਕਹਿਣਾ ਗਲਤ ਹੈ। ਅਭੈ ਸਿੰਘ ਨੇ ਅਜਮੇਰ ਸਿੰਘ ਤੋਂ ਮੰਗ ਕੀਤੀ ਹੈ ਕਿ ਉਹ ਸੰਨ 47 ਤੋਂ ਲੈ ਕੇ ਸੰਤ ਭਿੰਡਰਾਂਵਾਲੇ ਦੀ ਆਮਦ ਤੱਕ ਦੇ ਸਮੇਂ ਦੇ ਅੱਠ-ਦਸ ਨੁਕਤੇ ਦੱਸਣ ਜੋ ਸਾਬਤ ਕਰਦੇ ਹੋਣ ਕਿ ਸਿੱਖ ਹਿੰਦੂਆਂ ਦੇ ਗੁਲਾਮ ਹਨ। ਅਜਮੇਰ ਸਿੰਘ ਇਕ ਖਾਕਾ ਬਣਾਉਣ ਜਿਸ ਤੋਂ ਇਹ ਪਤਾ ਲੱਗੇ ਕਿ ਸਿੱਖਾਂ ਦੇ ਆਜ਼ਾਦ ਹੋਣ ਦਾ ਰੂਪ ਕੀ ਹੋਵੇਗਾ?

ਆਪਣੇ ਦੂਜੇ ਲੇਖ 'ਮਸਲਾ ਗੁਲਾਮੀ ਤੇ ਆਜ਼ਾਦੀ ਦਾ' ਵਿਚ ਅਭੈ ਸਿੰਘ ਨੇ ਕਿਹਾ ਹੈ ਕਿ ਅੱਜ ਹਰ ਇਨਕਲਾਬ ਸਮਾਜਕ ਤਰਕ ਵਿਚੋਂ ਨਿਕਲੇਗਾ। ਇਸ ਦੀ ਲੋੜ ਤੇ ਕਿਸਮ ਦਾ ਨਿਪਟਾਰਾ ਸਮਾਜੀ ਤਰਕ ਹੀ ਕਰਨਗੇ। ਆਮ ਤੌਰ 'ਤੇ ਗੁਲਾਮੀ ਦਾ ਤਸੱਵਰ ਕਿਸੇ ਮੁਲਕ, ਸਰਕਾਰ, ਬਾਦਸ਼ਾਹ ਜਾਂ ਡਿਕਟੇਟਰ ਨਾਲ ਜੁੜਿਆ ਹੁੰਦਾ ਹੈ। ਇਨ੍ਹਾਂ ਸਵਾਲਾਂ ਉਤੇ ਅਕਾਦਮਿਕ ਬਹਿਸ ਕਾਫ਼ੀ ਹੋ ਚੁੱਕੀ ਹੈ। ਹੁਣ ਵਿਹਾਰੀ ਬਹਿਸ ਅਤੇ ਅਮਲੀ ਕੰਮ ਵਿਚਾਰਨ ਦਾ ਵਕਤ ਆ ਗਿਆ ਹੈ। ਉਨ੍ਹਾਂ ਦਾ ਸੁਝਾਅ ਹੈ ਕਿ ਅਜਿਹੇ ਕੁਝ ਨੁਕਤੇ ਕਾਗਜ਼ 'ਤੇ ਲਿਖ ਲਈਏ ਤੇ ਵਿਚਾਰੀਏ। ਜੇ ਇਹ ਸਪੱਸ਼ਟ ਹੋਵੇ ਕਿ ਸਿੱਖਾਂ ਦੀਆਂ ਸ਼ਿਕਾਇਤਾਂ ਇਸ ਮੁਲਕ ਦੇ ਦਾਇਰੇ ਅੰਦਰ ਦੂਰ ਨਹੀਂ ਹੋ ਸਕਦੀਆਂ ਤੇ ਇਸ ਗੱਲ ਦੀ ਵੀ ਜ਼ਾਮਨੀ ਹੋਵੇ ਕਿ ਵੱਖਰਾ ਮੁਲਕ ਬਣਾਉਣ ਨਾਲ ਦੂਰ ਹੋ ਸਕਦੀਆਂ ਹਨ ਤਾਂ ਉਹ ਵੀ ਸਿੱਖਾਂ ਵਾਸਤੇ ਵੱਖਰੇ ਮੁਲਕ ਦੀ ਮੰਗ ਵਿਚ ਆਪਣਾ ਹਿੱਸਾ ਪਾਉਣਗੇ।

ਅਭੈ ਸਿੰਘ ਅਨੁਸਾਰ ਕੁਝ ਲੋਕਾਂ ਦਾ ਇਹ ਕਹਿਣਾ ਹੈ ਕਿ ਸਾਕਾ ਨੀਲਾ ਤਾਰਾ ਅਤੇ ਨਵੰਬਰ 1984 ਦੇ ਕਤਲਾਂ ਦਾ ਕਾਰਾ ਦੁਬਾਰਾ ਨਹੀਂ ਵਾਪਰ ਸਕਦੇ, ਪਰ ਮੇਰਾ ਕਹਿਣਾ ਹੈ ਕਿ ਅਜਿਹੇ ਖ਼ਤਰਿਆਂ ਦੀਆਂ ਤਲਵਾਰਾਂ ਕੱਚੇ ਧਾਗੇ ਨਾਲ ਬੰਨ੍ਹੀਆਂ ਹੋਈਆਂ ਹਨ ਤੇ ਕਦੇ ਵੀ ਇਹ ਖ਼ਤਰੇ ਹਕੀਕਤ ਬਣ ਸਕਦੇ ਹਨ। ਪੰਜਾਬ ਵਿਚ ਕੁਝ ਅਲਾਮਤਾਂ ਖ਼ਤਰਨਾਕ ਹਨ। ਇਕ ਪਾਸੇ ਅਧਿਓਂ ਵੱਧ ਪੰਜਾਬੀ ਵੱਖ-ਵੱਖ ਡੇਰਿਆਂ 'ਤੇ ਨੱਕ ਰਗੜਦੇ ਹਨ, ਦੂਜੇ ਪਾਸੇ ਨਾਮ ਚਰਚਾਵਾਂ ਡਾਂਗ ਨਾਲ ਰੋਕਣ ਦੀਆਂ ਹਿੰਸਕ ਘਟਨਾਵਾਂ ਹੋ ਰਹੀਆਂ ਹਨ। ਅੱਜ ਜੇ ਸਾਡਾ ਲੇਖਕ ਵਰਗ ਲੋਕਰਾਜੀ ਕਦਰਾਂ ਕੀਮਤਾਂ ਦੀ ਰਾਖੀ ਵਾਸਤੇ ਡਟਵੀਂ ਦੁਹਾਈ ਨਹੀਂ ਪਾਉਂਦਾ ਤਾਂ ਅਗਲੇ ਸੰਤਾਲੀ ਜਾਂ ਚੁਰਾਸੀ ਵਾਸਤੇ ਪਹਿਲੇ ਗੁਨਾਹਗਾਰ ਅਸੀਂ ਹੋਵਾਂਗੇ।

'ਅਜਮੇਰ ਸਿੰਘ ਵਿਛਾ ਰਿਹਾ ਹੈ ਉਲਝਣਾਂ ਦਾ ਤੰਦੂਆ ਜਾਲ', ਦੇ ਸਿਰਲੇਖ ਹੇਠਲੇ ਲੇਖ ਵਿਚ ਅਭੈ ਸਿੰਘ ਕਹਿੰਦੇ ਹਨ ਕਿ ਅਜਮੇਰ ਸਿੰਘ ਕੱਲ੍ਹ ਵਾਪਰੇ ਤੇ ਅੱਜ ਵਾਪਰ ਰਹੇ ਇਤਿਹਾਸ ਤੋਂ ਕੋਈ ਸਬਕ ਲੈਣ ਨੂੰ ਤਿਆਰ ਨਹੀਂ। ਜਿਸ ਪਾਤਸ਼ਾਹੀ ਦੇ ਗੁਆਚਣ ਦਾ ਉਹ ਗਮ ਕਰ ਰਿਹਾ ਹੈ, ਉਹ ਉਨੀ ਦੇਰ ਹੀ ਅੰਗਰੇਜ਼ਾਂ ਨੇ ਕਾਇਮ ਰਹਿਣ ਦਿੱਤੀ, ਜਿੰਨੀ ਦੇਰ ਤੱਕ ਉਨ੍ਹਾਂ ਨੂੰ ਇਸ ਦੀ ਲੋੜ ਸੀ। ਇਸ ਨੇ ਮਣਾਂ ਮੂੰਹੀਂ ਖੂਨ ਡੋਲ੍ਹ ਕੇ ਫਰੰਟੀਅਰ ਤੇ ਕਸ਼ਮੀਰ ਉਤੇ ਕਬਜ਼ਾ ਕਰ ਕੇ ਅੰਗਰੇਜ਼ਾਂ ਦਾ ਰਾਹ ਸੌਖਾ ਬਣਾ ਦਿੱਤਾ ਸੀ। ਬੇਸ਼ਕ

***1979 ਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸੰਤ ਭਿੰਡਰਾਂਵਾਲੇ ਦੇ ਬਾਹਲੇ ਉਮੀਦਵਾਰ ਵੱਡੇ ਫਰਕ ਨਾਲ ਹਾਰ ਗਏ ਸਨ, ਬਲਕਿ ਜ਼ਮਾਨਤਾਂ ਹੀ ਗਵਾ ਗਏ ਸਨ। ਸ. ਅਜਮੇਰ ਸਿੰਘ ਨੇ ਆਪਣੇ ਬਿਰਤਾਂਤ ਵਿਚ ਇਸ ਤੱਥ ਨੂੰ ਲੁਕਾਇਆ ਹੈ ਕਿ ਦਮਦਮੀ ਟਕਸਾਲ ਨੇ 1980 ਦੀਆਂ ਆਮ ਚੋਣਾਂ ਵਿਚ ਕਾਂਗਰਸ ਦੀ ਮੱਦਦ ਕੀਤੀ ਸੀ ਤੇ ਸਵਰਗੀ ਸ੍ਰੀਮਤੀ ਸੁਖਬੰਸ ਕੌਰ ਭਿੰਡਰ ਨੂੰ ਜਿਤਾਉਣ ਵਿਚ ਯਥਾ-ਸ਼ਕਤ ਭੂਮਿਕਾ ਨਿਭਾਈ ਸੀ। ਸ. ਅਜਮੇਰ ਸਿੰਘ ਨੇ ਸ਼ੁਰੂਆਤੀ ਦੌਰ ਵਿਚ ਖਾੜਕੂ ਧਿਰਾਂ ਤੇ ਇੰਦਰਾ ਗਾਂਧੀ ਵਿਚਕਾਰਲੇ ਰਿਸ਼ਤੇ ਨੂੰ ਢਕਣ ਦੀ ਕੋਸ਼ਿਸ਼ ਕੀਤੀ ਹੈ। ਉਸ ਵੱਲੋਂ ਕੀਤਾ ਗਿਆ ਇਹ ਦਾਅਵਾ ਨਿਰਮੂਲ ਹੈ ਕਿ ਸੰਤ ਭਿੰਡਰਾਂਵਾਲਿਆਂ ਨੇ ਹਾਕਮਾਂ ਨੂੰ ਰੜੇ ਮੈਦਾਨ ਲਲਕਾਰਿਆ ਸੀ ਕਿਉਂਕਿ ਦਰਬਾਰ ਸਾਹਿਬ ਦੀ ਓਟ ਲੈਣੀ ਰੜਾ ਮੈਦਾਨ ਨਹੀਂ ਸੀ।***

ਅੰਗਰੇਜ਼ਾਂ ਦਾ ਰਾਜ ਗੁਲਾਮੀ ਦਾ ਰਾਜ ਸੀ ਪਰ ਜੇ ਕਹੀਏ ਕਿ ਉਸ ਤੋਂ ਪਹਿਲਾਂ ਇਹ ਮੁਲਕ ਆਜ਼ਾਦ ਸੀ ਤਾਂ ਗਲਤ ਹੋਵੇਗਾ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਆਈ ਆਜ਼ਾਦੀ ਵਿਚ ਸੌ ਨੁਕਸ ਹੋਣਗੇ ਪਰ ਹਕੀਕਤ ਇਹ ਹੈ ਕਿ ਇਸ ਤੋਂ ਪਹਿਲਾਂ ਇਸ ਮੁਲਕ ਦੇ ਕਿਸੇ ਵੀ ਇਲਾਕੇ ਜਾਂ ਫਿਰਕੇ ਦੇ ਲੋਕਾਂ ਨੇ ਕਦੇ ਆਜ਼ਾਦੀ ਦਾ ਮੂੰਹ ਨਹੀਂ ਵੇਖਿਆ ਸੀ। ਅਜਮੇਰ ਸਿੰਘ ਦਾ ਕਹਿਣਾ ਹੈ ਕਿ ਸਿੱਖ ਆਗੂਆਂ ਨੇ ਆਪਣੇ ਕੁਦਰਤੀ ਸੁਭਾਅ ਮੁਤਾਬਕ ਸਿੱਖ ਕੌਮ ਦੀ ਹੋਣੀ ਨੂੰ ਹਿੰਦੂ ਬਹੁ-ਗਿਣਤੀ ਨਾਲ ਸੰਜੋਗ ਕਰਨ ਦਾ ਨਿਰਨਾ ਕਰ ਲਿਆ। ਹਕੀਕਤ ਇਹ ਹੈ ਕਿ ਦੇਸ਼ ਦੇ ਬਟਵਾਰੇ ਵੇਲੇ ਕਿਸੇ ਵੀ ਮਜ਼੍ਹਬ ਦੇ ਲੋਕਾਂ ਨੂੰ ਨਹੀਂ ਪੁੱਛਿਆ ਗਿਆ ਸੀ ਕਿ ਤੁਸਾਂ ਕਿਧਰ ਰਲਣਾ ਹੈ। ਭਾਰੀ ਬਹੁ-ਗਿਣਤੀ ਲੋਕਾਂ ਦੀ ਮਰਜ਼ੀ ਜਿੱਥੇ ਵਸਦੇ ਸਨ, ਉਥੇ ਹੀ ਰਹਿਣ ਦੀ ਸੀ। ਆਬਾਦੀ ਦਾ ਤਬਾਦਲਾ ਸਿਰਫ਼ ਫਸਾਦਾਂ ਤੇ ਕਤਲੋਗਾਰਤ ਕਰ ਕੇ ਹੋਇਆ।

ਆਪਣੇ ਚੌਥੇ ਲੇਖ 'ਸਾਕਾ ਨੀਲਾ ਤਾਰਾ ਦੀ ਜ਼ਿੰਮੇਵਾਰੀ ਕਿੰਜ ਟਿੱਕੀਏ' ਵਿਚ ਅਭੈ ਸਿੰਘ ਨੇ ਅਜਮੇਰ ਸਿੰਘ ਦੀ ਇਸ ਧਾਰਨਾ ਕਿ ਨੀਲਾ ਤਾਰਾ ਦਾ ਮਕਸਦ ਹਿੰਦੂ ਹਾਕਮਾਂ ਵੱਲੋਂ ਸਿੱਖਾਂ ਦੀ ਵਿਲੱਖਣ ਹਸਤੀ ਤੇ ਵੱਖਰੀ ਕੌਮ ਦੇ ਅਹਿਸਾਸ ਨੂੰ ਖ਼ਤਮ ਕਰਨਾ ਸੀ, ਦਾ ਨੋਟਿਸ ਲੈਂਦਿਆਂ ਸਵਾਲ ਕੀਤਾ ਹੈ ਕਿ ਜੇ ਇਉਂ ਹੀ ਸੀ ਤਾਂ 1947 ਤੋਂ ਲੈ ਕੇ 1984 ਤੱਕ ਉਨ੍ਹਾਂ ਇਉਂ ਕਿਉਂ ਨਾ ਕੀਤਾ? ਫਿਰ 1984 ਤੋਂ ਬਾਅਦ ਅਕਾਲ ਤਖ਼ਤ ਦੀ ਰੱਖਿਆ ਵਾਸਤੇ ਕਿਹੜਾ ਹਥਿਆਰਬੰਦ ਦਸਤਾ ਬੈਠਾ ਹੈ ਜਿਸ ਤੋਂ ਡਰ ਕੇ ਹਿੰਦੂ ਹਾਕਮ ਹਮਲਾ ਨਹੀਂ ਕਰ ਰਹੇ? ਫੌਜੀ ਤਕਨੀਕ ਦੇ ਪੱਖੋਂ ਨੀਲਾ ਤਾਰਾ ਬੁਰੀ ਤਰ੍ਹਾਂ ਫੇਲ੍ਹ ਹੋਇਆ ਸੀ। ਇਸ ਐਕਸ਼ਨ ਲਈ ਪੰਜਾਬ ਪੁਲਿਸ, ਸਿਵਲ ਪ੍ਰਸ਼ਾਸਨ ਤੇ ਪੰਜਾਬ ਦੇ ਰਾਜ ਨੇਤਾਵਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ ਸੀ ਪਰ ਇਸ ਵਿਚ ਇਹ ਰਾਜਨੇਤਾ ਬਰਾਬਰ ਦੇ ਜ਼ਿੰਮੇਵਾਰ ਸਨ। ਪੰਜਾਬ ਦੇ ਜਿਹੜੇ ਸਿਆਸਤਦਾਨਾਂ ਨੂੰ ਫੌਜੀ ਐਕਸ਼ਨ ਦੀ ਭਿਣਕ ਸੀ, ਉਨ੍ਹਾਂ ਵਿਚੋਂ ਕੋਈ ਵੀ ਆਪਣੀ ਆਈ 'ਤੇ ਆ ਜਾਂਦਾ ਤਾਂ ਉਹ ਐਕਸ਼ਨ ਨੂੰ ਰੋਕ ਸਕਦਾ ਸੀ; ਪਰ ਸਭ ਕੁਝ ਦੇ ਬਾਵਜੂਦ 'ਨੀਲਾ ਤਾਰਾ' ਦੀ ਮੁੱਖ ਜ਼ਿੰਮੇਵਾਰੀ ਇੰਦਰਾ ਗਾਂਧੀ ਦੀ ਸੀ।

ਆਪਣੇ ਪੰਜਵੇਂ ਲੇਖ 'ਨਵੰਬਰ 84 ਵਰਗੇ ਕਹਿਰਾਂ ਦੇ ਜਰਾਸੀਮ' ਵਿਚ ਅਭੈ ਸਿੰਘ ਨੇ ਸਵਾਲ ਕੀਤਾ ਹੈ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਗੁੱਸੇ ਵਿਚ ਉਬਲ ਰਹੀਆਂ ਭੀੜਾਂ ਪ੍ਰਧਾਨ ਮੰਤਰੀ ਨਿਵਾਸ ਦੀ ਤਰਫ਼ ਬਾਡੀਗਾਰਡਾਂ ਵੱਲ ਕਿਉਂ ਨਾ ਦੌੜੀਆਂ ਜਾਂ ਜਿਸ ਹਸਪਤਾਲ ਵਿਚ ਸਤਵੰਤ ਸਿੰਘ ਦਾ ਇਲਾਜ ਚੱਲ ਰਿਹਾ ਸੀ, ਉਧਰ ਕਿਉਂ ਨਾ ਗਈਆਂ? ਇਹ ਗੁੱਸਾ ਆਪਣੇ ਹੀ ਸ਼ਹਿਰ ਦੇ ਵਾਸੀਆਂ ਤੇ ਅਣਜਾਣ ਰਾਹ ਗੁਜ਼ਰੂਆਂ ਨੂੰ ਕਿਉਂ ਜਿਉਂਦੇ ਜੀਅ ਅੱਗ ਦੇ ਭਾਂਬੜਾਂ ਵਿਚ ਸੁੱਟ ਕੇ ਕੱਢਿਆ ਗਿਆ? ਇਨ੍ਹਾਂ ਭੀੜਾਂ ਵਿਚ ਜ਼ਿਆਦਾ ਗਿਣਤੀ ਹਿੰਦੂਆਂ ਦੀ ਸੀ ਤੇ ਮੁਸਲਮਾਨ ਬਹੁਤ ਥੋੜ੍ਹੇ ਸਨ ਪਰ ਆਪਣੇ ਹਿੰਦੂ ਹੋਣ ਦਾ ਉਨ੍ਹਾਂ ਨੂੰ ਗਿਆਨ ਹੀ ਨਹੀਂ ਸੀ। ਅਭੈ ਸਿੰਘ ਅਨੁਸਾਰ ਅਜਮੇਰ ਸਿੰਘ ਦੀ ਇਹ ਧਾਰਨਾ ਬੇਬੁਨਿਆਦ ਹੈ ਕਿ ਸਿੱਖ ਵਿਰੋਧੀ ਹਿੰਸਾ ਦਾ ਕੇਂਦਰੀ ਮਨੋਰਥ ਸਿੱਖਾਂ ਦੇ ਉਸ ਵਿਰੋਧ ਦੀ ਕੰਗਰੋੜ ਤੋੜਨਾ ਸੀ, ਜਿਹੜਾ ਸਿੱਖਾਂ ਦੇ ਕੁਝ ਵਰਗਾਂ ਵੱਲੋਂ ਹਿੰਦੂਆਂ ਵਿਚ ਰਲੇਵੇਂ ਵਿਰੁਧ ਕੀਤਾ ਜਾ ਰਿਹਾ ਸੀ। ਅਜਮੇਰ ਸਿੰਘ ਦੀ ਇਸ ਧਾਰਨਾ ਕਿ ਪੀੜਿਤ ਸਿੱਖ ਪਰਿਵਾਰਾਂ ਦੇ ਦੁੱਖਾਂ ਦੇ ਭਾਈਵਾਲ ਬਣਨ ਵਾਲੇ ਹਿੰਦੂਆਂ ਦੀ ਗਿਣਤੀ ਬਹੁਤ ਥੋੜ੍ਹੀ ਸੀ ਤੇ ਸਮੁੱਚਾ ਹਿੰਦੂ ਵਰਗ ਕਾਤਲਾਂ ਦੇ ਨਾਲ ਸੀ, ਨੂੰ ਗ਼ਲਤ ਕਰਾਰ ਦਿੰਦਿਆਂ ਅਭੈ ਸਿੰਘ ਇੰਦਰਾ ਗਾਂਧੀ ਦੇ ਕਤਲ ਦੇ ਦੁੱਖ ਵਿਚ ਨਾ ਕੇਵਲ ਹਿੰਦੂਆਂ ਤੇ ਲਗਭਗ ਸਾਰੀ ਮੁਸਲਿਮ ਆਬਾਦੀ ਬਲਕਿ ਵੱਡੀ ਗਿਣਤੀ ਸਿੱਖਾਂ ਦੇ ਵੀ ਸ਼ਾਮਲ ਹੋਣ ਦੀ ਗੱਲ ਕਰਦੇ ਹਨ। ਉਨ੍ਹਾਂ ਅਨੁਸਾਰ ਦਿੱਲੀ ਵਿਚ ਵਸਦੇ ਘੱਟੋ-ਘੱਟ ਅੱਧੇ ਤੋਂ ਵੱਧ ਸਿੱਖ ਇੰਦਰਾ ਗਾਂਧੀ ਦੀ ਮੌਤ ਉਤੇ ਗਮਗੀਨ ਸਨ। ਹਾਲਾਂਕਿ ਇਹ ਲੋਕ 'ਨੀਲਾ ਤਾਰਾ' ਦੁਖਾਂਤ ਵੇਲੇ ਵੀ ਗਹਿਰੇ ਗਮਗੀਨ ਹੋਏ ਸਨ। 1984 ਦੇ ਕਤਲਾਂ ਵਿਚ ਹਿੰਦੂਆਂ ਦੀ ਬਤੌਰ ਵਰਗ ਕੋਈ ਭੂਮਿਕਾ ਨਹੀਂ ਸੀ। ਚੋਣਾਂ ਵਿਚ ਕਾਂਗਰਸ ਦੀ ਵੱਡੀ ਜਿੱਤ ਦਾ ਕਾਰਨ ਇੰਦਰਾ ਗਾਂਧੀ ਦੇ ਕਤਲ ਤੋਂ ਉਪਜੀ ਹਮਦਰਦੀ ਸੀ ਨਾ ਕਿ ਉਸ ਦਾ ਕਤਲ। ਅੱਜ ਦਿੱਲੀ ਸਮੇਤ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦੀ ਭਾਰੀ ਗਿਣਤੀ ਕਾਂਗਰਸ ਨੂੰ ਹੀ ਵੋਟਾਂ ਪਾਉਂਦੀ ਹੈ। ਅਭੈ ਸਿੰਘ ਅਨੁਸਾਰ ਅਜਮੇਰ ਸਿੰਘ ਨੇ ਸਿੱਖ ਕੌਮ ਵਾਸਤੇ ਕੋਈ ਸੁਝਾਅ ਨਹੀਂ ਦਿੱਤੇ ਕਿ ਉਹ ਆਪਣਾ ਬਚਾਅ ਕਿਵੇਂ ਕਰਨ। ਆਮ ਧਾਰਨਾ ਹੈ ਕਿ ਪਾਪ ਨੂੰ ਨਿੰਦਣਾ ਚਾਹੀਦਾ ਹੈ, ਪਾਪੀ ਨੂੰ ਨਹੀਂ, ਪਰ ਇਸ ਪੁਸਤਕ ਵਿਚ ਅਜਮੇਰ ਸਿੰਘ ਨੇ ਪਾਪੀਆਂ ਨੂੰ ਹੀ ਨਿੰਦਿਆ ਹੈ।


ਸਬੰਧਤ ਸਵਾਲਾਂ ਬਾਰੇ ਅਭੈ ਸਿੰਘ ਦੀ ਪਹੁੰਚ ਨੂੰ ਕਾਫੀ ਹੱਦ ਤੱਕ ਦਰੁਸਤ ਮੰਨਦਿਆਂ ਵੀ ਉਨ੍ਹਾਂ ਦੀਆਂ ਸਾਰੀਆਂ ਧਾਰਨਾਵਾਂ ਨਾਲ ਸਹਿਮਤ ਹੋਣਾ ਮੁਸ਼ਕਿਲ ਹੈ। ਉਂਜ ਵੀ ਰਾਜੇ ਖ਼ਾਨਦਾਨੀ ਵਿਰਾਸਤ ਦੇ ਸਿਰ 'ਤੇ ਬਣਦੇ ਹਨ। ਇਸੇ ਲਈ ਜਿਸ ਨੂੰ ਮਿਸਲਾਂ ਦੀ ਜਮਹੂਰੀਅਤ ਕਿਹਾ ਗਿਆ ਹੈ, ਉਸ ਵਿਚ ਵੀ ਮਿਸਲਾਂ ਦੇ ਸਰਦਾਰਾਂ ਤੇ ਆਵਾਮ ਵਿਚਕਾਰ ਕੋਈ ਜਮਹੂਰੀਅਤ ਨਹੀਂ ਸੀ। ਸੰਤ ਭਿੰਡਰਾਂਵਾਲੇ ਨੂੰ ਸਿੱਖਾਂ ਦਾ ਲੀਡਰ ਕਹੇ ਜਾਣ ਬਾਰੇ ਅਭੈ ਸਿੰਘ ਨੂੰ ਇਹ ਇਤਰਾਜ਼ ਹੈ ਕਿ ਉਹ ਕਿਸੇ ਸਿੱਖ ਫੋਰਮ ਦਾ ਅਹੁਦੇਦਾਰ ਨਹੀਂ ਸੀ ਪਰ ਉਨ੍ਹਾਂ ਦਾ ਇਹ ਕਥਨ ਲੀਡਰਾਂ ਦੇ ਉਭਰਨ ਤੇ ਸਥਾਪਤ ਹੋਣ ਦੇ ਅਮਲ ਨੂੰ ਸਹੀ ਰੂਪ ਵਿਚ ਪੇਸ਼ ਨਹੀਂ ਕਰਦਾ। ਲੀਡਰ ਚੁਣੇ ਵੀ ਜਾਂਦੇ ਰਹੇ ਹਨ ਤੇ ਚੁਣੇ ਜਾਣ ਤੋਂ ਬਗੈਰ ਵੀ ਲੀਡਰਾਂ ਵਜੋਂ ਕਾਰਜਸ਼ੀਲ ਰਹੇ ਹਨ।

ਅਭੈ ਸਿੰਘ ਨੇ ਕਵੀ ਸ਼ਾਹ ਮੁਹੰਮਦ ਦੀ ਲਿਖਤ ਬਾਰੇ ਕਿਹਾ ਹੈ ਕਿ ਉਸ ਦਾ "ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ" ਕਹਿਣਾ ਗਲਤ ਸੀ। ਫੌਜਾਂ ਜਿੱਤ ਕੇ ਨਹੀਂ ਹਾਰੀਆਂ ਸਨ, ਸਗੋਂ ਇਸ ਕਰ ਕੇ ਹਾਰੀਆਂ ਸਨ ਕਿ ਹੁਣ ਅੰਗਰੇਜ਼ਾਂ ਨੂੰ ਉਨ੍ਹਾਂ ਦੀ ਲੋੜ ਨਹੀਂ ਸੀ। ਅਭੈ ਸਿੰਘ ਇੱਥੇ ਦਰੁਸਤ ਨਹੀਂ ਹਨ। ਅੰਗਰੇਜ਼ਾਂ ਨੂੰ ਸਿੱਖ ਫੌਜਾਂ ਦੇ ਬਣੇ ਰਹਿਣ ਦੀ ਲੋੜ ਕਦੇ ਵੀ ਨਹੀਂ ਸੀ। ਉਨ੍ਹਾਂ ਦੀ ਲੋੜ ਤਾਂ ਇਨ੍ਹਾਂ ਫੌਜਾਂ ਨੂੰ ਛੇਤੀ ਤੋਂ ਛੇਤੀ ਕਮਜ਼ੋਰ ਹੋਇਆ ਵੇਖਣ ਦੀ ਸੀ। ਉਨ੍ਹਾਂ ਨੂੰ ਆਪਣੇ ਜਸੂਸਾਂ ਰਾਹੀਂ ਖਾਲਸਾ ਦਰਬਾਰ ਦੀ ਅਸਲ ਸਥਿਤੀ ਦੀ ਖ਼ਬਰ ਸੀ। ਜਦੋਂ ਉਨ੍ਹਾਂ ਦੇਖਿਆ ਕਿ ਹੁਣ ਘੱਟ ਤੋਂ ਘੱਟ ਨੁਕਸਾਨ ਕਰਵਾ ਕੇ ਪੰਜਾਬ ਨੂੰ ਅਧੀਨ ਕੀਤਾ ਜਾ ਸਕਦਾ ਹੈ, ਉਨ੍ਹਾਂ ਆਪਣੇ ਏਜੰਟਾਂ ਰਾਹੀਂ ਆਪਣੇ ਇਲਾਕੇ ਉਤੇ ਹਮਲਾ ਕਰਵਾ ਕੇ ਪੰਜਾਬ ਨਾਲ ਜੰਗ ਅਰੰਭ ਦਿੱਤੀ।

ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਭੜਕੀਆਂ ਭੀੜਾਂ ਦੇ ਰਵੱਈਏ ਬਾਰੇ ਅਭੈ ਸਿੰਘ ਦੀਆਂ ਟਿੱਪਣੀਆਂ ਜਜ਼ਬਾਤੀ ਹਨ। ਭੜਕੀਆਂ ਭੀੜਾਂ ਤੋਂ ਸੰਜਮ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਹ ਸੋਚ ਕੇ ਕਦਮ ਨਹੀਂ ਚੁਕਦੀਆਂ। ਉਨ੍ਹਾਂ ਨੂੰ ਭੜਕਾਉਣ ਵਾਲੇ ਕਾਂਗਰਸੀ ਆਗੂ ਨਿਸ਼ਚੇ ਹੀ ਉਨ੍ਹਾਂ ਦੇ ਮੂਹਰੇ ਸਨ। ਉਨ੍ਹਾਂ ਹਸਪਤਾਲ ਵਿਚ ਸਤਵੰਤ ਸਿੰਘ ਵੱਲ ਕਿਉਂ ਜਾਣਾ ਸੀ? ਉਹ ਤਾਂ ਪੁਲਿਸ ਦੇ ਕਬਜ਼ੇ ਵਿਚ ਸੀ, ਪਰ ਅਭੈ ਸਿੰਘ ਨੇ ਸਿੱਖ ਵਿਰੋਧੀ ਹਿੰਸਾ ਦੇ ਕੇਂਦਰੀ ਮਨੋਰਥ ਬਾਰੇ ਅਜਮੇਰ ਸਿੰਘ ਦੀ ਧਾਰਨਾ ਦਾ ਠੀਕ ਖੰਡਨ ਕੀਤਾ ਹੈ। ਉਨ੍ਹਾਂ ਦਾ ਇਹ ਕਹਿਣਾ ਵੀ ਠੀਕ ਹੈ ਕਿ ਦਿੱਲੀ ਵਿਚ ਵਸਦੇ ਸਿੱਖਾਂ ਦੀ ਵੱਡੀ ਗਿਣਤੀ ਇੰਦਰਾ ਦੇ ਮਾਰੇ ਜਾਣ ਉਤੇ ਗਮਗੀਨ ਸੀ ਅਤੇ ਉਨ੍ਹਾਂ ਦਾ ਇਹ ਕਥਨ ਵੀ ਸਹੀ ਹੈ ਕਿ 1984 ਦੇ ਕਤਲਾਂ ਵਿਚ ਹਿੰਦੂਆਂ ਦੀ ਬਤੌਰ ਵਰਗ ਕੋਈ ਭੂਮਿਕਾ ਨਹੀਂ ਸੀ, ਤੇ ਇਹ ਵੀ ਕਿ ਚੋਣਾਂ ਵਿਚ ਕਾਂਗਰਸ ਦੀ ਜਿੱਤ ਇੰਦਰਾ ਗਾਂਧੀ ਦੇ ਕਤਲ ਤੋਂ ਉਪਜੀ ਹਮਦਰਦੀ ਕਾਰਨ ਵੀ ਸੀ। ਉਨ੍ਹਾਂ ਦੀ ਇਹ ਟਿੱਪਣੀ ਵੀ ਸਹੀ ਹੈ ਕਿ ਅਜਮੇਰ ਸਿੰਘ ਨੇ ਸਿੱਖ ਭਾਈਚਾਰੇ ਦੇ ਬਚਾਅ ਲਈ ਕੋਈ ਆਲਮਾਨਾ ਸੁਝਾਅ ਨਹੀਂ ਦਿੱਤਾ।

ਚਰਚਾ ਵਿਚ ਹਿੱਸਾ ਲੈਣ ਵਾਲੇ ਬੀਰ ਸਿੰਘ ਚੌਹਾਨ (ਐਡਮੰਟਨ, ਕੈਨੇਡਾ) ਨੇ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਤੇ ਬਲਕਾਰ ਸਿੰਘ ਦਾ ਪਿਟ-ਪਟਊਆ' ਦੇ ਸਿਰਲੇਖ ਹੇਠ ਲਿਖਿਆ ਹੈ ਕਿ "ਗੁਰੂਆਂ ਵੱਲੋਂ ਸਾਜੀ ਗਈ ਸਿੱਖੀ ਵਿਚ ਅਮਨ ਤੇ ਸਰਬੱਤ ਦੇ ਭਲੇ ਦੇ ਨਾਲ-ਨਾਲ ਸਰਕਾਰੀ ਦਹਿਸ਼ਤਗਰਦੀ ਦਾ ਟਾਕਰਾ ਕਰਨ ਲਈ ਖਾੜਕੂਵਾਦ ਜ਼ਰੂਰੀ ਹਥਿਆਰ ਸੀ।" ਪ੍ਰੋ. ਬਲਕਾਰ ਸਿੰਘ ਦੀ ਆਲੋਚਨਾ ਕਰਦਿਆਂ ਉਨ੍ਹਾਂ ਦਾ ਕਹਿਣਾ ਹੈ ਕਿ ਅਕਾਲੀਅਤ ਵਿਚੋਂ ਖਾੜਕੂਵਾਦ ਨੂੰ ਮਨਫੀ ਕਰ ਕੇ ਅਕਾਲੀਆਂ ਦੀ ਸਹੀ ਤਸਵੀਰ ਪੇਸ਼ ਨਹੀਂ ਕੀਤੀ ਜਾ ਸਕਦੀ। ਸ. ਚੌਹਾਨ ਨੇ ਸਿੱਖੀ ਤੇ ਖਾੜਕੂਵਾਦ ਵਿਚਕਾਰ ਜਿਹੜਾ ਸਬੰਧ ਸਾਬਤ ਕਰਨ ਦਾ ਯਤਨ ਕੀਤਾ ਹੈ, ਉਹ ਸਿੱਖੀ ਦੇ ਇਤਿਹਾਸ ਦੀਆਂ ਹਕੀਕਤਾਂ ਨਾਲ ਮੇਲ ਨਹੀਂ ਖਾਂਦਾ। ਇਹ ਸਾਬਤ ਕਰਨਾ ਔਖਾ ਹੈ ਕਿ ਸਿੱਖੀ ਵਿਚ ਅਮਨ ਤੇ ਸਰਬੱਤ ਦੇ ਭਲੇ ਦੇ ਨਾਲ-ਨਾਲ ਸਰਕਾਰੀ ਦਹਿਸ਼ਤਗਰਦੀ ਦਾ ਟਾਕਰਾ ਕਰਨ ਲਈ ਖਾੜਕੂਵਾਦ ਜ਼ਰੂਰੀ ਹਥਿਆਰ ਸੀ। ਜੇ ਗੁਰੂ ਗੋਬਿੰਦ ਸਿੰਘ ਨੂੰ ਮੁਗਲਾਂ ਨਾਲ ਬਾਕਾਇਦਾ ਜੰਗ ਕਰਨੀ ਪਈ ਤਾਂ ਇਹ ਇਸ ਲਈ ਕਿ ਉਸ ਵਕਤ ਤੱਕ ਸਿੱਖਾਂ ਵਿਰੁਧ ਜ਼ੁਲਮ ਦੀ ਹੱਦ ਹੋ ਚੁੱਕੀ ਸੀ। ਪੰਜਵੇਂ ਗੁਰੂ ਦੀ ਸ਼ਹੀਦੀ, ਨੌਵੇਂ ਗੁਰੂ ਦਾ ਬਲੀਦਾਨ ਤੇ ਫਿਰ ਮੁਗਲਾਂ ਵੱਲੋਂ ਗੁਰੂ ਗੋਬਿੰਦ ਸਿੰਘ ਨੂੰ ਖਦੇੜਨ ਲਈ ਆਨੰਦਪੁਰ ਉਤੇ ਹਮਲਾ ਉਨ੍ਹਾਂ ਲਈ ਇਸ ਨਤੀਜੇ ਉਤੇ ਪੁੱਜਣ ਲਈ ਕਾਫ਼ੀ ਸਨ ਕਿ ਜਦੋਂ ਹਰ ਹੀਲਾ ਅਸਫਲ ਹੋ ਚੁੱਕਾ ਹੋਵੇ ਤਾਂ ਤਲਵਾਰ ਉਠਾਉਣੀ ਜਾਇਜ਼ ਹੈ। ਜੇ ਸਿੱਖਾਂ ਲਈ

***ਪ੍ਰੋ. ਪੰਨੂੰ ਅਨੁਸਾਰ ਸੁਤੰਤਰ ਸਿੱਖ ਸਟੇਟ ਦੇ ਮੁੱਦਈ ਰਵਾਇਤੀ ਅਕਾਲੀ ਲੀਡਰਸ਼ਿਪ ਨੂੰ ਗੱਦਾਰ ਆਖਦੇ ਹਨ। ਖਾੜਕੂ ਦੌਰ ਵਿਚ ਇਨ੍ਹਾਂ ਉਤੇ ਕਾਤਲਾਨਾ ਹਮਲੇ ਵੀ ਹੋਏ। ਸ. ਹਰਿੰਦਰ ਸਿੰਘ ਮਹਿਬੂਬ ਨੇ ਦੋ ਵਾਰ ਉਨ੍ਹਾਂ (ਪ੍ਰੋ. ਪੰਨੂੰ) ਤੱਕ ਪਹੁੰਚ ਕੀਤੀ ਕਿ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਤੋਂ ਸਹਾਇਤਾ ਦਿਵਾਈ ਜਾਵੇ। ਪ੍ਰੋ. ਪੰਨੂੰ ਨੇ ਦੋਵੇਂ ਵਾਰ ਇਕ-ਇਕ ਲੱਖ ਰੁਪਿਆ ਕਮੇਟੀ ਦੇ ਪ੍ਰਧਾਨਾਂ ਤੋਂ ਦਿਵਾਇਆ। ਤੀਜੀ ਵਾਰ ਬੀਬੀ ਜਗੀਰ ਕੌਰ ਦੇ ਸਮੇਂ ਫਿਰ ਮਹਿਬੂਬ ਨੇ ਉਨ੍ਹਾਂ ਤੱਕ ਪਹੁੰਚ ਕੀਤੀ, ਪਰ ਉਨ੍ਹਾਂ ਇਨਕਾਰ ਕਰ ਦਿੱਤਾ। ਇਸ ਉਤੇ ਮਹਿਬੂਬ ਨੇ 'ਪੰਜਾਬੀ ਟ੍ਰਿਬਿਊਨ' ਵਿਚ ਆਪਣੀ ਲਿਖਤ ਛਪਵਾਈ ਜਿਸ ਵਿਚ ਬੀਬੀ ਜਗੀਰ ਕੌਰ ਦਾ ਪੱਖ ਪੂਰਦਿਆਂ ਇੱਥੋਂ ਤੱਕ ਲਿਖਿਆ ਕਿ ਬੀਬੀ ਜੇ ਆਪਣੀ ਵਿਚਲਤ ਧੀ ਦਾ ਕਤਲ ਨਾ ਕਰਵਾਉਂਦੀ ਤਾਂ ਕੀ ਕਰਦੀ?***



*ਮਰਹੂਮ ਹਰਿੰਦਰ ਸਿੰਘ ਮਹਿਬੂਬ*

ਇਉਂ ਜ਼ਿੰਦਗੀ ਜਾਂ ਮੌਤ ਦੀ ਸਥਿਤੀ ਪੈਦਾ ਹੋ ਗਈ ਸੀ ਤਦ ਵੀ ਅੱਜ ਦੇ ਸਿੱਖਾਂ ਦੀ ਸਥਿਤੀ ਉਸ ਸਥਿਤੀ ਨਾਲੋਂ ਬਿਲਕੁਲ ਵੱਖਰੀ ਹੈ।

ਵਿਚਾਰ ਅਧੀਨ ਵਿਸ਼ੇ ਉਤੇ ਸ. ਰਾਜਿੰਦਰ ਸਿੰਘ ਰਾਹੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਹ ਵਿਚਾਰ ਪੁਸਤਕ ਵਿਚ ਸ਼ਾਮਲ ਨਹੀਂ ਹਨ, ਪਰ ਅਖਬਾਰ 'ਅੰਮ੍ਰਿਤਸਰ ਟਾਈਮਜ਼' ਵਿਚ ਛਪ ਚੁੱਕੇ ਹਨ। ਇਨ੍ਹਾਂ ਵਿਚ ਅਜਮੇਰ ਸਿੰਘ ਦੀਆਂ ਧਾਰਨਾਵਾਂ ਦੀ ਪੁਰਜ਼ੋਰ ਪ੍ਰੋੜਤਾ ਕੀਤੀ ਗਈ ਹੈ। ਉਨ੍ਹਾਂ ਅਨੁਸਾਰ ਸ. ਅਜਮੇਰ ਸਿੰਘ ਦੀ ਆਲੋਚਨਾ ਕਰਨ ਵਿਚ ਭਾਰਤੀ ਸਟੇਟ, ਹਿੰਦੂ ਬਹੁ-ਗਿਣਤੀ ਤੇ ਖੱਬੇ-ਪੱਖੀਆਂ ਦਾ ਨਜ਼ਰੀਆ ਸਾਂਝਾ ਹੈ। ਇਸ ਨਜ਼ਰੀਏ ਅਨੁਸਾਰ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਜਾਇਜ਼ ਸੀ ਕਿਉਂਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਸਿੱਖ ਜੁਝਾਰੂਆਂ ਨੇ ਨਿਹੱਥੇ ਹਿੰਦੂਆਂ ਦੇ ਕਤਲ ਕੀਤੇ ਸਨ ਪਰ ਅਜਮੇਰ ਸਿੰਘ ਦੇ ਇਹ ਆਲੋਚਕ ਭਾਰਤੀ ਸਟੇਟ ਵੱਲੋਂ ਕਤਲ ਕੀਤੇ ਗਏ ਹਜ਼ਾਰਾਂ ਸਿੱਖਾਂ ਦਾ ਇਕ ਵਾਰ ਵੀ ਜ਼ਿਕਰ ਨਹੀਂ ਕਰਦੇ।

ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਦੀ ਗੱਲ ਕਰਦਿਆਂ ਸ. ਰਾਹੀ ਅਜਮੇਰ ਸਿੰਘ ਦੇ ਵਿਚਾਰਾਂ ਦੀ ਪ੍ਰੋੜਤਾ ਕਰਦੇ ਹਨ ਤੇ ਕਹਿੰਦੇ ਹਨ ਕਿ ਸ਼ਾਹ ਮੁਹੰਮਦ ਜਦੋਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀ ਗੱਲ ਕਰਦਾ ਹੈ ਤਾਂ ਉਹ ਉਸ ਸਮੇਂ ਦੇ ਪੰਜਾਬ ਦੀ ਵਸੋਂ ਦੀ ਗੱਲ ਕਰ ਰਿਹਾ ਹੈ ਪਰ ਅੰਗਰੇਜ਼ਾਂ ਨਾਲ ਲੜਨ ਵਾਲਿਆਂ ਵਜੋਂ ਉਹ ਕੇਵਲ ਸਿੰਘਾਂ ਦੀ ਗੱਲ ਕਰਦਾ ਹੈ। ਉਹ ਪੁੱਛਦੇ ਹਨ ਕਿ ਅੰਗਰੇਜ਼ਾਂ ਨਾਲ ਕਿੰਨੇ ਹਿੰਦੂ ਤੇ ਕਿੰਨੇ ਮੁਸਲਮਾਨ ਲੜੇ ਸਨ ਤੇ ਖਾਲਸਾ ਰਾਜ ਵੱਲੋਂ ਹਿੰਦੂਆਂ ਤੇ ਮੁਸਲਮਾਨਾਂ ਨੇ ਕਿਹੜੀਆਂ ਲੜਾਈਆਂ ਕੀਤੀਆਂ ਸਨ? ਉਪਰੰਤ ਰਾਣੀ ਜਿੰਦਾਂ ਦੇ ਦੇਸ਼ ਨਿਕਾਲੇ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਕਿਵੇਂ ਤੇ ਕਿਥੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ? ਉਹ ਅਜਮੇਰ ਸਿੰਘ ਦੇ ਆਲੋਚਕਾਂ ਉਤੇ ਦੋਸ਼ ਲਾਉਂਦੇ ਹਨ ਕਿ ਉਨ੍ਹਾਂ ਨੇ ਸ਼ਾਹ ਮੁਹੰਮਦ ਦੀ ਰਚਨਾ 'ਜੰਗ ਸਿੰਘਾਂ ਤੇ ਫਰੰਗੀਆਂ' ਨੂੰ 'ਜੰਗ ਹਿੰਦ ਪੰਜਾਬ ਦੀ' ਬਣਾ ਦਿੱਤਾ ਹੈ ਤੇ ਗੁਰੂ ਤੇਗ ਬਹਾਦਰ ਨੂੰ 'ਜੱਗ ਦੀ ਚਾਦਰ' ਤੋਂ 'ਹਿੰਦ ਦੀ ਚਾਦਰ' ਬਣਾ ਦਿੱਤਾ ਹੈ।

ਸ. ਰਾਹੀ ਪੁੱਛਦੇ ਹਨ ਕਿ ਅੰਗਰੇਜ਼ਾਂ ਨਾਲ ਟੱਕਰ ਵਿਚ ਕਿੰਨੇ ਹਿੰਦੂ ਤੇ ਕਿੰਨੇ ਮੁਸਲਮਾਨ ਲੜੇ ਸਨ? ਬੇਸ਼ਕ ਅਜਿਹੇ ਅੰਕੜੇ ਪ੍ਰਾਪਤ ਨਹੀਂ ਹਨ ਪਰ ਇਹ ਤੱਥ ਇਤਿਹਾਸਕਾਰਾਂ ਨੇ ਅੰਕਿਤ ਕੀਤਾ ਹੈ ਕਿ ਲਾਹੌਰ ਦਰਬਾਰ ਵੱਲੋਂ ਲੜਨ ਵਾਲਿਆਂ ਵਿਚ ਮੁਸਲਮਾਨ ਸ਼ਾਮਲ ਸਨ। ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਆਪਣੀ ਪੁਸਤਕ 'ਇਨਸਾਈਟ ਇਨ ਟੂ ਸਿੱਖ ਰਿਲੀਜਨ ਐਂਡ ਹਿਸਟਰੀ' ਵਿਚ ਇਤਿਹਾਸਕਾਰ ਕੇ. ਕੇ. ਖੁੱਲਰ ਦੇ ਹਵਾਲੇ ਨਾਲ ਲਿਖਿਆ ਹੈ ਕਿ ਖਾਲਸਾ ਫੌਜ ਦੇ ਮੁਸਲਿਮ ਹਿੱਸੇ ਨੇ ਅੰਤ ਤੱਕ ਅੰਗਰੇਜ਼ਾਂ ਵਿਰੁਧ ਲੜਾਈ ਕੀਤੀ। (ਪੰਨਾ 125) ਖਾਲਸਾ ਫੌਜ ਦੇ ਤੋਪਖਾਨੇ ਦਾ ਇੰਚਾਰਜ ਮੁਸਲਮਾਨ ਜਰਨੈਲ ਸੀ।

ਸ. ਰਾਹੀ ਦੀ ਇਹ ਗੱਲ ਸਹੀ ਨਹੀਂ ਹੈ ਕਿ ਇਹ ਅਜਮੇਰ ਸਿੰਘ ਦੇ ਆਲੋਚਕ ਹਨ ਜਿਨ੍ਹਾਂ ਨੇ 'ਜੰਗ ਸਿੰਘ ਤੇ ਫਰੰਗੀਆਂ' ਨੂੰ 'ਜੰਗ ਹਿੰਦ ਦੀ' ਬਣਾ ਦਿੱਤਾ ਹੈ ਤੇ ਗੁਰੂ ਤੇਗ ਬਹਾਦਰ ਨੂੰ 'ਜੱਗ ਦੀ ਚਾਦਰ' ਦੀ ਥਾਂ 'ਹਿੰਦ ਦੀ ਚਾਦਰ' ਕਹਿ ਦਿੱਤਾ ਹੈ। "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ" ਸ਼ਾਹ ਮੁਹੰਮਦ ਦੇ ਆਪਣੇ ਬੈਂਤ ਦੀ ਪਹਿਲੀ ਲਾਈਨ ਹੈ। ਜਿਥੋਂ ਤੱਕ ਹਿੰਦ ਦੀ ਚਾਦਰ ਦੀ ਗੱਲ ਹੈ, ਇਹ ਸ਼ਬਦ ਭਾਈ ਸੰਤੋਖ ਸਿੰਘ ਵੱਲੋਂ 'ਸੂਰਜ ਪ੍ਰਕਾਸ਼ ਗ੍ਰੰਥ' ਵਿਚ ਲਿਖੇ ਗਏ ਸਨ। ਰਾਣੀ ਜਿੰਦਾਂ ਤੇ ਮਹਾਰਾਜਾ ਦਲੀਪ ਸਿੰਘ ਵੱਲ ਉਸ ਵੇਲੇ ਸਿੱਖਾਂ ਅੰਦਰ ਕਿਸ ਤਰ੍ਹਾਂ ਦੀ ਭਾਵਨਾ ਸੀ, ਇਸ ਦਾ ਠੋਸ ਸਬੂਤ ਇਸ ਘਟਨਾ ਤੋਂ ਮਿਲਦਾ ਹੈ ਕਿ ਜਦੋਂ ਅੰਗਰੇਜ਼ਾਂ ਤੋਂ ਇਜਾਜ਼ਤ ਮਿਲਣ 'ਤੇ ਮਹਾਰਾਜਾ ਆਪਣੀ ਮਾਂ ਨੂੰ ਆਪਣੇ ਕੋਲ ਲੰਡਨ ਲੈ ਜਾਣ ਲਈ ਭਾਰਤ ਆ ਰਿਹਾ ਸੀ ਤਾਂ ਕਲਕੱਤੇ ਵਿਚ ਸਿੱਖ ਫੌਜੀਆਂ, ਜਿਹੜੇ ਚੀਨ ਤੋਂ ਮੁੜੇ ਸਨ, ਨੇ ਉਸ ਦੇ ਹੋਟਲ ਦੇ ਬਾਹਰ ਵਫਾਦਾਰੀ ਦਾ ਪ੍ਰਦਰਸ਼ਨ ਕੀਤਾ ਸੀ। ਡਾ. ਗੋਪਾਲ ਸਿੰਘ ਨੇ ਇਸ ਬਾਰੇ ਲਿਖਿਆ ਹੈ ਕਿ ਇਸ ਘਟਨਾ ਤੋਂ ਅੰਗਰੇਜ਼ ਅਧਿਕਾਰੀ ਘਬਰਾ ਗਏ ਸਨ ਤੇ ਉਨ੍ਹਾਂ ਦਲੀਪ ਸਿੰਘ ਨੂੰ ਲੰਡਨ ਮੁੜ ਜਾਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਅਨੁਸਾਰ ਇਸ ਘਟਨਾ ਤੋਂ ਉਸ (ਮਹਾਰਾਜੇ) ਨੂੰ ਯਕੀਨ ਹੋ ਗਿਆ ਹੋਵੇਗਾ ਕਿ ਸਿੱਖਾਂ ਵਿਚ ਉਸ ਦੀ ਕਿੰਨੀ ਇੱਜ਼ਤ ਅਜੇ ਵੀ ਹੈ। ਉਸ ਦੀ ਮਾਂ ਦਾ ਉਸ ਉਤੇ ਵੱਡਾ ਪ੍ਰਭਾਵ ਸੀ ਤੇ ਉਸ ਨੇ ਆਪਣੇ ਪੁੱਤਰ ਦੀਆਂ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਪ੍ਰਚੰਡ ਕਰ ਦਿੱਤਾ ਸੀ ਪਰ ਇਸ ਦਾ ਨਤੀਜਾ ਕੁਝ ਨਾ ਨਿਕਲਿਆ ਜਾਂ ਸ਼ਾਇਦ ਇਹ ਕਹਾਣੀ ਬਹੁਤ ਵਧਾ ਕੇ ਦੱਸੀ ਜਾਂਦੀ ਹੈ। (ਹਿਸਟਰੀ ਆਫ਼ ਦਾ ਸਿੱਖ ਪੀਪਲ-1469-1988 ਪੰਨਾ 576) ਸੰਭਵ ਹੈ ਕਿ ਇਹ ਕਹਾਣੀ ਵਧਾ-ਚੜ੍ਹਾ ਕੇ ਦੱਸੀ ਗਈ ਹੋਵੇ ਪਰ ਇਹ ਤੱਥ ਨਿਰਵਿਵਾਦ ਹੈ ਕਿ ਮਹਾਰਾਜਾ ਭਾਰਤ ਆਇਆ ਸੀ ਤੇ ਫਿਰ ਉਸ ਨੂੰ ਵਾਪਸ ਲੰਡਨ ਲਿਜਾਇਆ ਗਿਆ ਸੀ।

ਚਰਚਾ ਵਿਚ ਹਿੱਸਾ ਲੈ ਰਹੇ ਇਕ ਹੋਰ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂੰ ਦਾ ਕਹਿਣਾ ਹੈ ਕਿ ਅਜਮੇਰ ਸਿੰਘ ਦੀ ਕਿਤਾਬ ਉਪਰ ਛਿੜੀ ਚਰਚਾ ਵਿਚ ਸਿੱਖ ਵਿਦਵਾਨਾਂ ਅੰਦਰ ਦੋ ਪੱਖ ਉਭਰ ਕੇ ਸਾਹਮਣੇ ਆਏ ਹਨ। ਜਿਹੜੇ ਵਿਚਾਰਵਾਨ ਸਿੱਖਾਂ ਦੀ ਆਜ਼ਾਦ ਹਸਤੀ ਦੇ ਹੱਕ ਵਿਚ ਹਨ, ਉਨ੍ਹਾਂ ਨੂੰ ਉਲਾਰ ਤੇ ਹਿੰਦੂ ਵਿਰੋਧੀ ਕਿਹਾ ਜਾ ਰਿਹਾ ਹੈ। ਜਿਹੜੇ ਖਾਲਿਸਤਾਨ ਦੇ ਹੱਕ ਵਿਚ ਨਹੀਂ ਹਨ, ਉਨ੍ਹਾਂ ਨੂੰ ਹਿੰਦੂਵਾਦੀਏ ਤੇ ਨੈਸ਼ਨਲਿਸਟ ਸਿੱਖ ਕਿਹਾ ਜਾ ਰਿਹਾ ਹੈ। ਇਨ੍ਹਾਂ ਦੋਹਾਂ ਧਿਰਾਂ ਤੋਂ ਇਲਾਵਾ ਤੀਜੀ ਧਿਰ ਵੀ ਹੈ, ਪਰ ਉਸ ਦਾ ਜ਼ਿਕਰ ਨਹੀਂ ਹੁੰਦਾ। ਇਹ ਤੀਜੀ ਧਿਰ ਇਨ੍ਹਾਂ ਦੋਹਾਂ ਤੋਂ ਬਲਵਾਨ ਹੈ ਅਤੇ ਉਹੋ ਹੀ ਇਸ ਵਿਵਾਦ ਦਾ ਅੰਤਿਮ ਫੈਸਲਾ ਕਰਦੀ ਹੈ। ਪ੍ਰੋ. ਪੰਨੂੰ ਸਿਰਦਾਰ ਕਪੂਰ ਸਿੰਘ ਆਈ. ਸੀ. ਐਸ. ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਉਸ ਸਮੇਂ ਜਦੋਂ ਕਾਂਗਰਸ ਅਤੇ ਮੁਸਲਿਮ ਲੀਗ ਦੇ ਆਗੂਆਂ ਨੇ ਉਚੀ ਵਿਦਿਆ ਹਾਸਲ ਕਰ ਕੇ ਆਪਣੇ-ਆਪ ਨੂੰ ਆਜ਼ਾਦੀ ਦੇ ਸੰਗਰਾਮ ਵਿਚ ਲੀਨ ਕੀਤਾ ਤਾਂ ਸਿਰਦਾਰ ਕਪੂਰ ਸਿੰਘ ਸਰਕਾਰੀ ਅਫਸਰੀ ਦਾ ਆਨੰਦ ਮਾਣਦੇ ਰਹੇ। ਉਨ੍ਹਾਂ ਮਾਸਟਰ ਤਾਰਾ ਸਿੰਘ ਤੋਂ ਹਮਾਇਤ ਲਈ, ਪਰ ਮਾਸਟਰ ਦੀ ਮੌਤ ਤੋਂ ਬਾਅਦ ਉਸ ਨੂੰ ਭੰਡਣਾ ਸ਼ੁਰੂ ਕਰ ਦਿੱਤਾ।

ਪ੍ਰੋ. ਪੰਨੂੰ ਅਨੁਸਾਰ ਸਿੱਖ ਦੁਬਿਧਾ ਵਿਚੋਂ ਨਹੀਂ ਨਿਕਲ ਸਕੇ। ਇਕ ਪਾਸੇ ਉਹ ਦਾਅਵਾ ਕਰਦੇ ਹਨ ਕਿ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਵਾਸਤੇ 90% ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਸਨ, ਦੂਜੇ ਪਾਸੇ ਫ਼ਖ਼ਰ ਨਾਲ ਦੱਸਦੇ ਹਨ ਕਿ ਦੋ ਸੰਸਾਰ ਜੰਗਾਂ ਵਿਚ ਅੰਗਰੇਜ਼ਾਂ ਦੇ ਪੱਖ ਵਿਚ ਲੜਦਿਆਂ 90% ਵਿਕਟੋਰੀਆ ਕਰਾਸ ਸਿੱਖਾਂ ਨੇ ਜਿੱਤੇ ਸਨ। ਸਮਕਾਲੀ ਯਥਾਰਥ ਇਹ ਹੈ ਕਿ ਮਰਹੂਮ ਪ੍ਰੋ. ਹਰਿੰਦਰ ਸਿੰਘ ਮਹਿਬੂਬ ਜਿਹਾ ਕਵੀ ਜਿਹੜਾ ਹਿੰਦੂ ਸਟੇਟ ਨੂੰ ਪਾਪ ਦੀ ਕੋਠੜੀ ਦੱਸਦਾ ਸੀ, ਨੇ ਇਸੇ ਸਟੇਟ ਤੋਂ ਸਾਹਿਤ ਅਕਾਦਮੀ ਦਾ ਇਨਾਮ ਲੈਣ ਲਈ ਆਪਣੀ ਲਿਖਤ 'ਝਨਾਂ ਦੀ ਰਾਤ' ਵਿਚੋਂ ਸੰਤ ਜਰਨੈਲ ਸਿੰਘ ਤੇ ਸ੍ਰੀਮਤੀ ਇੰਦਰਾ ਗਾਂਧੀ ਨਾਲ ਸਬੰਧਤ ਕਾਵਿ-ਹਿੱਸੇ ਕੱਟ ਦਿੱਤੇ ਸਨ। ਅਜਿਹੇ ਚਿੰਤਕ ਸਿੱਖਾਂ ਦੀ ਬੌਧਿਕ ਤੇ ਰਾਜਸੀ ਅਗਵਾਈ ਨਹੀਂ ਕਰ ਸਕੇ। ਇਸ ਸਮੇਂ ਖਾਲਸਾ ਪੰਥ ਨੂੰ ਸਵੱਛ ਇਖਲਾਕ ਵਾਲੇ ਹੀਰੋ ਦੀ ਜ਼ਰੂਰਤ ਹੈ। ਸਾਹਿਬਜ਼ਾਦਿਆਂ, ਬਾਬਾ ਬੰਦਾ ਸਿੰਘ ਅਤੇ ਸੰਤ ਜਰਨੈਲ ਸਿੰਘ ਨੇ ਵਡ-ਅਕਾਰੀ ਗ੍ਰੰਥਾਂ ਦੀ ਰਚਨਾ ਨਹੀਂ ਕੀਤੀ, ਤਦ ਵੀ ਉਹ ਸਾਡੇ ਪ੍ਰੇਰਣਾ ਦੇ ਸੋਮੇ ਰਹਿਣਗੇ।

ਆਪਣੀ ਦੂਜੀ ਟਿੱਪਣੀ ਵਿਚ ਪ੍ਰੋ. ਪੰਨੂੰ 'ਕਿਸ ਬਿਧ ਰੁਲੀ ਪਾਤਸ਼ਾਹੀ' ਬਾਰੇ ਲਿਖਦੇ ਹਨ ਕਿ ਅਜਮੇਰ ਸਿੰਘ ਹਿੰਦੂ ਇਤਿਹਾਸਕਾਰਾਂ ਦੀ ਇਸ ਆਧਾਰ 'ਤੇ ਆਲੋਚਨਾ ਕਰਦਾ ਹੈ ਕਿ ਉਨ੍ਹਾਂ ਨੇ ਹਿੰਦੂ ਨਜ਼ਰੀਏ ਤੋਂ ਲਿਖਿਆ ਹੈ ਪਰ ਹਿੰਦੂ ਹੁੰਦਿਆਂ ਜੇ ਉਨ੍ਹਾਂ ਹਿੰਦੂ ਨਜ਼ਰੀਏ ਤੋਂ ਲਿਖਿਆ ਤਾਂ ਉਹ ਦੋਸ਼ੀ ਕਿਵੇਂ ਹੋ ਗਏ? ਪ੍ਰੋ. ਮਹਿਬੂਬ ਤੇ ਅਜਮੇਰ ਸਿੰਘ ਨੇ ਸਿੱਖ ਨਜ਼ਰੀਏ ਤੋਂ ਲਿਖਿਆ ਹੈ ਪਰ ਹਿੰਦੂਆਂ ਵਿਰੁਧ ਜਿਸ ਕੁੜਿਤਣ ਨਾਲ ਇਨ੍ਹਾਂ ਨੇ ਲਿਖਿਆ ਹੈ, ਸਿੱਖਾਂ ਵਿਰੁਧ ਅਜਿਹੀਆਂ ਟਿੱਪਣੀਆਂ ਹਿੰਦੂ ਚਿੰਤਕਾਂ ਨੇ ਨਹੀਂ ਕੀਤੀਆਂ, ਪਰ ਪ੍ਰੋ. ਮਹਿਬੂਬ ਤੇ ਅਜਮੇਰ ਸਿੰਘ ਤਾਂ ਸਿੱਖ ਇਤਿਹਾਸਕਾਰਾਂ-ਕੇਸਰ ਸਿੰਘ ਛਿੱਬਰ, ਕੋਇਰ ਸਿੰਘ ਤੇ ਡਾ. ਗੰਡਾ ਸਿੰਘ ਨੂੰ ਵੀ ਰੱਦ ਕਰਦੇ ਹਨ। ਅਜਮੇਰ ਸਿੰਘ ਅਨੁਸਾਰ ਹਿੰਦੂ ਬੁਜ਼ਦਿਲ ਹਨ, ਫਿਰਕਾਪ੍ਰਸਤ ਹਨ ਅਤੇ ਦਾਅ-ਪੇਚ ਵਰਤ ਕੇ ਸਿਆਸਤ ਕਰਦੇ ਹਨ।

ਪ੍ਰੋ. ਪੰਨੂੰ ਅਨੁਸਾਰ 1947 ਵਿਚ ਉਨ੍ਹਾਂ ਭਾਰਤ ਵਿਚ ਰਹਿਣ ਦਾ ਫੈਸਲਾ ਇਸ ਕਾਰਨ ਕੀਤਾ ਸੀ ਕਿ ਉਨ੍ਹਾਂ ਨੂੰ ਯਕੀਨ ਸੀ ਕਿ ਭਾਰਤ ਦਰਬਾਰ ਸਾਹਿਬ ਦਾ ਪਹਿਰੇਦਾਰ ਹੈ। ਪਹਿਰੇਦਾਰ ਨੇ ਦਰਬਾਰ ਸਾਹਿਬ ਉਤੇ ਹਮਲਾ ਕਿਉਂ ਕੀਤਾ? ਜਿਸ ਨੇ ਦਰਬਾਰ ਸਾਹਿਬ ਦੀ ਰਾਖੀ ਕਰਨੀ ਸੀ, ਉਹ ਹਮਲਾ ਕਰੇਗਾ ਤਾਂ ਪਹਿਰੇਦਾਰ ਹੱਥੋਂ ਕਿਵੇਂ ਨਾ ਮਰੇਗਾ? ਇੰਦਰਾ ਗਾਂਧੀ ਨੇ ਕਰਨੀ ਦਾ ਫਲ ਭੁਗਤਿਆ।

ਪ੍ਰੋ. ਪੰਨੂੰ ਦੇ ਇਸ ਵਿਚਾਰ ਨਾਲ ਹਰ ਇਕ ਦਾ ਇਤਫਾਕ ਹੋਵੇਗਾ ਕਿ ਜਦੋਂ ਕਾਂਗਰਸ ਤੇ ਮੁਸਲਿਮ ਲੀਗ ਦੇ ਆਗੂਆਂ ਨੇ ਆਪਣੇ ਜੀਵਨ ਲੋਕ ਸੇਵਾ ਲਈ ਅਰਪਣ ਕੀਤੇ, ਸਿਰਦਾਰ ਕਪੂਰ ਸਿੰਘ ਜਿਹੇ ਸਿੱਖਾਂ ਦੀ ਅਗਵਾਈ ਦੇ ਦਾਅਵੇਦਾਰ, ਸਰਕਾਰੀ ਨੌਕਰੀਆਂ ਦਾ ਸੁੱਖ ਮਾਣਦੇ ਰਹੇ। ਇਹ ਉਸ ਦੀ ਮੌਕਾਪ੍ਰਸਤੀ ਸੀ ਕਿ ਉਸ ਨੇ ਕਾਨੂੰਨੀ ਤੌਰ ਉਤੇ ਦੋਸ਼ੀ ਹੁੰਦਿਆਂ ਆਪਣੀ ਨੌਕਰੀਓਂ ਬਰਖ਼ਾਸਤਗੀ ਨੂੰ ਰਾਜਸੀ ਸਵਾਲ ਬਣਾ ਦਿੱਤਾ। ਅਕਾਲੀ ਦਲ ਦੇ ਨੇਤਾ ਵਜੋਂ ਮਾਸਟਰ ਤਾਰਾ ਸਿੰਘ ਦੀ ਪੁਜੀਸ਼ਨ ਦਾ ਫਾਇਦਾ ਉਠਾਇਆ ਪਰ ਮਾਸਟਰ ਜੀ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਬਦਨਾਮ ਕਰਨ ਦੀ ਮੁਹਿੰਮ ਵਿਚ ਜੁਟ ਗਿਆ। ਸਿੱਖਾਂ ਨੂੰ ਦੁਬਿਧਾਗ੍ਰਸਤ ਦੱਸਦਿਆਂ ਇਹ ਪ੍ਰੋ. ਪੰਨੂੰ ਦੀ ਯਥਾਰਥਕ ਟਿੱਪਣੀ ਹੈ ਕਿ ਉਹ ਆਜ਼ਾਦੀ ਦੀ ਲਹਿਰ ਵਿਚ ਆਪਣੀ ਦੇਣ ਦੇ ਦਾਅਵੇ ਵੀ ਕਰਦੇ ਹਨ ਤੇ ਸੰਸਾਰ ਜੰਗਾਂ ਵਿਚ ਜਿੱਤੇ ਵਿਕਟੋਰੀਆ ਕਰਾਸਾਂ ਦੀ ਗਿਣਤੀ ਉਤੇ ਫਖ਼ਰ ਵੀ ਕਰਦੇ ਹਨ।

ਸਾਡਾ ਮਤ ਹੈ ਕਿ ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਸਿੱਖ ਚਿੰਤਕਾਂ ਦੇ ਪੈਂਤੜਿਆਂ ਦੇ ਅਨੇਕਾਂ ਵਿਰੋਧਾਭਾਸਾਂ ਵੱਲ ਨਿੱਗਰ ਸੰਕੇਤ ਦਿੱਤੇ ਹਨ। ਉਨ੍ਹਾਂ ਨੇ ਅਜਮੇਰ ਸਿੰਘ ਵੱਲੋਂ ਸਿੱਖਾਂ ਦੇ ਕੇਸ ਨੂੰ ਖਿੱਚ ਧੂਹ ਕੇ ਯਹੂਦੀਆਂ ਦੇ ਦੁਖਾਂਤ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਨੂੰ ਬੜੇ ਬਾਦਲੀਲ ਤਰੀਕੇ ਨਾਲ ਨਕਾਰਿਆ ਹੈ। ਉਨ੍ਹਾਂ ਦਾ ਇਹ ਦਾਅਵਾ ਕਿ ਉਸ ਸਮੇਂ ਕੇਂਦਰ ਸਰਕਾਰ ਦੀ ਮੁਖੀ ਇੰਦਰਾ ਗਾਂਧੀ ਨੇ ਸ੍ਰੀ ਅਕਾਲ ਤਖ਼ਤ ਦੀ ਕਸਟੋਡੀਅਨ ਦੀ ਜ਼ਿੰਮੇਵਾਰੀ ਨੂੰ ਛੱਡ ਕੇ ਪਵਿੱਤਰ ਧਾਮ ਨੂੰ ਸਗੋਂ ਮਿਸਮਾਰ ਕਰ ਦਿੱਤਾ। ਇਸ ਕਰ ਕੇ ਸਿੱਖ ਸੂਰਬੀਰਾਂ ਨੇ ਉਸ ਨੂੰ ਮਾਰ ਦਿੱਤਾ। ਪੰਨੂੰ ਹੋਰੀਂ ਯੂਨੀਵਰਸਿਟੀ ਵਿਚ ਸਿੱਖ ਚਿੰਤਨ ਵਿਭਾਗ ਦੇ ਮੁਖੀ ਅਤੇ ਸੁਘੜ ਵਿਦਵਾਨ ਹਨ। ਉਨ੍ਹਾਂ ਦੀ ਕਲਮ ਤੋਂ ਅਜਿਹੇ ਗੰਭੀਰ ਦੁਖਾਂਤ ਬਾਰੇ ਅਜਿਹੀ ਚਲਾਊ ਜਿਹੀ ਟਿੱਪਣੀ ਠੀਕ ਨਹੀਂ ਲਗਦੀ।


**(ਚੱਲਦਾ)**

# 'ਅਸਲੀ' ਗੁਰਦੁਆਰੇ ਦੀ ਗੌਰਵ-ਗਾਥਾ

## ਗ਼ਦਰ ਦੀਆਂ ਗੱਲਾਂ

*ਅੰਮ੍ਰਿਤਸਰ ਤੇ ਲਾਹੌਰ ਦੇ ਤਤਕਾਲੀਨ ਜ਼ਿਲ੍ਹਿਆਂ ਦੀਆਂ ਤਰਨਤਾਰਨ ਤੇ ਕਸੂਰ ਤਹਿਸੀਲਾਂ ਦੀਆਂ ਹੱਦਾਂ 'ਤੇ ਵੱਸਦੇ ਪਿੰਡਾਂ ਵਿਚ ਵੱਡੀ ਗਿਣਤੀ ਵਿਚ ਗ਼ਦਰੀ ਦੇਸ਼ ਪਰਤੇ ਸਨ ਤੇ ਇਨਕਲਾਬੀ ਕਾਰਵਾਈਆਂ ਵਿਚ ਜੁਟੇ ਹੋਏ ਸਨ। ਮਾਝੇ ਦੀ ਧੁੰਨੀ ਆਖੇ ਜਾਂਦੇ ਇਸ ਇਲਾਕੇ ਦੇ ਪੰਜ-ਦਸ ਮੀਲ ਦੇ ਘੇਰੇ ਅੰਦਰਲੇ ਪਿੰਡਾਂ ਭਕਨਾ, ਕਸੇਲ, ਭਿੱਖੀਵਿੰਡ, ਬੂੜਚੰਦ, ਚੂਸਲੇਵੜ, ਭੂਰੇ, ਪੱਧਰੀ ਤੇ ਸੁਰ ਸਿੰਘ ਆਦਿ ਵਿਚ ਤਾਂ ਗ਼ਦਰੀਆਂ ਦੀ ਗਿਣਤੀ ਵਾਹਵਾ ਸੱਬਰਕੱਤੀ ਸੀ। ਗ਼ਦਰ ਵਿਚ ਸਾਥ ਦੇਣ ਲਈ ਜਿਨ੍ਹਾਂ ਫੌਜੀਆਂ ਨਾਲ ਗ਼ਦਰੀਆਂ ਨੇ ਸਬੰਧ ਜੋੜੇ ਸਨ, ਉਹ ਵੀ ਬਹੁਤੇ ਇਨ੍ਹਾਂ ਪਿੰਡਾਂ ਵਿਚੋਂ ਹੀ ਸਨ। ਸੁਰ ਸਿੰਘ ਪਿੰਡ ਵਿਚ ਹੀ ਲਗਭਗ ਚਾਰ ਦਰਜਨ ਗ਼ਦਰੀ ਕਾਰਜਸ਼ੀਲ ਸਨ। ਉਸ ਵੇਲੇ ਸੁਰ ਸਿੰਘ ਦੇ ਗ਼ਦਰੀਆਂ ਵਿਚੋਂ ਤੇ ਇਲਾਕੇ ਵਿਚੋਂ ਵੀ ਮੋਹਰੀ ਰੋਲ ਨਿਭਾਉਣ ਵਾਲੇ ਗ਼ਦਰੀ ਭਾਈ ਜਗਤ ਸਿੰਘ ਤੇ ਭਾਈ ਪ੍ਰੇਮ ਸਿੰਘ ਸਨ। ਭਾਈ ਪ੍ਰੇਮ ਸਿੰਘ ਦੇ ਸਬੰਧ ਪੱਧਰੀ ਦੇ ਭਾਈ ਇੰਦਰ ਸਿੰਘ ਤੇ ਭੂਰਿਆਂ ਦੇ ਭਾਈ ਲਾਲ ਸਿੰਘ ਨਾਲ ਬੜੇ ਗੂੜ੍ਹੇ ਸਨ। ਇਹ ਦੋਵੇਂ ਪਿੰਡ ਸੁਰ ਸਿੰਘ ਦੇ ਗਵਾਂਢ ਵਿਚ ਹਨ। ਸੁਰ ਸਿੰਘ ਤੋਂ ਅਗਲਾ ਪਿੰਡ ਪੱਧਰੀ ਤੇ ਪੱਧਰੀ ਦੇ ਨਾਲ ਹੀ ਭੂਰੇ ਹੈ। ਇਨ੍ਹਾਂ ਨਾਲ ਲਗਵਾਂ ਥਾਂ ਸੀ ਗੁਰਦੁਆਰਾ ਝਾੜ ਸਾਹਿਬ ਦਾ। ਇਹ ਉਸ ਵੇਲੇ ਲਗਭਗ ਜੰਗਲੀ ਇਲਾਕਾ ਸੀ। ਪਿੱਪਲਾਂ, ਬੋਹੜਾਂ, ਟਾਹਲੀਆਂ ਤੇ ਜੰਡ-ਕਰੀਰਾਂ ਦੇ ਓਹਲੇ ਵਿਚ ਅਸਲੋਂ ਹੀ ਲੁਕਿਆ ਹੋਇਆ ਇਹ ਇਕਲਵੰਝਾ ਗੁਰਦੁਆਰਾ ਗੁਰੂ ਅਰਜਨ ਦੇਵ ਦੀ ਯਾਦ ਵਿਚ ਬਣਿਆ ਹੋਇਆ ਸੀ ਜਿਸ ਦਾ ਮੁਖੀ ਉਨ੍ਹਾਂ ਦਿਨਾਂ ਵਿਚ ਜਵਾਨੀ ਚੜ੍ਹਦਾ ਗੱਭਰੂ ਭਾਈ ਬੋਘ ਸਿੰਘ ਸੀ।... ਝਾੜ ਸਾਹਿਬ ਗ਼ਦਰੀਆਂ ਦਾ ਪੰਜਾਬ ਭਰ ਵਿਚ ਸਭ ਤੋਂ ਵੱਡਾ ਲੁਕਵਾਂ ਮਿਲਣ-ਅੱਡਾ ਬਣ ਗਿਆ। ਸੰਗਤ ਗੁਰਦੁਆਰੇ ਆਉਂਦੀ ਤਾਂ ਭਾਈ ਬੋਘ ਸਿੰਘ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਵਖਿਆਨ ਕਰਦੇ। ਗ਼ਦਰ ਦੀਆਂ ਗੂੰਜਾਂ ਪੜ੍ਹ ਕੇ ਸੁਣਾਉਂਦੇ। ਨਾਮਵਰ ਗ਼ਦਰੀ ਇਥੇ ਆਉਂਦੇ। ਸਲਾਹ-ਮਸ਼ਵਰਾ ਕਰਦੇ, ਯੋਜਨਾਵਾਂ ਉਲੀਕਦੇ। ਭਾਈ ਬੋਘ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਗ਼ਦਰੀਆਂ ਦੇ ਰਹਿਣ ਤੇ ਖਾਣ-ਪੀਣ ਦੀ ਸੇਵਾ ਪੂਰੀ ਸ਼ਰਧਾ ਤੇ ਪਿਆਰ ਨਾਲ ਕਰਦੇ।*

ਭਾਰਤ ਵਿਚ ਜਾ ਕੇ ਗ਼ਦਰ ਕਰਨ ਦਾ ਗ਼ਦਰ ਪਾਰਟੀ ਦਾ ਪ੍ਰੋਗਰਾਮ, ਅੰਗਰੇਜ਼ਾਂ ਦੀ ਜਰਮਨੀ ਨਾਲ ਹੋਣ ਵਾਲੀ ਸੰਭਾਵਤ ਜੰਗ ਨਾਲ ਜੁੜਿਆ ਹੋਇਆ ਸੀ। ਆਸ ਸੀ ਕਿ ਜੰਗ 1920 ਦੇ ਨੇੜੇ-ਤੇੜੇ ਲੱਗੇਗੀ; ਪਰ ਹੋਇਆ ਇਹ ਕਿ ਜੰਗ ਦਾ ਐਲਾਨ ਗਦਰੀਆਂ ਦੇ ਸੋਚੇ ਦੇ ਉਲਟ 1914 ਵਿਚ ਹੀ ਹੋ ਗਿਆ। ਇਹ ਤਾਂ ਠੀਕ ਸੀ ਕਿ ਗ਼ਦਰ ਪਾਰਟੀ



■ ਵਰਿਆਮ ਸਿੰਘ ਸੰਧੂ


ਦੀ ਸਥਾਪਨਾ ਤੇ 'ਗ਼ਦਰ' ਅਖ਼ਬਾਰ ਦੇ ਛਪਣ ਤੋਂ ਪਿੱਛੋਂ, ਗ਼ਦਰੀਆਂ ਵੱਲੋਂ ਕੀਤੇ ਦਿਨ-ਰਾਤ ਦੇ ਸਿਰ-ਤੋੜ ਯਤਨਾਂ ਕਰ ਕੇ ਆਜ਼ਾਦੀ ਪ੍ਰਾਪਤ ਕਰਨ ਦਾ ਵਿਚਾਰ ਉਤਰੀ ਅਮਰੀਕਾ ਤੋਂ ਤੁਰਦਾ ਹੋਇਆ ਕਈ ਮੁਲਕਾਂ ਵਿਚ ਵੱਸਦੇ ਹਿੰਦੀਆਂ ਦੇ ਦਿਲਾਂ ਤੱਕ ਅੱਗ ਬਣ ਕੇ ਫ਼ੈਲ ਗਿਆ ਸੀ ਤੇ ਉਹ ਆਜ਼ਾਦੀ ਪ੍ਰਾਪਤੀ ਲਈ ਸਿਰ-ਧੜ ਦੀ ਬਾਜ਼ੀ ਲਾਉਣ ਲਈ ਮਾਨਸਿਕ ਤੌਰ 'ਤੇ ਬਹੁਤ ਹੱਦ ਤੱਕ ਤਿਆਰ ਵੀ ਹੋ ਚੁੱਕੇ ਸਨ, ਤਦ ਵੀ ਹਥਿਆਰਬੰਦ ਯੁੱਧ ਲੜਨ ਲਈ ਲੋੜੀਂਦੀਆਂ ਤਿਆਰੀਆਂ, ਪੇਸ਼ਬੰਦੀਆਂ ਤੇ ਗ਼ਦਰ ਦੇ ਪ੍ਰਚਾਰ-ਪ੍ਰਸਾਰ ਲਈ ਅਜੇ ਹੋਰ ਬਹੁਤ ਸਮਾਂ ਦਰਕਾਰ ਸੀ। ਜੰਗ ਲੱਗਣ ਦੀ ਸੂਰਤ ਵਿਚ ਸਮਾਂ ਹੱਥੋਂ ਜਾਂਦਾ ਵੇਖ ਗ਼ਦਰੀਆਂ ਨੇ ਸੋਚਿਆ ਕਿ ਭਾਵੇਂ ਗ਼ਦਰ ਦੀ ਤਿਆਰੀ ਅਜੇ ਹੈ ਤਾਂ 'ਕੱਚੀ-ਪਿੱਲੀ' ਹੀ, ਪਰ ਦੇਸ਼ ਪਹੁੰਚ ਕੇ ਲੋਕਾਂ ਤੇ ਫੌਜਾਂ ਵਿਚ ਪ੍ਰਚਾਰ ਕਰਨ ਅਤੇ ਉਨ੍ਹਾਂ ਨੂੰ ਆਪਣੇ ਨਾਲ ਜੋੜ ਕੇ ਗ਼ਦਰ ਕਰਨ ਦਾ ਮੁਨਾਸਬ ਮੌਕਾ ਵੀ ਇਹੋ ਹੀ ਹੈ। ਉਹ ਜਿੱਥੇ ਵੀ ਤੇ ਜਿਹੜੇ ਮੁਲਕ ਵਿਚ ਬੈਠੇ ਸਨ, ਹੜ੍ਹਿਆਏ ਤੂਫ਼ਾਨ ਦੀਆਂ ਮਾਰੂ ਛੱਲਾਂ ਦੇ ਉਛਾਲ ਤੋਂ ਬੇਖ਼ਬਰ ਤੇ ਬੇਪ੍ਰਵਾਹ ਹੋ ਕੇ ਠਾਠਾਂ ਮਾਰਦੇ ਦਰਿਆ ਵਿਚ ਠਿੱਲ੍ਹ ਪਏ। ਅੱਗੇ ਅੰਗਰੇਜ਼ ਸਰਕਾਰ ਵੀ ਚੌਕੰਨੀ ਸੀ। ਉਨ੍ਹਾਂ ਨੂੰ ਗ਼ਦਰੀਆਂ ਦੀਆਂ ਸਰਗਰਮੀਆਂ ਦਾ ਸੂਹੀਆ ਏਜੰਸੀਆਂ ਰਾਹੀਂ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ। ਹੋਇਆ ਇਹ ਕਿ ਧਾਈ ਕਰ ਕੇ ਵੱਡੇ ਸਮੂਹਾਂ ਵਿਚ ਦੇਸ਼ ਨੂੰ ਪਰਤੇ ਬਹੁਤੇ ਗ਼ਦਰੀ ਤਾਂ ਜਹਾਜ਼ਾਂ ਤੋਂ ਉਤਰਦਿਆਂ ਹੀ ਗ੍ਰਿਫ਼ਤਾਰ ਕਰ ਲਏ ਗਏ। ਕੁਝ ਜੇਲ੍ਹਾਂ ਵਿਚ ਬੰਦ ਕਰ ਦਿੱਤੇ, ਬਾਕੀ ਪਿੰਡਾਂ ਦੀਆਂ ਜੂਹਾਂ ਵਿਚ ਨਜ਼ਰਬੰਦ ਕਰ ਦਿੱਤੇ ਗਏ। ਬਚੇ ਉਹੋ ਜਿਹੜੇ ਇਕੱਲੇ-ਦੁਕੱਲੇ, ਦੋ-ਦੋ, ਚਾਰ-ਚਾਰ ਦੇ ਟੋਲਿਆਂ ਵਿਚ ਸਰਕਾਰੀ ਨਜ਼ਰਾਂ ਤੋਂ ਬਚ ਕੇ ਦੇਸ਼ ਵਿਚ ਦਾਖ਼ਲ ਹੋ ਸਕੇ।

ਬਹੁਤੇ ਸਾਥੀਆਂ ਦੇ ਗ੍ਰਿਫ਼ਤਾਰ ਹੋ ਜਾਣ ਦੇ ਬਾਵਜੂਦ ਇਨ੍ਹਾਂ ਸਿਰੜੀ ਸੂਰਮਿਆਂ ਨੇ ਹੌਸਲਾ ਨਾ ਹਾਰਿਆ ਤੇ ਗ਼ਦਰ ਕਰਨ ਦੀ ਕਾਰਵਾਈ 'ਤੇ ਅਮਲ ਕਰਨ ਦੀ ਠਾਣ ਲਈ। ਵੱਖ-ਵੱਖ ਮੁਲਕਾਂ ਤੇ ਵੱਖ-ਵੱਖ ਰਾਹਾਂ ਤੋਂ ਦੇਸ਼ ਵਿਚ ਪਹੁੰਚਣ ਵਾਲੇ ਤੇ ਖਿੰਡੇ-ਪੁੰਡੇ ਇਨ੍ਹਾਂ ਸੂਰਬੀਰਾਂ ਲਈ ਪਹਿਲੀ ਤੇ ਵੱਡੀ ਸਮੱਸਿਆ ਤਾਂ ਇਹ ਸੀ ਕਿ ਗ਼ਦਰ ਕਰਨ ਦੀ ਅਗਲੀ ਯੋਜਨਾ ਉਲੀਕਣ ਲਈ ਉਹ ਇੱਕ-ਦੂਜੇ ਨਾਲ ਸੰਪਰਕ ਕਿਵੇਂ ਸਾਧਣ। ਆਪਸੀ ਮੇਲ-ਮਿਲਾਪ ਤੇ ਸਲਾਹ ਮਸ਼ਵਰੇ ਨਾਲ ਇਕ ਸੂਤਰ ਵਿਚ ਪਰੁੱਚ ਕੇ ਹੀ ਉਹ ਖਿੱਲਰ-ਪੁੱਲਰ ਗਈ ਜਥੇਬੰਦੀ ਨੂੰ ਸੰਗਠਤ ਕਰ ਸਕਦੇ ਸਨ ਤੇ ਲੋੜੀਂਦੇ ਅਮਲ ਲਈ ਰਾਹ ਪੱਧਰਾ ਕਰ ਸਕਦੇ ਸਨ। ਸ਼ਿਕਾਰੀ ਕੁੱਤਿਆਂ ਵਾਂਗ ਹਰਲ-ਹਰਲ ਕਰਦੀਆਂ ਤੇ ਦੇਸ਼-ਭਗਤਾਂ ਦਾ ਲਹੂ ਸੁੰਘਦੀਆਂ ਪੁਲਿਸ ਅਤੇ ਸੀ.ਆਈ.ਡੀ. ਦੀਆਂ ਧਾੜਾਂ ਦੇ ਪਰਛਾਵੇਂ ਹੇਠਾਂ ਗ਼ਦਰੀਆਂ ਦੇ ਖੁੱਲ੍ਹੇ ਵਿਚਰਨ ਤੇ ਵੱਡੇ ਇਕੱਠਾਂ ਵਿਚ ਮਿਲ ਸਕਣ ਦੀ ਸੰਭਾਵਨਾ ਤਾਂ ਪੈਦਾ ਹੀ ਨਹੀਂ ਸੀ ਹੋ ਸਕਦੀ। ਇਸ ਲਈ ਜ਼ਰੂਰੀ ਸੀ ਕਿ ਉਹ ਆਪਣੇ ਲਈ ਗੁਪਤ ਮਿਲਣ-ਟਿਕਾਣਿਆਂ ਦੀ ਤਲਾਸ਼ ਕਰਨ। ਵੱਖ-ਵੱਖ ਸ਼ਹਿਰਾਂ-ਥਾਂਵਾਂ 'ਤੇ ਅਜਿਹੇ ਛੋਟੇ-ਮੋਟੇ ਟਿਕਾਣੇ ਤਾਂ ਬਣਾਉਣੇ ਹੀ ਪੈਣੇ ਸਨ ਤੇ ਉਨ੍ਹਾਂ ਨੇ ਬਣਾਏ ਵੀ। ਇਨ੍ਹਾਂ ਟਿਕਾਣਿਆਂ 'ਤੇ ਜਾਂਦੇ ਜਾਂਦੇ, ਬਹਿੰਦੇ-ਖਲੋਂਦੇ, ਰਾਤ-ਬਰਾਤੇ ਇਕ ਦੋ ਇਨਕਲਾਬੀਆਂ ਦੇ ਆਉਣ, ਮਿਲ-ਬੈਠਣ ਜਾਂ ਇਕ-ਦੂਜੇ ਤੱਕ ਸੁਨੇਹੇ ਪਹੁੰਚਾਉਣ ਦਾ ਜੁਗਾੜ ਤਾਂ ਹੋ ਸਕਦਾ ਸੀ ਪਰ ਵੱਡੀਆਂ ਮੀਟਿੰਗਾਂ ਵਿਚ ਇਕੱਠੇ ਹੋ ਕੇ ਵੱਡੇ ਤੇ ਸਾਂਝੇ ਫ਼ੈਸਲੇ ਕਰਨ ਤੇ ਗ਼ਦਰ ਦੀ ਮੁਹਿੰਮ ਨੂੰ ਕਾਮਯਾਬ ਕਰਨ ਲਈ ਕਿਸੇ ਅਜਿਹੇ ਗੁਪਤ ਮਿਲਣ-ਸਥਾਨ ਦੀ ਲੋੜ ਸੀ ਜਿਹੜਾ ਪੁਲਿਸ ਤੇ ਸੀ.ਆਈ.ਡੀ. ਦੀਆਂ ਨਜ਼ਰਾਂ ਤੋਂ ਓਹਲੇ ਤਾਂ ਹੋਵੇ ਹੀ ਸਗੋਂ ਆਮ ਲੋਕਾਂ ਦੀ ਨਜ਼ਰ ਤੇ ਪਹੁੰਚ ਤੋਂ ਵੀ ਦੂਰ ਹੋਵੇ।

ਲੋਕਾਂ ਦੀਆਂ ਨਜ਼ਰਾਂ ਤੋਂ ਬਚਾ ਕਰ ਕੇ ਕਿਸੇ ਪਿੰਡ ਜਾਂ ਸ਼ਹਿਰ ਦੇ ਕਿਸੇ ਘਰ ਵਿਚ ਦੇਸ਼-ਭਗਤਾਂ ਦਾ ਵੱਡੀ ਗਿਣਤੀ ਵਿਚ ਮਿਲ ਬੈਠਣਾ ਸੰਭਵ ਨਹੀਂ ਸੀ। ਇਸ ਮਕਸਦ ਲਈ ਤਾਂ ਕਿਸੇ ਅਜਿਹੇ ਥਾਂ ਦੀ ਹੀ ਲੋੜ ਸੀ ਜਿੱਥੇ ਵਧੇਰੇ ਬੰਦਿਆਂ ਦੇ ਰਹਿਣ, ਰੋਟੀ-ਪਾਣੀ ਛਕਣ ਤੇ ਨਹਾਉਣ-ਧੋਣ ਦਾ ਪ੍ਰਬੰਧ ਵੀ ਹੋਵੇ ਤੇ ਜਿਹੜਾ ਅਸਲੋਂ ਹੀ ਇਕਲਵੰਝਾ ਹੋਵੇ। ਸਭ ਤੋਂ ਵੱਡੀ ਗੱਲ ਸੀ ਕਿ ਉਸ ਗੁਪਤ ਮਿਲਣ-ਸਥਾਨ ਦੇ ਆਗੂ ਜਾਂ ਵਸਨੀਕ ਕੁਰਬਾਨੀ ਵਾਲੇ ਪੂਰੇ ਦੇਸ਼-ਭਗਤ ਹੋਣ ਤੇ ਦੇਸ਼-ਭਗਤਾਂ ਨੂੰ ਸਾਂਭਣ ਦੇ ਖ਼ਤਰੇ ਦੇ ਰੂ-ਬਰੂ ਹੋਣ ਲਈ ਤਿਆਰ ਰਹਿਣ ਅਤੇ ਭੇਤ ਸਾਂਭ ਸਕਣ ਲਈ ਮਰਦਾਂ ਵਾਲਾ ਦਿਲ-ਗੁਰਦਾ ਵੀ ਰੱਖਦੇ ਹੋਣ। ਮਾਝੇ ਵਿਚਲੇ ਗ਼ਦਰੀਆਂ ਨੇ ਸਰਗਰਮੀ ਨਾਲ ਅਜਿਹੇ ਥਾਂ ਦੀ ਭਾਲ ਅਰੰਭ ਦਿੱਤੀ।

ਅੰਮ੍ਰਿਤਸਰ ਤੇ ਲਾਹੌਰ ਦੇ ਤਤਕਾਲੀਨ ਜ਼ਿਲ੍ਹਿਆਂ ਦੀਆਂ ਤਰਨਤਾਰਨ ਤੇ ਕਸੂਰ ਤਹਿਸੀਲਾਂ ਦੀਆਂ ਹੱਦਾਂ 'ਤੇ ਵੱਸਦੇ ਪਿੰਡਾਂ ਵਿਚ ਵੱਡੀ ਗਿਣਤੀ ਵਿਚ ਗ਼ਦਰੀ ਦੇਸ਼ ਪਰਤੇ ਸਨ ਤੇ ਇਨਕਲਾਬੀ ਕਾਰਵਾਈਆਂ ਵਿਚ ਜੁਟੇ ਹੋਏ ਸਨ। ਮਾਝੇ ਦੀ ਧੁੰਨੀ ਆਖੇ ਜਾਂਦੇ ਇਸ ਇਲਾਕੇ ਦੇ ਪੰਜ-ਦਸ ਮੀਲ ਦੇ ਘੇਰੇ ਅੰਦਰਲੇ ਪਿੰਡਾਂ ਭਕਨਾ, ਕਸੇਲ, ਭਿੱਖੀਵਿੰਡ, ਬੂੜਚੰਦ, ਚੂਸਲੇਵੜ, ਭੂਰੇ, ਪੱਧਰੀ ਤੇ ਸੁਰ ਸਿੰਘ ਆਦਿ ਵਿਚ ਤਾਂ ਗ਼ਦਰੀਆਂ ਦੀ ਗਿਣਤੀ ਵਾਹਵਾ ਸੱਬਰਕੱਤੀ ਸੀ। ਗ਼ਦਰ ਵਿਚ ਸਾਥ ਦੇਣ ਲਈ ਜਿਨ੍ਹਾਂ ਫੌਜੀਆਂ ਨਾਲ ਗ਼ਦਰੀਆਂ ਨੇ ਸਬੰਧ ਜੋੜੇ ਸਨ, ਉਹ ਵੀ ਬਹੁਤੇ ਇਨ੍ਹਾਂ ਪਿੰਡਾਂ ਵਿਚੋਂ ਹੀ ਸਨ। ਸੁਰ ਸਿੰਘ ਪਿੰਡ ਵਿਚ ਹੀ ਲਗਭਗ ਚਾਰ ਦਰਜਨ ਗ਼ਦਰੀ ਕਾਰਜਸ਼ੀਲ ਸਨ। ਉਸ ਵੇਲੇ ਸੁਰ ਸਿੰਘ ਦੇ ਗ਼ਦਰੀਆਂ ਵਿਚੋਂ ਤੇ ਇਲਾਕੇ ਵਿਚੋਂ ਵੀ ਮੋਹਰੀ ਰੋਲ ਨਿਭਾਉਣ ਵਾਲੇ ਗ਼ਦਰੀ ਭਾਈ ਜਗਤ ਸਿੰਘ ਤੇ ਭਾਈ ਪ੍ਰੇਮ ਸਿੰਘ ਸਨ। ਭਾਈ ਪ੍ਰੇਮ ਸਿੰਘ ਦੇ ਸਬੰਧ ਪੱਧਰੀ ਦੇ ਭਾਈ ਇੰਦਰ ਸਿੰਘ ਤੇ ਭੂਰਿਆਂ ਦੇ ਭਾਈ ਲਾਲ ਸਿੰਘ ਨਾਲ ਬੜੇ ਗੂੜ੍ਹੇ ਸਨ। ਇਹ ਦੋਵੇਂ ਪਿੰਡ ਸੁਰ ਸਿੰਘ ਦੇ ਗਵਾਂਢ ਵਿਚ ਹਨ। ਸੁਰ ਸਿੰਘ ਤੋਂ ਅਗਲਾ ਪਿੰਡ ਪੱਧਰੀ ਤੇ ਪੱਧਰੀ ਦੇ ਨਾਲ ਹੀ ਭੂਰੇ ਹੈ। ਇਨ੍ਹਾਂ ਨਾਲ ਲਗਵਾਂ ਥਾਂ ਸੀ ਗੁਰਦੁਆਰਾ ਝਾੜ ਸਾਹਿਬ ਦਾ। ਇਹ ਉਸ ਵੇਲੇ ਲਗਭਗ ਜੰਗਲੀ ਇਲਾਕਾ ਸੀ। ਪਿੱਪਲਾਂ, ਬੋਹੜਾਂ, ਟਾਹਲੀਆਂ ਤੇ ਜੰਡ-ਕਰੀਰਾਂ ਦੇ ਓਹਲੇ ਵਿਚ ਅਸਲੋਂ ਹੀ ਲੁਕਿਆ ਹੋਇਆ ਇਹ ਇਕਲਵੰਝਾ ਗੁਰਦੁਆਰਾ ਗੁਰੂ ਅਰਜਨ ਦੇਵ ਦੀ ਯਾਦ ਵਿਚ ਬਣਿਆ ਹੋਇਆ ਸੀ ਜਿਸ ਦਾ ਮੁਖੀ ਉਨ੍ਹਾਂ ਦਿਨਾਂ ਵਿਚ ਜਵਾਨੀ ਚੜ੍ਹਦਾ ਗੱਭਰੂ ਭਾਈ ਬੋਘ ਸਿੰਘ ਸੀ।

ਗ਼ਦਰੀ ਸੂਰਬੀਰਾਂ ਨੇ ਗੁਰਦੁਆਰਿਆਂ ਨੂੰ ਹਮੇਸ਼ਾ ਆਪਣੇ ਮਿਲਣ ਦਾ, ਭਾਈਚਾਰਕ ਤੇ ਦੇਸ਼ ਦੀਆਂ ਸਮੱਸਿਆਵਾਂ ਵਿਚਾਰਨ ਦਾ ਅਤੇ ਇਨਕਲਾਬੀ ਪ੍ਰੇਰਨਾ ਦਾ ਸਰੋਤ ਜਾਣਿਆ ਅਤੇ ਮੰਨਿਆ ਸੀ। ਕੈਨੇਡਾ ਤੇ ਅਮਰੀਕਾ ਵਿਚ ਵੀ ਗੁਰਦੁਆਰੇ ਹੀ ਗ਼ਦਰ ਪਾਰਟੀ ਦੇ ਪਹਿਲੇ ਮਿਲਣ-ਥਾਂ ਸਨ। ਝਾੜ ਸਾਹਿਬ ਦਾ ਇਹ



ਬਾਹਰੋਂ ਦਿਸਦਾ ਗੁਰਦੁਆਰਾ ਝਾੜ ਸਾਹਿਬ (ਤਸਵੀਰਾਂ: ਅਰਸ਼ਦੀਪ ਸਿੰਘ)

ਗੁਰਦੁਆਰਾ ਗੁਪਤ ਮਿਲਣੀਆਂ ਲਈ ਬਹੁਤ ਢੁਕਵਾਂ ਥਾਂ ਜਾਣ ਕੇ ਭਾਈ ਪ੍ਰੇਮ ਸਿੰਘ ਸੁਰ ਸਿੰਘ ਤੇ ਇੰਦਰ ਸਿੰਘ ਪੱਧਰੀ ਹੁਰਾਂ ਭਾਈ ਬੋਘ ਸਿੰਘ ਨਾਲ ਸੰਪਰਕ ਸਾਧਿਆ। ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਬਣੇ ਗੁਰਦੁਆਰੇ ਦੇ ਮੁਖੀ ਹੋਣ ਦੀ ਹੈਸੀਅਤ ਵਿਚ, ਗੁਰੂ ਜੀ ਦੇ ਦੱਸੇ ਰਾਹ 'ਤੇ ਚੱਲਦਿਆਂ, ਦੇਸ਼ ਅਤੇ ਲੋਕਾਂ ਦੇ ਭਲੇ ਲਈ ਗੁਰੂ ਦੇ ਸੱਚੇ ਸਿੱਖ ਬਣ ਕੇ ਕੁਰਬਾਨ ਹੋ ਜਾਣ ਦੀ, ਸਮੇਂ ਦੀ ਮੰਗ ਦਾ ਖੁਲਾਸਾ ਕਰਦਿਆਂ ਗ਼ਦਰੀਆਂ ਨੇ ਗ਼ਦਰ ਪਾਰਟੀ ਦਾ ਸਾਰਾ ਮਨਸ਼ਾ ਭਾਈ ਬੋਘ ਸਿੰਘ ਹੁਰਾਂ ਸਾਹਮਣੇ ਰੱਖ ਦਿੱਤਾ। ਇਨ੍ਹੀਂ ਦਿਨੀਂ ਹੀ ਕਾਮਾਗਾਟਾ ਮਾਰੂ ਦੇ ਯਾਤਰੀਆਂ ਨਾਲ ਬਜਬਜ ਘਾਟ 'ਤੇ ਵਾਪਰਿਆ ਦੁਖਾਂਤ ਚਰਚਾ ਵਿਚ ਸੀ। ਝਾੜ ਸਾਹਿਬ ਦੇ ਗਵਾਂਢੀ ਪਿੰਡ ਸੁਰ ਸਿੰਘ ਦੇ ਭਾਈ ਸੁੱਚਾ ਸਿੰਘ ਜੋ ਕਾਮਾਗਾਟਾ ਮਾਰੂ ਵਿਚ ਗ੍ਰੰਥੀ ਦੀ ਸੇਵਾ ਨਿਭਾ ਰਿਹਾ ਸੀ, ਦੀ ਲੱਤ ਵਿਚ ਗੋਲੀ ਵੱਜੀ ਸੀ। ਇਹ ਕਹਾਣੀਆਂ ਸੁਣ ਕੇ ਭਾਈ ਬੋਘ ਸਿੰਘ ਪਹਿਲਾਂ ਹੀ ਆਵਾਜਾਰ ਸਨ। ਉਂਜ ਵੀ ਭਾਈ ਬੋਘ ਸਿੰਘ ਹੁਰੀਂ ਪਹਿਲਾਂ ਹੀ ਗੁਰੂ ਰੰਗ ਵਿਚ ਰੱਤੇ ਹੋਏ ਸਨ। ਗ਼ਦਰੀ ਸੂਰਬੀਰਾਂ ਨੇ ਉਨ੍ਹਾਂ ਅੰਦਰ ਦੇਸ਼-ਪ੍ਰੇਮ ਦੀ ਜਵਾਲਾ ਬਾਲ ਦਿੱਤੀ। ਭਾਈ ਜੀ ਨੇ ਦੇਸ਼ ਲਈ ਤਨ, ਮਨ, ਧਨ ਅਰਪਣ ਕਰ ਦੇਣ ਦਾ ਫ਼ੈਸਲਾ ਕਰ ਲਿਆ।

ਹੁਣ ਝਾੜ ਸਾਹਿਬ ਗ਼ਦਰੀਆਂ ਦਾ ਪੰਜਾਬ ਭਰ ਵਿਚ ਸਭ ਤੋਂ ਵੱਡਾ ਲੁਕਵਾਂ ਮਿਲਣ-ਅੱਡਾ ਬਣ ਗਿਆ। ਸੰਗਤ ਗੁਰਦੁਆਰੇ ਆਉਂਦੀ ਤਾਂ ਭਾਈ ਬੋਘ ਸਿੰਘ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਵਖਿਆਨ ਕਰਦੇ। ਗ਼ਦਰ ਦੀਆਂ ਗੂੰਜਾਂ ਪੜ੍ਹ ਕੇ ਸੁਣਾਉਂਦੇ। ਨਾਮਵਰ ਗ਼ਦਰੀ ਇਥੇ ਆਉਂਦੇ। ਸਲਾਹ-ਮਸ਼ਵਰਾ ਕਰਦੇ, ਯੋਜਨਾਵਾਂ ਉਲੀਕਦੇ। ਭਾਈ ਬੋਘ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਗ਼ਦਰੀਆਂ ਦੇ ਰਹਿਣ ਤੇ ਖਾਣ-ਪੀਣ ਦੀ ਸੇਵਾ ਪੂਰੀ ਸ਼ਰਧਾ ਤੇ ਪਿਆਰ ਨਾਲ ਕਰਦੇ। ਦੇਸ਼ ਦੀ ਹਕੂਮਤ ਦੇ ਖ਼ਿਲਾਫ਼ ਲੜਨ ਵਾਲਿਆਂ ਨੂੰ, ਹਕੂਮਤ ਦੇ ਲਫ਼ਜ਼ਾਂ ਵਿਚ 'ਸਾਜ਼ਿਸ਼ਾਂ ਕਰਨ ਲਈ ਮੌਕਾ ਤੇ ਥਾਂ ਦੇਣਾ' ਬੜਾ ਵੱਡਾ ਗੁਨਾਹ ਸੀ। ਇਤਿਹਾਸ ਗਵਾਹ ਹੈ ਕਿ ਗ਼ਦਰ ਕਰਨ ਦੀ ਯੋਜਨਾ ਸਿਰੇ ਚਾੜ੍ਹਨ ਲਈ ਇਥੇ ਹੀ ਵੱਡੀਆਂ ਮੀਟਿੰਗਾਂ ਹੁੰਦੀਆਂ ਰਹੀਆਂ। ਇਥੋਂ ਹੀ ਸਲਾਹ ਕਰਕੇ ਮੀਆਂ ਮੀਰ (ਲਾਹੌਰ) ਦੀ ਛਾਉਣੀ 'ਤੇ ਹਮਲਾ ਕਰਨ ਲਈ ਤਿਆਰੀ ਹੋਈ ਸੀ। ਤੇਈਵੇਂ ਰਸਾਲੇ ਦੇ ਫੌਜੀਆਂ ਨੇ ਬਗ਼ਾਵਤ ਕਰ ਕੇ ਤੇ ਗੋਰੇ ਅਫ਼ਸਰਾਂ ਨੂੰ ਮਾਰ ਕੇ ਹਥਿਆਰਾਂ ਸਮੇਤ ਗ਼ਦਰੀਆਂ ਨੂੰ ਝਾੜ ਸਾਹਿਬ ਵਿਚ ਹੀ ਆ ਕੇ ਮਿਲਣਾ ਸੀ। ਇਹ ਉਹ ਸਮਾਂ ਸੀ ਜਦੋਂ ਅੰਗਰੇਜ਼ ਸਰਕਾਰ ਦੇਸ਼ ਭਰ ਦੇ ਵੱਡੇ ਗੁਰਦੁਆਰਿਆਂ ਨੂੰ ਆਪਣੇ ਪਿੱਠੂਆਂ ਰਾਹੀਂ ਚਲਾ ਤੇ ਹਕੂਮਤ ਦੇ ਹੱਕ ਵਿਚ ਭੁਗਤਾ ਰਹੀ ਸੀ। ਗੁਰਦੁਆਰੇ ਗੁਰੂ ਦੀ ਸ਼ਾਨ ਕਾਇਮ ਰੱਖਣ ਦੀ ਥਾਂ ਅੰਗਰੇਜ਼ਾਂ ਦੇ ਕਸੀਦੇ ਗਾਉਣ ਦੇ ਅੱਡੇ ਬਣ ਚੁੱਕੇ ਸਨ। ਸਿੱਖੀ ਦੀ ਅਸਲ ਆਤਮਾ ਨਾਲੋਂ ਉਨ੍ਹਾਂ ਦਾ ਨਾਤਾ ਵਿਜੋਗਿਆ ਜਾ ਚੁੱਕਾ ਸੀ। ਗੁਰੂ ਦੇ ਨਕਸ਼ੇ-ਕਦਮ 'ਤੇ ਚੱਲਣ ਵਾਲੇ ਗ਼ਦਰੀਆਂ ਨੂੰ ਤਾਂ ਵੇਲੇ ਦੀ ਸਰਕਾਰ ਦੀ ਝੋਲੀ ਚੁੱਕਦਿਆਂ, ਗੁਰਦੁਆਰਿਆਂ ਦੇ ਮੁਖੀਆਂ ਨੇ 'ਸਿੱਖ' ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਸੀ। ਅਜਿਹੀ ਸੂਰਤ ਵਿਚ ਝਾੜ ਸਾਹਿਬ ਦੇ ਗੁਰਦੁਆਰੇ ਦੇ ਮੁਖੀ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਗ਼ਦਰੀਆਂ ਨੂੰ ਸੱਚੇ ਸਿੱਖ ਮੰਨ ਕੇ ਉਨ੍ਹਾਂ ਦਾ ਸਾਥ ਦੇਣ ਦਾ ਫ਼ੈਸਲਾ ਸਿੱਖੀ ਅਸੂਲਾਂ ਅਨੁਸਾਰ ਢੁਕਵਾਂ ਤਾਂ ਹੈ ਹੀ ਸੀ, ਨਾਲ ਦੀ ਨਾਲ ਸਿੱਖੀ ਦੀ ਆਤਮਾ ਨੂੰ ਬਚਾਉਣ ਦਾ ਹੀਲਾ ਵੀ ਸੀ। ਭਾਈ ਬੋਘ ਸਿੰਘ ਸਮੇਂ ਦੀ ਧੂੜ ਵਿਚ ਧੁੰਦਲਾਈ ਜਾ ਰਹੀ ਸਿੱਖੀ ਨੂੰ ਜਗਦਾ-ਜਾਗਦਾ ਰੱਖਣ ਵਾਲੇ ਚਿਰਾਗ਼ ਦਾ ਪ੍ਰਤੀਕ ਬਣ ਗਿਆ ਸੀ। ਉਹਨੇ ਆਪਣਾ ਆਪ ਦੇਸ਼ ਤੋਂ ਨਿਛਾਵਰ ਕਰਨ ਦੀ ਠਾਣ ਲਈ। ਨਿਸਚੈ ਹੀ ਇਹ ਸਮੇਂ ਦੇ ਚਾਲੂ ਵੇਗ ਤੋਂ ਉਲਟ ਜਾਣ ਵਾਲੀ ਵਾਲੀ ਗੱਲ ਸੀ। ਇਹ ਤਾਂ ਸਿਰ ਤਲੀ 'ਤੇ ਧਰ ਕੇ ਪ੍ਰੇਮ ਦੀ ਗਲੀ ਵਿਚ ਜਾਣ ਦੇ ਨਿਸਚੈ ਦਾ ਪ੍ਰਗਟਾਵਾ ਸੀ।

ਸਾਫ਼ ਜ਼ਾਹਿਰ ਹੈ, ਇਥੇ ਆ ਕੇ ਮੀਟਿੰਗਾਂ ਕਰਨ ਵਾਲੇ ਦੂਜੇ ਗ਼ਦਰੀਆਂ ਦਾ ਤਾਂ ਕੇਵਲ ਆਪਣਾ ਆਪ ਹੀ ਖ਼ਤਰੇ ਵਿਚ ਘਿਰਿਆ ਹੁੰਦਾ ਸੀ ਪਰ ਜਿੱਥੇ ਇਹ ਇਕੱਠ ਹੁੰਦੇ ਸਨ ਉਨ੍ਹਾਂ ਦਾ ਤਾਂ ਸਾਰਾ ਪਰਿਵਾਰ ਹੀ ਭਾਵੀ ਖ਼ਤਰੇ ਦੇ ਰੂ-ਬਰੂ ਹੁੰਦਾ ਸੀ। ਅਜਿਹੀ ਸੂਰਤ ਵਿਚ ਜੇ ਭਾਈ ਬੋਘ ਸਿੰਘ ਦਾ ਬਾਕੀ ਪਰਿਵਾਰ ਉਨ੍ਹਾਂ ਦਾ ਸਾਥ ਨਾ ਦਿੰਦਾ ਤਾਂ ਝਾੜ ਸਾਹਿਬ ਇਤਿਹਾਸ ਦੇ ਪੱਤਰਿਆਂ ਦਾ ਸ਼ਾਨਾਂ-ਮੱਤਾ ਕਾਂਡ ਕਦੀ ਨਹੀਂ ਸੀ ਬਣ ਸਕਣਾ। ਪਰਿਵਾਰ ਦੀ ਮੁਖੀ ਮਾਤਾ ਜੱਸ ਕੌਰ ਹੀ ਆਏ ਗਏ ਗ਼ਦਰੀਆਂ ਨੂੰ ਸਾਂਭਦੀ ਤੇ ਰੋਟੀ-ਪਾਣੀ ਦਾ ਜੁਗਾੜ ਕਰਦੀ ਸੀ। ਉਸ ਨੂੰ ਵੀ ਦਿਸਦਾ ਸੀ ਕਿ ਗ਼ਦਰੀਆਂ ਨਾਲ ਤਾਲ-ਮੇਲ ਰੱਖਣਾ ਤੇ ਆਪਣੇ ਘਰ ਨੂੰ ਇਨਕਲਾਬੀ ਕੇਂਦਰ ਵਜੋਂ ਵਰਤਣ ਦੀ ਆਗਿਆ ਦੇਣਾ ਉਹਦੇ ਪਰਿਵਾਰ ਲਈ ਵੱਡੇ ਦੁੱਖਾਂ ਦਾ ਕਾਰਨ ਬਣ ਸਕਦਾ ਹੈ। ਇਸ ਰਾਹ 'ਤੇ ਤੁਰਦਿਆਂ ਉਹਦੇ ਬੱਚਿਆਂ ਨੂੰ ਮੌਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹੇ ਸਭ ਖ਼ਤਰਿਆਂ ਨੂੰ ਜਾਣਦਿਆਂ-ਸਮਝਦਿਆਂ ਹੋਇਆਂ ਵੀ ਜੇ ਮਾਤਾ ਜੱਸ ਕੌਰ ਨੇ ਇਹ ਸਿਦਕ, ਸਿਰੜ ਤੇ ਜੇਰਾ ਦਿਖਾਇਆ ਤਾਂ ਨਿਸਚੈ ਹੀ ਇਸ ਪਿੱਛੇ ਪੰਜਾਬ ਦੀਆਂ ਧਰਮ ਤੇ ਦੇਸ਼ ਤੋਂ ਕੁਰਬਾਨ ਹੋ ਜਾਣ ਵਾਲੀਆਂ ਤੇ ਆਪਣੇ ਬੱਚਿਆਂ ਨੂੰ ਕੁਰਬਾਨੀ ਲਈ ਤਿਆਰ ਕਰਨ ਵਾਲੀਆਂ ਮਾਂਵਾਂ ਦਾ ਇਤਿਹਾਸ ਕਾਰਜਸ਼ੀਲ ਸੀ। ਮਾਤਾ ਜੱਸ ਕੌਰ ਦਾ ਆਦਰਸ਼ ਮਾਤਾ ਗੁਜਰੀ ਸੀ ਜਿਸ ਨੇ ਆਪਣੇ ਪਤੀ ਦੇ ਚਲਾਣੇ ਪਿੱਛੋਂ ਆਪਣੇ ਪੁੱਤ ਦੀ ਯੋਗ ਪ੍ਰਵਰਿਸ਼ ਕੀਤੀ ਸੀ ਤੇ ਉਸ ਨੂੰ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣਨ ਦੇ ਮਾਰਗ 'ਤੇ ਤੋਰਿਆ ਸੀ। ਅੱਜ ਮਾਤਾ ਗੁਜਰੀ ਮਾਤਾ ਜੱਸ ਕੌਰ ਦੇ ਹਿਰਦੇ ਵਿਚ ਵੱਸ ਕੇ ਉਹਨੂੰ ਆਪਣੇ ਪੁੱਤਾਂ ਨੂੰ 'ਖੰਡਿਓਂ ਤਿੱਖੇ ਤੇ ਵਾਲੋਂ ਨਿੱਕੇ ਰਾਹ' ਤੋਰਨ ਦੀ ਪ੍ਰੇਰਨਾ ਬਣ ਗਈ ਸੀ। ਉਸ ਦਾ ਵੱਡਾ ਪੁੱਤਰ ਬੋਘ ਸਿੰਘ ਅਜੇ ਬਾਲ਼ਗ ਹੋਣ ਦੀਆਂ ਬਰੂਹਾਂ ਹੀ ਟੱਪਿਆ ਸੀ ਤੇ ਛੋਟਾ ਜੱਸਾ ਸਿੰਘ ਤਾਂ ਅਜੇ ਨਾਬਾਲਗ਼ ਸੀ। ਇਸ ਦੇ ਬਾਵਜੂਦ ਆਪਣੇ ਪੂਰੇ ਪਰਿਵਾਰ ਨੂੰ ਬਲਦੀ ਦੇ ਬੁੱਥੇ ਧਰਨ ਦੀ ਸੂਰਮਗ਼ਤੀ ਕਰਨ ਵਾਲੀ ਅਜਿਹੀ ਮਾਂ ਵਿਸ਼ੇਸ਼ ਜ਼ਿਕਰ ਅਤੇ ਸਤਿਕਾਰ ਦੀ ਪਾਤਰ ਬਣਦੀ ਹੈ। ਇਤਿਹਾਸ ਵਿਚ ਅਜਿਹੀਆਂ ਕੁਰਬਾਨੀ ਵਾਲੀਆਂ ਮਾਂਵਾਂ ਦਾ ਬਣਦਾ ਮਾਣ ਨਹੀਂ ਕੀਤਾ ਗਿਆ। ਮਾਤਾ ਜੱਸ ਕੌਰ ਵਾਂਗ ਸ਼ਹੀਦ ਭਗਤ ਸਿੰਘ ਦੀ ਚਾਚੀ ਤੇ ਅਜੀਤ ਸਿੰਘ ਦੀ ਪਤਨੀ ਹਰਨਾਮ ਕੌਰ, ਦੂਜੇ ਚਾਚੇ ਸਵਰਨ ਸਿੰਘ ਦੀ ਪਤਨੀ ਹੁਕਮ ਕੌਰ ਤੇ ਸ਼ਹੀਦ ਦੀ ਮਾਂ ਵਿਦਿਆਵਤੀ ਦੇ ਨਾਲ ਹੋਰ ਹਜ਼ਾਰਾਂ ਮਾਂਵਾਂ ਅਜਿਹੀਆਂ ਹਨ ਜਿਨ੍ਹਾਂ ਦੇ ਦਰਦ ਦੀ ਥਾਹ ਪਾਉਣ ਦੀ ਲੋੜ ਕਦੀ ਇਤਿਹਾਸਕਾਰਾਂ ਨੇ ਸਮਝੀ ਹੀ ਨਹੀਂ।

ਗ਼ਦਰ ਦੇ ਫ਼ੇਲ੍ਹ ਹੋਣ ਉਪਰੰਤ ਜਦੋਂ ਫੜੋ-ਫੜਾਈ ਦਾ ਦੌਰ ਸ਼ੁਰੂ ਹੋਇਆ ਤਾਂ ਝਾੜ ਸਾਹਿਬ

*(ਬਾਕੀ ਅਗਲੇ ਸਫੇ 'ਤੇ)*

## ਪਾਠਕਾਂ ਦਾ ਹੁੰਗਾਰਾ

# ਬੱਬਰ ਕਰਮ ਸਿੰਘ ਦੌਲਤਪੁਰ ਦੀ ਸ਼ਹੀਦੀ

'ਪੰਜਾਬ ਟਾਈਮਜ਼' ਦੇ ਪਹਿਲੀ ਸਤੰਬਰ ਵਾਲੇ ਅੰਕ ਵਿਚ ਸ. ਤਰਲੋਚਨ ਸਿੰਘ ਦੁਪਾਲਪੁਰ ਦਾ ਬਬੇਲੀ ਸਾਕੇ ਬਾਰੇ ਲੇਖ ਦੇਸ਼ ਦੀ ਆਜ਼ਾਦੀ ਲਈ ਰਣ-ਤੱਤੇ ਵਿਚ ਜੂਝ ਕੇ ਸ਼ਹੀਦੀਆਂ ਪਾਉਣ ਵਾਲੇ ਬੱਬਰਾਂ ਦੀ ਵੀਰਗਤੀ ਦੀ ਦਾਸਤਾਨ ਤੇ ਸ਼ਹੀਦ ਬੱਬਰਾਂ ਨੂੰ ਸੱਚੀ ਸ਼ਰਧਾਂਜਲੀ ਹੈ। ਇਹ ਸਾਕਾ ਪਹਿਲੀ ਸਤੰਬਰ 1923 ਨੂੰ ਪਿੰਡ ਬਬੇਲੀ (ਰਿਆਸਤ ਕਪੂਰਥਲਾ ਦੀ ਫਗਵਾੜਾ ਤਹਿਸੀਲ) ਵਿਚ ਵਾਪਰਿਆ। ਇਸ ਸਾਕੇ ਬਾਰੇ ਬੱਬਰ ਮਿਲਖਾ ਸਿੰਘ ਨਿੱਝਰ ਨੇ ਆਪਣੀ ਪੁਸਤਕ 'ਬੱਬਰ ਅਕਾਲੀ ਲਹਿਰ ਦਾ ਇਤਿਹਾਸ' ਵਿਚ ਬੜੇ ਦਿਲਚਸਪ ਭੇਤ ਖੋਲ੍ਹੇ ਹਨ। ਰਿਆਸਤ ਕਪੂਰਥਲਾ ਦੇ ਪਿੰਡਾਂ ਵਿਚ ਬੱਬਰਾਂ ਦੀਆਂ ਠਾਹਰਾਂ ਪਿੰਡ ਡੁਮੇਲੀ, ਭਸਿਆਣਾ, ਪਾਂਛਟਾ ਅਤੇ ਨਰੂੜ ਵਿਚ ਕਾਫ਼ੀ ਸੁਰੱਖਿਅਤ ਸਨ। ਡੁਮੇਲੀ ਦੇ ਜ਼ੈਲਦਾਰ ਠਾਕਰ ਸਿੰਘ ਨੇ ਬੱਬਰਾਂ ਨੂੰ ਭਰੋਸਾ ਦਿਵਾਇਆ ਸੀ ਕਿ ਜੇ ਬੱਬਰ ਕਪੂਰਥਲਾ ਰਿਆਸਤ ਦੇ ਇਲਾਕੇ ਵਿਚ ਕੋਈ ਵਾਰਦਾਤ ਨਾ ਕਰਨ ਦਾ ਭਰੋਸਾ ਦੇਣ ਤਾਂ ਉਹ ਦੀਵਾਨ ਦੁਰਗਾ ਦਾਸ ਇਸਪੈਕਟਰ ਜਨਰਲ ਨਾਲ ਗੱਲ ਕਰੇਗਾ ਕਿ ਰਿਆਸਤ ਦੇ ਇਲਾਕੇ ਵਿਚ ਬੱਬਰਾਂ 'ਤੇ ਬਹੁਤੀ ਸਖ਼ਤੀ ਨਾ ਕੀਤੀ ਜਾਵੇ।

ਸਾਕੇ ਵਾਲੇ ਦਿਨ ਤੋਂ ਪਹਿਲਾਂ ਬੱਬਰ ਡੁਮੇਲੀ ਪਿੰਡ ਦੇ ਬਾਹਰਵਾਰ ਰਾਮਗੜ੍ਹੀਆਂ ਦੀ ਕੋਠੀ ਵਿਚ ਠਹਿਰੇ ਹੋਏ ਸਨ। ਬੱਬਰ ਇਕ ਰਾਤ ਤੋਂ ਵੱਧ ਕਿਸੇ ਇਕ ਟਿਕਾਣੇ 'ਤੇ ਨਹੀਂ ਰਹਿੰਦੇ ਸਨ। ਉਸ ਰਾਤ ਕੋਠੀ ਵਿਚ ਸੱਤ ਬੱਬਰ ਸਨ-ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਭੁੰਗੀਆਂ, ਧੰਨਾ ਸਿੰਘ ਬਹਿਬਲਪੁਰ, ਦਲੀਪਾ ਧਾਮੀਆਂ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਬਿਸ਼ਨ ਸਿੰਘ ਮਾਂਗਟਾਂ ਅਤੇ ਗੱਦਾਰ ਅਨੂਪ ਸਿੰਘ ਮਾਣਕੋ। ਬੱਬਰ ਧੰਨਾ ਸਿੰਘ ਨੂੰ ਉਸ ਦਿਨ ਅਨੂਪ ਸਿੰਘ ਦੇ ਹਾਵ-ਭਾਵ ਬਦਲੇ ਨਜ਼ਰ ਆਏ। ਉਹ ਪੇਟ ਖ਼ਰਾਬ ਹੋਣ ਦਾ ਬਹਾਨਾ ਲਾ ਕੇ ਕਈ ਵਾਰੀ ਬਾਹਰ ਗਿਆ।

ਰਾਤ ਦੇ ਪ੍ਰਸ਼ਾਦੇ ਛਕ ਕੇ ਜਥਾ ਪਿੰਡ ਬਬੇਲੀ, ਜੋ ਡੁਮੇਲੀ ਤੋਂ ਦੋ ਕੁ ਮੀਲ ਦੱਖਣ-ਪੱਛਮ ਦਿਸ਼ਾ ਵਿਚ ਹੈ, ਲਈ ਚੱਲ ਪਿਆ। ਥੋੜ੍ਹੀ ਦੂਰ ਜਾ ਕੇ ਗੱਦਾਰ ਅਨੂਪ ਸਿੰਘ ਬੱਬਰ ਕਰਮ ਸਿੰਘ ਨੂੰ ਕਹਿਣ ਲੱਗਾ, "ਮੈਨੂੰ ਮਰੋੜ ਲੱਗੇ ਹੋਏ ਹਨ, ਮੈਂ ਰਾਤ ਆਪਣੀ ਭੂਆ ਦੇ ਘਰ ਡੁਮੇਲੀ ਰਹਿ ਕੇ ਸਵੇਰੇ ਤੁਹਾਨੂੰ ਆ ਮਿਲਾਂਗਾ।" ਕਰਮ ਸਿੰਘ ਨੇ ਕਿਹਾ, "ਚੰਗਾ ਤੂੰ ਸਵੇਰ ਨੂੰ ਮਿਹਰ ਸਿੰਘ ਦੇ ਘਰ ਆ ਜਾਵੀਂ।" ਅਨੂਪ ਸਿੰਘ ਨੂੰ ਮੁੜਦਾ ਦੇਖ ਕੇ ਬੱਬਰ ਧੰਨਾ ਸਿੰਘ ਨੇ ਬੱਬਰ ਕਰਮ ਸਿੰਘ ਦੌਲਤਪੁਰ ਨੂੰ ਕਿਹਾ, "ਜਥੇਦਾਰ ਸਾਹਿਬ ਇਹ ਕੋਈ ਕਾਰਾ ਕਰੂ ਜੋ ਸਾਥੋਂ ਅਲੱਗ ਹੋਇਆ ਹੈ।" ਬੱਬਰ ਕਰਮ ਸਿੰਘ ਹੱਸ ਕੇ ਬੋਲੇ, "ਤੂੰ ਤਾਂ ਐਵੇਂ ਘਬਰਾ ਗਿਆ ਹੈਂ, ਐਨੇ ਕਤਲਾਂ ਵਿਚ ਇਹ ਸਾਡੇ ਨਾਲ ਰਿਹਾ ਏ, 'ਬੱਬਰ ਅਕਾਲੀ' ਪਰਚੇ ਵਿਚ ਆਪਣਾ ਨਾਂ ਲਿਖਵਾ ਕੇ ਦਸਤਖ਼ਤ ਵੀ ਕਰ ਚੁੱਕਾ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੈਨੂੰ ਆਪਣਾ ਧਰਮ ਪਿਤਾ ਕਹਿ ਕੇ ਮੇਰਾ ਧਰਮ ਪੁੱਤਰ ਬਣ ਚੁੱਕਾ ਹੈ।" ਧੰਨਾ ਸਿੰਘ ਨੇ ਫਿਰ ਕਿਹਾ ਕਿ ਜਥੇਦਾਰ ਸਾਹਿਬ, ਅੱਜ ਆਪਾਂ ਬਬੇਲੀ ਨਹੀਂ, ਕਿਸੇ ਹੋਰ ਥਾਂ ਚਲੀਏ ਪਰ ਹੋਣੀ ਨੂੰ ਜੋ ਮਨਜ਼ੂਰ ਸੀ...ਜਥੇਦਾਰ ਸਾਹਿਬ ਨਾ ਮੰਨੇ ਤਾਂ ਬੱਬਰ ਧੰਨਾ ਸਿੰਘ ਨੇ ਦਲੀਪੇ ਧਾਮੀਆਂ ਦੀ ਬਾਂਹ ਫੜ ਕੇ ਕਿਹਾ, "ਮੈਨੂੰ ਲਗਦਾ ਹੈ ਕਿ ਇਨ੍ਹਾਂ ਦਾ ਧਰਮ ਪੁੱਤਰ ਇਨ੍ਹਾਂ ਨੂੰ ਅੱਜ ਜ਼ਰੂਰ ਧਰਮ ਰਾਜ ਕੋਲ ਪਹੁੰਚਾਵੇਗਾ, ਚੱਲ ਆਪਾਂ ਕਿਸੇ ਹੋਰ ਪਾਸੇ ਚਲੀਏ।"

ਇਉਂ ਇਹ ਦੋਵੇਂ ਉਸ ਦਿਨ ਸ਼ਹੀਦ ਹੋਣ ਤੋਂ ਬਚ ਗਏ ਅਤੇ ਬਾਕੀ ਦੇ ਚਾਰ ਅੰਗਰੇਜ਼ ਪੁਲਿਸ ਦਾ ਮੁਕਾਬਲਾ ਕਰ ਕੇ ਬਬੇਲੀ ਵਿਖੇ ਸ਼ਹੀਦ ਹੋਏ। ਬੱਬਰ ਮਿਲਖਾ ਸਿੰਘ ਲਿਖਦਾ ਹੈ ਕਿ ਅਗਲੇ ਦਿਨ 2 ਸਤੰਬਰ ਨੂੰ ਉਨ੍ਹਾਂ ਦੀ ਲਾਹੌਰ ਸਪੈਸ਼ਲ ਕੋਰਟ ਵਿਚ ਹਾਜ਼ਰੀ ਸੀ ਤਾਂ ਕੇਸ ਦੇ ਇੰਚਾਰਜ ਸੀ.ਆਈ.ਡੀ. ਦੇ ਮੀਰ ਫ਼ਜ਼ਲ ਇਮਾਮ ਨੇ ਬੜੇ ਫ਼ਖ਼ਰ ਨਾਲ ਬੱਬਰ ਕਿਸ਼ਨ ਸਿੰਘ ਨੂੰ ਬਬੇਲੀ ਸਾਕੇ ਦੀ ਖ਼ਬਰ ਦੱਸੀ। ਸੁਣ ਕੇ ਬੱਬਰ ਕਿਸ਼ਨ ਸਿੰਘ ਨੇ ਕਿਹਾ, "ਮੀਰ ਸਾਹਿਬ ਇਹ ਤਾਂ ਸਾਡੀ ਖ਼ੁਸ਼ਕਿਸਮਤੀ ਹੀ ਸਮਝਣੀ ਚਾਹੀਦੀ ਹੈ ਕਿ ਸਾਡਾ ਲੀਡਰ ਜਿਹੜਾ ਪ੍ਰਣ ਧਾਰ ਕੇ ਮੈਦਾਨ ਵਿਚ ਕੁੱਦਿਆ ਸੀ, ਆਪਣਾ ਬਚਨ ਪੂਰਾ ਕਰ ਕੇ ਆਪਣੇ ਪੁਰਖਿਆਂ ਦੀਆਂ ਪਾਈਆਂ ਲੀਹਾਂ ਉਤੇ ਫੁੱਲ ਚੜ੍ਹਾ ਗਿਆ ਹੈ। ਇਸ ਕੌਮ ਦੀ ਉਸਾਰੀ ਹੀ ਦੁੱਧ ਚੁੰਘਦੇ ਬੱਚਿਆਂ ਨੇ ਨੀਂਹਾਂ ਵਿਚ ਸਿਰ ਚਿਣਾ ਕੇ ਅਤੇ ਹੱਥ ਵਿਚ ਖੰਡਾ ਫੜ ਕੇ ਕੀਤੀ ਹੈ ਤੇ ਇਸ ਦੇਸ਼ ਦੀ ਆਜ਼ਾਦੀ ਖ਼ਾਤਰ ਇਹ ਕੌਮ ਅਣਗਿਣਤ ਕੁਰਬਾਨੀਆਂ ਦਿੰਦੀ ਆ ਰਹੀ ਹੈ। ਤੁਸੀਂ ਯਕੀਨ ਰੱਖੋ ਜਿੰਨਾ ਚਿਰ ਅਸੀਂ ਤੁਹਾਡੀ ਗੋਰੀ ਸਰਕਾਰ ਨੂੰ ਸੱਤਾਂ ਸਮੁੰਦਰਾਂ ਤੋਂ ਪਾਰ ਦੌੜਾ ਨਹੀਂ ਦਿੰਦੇ, ਵਾਰ-ਵਾਰ ਜਨਮ ਲੈ ਕੇ ਜੱਦੋ-ਜਹਿਦ ਜਾਰੀ ਰੱਖਾਂਗੇ। ਤੁਹਾਡੇ ਜਿਉਂਦਿਆਂ ਹੀ ਇਹ ਦੇਸ਼ ਆਜ਼ਾਦ ਹੋਵੇਗਾ। ਅਸੀਂ ਮੁੱਠੀ ਭਰ ਬੰਦਿਆਂ ਨੇ ਢਾਈ-ਤਿੰਨ ਸਾਲ ਤੱਕ ਲਗਾਤਾਰ ਤੁਹਾਡੀ ਸਰਕਾਰ ਨੂੰ ਨੱਕ ਥਾਣੀਂ ਚਨੇ ਚਬਾ ਰੱਖੇ ਨੇ ਤੇ ਜਿਸ ਵੇਲੇ ਸਾਰਾ ਦੇਸ਼ ਜਾਗ ਪਿਆ, ਗੁਲਾਮੀ ਦੀਆਂ ਜ਼ੰਜੀਰਾਂ ਖ਼ੁਦ-ਬਖ਼ੁਦ ਹੀ ਟੁੱਟ ਜਾਣੀਆਂ ਨੇ।"

ਇਹ ਮੀਰ ਸਾਹਿਬ ਬੋਲਣ ਦੇ ਬੜੇ ਮਿੱਠੇ ਸਨ। ਅਦਾਲਤ ਲੱਗਣ ਤੋਂ ਪਹਿਲਾਂ ਬੱਬਰਾਂ ਨਾਲ ਗੱਲਾਂ ਕਰਦੇ ਰਹਿੰਦੇ ਸਨ। ਇਕ ਦਿਨ ਮੀਰ ਸਾਹਿਬ ਦਾ ਕਾਲਜ ਪੜ੍ਹਦਾ ਲੜਕਾ ਜ਼ਿਦ ਕਰ ਕੇ ਬੱਬਰਾਂ ਨੂੰ ਦੇਖਣ ਆ ਗਿਆ। ਮਿਲਖਾ ਸਿੰਘ ਤੋਂ ਉਸ ਦੀ ਉਮਰ ਪੁੱਛੀ ਤਾਂ ਉਸ ਨੇ ਕਿਹਾ, 'ਸੋਲਾਂ ਸਾਲ'। ਸੁਣ ਕੇ ਉਹ ਬੋਲਿਆ, "ਅੱਬਾ ਨੂੰ ਸ਼ਰਮ ਨਾ ਆਈ ਤੁਹਾਨੂੰ ਨਿਆਣਿਆਂ ਨੂੰ ਗ੍ਰਿਫ਼ਤਾਰ ਕਰਦਿਆਂ ਨੂੰ।" ਬੱਬਰ ਨੇ ਕਿਹਾ ਕਿ 'ਤੂੰ ਵੀ ਪੜ੍ਹ ਕੇ ਪੁਲਿਸ ਦੀ ਨੌਕਰੀ ਕਰ ਕੇ ਇਹੋ ਕੁਝ ਕਰਨਾ ਹੈ' ਤਾਂ ਉਸ ਦਾ ਉਤਰ ਸੀ ਕਿ 'ਪੁਲਿਸ ਦੀ ਨੌਕਰੀ ਕਰਨ ਨਾਲੋਂ ਮੈਂ ਭੀਖ ਮੰਗ ਕੇ ਖਾਣੀ ਬਿਹਤਰ ਸਮਝਾਂਗਾ।' ਕੈਦੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਲਾ ਕੇ 9 ਕੁ ਵਜੇ ਹੀ ਪੁਲਿਸ ਵਾਲੇ ਅਦਾਲਤ ਵਿਚ ਲੈ ਆਉਂਦੇ ਸਨ। ਅਦਾਲਤ ਠੀਕ 10 ਵਜੇ ਲਗਦੀ। ਇਹ ਘੰਟਾ ਭਰ ਮੀਆਂ ਮੀਰ ਫਜ਼ਲ ਇਮਾਮ ਬੱਬਰ ਕਰਮ ਸਿੰਘ ਝਿੰਗੜ ਅਤੇ ਬੱਬਰ ਕਿਸ਼ਨ ਸਿੰਘ ਨਾਲ ਬੜੇ ਸ਼ੁਗਲ ਦੀਆਂ ਗੱਲਾਂ ਕਰਦੇ ਰਹਿੰਦੇ ਸਨ ਜਿਹਤੀ ਬਾਕੀ ਬੱਬਰ ਵੀ ਸੁਣਦੇ। ਮੁਲਜ਼ਮਾਂ ਵਿਚ ਇਕ ਕਵੀ ਵੀ ਸੀ ਜਿਸ ਦੀਆਂ ਕਈ ਕਵਿਤਾਵਾਂ 'ਬੱਬਰ ਅਕਾਲੀ' ਪਰਚੇ ਵਿਚ ਵੀ ਛਪੀਆਂ ਸਨ। ਉਸ ਨੂੰ ਮੀਰ ਸਾਹਿਬ ਨੇ ਕਿਹਾ ਕਿ 'ਕਵੀ ਜੀ, ਕੋਈ ਕਵਿਤਾ ਸੁਣਾਓ।' ਮੀਰ ਸਾਹਿਬ ਨੇ ਕੁਰਾਨ ਦੀ ਕਸਮ ਖਾ ਕੇ ਕਿਹਾ ਕਿ 'ਤੁਹਾਡੇ 'ਤੇ ਕੋਈ ਆਂਚ ਨਹੀਂ ਆਉਣ ਦਿਆਂਗਾ' ਤਾਂ ਉਸ ਨੇ ਇਹ ਕਵਿਤਾ ਸੁਣਾਈ,

ਦੋਖੀ ਧਰਮੀਆਂ ਦੇ, ਵੈਰੀ ਆਸ਼ਕਾਂ ਦੇ।
ਨੌਕਰਸ਼ਾਹੀ ਦੇ ਵੱਡੇ ਗੁਲਾਮ ਆ ਗਏ।
ਇਤਨੀ ਦੇਰ ਨੂੰ ਪੀਰ ਕਸਾਈਆਂ ਦੇ।
ਮੀਰ ਸਾਹਿਬ ਵੀ ਫ਼ਜ਼ਲ ਇਮਾਮ ਆ ਗਏ।

ਇਕ ਵਾਰੀ ਬੱਬਰ ਕਰਮ ਸਿੰਘ ਝਿੰਗੜ ਨੇ ਕਿਹਾ ਕਿ 'ਮੀਰ ਸਾਹਿਬ ਜੀ, ਤੁਹਾਡੀ ਗੋਰੀ ਸਰਕਾਰ ਬੱਸ ਜਾਣ ਹੀ ਵਾਲੀ ਏ। ਤੁਸੀਂ ਵੀ ਨਾਲ ਜਾਣ ਦੀਆਂ ਤਿਆਰੀਆਂ ਕਰ ਲਵੋ।' ਮੀਆਂ ਹੱਸ ਕੇ ਬੋਲਿਆ, "ਅਸੀਂ ਤਾਂ ਨੌਕਰੀ ਹੀ ਕਰਨੀ ਹੈ, ਤੁਹਾਡੀ ਸਰਕਾਰ ਆ ਗਈ ਤਾਂ ਇਸੇ ਇਮਾਨਦਾਰੀ ਨਾਲ ਤੁਹਾਡੀ ਸਰਕਾਰ ਦੀ ਨੌਕਰੀ ਕਰੀ ਜਾਵਾਂਗੇ।" ਸੱਚਮੁੱਚ ਬਹੁਤੇ ਸਰਕਾਰੀ ਮੁਲਾਜ਼ਮਾਂ ਨੇ ਆਜ਼ਾਦੀ ਮਿਲਣ ਤੋਂ ਬਾਅਦ ਇਸੇ ਤਰ੍ਹਾਂ ਕੀਤਾ।

-ਵਾਸਦੇਵ ਸਿੰਘ ਪਰਹਾਰ
ਫੋਨ: 206-434-1155

## 'ਅਸਲੀ' ਗੁਰਦੁਆਰੇ ਦੀ ਗੌਰਵ-ਗਾਥਾ

(ਪਿਛਲੇ ਸਫੇ ਤੋਂ ਜਾਰੀ)

ਦੇ ਇਨਕਲਾਬੀ ਕੇਂਦਰ ਦੇ ਭਾਈ ਬੋਘ ਸਿੰਘ ਤੇ ਹੋਰ ਵਾਸੀਆਂ ਨੇ ਤਾਂ ਸਰਕਾਰੀ ਰੋਹ ਦਾ ਨਿਸ਼ਾਨਾ ਬਣਨਾ ਹੀ ਸੀ। ਭਾਈ ਬੋਘ ਸਿੰਘ ਤੇ ਉਨ੍ਹਾਂ ਦੇ ਛੋਟੇ ਭਰਾ ਨੂੰ ਮਾਤਾ ਜੱਸ ਕੌਰ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਸ਼ਾਇਦ ਮਾਤਾ ਜੱਸ ਕੌਰ ਪਹਿਲੀ ਗ਼ਦਰੀ ਵੀਰਾਂਗਨਾ ਹੋਵੇ ਜੋ ਗ੍ਰਿਫ਼ਤਾਰ ਕੀਤੀ ਗਈ। ਕਿਵੇਂ ਮਾਤਾ ਜੱਸ ਕੌਰ ਦੀ ਰਿਹਾਈ ਹੋਈ, ਕਿਵੇਂ ਨਾਬਾਲਗ ਛੋਟਾ ਪੁੱਤਰ ਭਾਈ ਜੱਸਾ ਸਿੰਘ ਸਜ਼ਾ ਭੁਗਤ ਕੇ ਰਿਹਾ ਹੋਇਆ; ਕਿਵੇਂ ਭਾਈ ਬੋਘ ਸਿੰਘ ਨੇ ਉਮਰ ਕੈਦ ਦੀ ਸਜ਼ਾ ਭੋਗੀ ਤੇ ਜੇਲ੍ਹ ਦੇ ਜ਼ੁਲਮ ਸਹਿੰਦਿਆਂ ਕਿਵੇਂ ਉਨ੍ਹਾਂ ਦੀ ਦੇਹ ਖੀਣ ਹੋ ਗਈ ਤੇ ਕਿਵੇਂ ਰਿਹਾ ਹੁੰਦਿਆਂ ਛੇਤੀ ਹੀ ਉਹ ਚਲਾਣਾ ਕਰ ਗਏ? ਇਹ ਸਭ ਹੁਣ ਇਤਿਹਾਸ ਦਾ ਸੁਨਹਿਰਾ ਸਫ਼ਾ ਹੈ। ਝਾੜ ਸਾਹਿਬ ਦਾ ਗੁਰਦੁਆਰਾ ਅਜਿਹਾ ਮੁੱਖ ਗੁਰਦੁਆਰਾ ਹੋ ਨਿੱਬੜਿਆ ਸੀ ਜਿਹੜਾ ਸੱਚ-ਮੁੱਚ ਗੁਰੂਆਂ ਦੀ ਸਿੱਖਿਆ ਦਾ ਉਨ੍ਹਾਂ ਸਮਿਆਂ ਵਿਚ, ਅਨੁਸਾਰੀ ਬਣਿਆ ਤੇ ਉਹਦੇ ਮੁਖੀ ਨਨਕਾਣੇ ਸਾਹਿਬ ਦੇ ਪਾਪੀ ਨਰਾਇਣ ਦਾਸ ਵਰਗੇ 'ਮਹੰਤ' ਬਣ ਕੇ ਸਿੱਖਾਂ ਦੇ ਦੁਸ਼ਮਣ ਤੇ ਸਰਕਾਰ ਦੇ ਝੋਲੀ-ਚੁੱਕ ਨਾ ਬਣੇ ਸਗੋਂ ਗੁਰੂ ਅਰਜਨ ਦੇਵ ਦੀ ਰੂਹ ਨੂੰ ਆਪਣੇ ਅੰਦਰ ਜਿਉਂਦਿਆਂ-ਜਾਗਦਿਆਂ ਰੱਖ ਕੇ ਸੱਚੇ ਸਿੱਖ ਤੇ ਸੱਚੇ ਸੰਤ-ਸਿਪਾਹੀ ਬਣ ਕੇ ਆਪਣੇ ਗੁਰੂ ਵਾਂਗ ਹੀ ਕੁਰਬਾਨ ਹੋ ਗਏ। ਮਾਤਾ ਗੁਜਰੀ ਦੀ ਸੱਚੀ ਧੀ ਮਾਤਾ ਜੱਸ ਕੌਰ ਬਹਾਦਰ ਪੰਜਾਬੀ ਮਾਂਵਾਂ ਦੇ ਆਦਰਸ਼ ਕਿਰਦਾਰ ਦਾ ਨਮੂਨਾ ਹੋ ਨਿੱਬੜੀ।




*ਗੁਰਦੁਆਰਾ ਝਾੜ ਸਾਹਿਬ ਦੇ ਮੁੱਖ ਦੁਆਰ 'ਤੇ ਗਦਰੀਆਂ ਦੀ ਯਾਦ 'ਚ ਲਾਇਆ ਸੁਨੇਹਾ*

ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਬਹੁਤ ਵੱਡਾ ਰੋਲ ਅਦਾ ਕਰਨ ਵਾਲੇ ਇਸ ਕੇਂਦਰ ਦਾ ਮਹੱਤਵ ਅਜੇ ਤੱਕ ਓਹਲੇ ਵਿਚ ਪਿਆ ਹੋਇਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਸ ਥਾਂ ਦੇ ਇਤਿਹਾਸ ਨੂੰ ਨਤਮਸਤਕ ਹੁੰਦਿਆਂ ਇਸ ਦੇ ਚੇਤੇ ਨੂੰ ਮੁੜ ਤੋਂ ਲੋਕ-ਚੇਤਨਾ ਵਿਚ ਵਸਾਉਣ ਦਾ ਉਪਰਾਲਾ ਕਰਦਿਆਂ ਇਸ ਨੂੰ ਯਾਦਗਾਰੀ ਇਨਕਲਾਬੀ ਕੇਂਦਰ ਵਜੋਂ ਉਸਾਰਨ ਦਾ ਹੀਲਾ ਕੀਤਾ ਜਾ ਰਿਹਾ ਹੈ। ਝਾੜ ਸਾਹਿਬ ਦੇ ਮੌਜੂਦਾ ਪ੍ਰਬੰਧਕਾਂ ਦੇ ਸਹਿਯੋਗ ਨਾਲ ਇਥੇ ਇਕੱਠਾਂ ਵਿਚ ਸ਼ਾਮਲ ਹੋਣ ਵਾਲੇ ਗ਼ਦਰੀਆਂ ਦੇ ਨਾਂਵਾਂ ਵਾਲਾ ਯਾਦਗਾਰੀ ਸ਼ਿਲਾਲੇਖ ਸਥਾਪਤ ਕੀਤਾ ਹੈ।

#

## ਦਰਦ ਦਿਲਾਂ ਦੇ

# ਕਿਵੇਂ ਜਾਵਾਂ ਹੁਣ ਪੇਕੇ...

ਤੇ ਹੁਣ ਮੇਰੀ ਮਾਂ ਵੀ ਤੁਰ ਗਈ ਹੈ, ਇਸ ਤੋਂ ਪਹਿਲਾਂ ਮੇਰਾ ਬਾਪ 4 ਮਾਰਚ 1993 ਨੂੰ ਸਾਨੂੰ ਛੱਡ ਗਿਆ ਸੀ। ਵੀਹ ਸਾਲ ਤੋਂ ਵੱਧ ਸਮਾਂ ਹੋ ਗਿਆ ਪਿਓ ਮਰੇ ਨੂੰ ਪਰ ਕੋਈ ਐਸਾ ਦਿਨ ਨਹੀਂ ਜਦੋਂ ਮੈਂ ਆਪਣੇ ਪਿਓ ਨੂੰ ਯਾਦ ਕਰਕੇ ਤੜਪੀ ਨਾ ਹੋਵਾਂ। ਇਸੇ ਸਾਲ ਪਹਿਲੀ ਜੂਨ ਨੂੰ ਸ਼ਾਮੀਂ 5:30 ਵਜੇ ਮੇਰੀ ਮਾਂ ਮਾਇਆ ਕੌਰ ਨੇ ਆਖਰੀ ਸਾਹ ਲਏ। ਮਾਂ ਨੂੰ ਮਿਲਣ ਜਦ ਵੀ ਪਟਿਆਲੇ ਜਾਣਾ, ਮਾਂ ਨੇ ਮੇਰਾ ਮੱਥਾ ਚੁੰਮ ਕੇ ਸ਼ੇਰ ਪੁੱਤ ਕਿਹਾ ਕਰਨਾ।

ਪਿਓ ਦੇ ਤੁਰ ਜਾਣ ਮਗਰੋਂ ਜਿਨ੍ਹਾਂ ਮੁਸ਼ਕਿਲਾਂ 'ਚੋਂ ਮਾਂ ਲੰਘੀ ਉਸ ਇਕ ਇਕ ਮੁਸ਼ਕਲ ਦਾ ਦਰਦ ਮੈਂ ਆਪਣੇ ਸਹੁਰੇ ਘਰ ਹੰਢਾਉਂਦੀ ਰਹੀ। ਮਾਂ ਆਪਣਾ ਦਰਦ ਮੇਰੇ ਤੋਂ ਛੁਪਾਉਂਦੀ ਰਹੀ। ਭਰਾਵਾਂ ਨੇ ਘਰ ਵੰਡ ਲਿਆ, ਘਰ ਦਾ ਉਹ ਵਿਹੜਾ ਜਿਥੇ ਨਿੱਕੇ ਹੁੰਦਿਆਂ ਮੈਂ ਮਾਪਿਆਂ ਨਾਲ ਲਾਡ ਲਡਾਏ, ਉਸ ਘਰ ਦੇ ਕਈ ਟੁਕੜੇ ਹੋਏ ਵੇਖ ਮੇਰੇ ਕਾਲਜੇ ਦੇ ਟੁਕੜੇ ਹੋ ਜਾਂਦੇ। ਚਾਚਿਆਂ ਨੂੰ ਆਪਣੀ, ਭਰਾਵਾਂ ਨੂੰ ਆਪਣੀ ਪੈ ਗਈ। ਇਹ ਵੇਖ ਮੈਂ ਬੜਾ ਕੁਰਲਾਉਂਦੀ ਪਰ ਨਾ ਭਰਾਵਾਂ ਮੰਨੀ, ਨਾ ਚਾਚਿਆਂ। ਵੰਡ ਵੰਡਾਈਆਂ ਲਈ ਹਾਜ਼ਰ ਹੋਣ ਵਾਲੇ ਮਾਮਿਆਂ ਦੀ ਦਖਲਅੰਦਾਜ਼ੀ ਦੇ ਨਤੀਜੇ ਹੋਰ ਵੀ ਮਾੜੇ ਹੋਏ। ਇਨ੍ਹਾਂ ਵੰਡ ਵੰਡਾਈਆਂ ਵਿਚ ਸਾਡਾ ਕਈ ਕੁਝ ਗਵਾਚ ਗਿਆ ਜਿਸ ਦਾ ਕੋਈ ਮੁੱਲ ਨਹੀਂ। ਵੰਡ ਵੰਡਾਈਆਂ ਨੇ ਆਪਸੀ ਰਿਸ਼ਤੇ ਫਿੱਕੇ ਪਾ ਦਿੱਤੇ ਤੇ ਪੁੱਤਰਾਂ ਦੀ ਆਪੋ-ਧਾਪੀ ਵਿਚ ਮਾਂ ਰੁਲਦੀ ਰਹੀ। ਪੁੱਤਰਾਂ ਨੇ ਮਾਂ ਦੀ ਥਾਂ ਅਸ਼ਟਾਮ, ਵਕੀਲ, ਗਵਾਹ, ਪਟਵਾਰੀ ਤੇ ਹੋਰ ਕਈ ਤਰ੍ਹਾਂ ਦੇ ਸਾਲਸ ਜਦੋਂ ਘਰੇ ਲੈ ਕੇ ਆਉਣੇ ਤਾਂ ਮਾਂ ਖੜ੍ਹੀ ਹੀ ਮਰ ਜਾਂਦੀ। ਮੈਨੂੰ ਪਤਾ ਲੱਗਦਾ ਤਾਂ ਮੈਂ ਭਰਾਵਾਂ ਨੂੰ ਕਹਿੰਦੀ 'ਤੁਸੀਂ ਇਹ ਕੀ ਕਰੀ ਜਾਂਦੇ ਓ, ਰਲ ਕੇ ਕੰਮ ਕਿਓਂ ਨਹੀਂ ਕਰਦੇ! ਪਿਓ ਦੇ ਜਮਾਏ ਕੰਮ ਨੂੰ ਅੱਗੇ ਕਿਓਂ ਨਹੀਂ ਤੋਰਦੇ।' ਪਰ ਮੇਰੀ ਉਥੇ ਕਿਸ ਨੇ ਸੁਣਨੀ ਸੀ। ਮੈਂ ਮਾਂ ਨਾਲ ਦੁਖ ਸਾਂਝੇ ਕਰ ਲੈਂਦੀ ਤੇ ਮਾਂ ਮੇਰੇ ਨਾਲ। ਸਹੁਰੇ ਘਰ ਮਾਪਿਆਂ ਦਾ ਦੁੱਖ ਕਿਹਨੂੰ ਦੱਸਦੀ, ਨਾ ਸੱਸ ਨੇ ਸੁਣਨਾ ਸੀ ਤੇ ਨਾ ਹੀ ਪੇਕਿਆਂ ਦਾ ਦਰਦ ਸਹੁਰੇ ਘਰ ਵਿਚ ਕਰਨ ਦਾ ਕੋਈ ਫਾਇਦਾ ਹੁੰਦਾ ਹੈ। ਪੇਕਿਆਂ ਦੀ ਗੱਲ ਕਰਨ ਤੋਂ ਡਰ ਲੱਗਦਾ ਕਿਤੇ ਸੱਸ ਇਹ ਨਾ ਕਹਿ ਦੇਵੇ, ਆਪਦੇ ਪਿੱਛੇ ਨੂੰ ਵੀ ਨਾਲ ਲਈ ਫਿਰਦੀ ਐ। ਇਸ ਗੱਲੋਂ ਵੀ ਡਰਦੀ ਕਿ ਪੇਕਿਆਂ ਦੀ ਕਮਜ਼ੋਰੀ ਮੈਨੂੰ ਕਿਤੇ ਸਹੁਰੇ ਘਰ ਵਿਚ ਕਮਜ਼ੋਰ ਨਾ ਕਰ ਦੇਵੇ। ਮਨ ਵਿਚ ਇਕ ਆਉਂਦੀ ਤੇ ਇਕ ਜਾਂਦੀ। ਸੱਸ ਵੱਖਰੇ ਮਿਹਣੇ ਦੇ ਦਿਆ ਕਰਦੀ, 'ਹੈਂ ਨੀ, ਏਡੇ ਪਰਿਵਾਰ 'ਚੋਂ ਆਈ ਐਂ, ਪਿਓ ਤੋਂ ਬਾਅਦ ਕੋਈ ਨਹੀਂ ਤੇਰਾ।' ਸੱਸ ਦੀ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ ਮੇਰੇ ਕੋਲ। ਇਹ ਤਾਂ ਹਕੀਕਤ ਸੀ।

ਪਿਛਲੇ ਲੰਮੇ ਸਮੇਂ ਤੋਂ ਮਾਂ ਬਿਮਾਰ ਸੀ। ਡਾਕਟਰ, ਵੈਦ ਤੇ ਨੀਮ ਹਕੀਮ ਸਭ ਦੇਖ ਲਏ। ਜਦੋਂ ਇਕ ਦਿਨ ਪਤਾ ਲੱਗਾ ਕਿ ਮਾਂ ਨੂੰ ਕੈਂਸਰ ਹੈ ਤੇ ਉਹ ਵੀ ਆਖਰੀ ਸਟੇਜ 'ਤੇ ਤਾਂ ਮੇਰੀਆਂ ਭੁੱਬਾਂ ਨਿਕਲ ਗਈਆਂ। ਕਿਸ ਨਾਲ ਗੱਲ ਕਰਾਂ? ਮਾਂ ਨੂੰ ਕਿਵੇਂ ਬਚਾਵਾਂ, ਜੇ ਮਾਂ ਚਲੀ ਗਈ ਤਾਂ ਪੇਕਿਆਂ 'ਚ ਮੈਨੂੰ ਕੌਣ ਕਹੂ 'ਮੇਰਾ ਮੱਟ ਪੁੱਤ'। ਹਾਲੇ ਤਾਂ ਉਮਰਾਂ ਹੀ ਕਿੰਨੀਆਂ ਕੁ ਨੇ। ਮਾਂ ਪਿਓ ਤਾਂ ਕਈਆਂ ਦੇ ਸੌ ਸੌ ਸਾਲ ਦੇ ਨੇੜੇ ਢੁੱਕਦੇ ਨੇ, ਮੇਰਾ ਤਾਂ ਪਿਓ ਵੀ 46 ਸਾਲ ਦੀ ਉਮਰ ਵਿਚ ਤੁਰ ਗਿਆ ਸੀ। ਇਹ ਗੱਲਾਂ ਮੈਨੂੰ ਸੰਭਲਣ ਨਹੀਂ ਸੀ ਦੇ ਰਹੀਆਂ। ਆਪਣੀ ਮਾਂ ਲਈ ਮੈਂ ਹਰ ਓਹੜ ਪੋਹੜ ਕਰਦੀ। ਮੈਨੂੰ ਤਾਂ ਇਹ ਵੀ ਚਿੰਤਾ ਖਾਂਦੀ ਕਿ ਜੇ ਮਾਂ ਵੀ ਨਾ ਰਹੀ ਤਾਂ ਪੇਕੇ ਘਰ ਜਾਇਆ ਕਿਸ ਕੋਲ ਕਰੂੰ, ਜਦੋਂ ਸਭ ਦੂਰੋਂ ਦੂਰੀ ਹੋਏ ਫਿਰਦੇ ਨੇ।

ਮੈਂ ਪੰਚਕੂਲੇ ਰਹਿੰਦੀ ਆਪਣੀ ਸਹੇਲੀ ਅਨੂ ਕੋਲ ਮਾਂ ਬਾਰੇ ਗੱਲ ਕੀਤੀ। ਅਨੂ ਦਾ ਚਾਚਾ ਲੁਧਿਆਣੇ ਦੇ ਓਸਵਾਲ ਹਸਪਤਾਲ ਵਿਚ ਵੱਡਾ ਡਾਕਟਰ ਹੈ। ਅਸੀਂ ਉਸ ਨਾਲ ਗੱਲ ਕਰਕੇ ਮਾਂ ਨੂੰ ਲੁਧਿਆਣੇ ਲੈ ਗਏ। ਮਾਂ ਜਾਂਦੀ ਨਹੀਂ ਸੀ ਪਰ ਮੇਰੇ ਜ਼ੋਰ ਪਾਉਣ 'ਤੇ ਉਸ ਹਿੰਮਤ ਕਰ ਲਈ। ਬਿਮਾਰੀ ਬਾਰੇ ਬਿਨਾ ਦੱਸੇ ਮਾਂ ਨੂੰ ਸਭ ਪਤਾ ਲੱਗ ਗਿਆ ਸੀ। ਭਰੀਆਂ ਅੱਖਾਂ ਨਾਲ ਮੈਂ ਮਾਂ ਵੱਲ ਵੇਖਦੀ ਤਾਂ ਮਾਂ ਮੈਨੂੰ ਪੂਰੇ ਹੌਸਲੇ ਵਿਚ ਕਹਿੰਦੀ, 'ਕੁਝ ਨਹੀਂ ਹੋਇਆ ਮੈਨੂੰ ਮੱਟ, ਮੈਂ ਠੀਕ ਆਂ।' ਮੇਰਾ ਅੰਦਰ ਰੋਂਦਾ, 'ਮਾਂ ਤੂੰ ਕਿੰਨੀ ਠੀਕ ਐਂ? ਕੀ ਦੱਸਾਂ ਤੈਨੂੰ, ਕਿੰਨੀ ਛੇਤੀ ਕੀ ਹੋਣ ਵਾਲਾ ਐ ਤੇਰੇ ਨਾਲ, ਕੋਈ ਸੁਖ ਦੇ ਦਿਨ ਤਾਂ ਆ ਲੈਣ ਦਿੰਦੀ। ਜੇ ਤੂੰ ਤੁਰ ਗਈ ਤਾਂ ਮੈਂ ਕਿਸ ਕੋਲ ਆਊਂ, ਉਨ੍ਹਾਂ ਭਰਾਵਾਂ ਕੋਲ ਜਿਨ੍ਹਾਂ ਪਿਓ ਤੋਂ ਬਾਅਦ ਇਕ ਦਿਨ ਸੁਖ ਨਾ ਦਿੱਤਾ?' ਮੈਂ ਤੜਪਦੀ ਤੇ ਮੇਰੀ ਮਾਂ ਮੇਰੀ ਅੰਦਰ ਦੀ ਤੜਪ ਜਾਣ ਕੇ ਫਿਰ ਕਹਿੰਦੀ, 'ਮੱਟ ਮੈਂ ਤਕੜੀ ਆਂ।' ਜਦੋਂ ਮੰਜੇ 'ਤੇ ਪਈ ਮਾਂ ਦੇ ਮੂੰਹੋਂ ਇਹ ਗੱਲ ਸੁਣਦੀ ਤਾਂ ਪਰ੍ਹੇ ਜਾ ਕੇ ਮੈਂ ਰੋ ਆਉਂਦੀ। ਮਾਂ ਦੀ ਹਿੰਮਤ ਮੇਰੇ ਵਿਚ ਵੀ ਹਿੰਮਤ ਭਰਦੀ ਤੇ ਮੈਂ ਫਿਰ ਮਾਂ ਦੇ ਸਿਰਹਾਣੇ ਬੈਠ ਕੇ ਉਸ ਦੀ ਕਿਰ ਰਹੀ ਜ਼ਿੰਦਗੀ ਦੀਆਂ ਗਿਣਤੀਆਂ-ਮਿਣਤੀਆਂ ਕਰਨ ਲੱਗ ਜਾਂਦੀ।

ਇਸ ਹਾਲਤ ਵਿਚ ਮਾਂ ਦਾ ਤੁਰ ਜਾਣਾ ਅਟੱਲ ਸੀ ਪਰ ਮੈਨੂੰ ਪਲ ਭਰ ਵੀ ਚੈਨ ਨਹੀਂ ਸੀ। ਪਟਿਆਲੇ ਰਜਿੰਦਰਾ ਹਸਪਤਾਲ ਦੀ ਡਾ. ਹਰਜਿੰਦਰ ਕੌਰ ਨੂੰ ਵੀ ਮੈਂ ਫੋਨ ਮਿਲਾਇਆ ਤੇ ਸਲਾਹਾਂ ਲਈਆਂ। ਮਾਂ ਮੈਨੂੰ ਟੋਕਦੀ, 'ਮੈਂ ਤਕੜੀ ਆਂ ਪੁੱਤ, ਮੈਨੂੰ ਕੁਝ ਨਹੀਂ ਹੋਇਆ, ਤੂੰ ਐਵੇਂ ਨਾ ਕਿਤੇ ਫੋਨ ਕਰੀ ਜਾਇਆ ਕਰ।

ਮਾਂ ਦੇ ਸਸਕਾਰ 'ਤੇ ਸਾਰੇ ਰਿਸ਼ਤੇਦਾਰ ਆਏ। ਪਿੰਡੋਂ ਆਏ ਚਾਚੇ ਹੋਰਾਂ ਮੈਨੂੰ ਹੌਸਲਾ ਦਿੱਤਾ ਪਰ ਇਨ੍ਹਾਂ ਵਿਚ ਹੀ ਇਕ ਚਾਚਾ ਜਿਸ ਦੀ ਮੈਂ ਲਾਡਲੀ ਸੀ, ਵੰਡ ਵੰਡਾਈਆਂ ਵਿਚ ਏਨਾ ਵੰਡਿਆ ਗਿਆ ਕਿ ਪਿਓ ਦੀ ਥਾਂ ਮੇਰੇ ਸਿਰ 'ਤੇ ਹੱਥ ਨਾ ਧਰ ਸਕਿਆ। ਚਿੱਟੇ ਹੋਏ ਖੂਨ ਦੇ ਇਨ੍ਹਾਂ ਰਿਸ਼ਤਿਆਂ ਦਾ ਦਰਦ ਉਸ ਤੋਂ ਵੀ ਵੱਧ ਅਸਹਿ ਸੀ ਜੋ ਮੇਰੇ ਮਾਂ ਬਾਪ ਦੇ ਤੁਰ ਜਾਣ ਦਾ ਸੀ। ਸਹੁਰੇ ਘਰ ਖੁਸ਼ ਹਾਂ ਪਰ ਮਾਂ-ਬਾਪ ਦੀ ਤੜਪ ਕਿਦਾਂ ਮਿਟੇ ਤੇ ਹੁਣ ਮੈਂ ਮਾਪੇ ਕਿਥੋਂ ਲੈਣ ਜਾਵਾਂ।

-ਹਰਵਿੰਦਰ ਕੌਰ ਜੰਮੂ

### ਰਿਸ਼ਤੇ

ਰਿਸ਼ਤੇ ਬਣ ਕੇ ਰੁੱਖ ਖੜ੍ਹੇ ਨੇ,
ਕਿਸ ਦੀ ਸੁੱਖ ਤੇ ਖ਼ੈਰ ਮਨਾਵਾਂ।
ਆਥਣ ਵੇਲੇ ਘੂਰਦਾ ਹੁਣ ਤਾਂ,
ਮੈਨੂੰ ਮੇਰਾ ਹੀ ਪਰਛਾਵਾਂ।
ਤੁਰਿਆ ਸੀ ਜਦ ਬਾਪ ਜਹਾਨੋਂ,
ਮਾਂ ਸੀ ਰੋ-ਰੋ ਹੋਈ ਅੰਨ੍ਹੀ।
ਆ ਕੇ ਕੌਣ ਵਰਾਉਂਦਾ ਮੈਨੂੰ,
ਹਰ ਰਿਸ਼ਤੇ ਖਿਸਕਾਈ ਕੰਨੀ।

ਮਾਂ-ਪਿਓ ਜਾਏ ਸਭ ਹਮਸਾਏ,
ਛੱਡ ਕੇ ਜਾਂ ਪਰਦੇਸੀ ਹੋਇਆ।
ਛੁੱਟੀ ਦੇ ਦਿਨ ਘੁੱਟ ਕੁ ਲਾ ਕੇ,
ਚੇਤੇ ਕਰ ਕੇ ਸਭ ਨੂੰ ਰੋਇਆ।
ਜਿਸ ਘਰ ਸੀ ਮੈਂ ਪੈਦਾ ਹੋਇਆ,
ਲੁੱਟੀਆਂ ਮੈਂ ਸੀ ਮੌਜ-ਬਹਾਰਾਂ।
ਦੇਖਿਆ ਜਾ ਕੇ ਖੰਡਰ ਹੋਇਆ,
ਮੋਤੀਆਂ ਘਰ ਨੂੰ ਜੜੋਂ ਮੁਹਾਰਾਂ।

ਮਲਬੇ ਦੇ ਵਿਚ ਦੱਬੀ ਹੋਈ,
ਮਾਂ ਦੀ ਇਕ ਨਿਸ਼ਾਨੀ ਲੱਭੀ।
ਚਿੱਬੀ ਹੋਈ ਸੰਦੂਕੜੀ ਵਿਚੋਂ,
ਲਿਖੀ ਉਸ ਦੀ ਚਿੱਠੀ ਕੱਢੀ।
ਮਾਂ ਸੀ ਡਾਢੀ ਬੇ-ਬਸ ਹੋਈ,
ਜਦ ਸੀ ਲੇਖਾ ਜੋਖਾ ਹੋਇਆ।
ਭਾਈ ਭਾਈਆਂ ਦੇ ਹੋਏ ਵੈਰੀ,
ਮੇਰਾ ਬਣਦਾ ਹਿੱਸਾ ਖੋਹਿਆ।

ਆਪਣਿਆਂ ਨੂੰ ਰਿਹਾ ਭੇਜਦਾ,
ਅੱਜ ਤੀਕਰ ਸੀ ਸਾਰੀ ਖੱਟੀ।
ਭਾਈ ਸ਼ਬਦ ਦੀ ਗੂੜ੍ਹੀ ਉਕਰੀ,
ਪੋਚ ਦਿੱਤੀ ਮੈਂ ਆ ਕੇ ਫੱਟੀ।

-ਨੀਲਮ ਸੈਣੀ, ਕੈਲੀਫੋਰਨੀਆ
ਫੋਨ:510-502-0551

## ਸਫਰ ਜ਼ਿੰਦਗੀ ਦਾ

# ਇਕ ਮਨੋਰੋਗੀ ਦਾ ਖ਼ੁਦਕੁਸ਼ੀ ਨੋਟ

**ਦਲਵਿੰਦਰ ਸਿੰਘ ਅਜਨਾਲਾ**
ਫੋਨ: 661-834-9770

ਮੇਰਾ ਖ਼ਿਆਲ ਏ ਕਿ ਮੌਤ ਨੇ ਉਹਨੂੰ ਬਥੇਰਾ ਸਮਝਾਇਆ ਹੋਣੈ; ਪਿਆਰ ਨਾਲ ਵੀ ਅਤੇ ਭਿਆਨਕਤਾ ਨਾਲ ਵੀ, ਪਰ ਉਹ ਬੰਦਾ ਬੜਾ ਅਮੋੜ, ਜ਼ਿੱਦੀ ਅਤੇ ਢੀਠ ਨਿਕਲਿਆ। ਆਖ਼ਰ ਮੌਤ ਨੇ ਪਲਾਂ ਛਿਣਾਂ ਵਿਚ ਛੇ-ਫੁੱਟੇ ਸੁਹਣੇ-ਸੁਨੱਖੇ, ਪੜ੍ਹੇ-ਲਿਖੇ 45 ਸਾਲਾ ਗੱਭਰੂ ਨੂੰ ਲਾਸ਼ ਵਿਚ ਤਬਦੀਲ ਕਰ ਦਿੱਤਾ। ਇਹ ਬੰਦਾ ਆਪਣੇ ਬਿਰਧ ਅਤੇ ਬਿਮਾਰ ਮਾਂ-ਬਾਪ ਨੂੰ ਪ੍ਰਸ਼ਾਦਾ-ਪਾਣੀ ਛਕਾ ਕੇ ਘਰੋਂ ਇਹ ਕਹਿ ਕੇ ਚਲਾ ਗਿਆ ਕਿ ਘਰੋਂ 3 ਕੁ ਮੀਲ ਦੂਰ ਛੇਵੀਂ ਪਾਤਸ਼ਾਹੀ ਦੇ ਗੁਰਦੁਆਰਾ ਸਾਹਿਬ ਮੱਥਾ ਟੇਕ ਆਵਾਂ। ਦੱਸਣ ਵਾਲੇ ਦੱਸਦੇ ਨੇ ਕਿ ਇਸ ਬੰਦੇ ਨੇ ਮੱਥਾ ਟੇਕਿਆ ਅਤੇ ਲੰਗਰ ਛਕਿਆ। ਫਿਰ ਇਹ ਗੰਭੀਰ ਮੁਦਰਾ ਵਿਚ ਬਾਹਰ ਖੜ੍ਹੇ ਆਪਣੇ ਸਕੂਟਰ ਕੋਲ ਥੋੜ੍ਹੀ ਦੇਰ ਬੈਠਾ ਰਿਹਾ। ਫਿਰ ਅਚਾਨਕ ਤਲਾਬ ਵਿਚ ਛਾਲ ਮਾਰ ਦਿੱਤੀ। ਬਚਾਅ ਦੀ ਕੋਈ ਵੀ ਸਬੀਲ ਹਾਜ਼ਰ ਨਹੀਂ ਹੋ ਸਕੀ। ਮੌਤ ਨੇ ਇਸ ਵਾਰ ਉਹਨੂੰ ਆਪਣੇ ਦਰੋਂ ਖ਼ਾਲੀ ਨਹੀਂ ਮੋੜਿਆ ਹਾਲਾਂਕਿ ਪਹਿਲਾਂ ਪੰਜ ਵਾਰ "ਹੋਊ ਪਰੇ" ਕਰ ਦਿੱਤਾ ਸੀ।

ਉਸ ਦੇ ਸਕੂਟਰ ਲਾਗੇ ਪਏ ਸੈਲਫੋਨ ਵਿਚਲੇ ਨੰਬਰਾਂ ਤੋਂ ਪਾਸ ਪਹੁੰਚੇ ਲੋਕਾਂ ਨੇ ਥਾਉਂ ਥਾਈਂ ਖ਼ਬਰ ਪਹੁੰਚਾ ਦਿੱਤੀ। ਜਿੰਨਾ ਮਾਂ ਨੂੰ ਆਪਣੇ ਪੁੱਤਰ ਦੀ ਖ਼ਬਰ ਦਾ ਪਤਾ ਹੁੰਦੈ, ਉਨਾ ਹੋਰ ਕਿਸੇ ਨੂੰ ਨਹੀਂ ਹੋ ਸਕਦਾ। ਮਾਂ ਨੇ ਆਪਣੇ ਪੁੱਤਰ ਦੀ ਮੌਤ ਦੀ ਖ਼ਬਰ ਸੁਣ ਕੇ ਪਹਿਲਾਂ ਇਹੋ ਵਿਰਲਾਪ ਅਲਾਪਿਆ, "ਮੈਨੂੰ ਕੀ ਦੱਸਦੇ ਹੋ, ਮੈਨੂੰ ਤਾਂ ਇਹ ਖ਼ਬਰ ਉਦੋਂ ਹੀ ਮਿਲ ਗਈ ਸੀ ਜਦੋਂ ਮੇਰਾ ਪੁੱਤਰ ਘਰੋਂ ਚੱਲਿਆ ਸੀ।" ਮਾਂ ਨੇ ਵਿਰਲਾਪ ਕੀਤਾ, "ਮੈਂ ਆਪਣੇ ਮੰਜੇ ਤੋਂ ਉਠ ਕੇ ਉਸ ਨੂੰ ਰੋਕ ਨਹੀਂ ਸਕੀ, ਭਾਵੇਂ ਉਸ ਦੀਆਂ ਹਰਕਤਾਂ ਤੋਂ ਮੈਨੂੰ ਉਸ ਦੇ ਅੰਤਕਾਲ ਦਾ ਪਤਾ ਲੱਗ ਚੁੱਕਾ ਸੀ।"

ਦੋ ਦਿਨ ਪਹਿਲਾਂ ਇਸ ਪੁੱਤਰ ਦੀ ਆਪਣੀ ਸੋਹਣੀ ਮਾਂ ਨਾਲ ਜੋ ਵਾਰਤਾਲਾਪ ਚੱਲੀ, ਉਸ ਵਿਚ ਮਾਂ ਨੇ ਪੁੱਤਰ ਨੂੰ ਵਾਸਤਾ ਪਾਉਂਦਿਆਂ ਆਖਿਆ, "ਮੇਰੀ ਗੱਲ ਮੰਨਿਆ ਕਰ। ਮੈਨੂੰ ਇੰਨਾ ਦੁਖੀ ਨਾ ਕਰਿਆ ਕਰ। ਤੂੰ ਆਪਣਾ-ਆਪ ਸੰਭਾਲ। ਮੈਂ ਹੁਣ ਇੰਨੀ ਕਮਜ਼ੋਰ ਹੋ ਗਈ ਹਾਂ ਕਿ ਹੋਰ ਦੁੱਖ ਅਤੇ ਗਮ ਨਹੀਂ ਸਹਾਰ ਸਕਦੀ।" ਪੁੱਤਰ ਨੇ ਜਵਾਬ ਦਿੱਤਾ, "ਮੈਂ ਵੀ ਹੁਣ ਇੰਨਾ ਕਮਜ਼ੋਰ ਹੋ ਗਿਆਂ ਕਿ ਮੈਥੋਂ ਜਿੰਦਗੀ ਦਾ ਬੋਝ ਹੋਰ ਨਹੀਂ ਢੋਇਆ ਜਾਂਦਾ। ਪਹਿਲਾਂ-ਪਹਿਲ ਤਾਂ ਮੇਰੇ ਅੰਦਰ ਜ਼ਿੰਦਗੀ ਜਿਉਣ ਦਾ, ਮਾਣਨ ਦਾ, ਖਿੜਨ ਦਾ, ਖਿੜਾਉਣ ਦਾ, ਕੁਝ ਕਰਨ ਦਾ, ਕੁਝ ਸੰਵਾਰਨ ਦਾ ਉਤਸ਼ਾਹ ਠਾਠਾਂ ਮਾਰਦਾ ਸੀ, ਪਰ ਮਨੁੱਖਤਾ ਦੇ ਕਾਤਲਾਂ ਅਤੇ ਗੱਦਾਰਾਂ ਨੇ ਵੀ ਮੇਰੇ ਸਭ ਕਾਸੇ ਉਤੇ ਕਾਲਖ ਫੇਰ ਦਿੱਤੀ ਹੈ। ਮਾਤਾ, ਮੈਨੂੰ ਪਤੈ...ਤੁਸੀਂ ਮੈਨੂੰ ਬਹੁਤ ਮੋਹ-ਪਿਆਰ ਕਰਦੇ ਹੋ। ਇਸ ਲਈ ਮੈਂ ਤੁਹਾਨੂੰ ਇੰਨਾ ਦੁਖੀ ਕਰ ਦਿਆਂਗਾ ਕਿ ਮਰਨ ਤੋਂ ਬਾਅਦ ਤੁਸੀਂ ਮੈਨੂੰ ਰੋ ਨਾ ਸਕੋ। ਮੈਂ ਚਾਹੁੰਦਾ ਹਾਂ ਮੇਰੇ ਮਰਨ ਤੋਂ ਬਾਅਦ ਤੁਸੀਂ ਸੁਖ ਅਤੇ ਸ਼ਾਂਤੀ ਮਹਿਸੂਸ ਕਰੋ।"

ਮਾਂ ਨੇ ਸਮਝਾਇਆ, "ਪੁੱਤ ਡਮਾਕ ਟਿਕਾਣੇ ਕਰ ਆਪਣਾ, ਮੇਰੇ 'ਤੇ ਤਰਸ ਕਰ। ਮੈਂ ਤੇਰੇ ਆਸਰੇ ਹੀ ਜਿਉਂਦੀ ਹਾਂ।" ਪੁੱਤਰ ਅੱਗਿਓਂ ਬੋਲਿਆ, "ਮੇਰਾ ਡਮਾਕ ਮਾਤਾ, ਤੇਰੇ ਡਮਾਕ ਨਾਲੋਂ ਵੱਧ ਨਹੀਂ ਹੋ ਸਕਦਾ। ਤੂੰ ਵੀ ਮੈਨੂੰ ਇਸ ਜ਼ਾਲਮ ਬੇਰਹਿਮ, ਬੇਲਿਹਾਜ਼, ਨਰਕੀ ਅਤੇ ਕਮੀਨੀ ਦੁਨੀਆਂ ਵਿਚ ਜਨਮ ਦੇਣ ਲੱਗਿਆਂ ਮੇਰੇ 'ਤੇ ਕੋਈ ਤਰਸ ਨਹੀਂ ਕੀਤਾ।" ਇੰਨਾ ਕਹਿੰਦਿਆਂ ਹੀ ਉਹ ਉੱਚੀ-ਉੱਚੀ ਧਾਈਂ ਮਾਰ ਕੇ ਬਹੁਤ ਰੋਇਆ ਅਤੇ ਮਾਤਾ ਨੂੰ ਕਹਿੰਦਾ, "ਮੇਰੀ ਮੌਤ ਦੀ ਖ਼ਬਰ ਵੱਡੇ ਭਾਅ ਜੀ ਨੂੰ ਨਾ ਦੱਸਿਓ, ਮੈਨੂੰ ਪਤੈ ਉਹ ਬਹੁਤ ਰੋਵੇਗਾ।"

ਆਤਮਘਾਤ ਕਰਨ ਵਾਲਾ ਇਹ ਜਵਾਨ ਮੇਰਾ ਛੋਟਾ ਭਰਾ ਸੀ। ਉਹ ਜ਼ਿੰਦਗੀ ਦੀਆਂ ਤਲਖ ਕਠੋਰ ਹਕੀਕਤਾਂ ਦਾ ਸਾਹਮਣਾ ਨਾ ਕਰ ਸਕਿਆ, ਕਿਉਂਕਿ ਉਹ ਅਤਿ-ਸੰਵੇਦਨਸ਼ੀਲ ਅਤੇ ਨਾਜ਼ੁਕ ਮਿਜਾਜ਼ ਇਨਸਾਨ ਸੀ। ਉਹ ਮ੍ਰਿਗ-ਤ੍ਰਿਸ਼ਨਾ ਵਰਗੇ ਭਰਮ-ਭੁਲੇਖਿਆਂ ਦਾ ਸ਼ਿਕਾਰ ਹੋ ਕੇ ਮਨੋਰੋਗੀ ਬਣ ਗਿਆ। ਮਨੋਰੋਗ, ਵਹਿਮ ਹੀ ਹੁੰਦਾ ਹੈ ਅਤੇ ਵਹਿਮ ਦਾ ਕੋਈ ਇਲਾਜ ਨਹੀਂ ਹੁੰਦਾ। ਉਹ ਸਾਨੂੰ ਕਿਹਾ ਕਰਦਾ ਸੀ, "ਮੈਨੂੰ ਵਿਖਾਓ, ਕਿੱਥੇ ਜੇ ਇਸ ਦੁਨੀਆਂ ਵਿਚ ਸੁੱਖ-ਸ਼ਾਂਤੀ, ਅਨੰਦ, ਪਿਆਰ, ਸਤਿਕਾਰ, ਹਮਦਰਦੀ, ਸਹਿਯੋਗ, ਸਦਭਾਵਨਾ, ਇਨਸਾਨੀਅਤ, ਤੰਦਰੁਸਤੀ, ਖ਼ੁਸ਼ੀ ਅਤੇ ਸਹਿਣਸ਼ੀਲਤਾ? ਵਿਖਾਓ ਮੈਨੂੰ ਇਹ ਸਭ ਚੀਜ਼ਾਂ ਕਿਥੋਂ ਮਿਲਦੀਆਂ ਨੇ। ਆਓ, ਮੈਂ ਤੁਹਾਨੂੰ ਵਿਖਾਉਂਦਾ ਹਾਂ ਸ਼ਰ੍ਹੇਆਮ ਬੇਇਨਸਾਫ਼ੀ, ਧੱਕੇਸ਼ਾਹੀ, ਬਦਮਾਸ਼ੀ, ਗੁੰਡਾਗਰਦੀ, ਪਾਖੰਡ, ਮੱਕਾਰੀ, ਛਲ-ਕਪਟ, ਦੰਭ, ਧੋਖਾ, ਖੇਖਣਬਾਜ਼ੀ, ਪਾਖੰਡਬਾਜ਼ੀ, ਮੀਸਣਾਪਣ, ਨਫ਼ਰਤ, ਈਰਖਾ, ਪੱਖਪਾਤ, ਕ੍ਰੋਧ, ਲਾਲਚ, ਸਵਾਰਥ, ਰੋਗ, ਬੇਚੈਨੀ, ਹੈਵਾਨੀਅਤ ਅਤੇ ਹੋਰ ਬਹੁਤ ਕੁਝ।" ਉਹ ਕਿਹਾ ਕਰਦਾ ਕਿ, "ਜਿਸ ਨੂੰ ਰੱਬ ਨੇ ਨਰਕ ਵਿਚ ਸੁੱਟਣਾ ਹੁੰਦੈ, ਉਸ ਨੂੰ ਇਸ ਦੁਨੀਆਂ ਵਿਚ ਘੱਲ ਦਿੰਦਾ ਹੈ।" ਉਹ ਆਪਣੇ ਇਸ ਵਿਚਾਰ ਦੀ ਪ੍ਰੋੜਤਾ ਬਾਬਾ ਫਰੀਦ ਦੇ ਇਸ ਸਲੋਕ ਨਾਲ ਕਰਦਾ,

> ਫਰੀਦਾ ਜਿ ਦਿਹਿ ਨਾਲਾ ਕਪਿਆ
> ਜੇ ਗਲੁ ਕਪਹਿ ਚੁਖ॥
> ਪਵਨਿ ਨ ਇਤੀ ਮਾਮਲੇ
> ਸਹਾਂ ਨ ਇਤੀ ਦੁਖ॥

ਇਸ ਸਲੋਕ ਵਿਚ ਬਾਬਾ ਜੀ ਦਾਈ ਨੂੰ ਸੰਬੋਧਨ ਕਰਦੇ ਹਨ ਕਿ ਮੇਰੇ ਜਨਮ ਸਮੇਂ ਜਿਸ ਦਿਨ ਤੂੰ ਮੇਰਾ ਨਾੜੂ ਕੱਟਿਆ ਸੀ, ਜੇ ਉਸੇ ਦਿਨ ਮੇਰਾ ਰਤੀ ਕੁ ਗਲ ਵੀ ਕੱਟ ਦਿੰਦੀ, ਤਾਂ ਮੈਨੂੰ ਇਸ ਸੰਸਾਰ ਵਿਚ ਆ ਕੇ ਇੰਨੇ ਝਮੇਲੇ ਨਾ ਸਹਿਣੇ ਪੈਂਦੇ ਅਤੇ ਨਾ ਹੀ ਮੈਂ ਇੰਨੇ ਦੁੱਖ ਸਹਿੰਦਾ।

ਮੇਰਾ ਇਹ ਛੋਟਾ ਭਾਈ ਗੁਰਬਾਣੀ ਬਹੁਤ ਪੜ੍ਹਦਾ ਸੀ। ਬਹੁਤ ਸਾਰੀ ਗੁਰਬਾਣੀ ਅਤੇ ਸਿੱਖ ਇਤਿਹਾਸ ਉਸ ਨੂੰ ਜ਼ੁਬਾਨੀ ਯਾਦ ਸੀ। ਹੋਰ ਧਰਮਾਂ ਦਾ ਵੀ ਉਸ ਨੂੰ ਚੰਗਾ ਗਿਆਨ ਸੀ। ਆਪਣੀ ਗੱਲਬਾਤ ਦੌਰਾਨ ਗੁਰਬਾਣੀ ਵਿਚੋਂ ਉਹ ਆਮ ਹੀ ਤੁਕਾਂ ਬੋਲ ਦਿੰਦਾ ਹੁੰਦਾ ਸੀ। ਜਦੋਂ ਉਹ ਗੁਰਦੁਆਰਿਆਂ ਅਤੇ ਲੋਕਾਂ ਦੇ ਘਰਾਂ ਵਿਚ ਕਥਾ ਅਤੇ ਪਾਠ ਕਰਦਾ, ਤਾਂ ਮੈਂ ਸਮਝਦਾ ਕਿ ਹੁਣ ਇਹ ਬੰਦਾ ਠੀਕ ਹੋ ਗਿਆ ਹੈ, ਪਰ ਉਹ ਠੀਕ ਨਾ ਹੋ ਸਕਿਆ! ਪਾਠ ਕਰਦਿਆਂ ਉਹ ਇੰਨੀ ਮਿੱਠੀ ਤੇ ਸੰਗੀਤਮਈ ਜ਼ੁਬਾਨ ਵਿਚ ਗੁਰਬਾਣੀ ਉਚਾਰਨ ਕਰਦਾ ਕਿ ਖਲਕਤ ਖਾਸ ਤੌਰ 'ਤੇ ਉਸ ਦਾ ਪਾਠ ਸੁਣਨ ਆਉਂਦੀ। ਅਖੰਡ ਪਾਠਾਂ ਵਿਚ ਉਸ ਦੀ ਪੁੱਛ-ਪ੍ਰਤੀਤ ਬਹੁਤ ਵਧ ਗਈ। ਲੋਕਾਂ ਨੇ ਉਸ ਨੂੰ ਪੂਜਣਯੋਗ ਬਾਬਾ ਜੀ ਦਾ ਖ਼ਿਤਾਬ ਦੇ ਦਿੱਤਾ। ਉਸ ਨੇ ਘਰ ਆ ਕੇ ਸਾਨੂੰ ਦੱਸਿਆ ਕਿ ਇਕ ਬੀਬੀ ਮੇਰੇ ਅੱਗੇ ਮਾਇਆ ਦਾ ਗੱਫਾ ਭੇਟਾ ਰੱਖ ਕੇ ਮੈਨੂੰ ਕਹਿੰਦੀ, "ਬਾਬਾ ਜੀ, ਅਰਦਾਸ ਕਰੋ ਕਿ ਮੇਰਾ ਪੁੱਤਰ ਸ਼ਰਾਬ ਛੱਡ ਦੇਵੇ।"

ਇਸ ਬਾਬਾ ਜੀ ਨੇ ਉਸ ਬੀਬੀ ਨੂੰ ਕਿਹਾ, "ਬੀਬੀ ਜੀ, ਮੈਂ ਅਧੂਰਾ ਜੀਵ ਹਾਂ ਜੋ ਕਈ ਐਬਾਂ, ਭੈੜਾਂ, ਔਗੁਣਾਂ ਅਤੇ ਨੁਕਸਾਂ ਦਾ ਭਰਿਆ ਪਿਆ ਹਾਂ। ਮੇਰੀ ਅਰਦਾਸ ਕਬੂਲ ਨਹੀਂ ਹੋ ਸਕੇਗੀ। ਤੂੰ ਕਿਸੇ ਗ਼ਰੀਬ-ਨਿਮਾਣੇ ਦੀ ਅਸੀਸ ਪ੍ਰਾਪਤ ਕਰ ਲੈ, ਤੇਰੀ ਮੁਰਾਦ ਪੂਰੀ ਹੋਵੇਗੀ। ਮੈਂ ਤਾਂ ਆਪ ਆਪਣੇ ਰੋਗਾਂ ਦਾ ਇਲਾਜ ਲੱਭਦਾ ਫਿਰਦਾ ਹਾਂ। ਮੈਂ ਬਾਬਾ ਨਹੀਂ ਹਾਂ।"

1981 ਦਾ ਵਾਕਿਆ ਹੈ ਕਿ ਇਸ ਨੌਜਵਾਨ ਨੇ ਦਸਵੀਂ ਬਹੁਤ ਚੰਗੇ ਨੰਬਰਾਂ ਵਿਚ ਪਾਸ ਕਰ ਲਈ। ਉਸ ਦੀ ਲਿਖਾਈ ਬੇਹੱਦ ਖ਼ੂਬਸੂਰਤ ਸੀ। ਮੈਂ ਕਿਸੇ ਈਸਾਈ ਕਾਨਵੈਂਟ ਸਕੂਲ ਵਿਚ ਨੌਕਰੀ ਕਰਦਾ ਸੀ ਅਤੇ ਟਿਊਸ਼ਨਾਂ ਵੀ ਪੜ੍ਹਾਉਂਦਾ ਸੀ। ਇਹ ਸਕੂਲ ਮੇਰੇ ਪਿੰਡ ਤੋਂ 30 ਕਿਲੋਮੀਟਰ ਦੂਰ ਸੀ। ਮੈਂ 60 ਕਿਲੋਮੀਟਰ ਪੈਂਡਾ ਰੋਜ਼ ਸਾਈਕਲ 'ਤੇ ਕਰਦਾ ਸੀ। ਮੈਂ ਆਪਣੇ ਇਸ ਛੋਟੇ ਵੀਰ ਨੂੰ ਆਖਿਆ, "ਤੇਰੀ ਪੜ੍ਹਾਈ ਚੰਗੀ ਹੈ, ਮੈਂ ਖ਼ਰਚ ਦੇਈ ਜਾਵਾਂਗਾ, ਤੂੰ ਹੋਰ ਪੜ੍ਹਾਈ ਕਰ ਲੈ, ਨੌਕਰੀ ਚੰਗੀ ਮਿਲ ਜਾਵੇਗੀ।" ਉਹ ਮੂੰਹ ਵਿਚ ਹਰ ਵੇਲੇ ਚੁੱਪ-ਚਾਪ ਕੋਈ ਜਾਪ ਕਰਦਾ ਰਹਿੰਦਾ ਸੀ ਅਤੇ ਬੋਲਦਾ ਬਹੁਤ ਘੱਟ ਸੀ। ਮੈਨੂੰ ਜਵਾਬ ਦਿੱਤਾ, "ਹੋਰ ਪੜ੍ਹਾਈ ਫਿਰ ਕਦੇ ਕਰ ਲਵਾਂਗਾ, ਤੁਸੀਂ ਮੈਨੂੰ ਕੋਈ ਛੋਟੀ ਮੋਟੀ ਨੌਕਰੀ ਦਿਵਾ ਦਿਓ, ਮੈਂ ਘਰ ਦੀ ਗ਼ਰੀਬੀ ਤੋਂ ਬਹੁਤ ਦੁਖੀ ਹਾਂ।"

ਮੈਂ ਉਹਨੂੰ ਕਿਸੇ ਟੀ.ਵੀ. ਮਕੈਨਿਕ ਕੋਲ ਸਿੱਖਣ ਲਾ ਦਿੱਤਾ। ਉਸ ਨੇ ਬੜੀ ਮਿਹਨਤ ਕੀਤੀ ਅਤੇ ਦਿਨਾਂ ਵਿਚ ਹੀ ਚੰਗਾ ਮਕੈਨਿਕ ਬਣ ਗਿਆ। ਇਕ ਦਿਨ ਘਰ ਆ ਕੇ ਕਹਿੰਦਾ, "ਮੈਨੂੰ ਕਿਸੇ ਸਿਆਣੇ ਬੰਦੇ ਨੇ ਆਖਿਐ, ਤੂੰ ਇੰਨਾ ਸੋਹਣਾ ਜਵਾਨ ਮੁੰਡਾ ਹੋ ਕੇ ਇਹ ਕਿਹੜਾ ਟੁੱਟਾ-ਭੱਜਾ ਜਿਹਾ ਕੰਮ ਕਰਨ ਡਿਹੈਂ। ਕਿਤੇ ਫ਼ੌਜ ਵਿਚ ਭਰਤੀ ਹੋ ਕੇ ਅਫ਼ਸਰ ਬਣ ਜਾ।" ਥੋੜ੍ਹੇ ਦਿਨਾਂ ਪਿਛੋਂ ਹੀ ਮੈਂ ਕਿਸੇ ਛੋਟੇ-ਮੋਟੇ ਜਾਣੂ ਫ਼ੌਜੀ ਅਫ਼ਸਰ ਨੂੰ ਥੋੜ੍ਹੀ ਜਿਹੀ ਰਿਸ਼ਵਤ ਦੇ ਕੇ ਇਸ ਮੁੰਡੇ ਨੂੰ ਫ਼ੌਜ ਵਿਚ ਗੱਡੀਆਂ ਦੇ ਮਕੈਨਿਕ ਦੀ ਚੰਗੀ ਨੌਕਰੀ ਦਵਾ ਦਿੱਤੀ। ਇਸ ਨੇ ਆਪਣੇ ਕੋਰਸ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰ ਕੇ ਕੋਰਸ ਮੁਕੰਮਲ ਕੀਤਾ, ਇਨਾਮ ਪ੍ਰਾਪਤ ਕੀਤੇ ਅਤੇ ਅਫ਼ਸਰਾਂ ਨੇ ਆਪਣੇ ਨਾਲ ਕੁਰਸੀ 'ਤੇ ਬਿਠਾ ਕੇ ਗਰੁੱਪ ਫੋਟੋ ਕੀਤੀ। ਮੈਂ ਉਸ ਦੀ ਲਿਆਕਤ 'ਤੇ ਬੜਾ ਖ਼ੁਸ਼। ਜਦੋਂ ਵੀ ਅਫ਼ਸਰਾਂ ਦਾ ਕਾਫ਼ਲਾ ਕਿਤੇ ਸਫ਼ਰ ਕਰਦਾ, ਮਕੈਨਿਕ ਵਜੋਂ ਇਸੇ ਦੀ ਚੋਣ ਹੁੰਦੀ। ਇਸ ਨੌਜਵਾਨ ਨੇ ਗ਼ਰੀਬੀ ਨੂੰ ਘਰੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਅਤੇ ਅਗਲੇਰੀ ਪੜ੍ਹਾਈ ਸ਼ੁਰੂ ਕਰ ਦਿੱਤੀ। ਗਿਆਰਵੀਂ ਜਮਾਤ ਪ੍ਰਾਈਵੇਟ ਪਾਸ ਕਰ ਗਿਆ।

ਸੰਨ 1988 ਵਿਚ ਜਦੋਂ ਛੁੱਟੀ ਆਇਆ ਤਾਂ ਸਾਨੂੰ ਉਸ ਨੇ ਦੱਸਿਆ ਕਿ ਇਕ ਫ਼ਿਰਕਾਪ੍ਰਸਤ ਅਫ਼ਸਰ ਤੰਗ-ਪ੍ਰੇਸ਼ਾਨ ਅਤੇ ਜ਼ਲੀਲ ਕਰਦਾ ਹੈ, ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਕੀ ਕਰਾਂ! ਆਪਣੀ ਕੰਪਨੀ ਜਾਂ ਸੈਕਸ਼ਨ ਵਿਚ ਮੈਂ ਇਕੋ-ਇਕ ਸਿੱਖ ਹਾਂ। ਫ਼ੌਜ ਦਾ ਕੋਈ ਅਸੂਲ ਹੈ ਕਿ ਜਿਹੜਾ ਫ਼ੌਜੀ 2-3 ਸਾਲ ਅਤਿ-ਖ਼ਤਰਨਾਕ ਏਰੀਏ ਵਿਚ ਡਿਊਟੀ ਕਰਦਾ ਹੈ, ਉਸ ਨੂੰ 3 ਕੁ ਸਾਲ ਵਾਸਤੇ ਫਿਰ ਕਿਸੇ ਸੁਖਾਵੇਂ ਇਲਾਕੇ ਜਾਂ ਛਾਉਣੀ ਵਿਚ ਬਦਲ ਦਿੰਦੇ ਹਨ, ਪਰ ਇਸ ਬੰਦੇ ਨੂੰ 2-3 ਸਾਲ ਨਾਗਾਲੈਂਡ ਵਰਗੇ ਇਲਾਕੇ ਵਿਚ ਡਿਊਟੀ ਕਰਨ ਤੋਂ ਬਾਅਦ ਹੋਰ ਖ਼ਤਰਨਾਕ ਇਲਾਕੇ ਸ਼੍ਰੀਲੰਕਾ ਭੇਜ ਦਿੱਤਾ। ਸ਼੍ਰੀਲੰਕਾ ਵਿਚੋਂ ਉਸੇ ਫਿਰਕੂ ਅਫ਼ਸਰ ਨੇ ਇਸ ਨੌਜਵਾਨ ਨੂੰ ਸਾਢੇ ਛੇ ਸਾਲ ਦੀ ਸ਼ਾਨਦਾਰ ਸੇਵਾ ਤੋਂ ਬਾਅਦ ਬਹੁਤ ਹੀ ਮਾਮੂਲੀ ਜਿਹੇ ਦੋਸ਼ ਲਾ ਕੇ ਡਿਸਮਿਸ ਕਰਵਾ ਕੇ ਘਰ ਭੇਜ ਦਿੱਤਾ। ਦੋ ਦੋਸ਼ ਲਾਏ ਗਏ। ਪਹਿਲਾ, ਇਸ ਨੇ ਅਫ਼ਸਰ ਨੂੰ ਗ਼ਲਤ ਸ਼ਬਦ ਬੋਲਿਆ। ਦੂਜਾ ਕਿ ਇਹ ਕੰਪਨੀ ਵਿਚੋਂ ਦੋ ਘੰਟੇ ਗ਼ੈਰ-ਹਾਜ਼ਰ ਰਿਹਾ ਹੈ। ਬੱਸ, ਇਥੋਂ ਹੀ ਇਸ ਨੌਜਵਾਨ ਦੀ ਬਦਕਿਸਮਤੀ ਦਾ ਆਗਾਜ਼ ਹੁੰਦਾ ਹੈ। ਅਖ਼ੀਰ ਤਕ ਉਹ ਇਸੇ ਬੇਇਨਸਾਫ਼ੀ ਅਤੇ ਫਿਰਕਾਪ੍ਰਸਤੀ ਦੇ ਵੈਣ ਪਾਉਂਦਾ ਰਿਹਾ।

ਸਾਡੇ ਪਿੰਡ ਲਾਗੇ ਇਕ ਪਿੰਡ ਵਿਚ ਇਕ ਸੇਵਾਮੁਕਤ ਗੁਰਸਿੱਖ ਫ਼ੌਜੀ ਸੂਬੇਦਾਰ ਮੇਰਾ ਚੰਗਾ ਜਾਣੂ ਸੀ। ਮੈਂ ਉਸ ਨਾਲ ਆਪਣੇ ਭਾਈ ਦੇ ਕੇਸ ਦੀ ਗੱਲ ਕੀਤੀ। ਉਸ ਨੇ ਮੈਨੂੰ ਅੱਗੇ ਉਸੇ ਹੀ ਪਿੰਡ ਦੇ ਕਿਸੇ ਪੂਰਨ ਗੁਰਸਿੱਖ ਅਤੇ ਸੇਵਾਮੁਕਤ ਵਕੀਲ ਦੀ ਦੱਸ ਪਾਈ। ਇਸ ਵਕੀਲ ਕੋਲ ਪੇਸ਼ ਹੋ ਗਏ। ਸਾਨੂੰ ਵੇਖ ਕੇ ਉਹ ਬਾਗੋਬਾਗ ਹੋ ਗਏ। ਵਕੀਲ ਸੱਚ-ਮੁੱਚ ਹੀ ਪੂਰਨ ਗੁਰਸਿੱਖ ਸੀ। ਉਸ ਦੇ ਟੇਬਲ ਉਪਰ ਗੁਰਬਾਣੀ ਦੇ ਗੁਟਕੇ ਸੁਸ਼ੋਭਿਤ ਸਨ। ਮਹਾਨ ਗੁਰੂਆਂ ਦੀਆਂ ਫੋਟੋ ਕਮਰੇ ਵਿਚ ਵੀ ਅਤੇ ਟੇਬਲ ਉਤੇ ਵੀ ਸਜਾ ਕੇ ਰੱਖੀਆਂ ਸਨ ਅਤੇ ਵਕੀਲ ਸਾਹਿਬ ਗੱਲ ਗੱਲ ਨਾਲ ਸਤਿਨਾਮ, ਵਾਹਿਗੁਰੂ ਅਤੇ ਸਰਬੱਤ ਖ਼ਾਲਸਾ ਵਰਗੇ ਤਿੰਨ ਪਵਿੱਤਰ ਸ਼ਬਦਾਂ ਦਾ ਉਚਾਰਨ ਕਰਦੇ ਸਨ। ਉਨ੍ਹਾਂ ਨੇ ਮੇਰੇ ਦੁਖੀ ਅਤੇ ਉਦਾਸ ਫ਼ੌਜੀ ਭਰਾ ਦਾ ਕੇਸ ਪੜ੍ਹਦਿਆਂ ਹੀ ਟੇਬਲ 'ਤੇ ਹੱਥ ਮਾਰ ਕੇ ਐਲਾਨ ਕੀਤਾ ਕਿ ਕੇਸ ਵਿਚ ਤਾਂ ਕੁਝ ਵੀ ਨਹੀਂ ਹੈ। ਪਹਿਲੀ ਪੇਸ਼ੀ ਵਿਚ ਹੀ ਬੁੜ੍ਹਕਾ ਦਿਆਂਗੇ। ਹੱਲਾਸ਼ੇਰੀ ਦਿੱਤੀ-ਫਿਕਰ ਨਾ ਕਰ ਨੌਜਵਾਨ, ਕੇਸ 101 ਪ੍ਰਤੀਸ਼ਤ ਤੇਰੇ ਹੱਕ ਵਿਚ ਹੋਵੇਗਾ, ਇਹ ਤਾਂ ਕੁਝ ਵੀ ਨਹੀਂ; ਮੈਂ ਤਾਂ ਆਪਣੇ ਸਿੱਖ ਖਾੜਕੂ ਨੌਜਵਾਨਾਂ ਦੇ ਬਹੁਤ ਉਲਝੇ ਕੇਸ ਜਿੱਤੇ ਹਨ। ਇਸ ਸੁਹਾਵਣੀ ਅਤੇ ਖ਼ੁਸ਼ਕਿਸਮਤ ਮੁਲਾਕਾਤ ਨੇ ਸਾਨੂੰ ਆਪਣੇ ਚੰਗੇ ਭਾਗ ਹੋਣ ਦਾ ਅਹਿਸਾਸ ਕਰਵਾ ਦਿੱਤਾ। ਅਸੀਂ ਖ਼ੁਸ਼ੀ-ਖ਼ੁਸ਼ੀ ਘਰ ਆ ਗਏ।

ਮੇਰਾ ਭਾਈ ਵੀ ਜੋ ਆਪਣੇ ਨਾਲ ਗੁਜ਼ਰੇ ਸਦਮੇ ਕਰ ਕੇ ਬੇਪਛਾਣ ਅਤੇ ਬਦਰੰਗ ਹੋ ਚੁੱਕਾ ਸੀ, ਚੜ੍ਹਦੀ ਕਲਾ ਵਿਚ ਹੋ ਗਿਆ। ਦੂਜੇ ਦਿਨ ਅਸੀਂ ਵਕੀਲ ਨੂੰ ਉਸੇ ਕੋਠੀ ਵਿਚ ਉਸ ਦੀ ਪੂਰੀ ਫ਼ੀਸ 7200 ਰੁਪਏ ਦੇ ਕੇ ਅਤੇ ਕਾਗਜ਼ ਪੱਤਰ ਦਸਤਖ਼ਤ ਕਰ ਕੇ ਵਾਪਸ ਆ ਗਏ। ਵਕੀਲ ਨੇ ਸਾਨੂੰ ਬੇਫਿਕਰ ਰਹਿਣ ਲਈ ਕਿਹਾ ਕਿ ਜਦੋਂ ਤਾਰੀਖ ਪਵੇਗੀ, ਉਹ ਹਰ ਹਾਲ ਸਾਨੂੰ ਸੂਚਿਤ ਕਰੇਗਾ। ਮਗਰੋਂ ਸਾਨੂੰ ਵਕੀਲ ਵੱਲੋਂ ਦੋ ਹੌਸਲਾ ਅਤੇ ਵਿਸ਼ਵਾਸ-ਵਧਾਊ ਚਿੱਠੀਆਂ ਵੀ ਪ੍ਰਾਪਤ ਹੋਈਆਂ।

ਫਿਰ ਤਿੰਨ ਮਹੀਨੇ ਤੋਂ ਉਪਰ ਸਮਾਂ ਬੀਤ ਗਿਆ, ਪਰ ਵਕੀਲ ਵੱਲੋਂ ਸਾਨੂੰ ਕੋਈ ਸੂਚਨਾ ਪ੍ਰਾਪਤ ਨਾ ਹੋਈ। ਫਿਕਰਮੰਦੀ ਵਿਚ ਅਸਾਂ ਚੰਡੀਗੜ੍ਹ ਜਾ ਵਕੀਲ ਦੀ ਕੋਠੀ ਦਾ ਦਰ ਖੜਕਾਇਆ। ਦਰਵਾਜ਼ਾ ਬਹੁਤ ਖੜਕਾਇਆ, ਘੰਟੀ ਵਾਰ-ਵਾਰ ਵਜਾਈ, ਪਰ ਕੋਠੀ ਅੰਦਰੋਂ ਕੋਈ ਹਿਲਜੁਲ ਨਾ ਹੋਈ। ਅਸੀਂ ਉਥੇ ਹੀ ਕੋਠੀ ਅੱਗੇ ਬੈਠ ਗਏ। ਕਾਫੀ ਦੇਰ ਪਿਛੋਂ ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਕੇ ਹੰਕਾਰੀ ਜਿਹੀ ਬਜ਼ੁਰਗ ਔਰਤ ਨੇ ਸਾਨੂੰ ਹੁਕਮ ਸੁਣਾ ਦਿੱਤਾ, "ਸਰਦਾਰ ਸਾਹਿਬ ਬਾਹਰ ਗਏ ਨੇ, ਪਤਾ ਨਹੀਂ ਕਦੋਂ ਆਉਣਾ ਹੈ।" ਤੇ ਦਰਵਾਜ਼ਾ ਬੰਦ।

ਅਸੀਂ ਦਹਿਲ ਗਏ, ਠੱਗੇ ਗਏ। ਸਰਦਾਰ ਸਾਹਿਬ ਅੰਦਰ ਹੀ ਸਨ। ਸੌਣਾ ਕਿੱਥੇ ਸੀ, ਬੇਚੈਨੀ ਵਿਚ ਰਾਤ ਕੱਟੀ। ਸਵੇਰੇ ਫਿਰ ਵਕੀਲ ਦੀ ਕੋਠੀ ਅੱਗੇ ਜਾ ਡੇਰੇ ਲਾਏ। ਵਕੀਲ ਨੇ ਅੱਧਾ ਦਰਵਾਜ਼ਾ ਖੋਲ੍ਹਿਆ ਅਤੇ ਸਾਨੂੰ ਸਾਡੇ ਕੇਸ ਵਾਲੇ ਕਾਗ਼ਜ਼ ਫੜਾਉਂਦਿਆਂ ਕਹਿ ਦਿੱਤਾ, "ਤੁਹਾਡੀ ਪਟੀਸ਼ਨ ਡਿਸਮਿਸ ਹੋ ਗਈ ਏ।" ਕਹਿੰਦਾ, "ਮੈਂ ਤਾਂ ਤੁਹਾਨੂੰ ਚਿੱਠੀਆਂ ਵੀ ਪਾਈਆਂ, ਬੰਦੇ ਹੱਥ ਸੁਨੇਹਾ ਵੀ ਭੇਜਿਆ ਪਰ ਤੁਸੀਂ ਆਏ ਹੀ ਨਹੀਂ।" ਇਹ ਸੁਣ ਕੇ ਮੇਰਾ ਭਰਾ ਭੜਕ ਉਠਿਆ, ਵਕੀਲ ਦੇ ਗਲ

**ਦੋ ਦਿਨ ਪਹਿਲਾਂ ਇਸ ਪੁੱਤਰ ਦੀ ਆਪਣੀ ਸੋਹਣੀ ਮਾਂ ਨਾਲ ਜੋ ਵਾਰਤਾਲਾਪ ਚੱਲੀ, ਉਸ ਵਿਚ ਮਾਂ ਨੇ ਪੁੱਤਰ ਨੂੰ ਵਾਸਤਾ ਪਾਉਂਦਿਆਂ ਆਖਿਆ, "ਮੇਰੀ ਗੱਲ ਮੰਨਿਆ ਕਰ। ਮੈਨੂੰ ਇੰਨਾ ਦੁਖੀ ਨਾ ਕਰਿਆ ਕਰ। ਤੂੰ ਆਪਣਾ-ਆਪ ਸੰਭਾਲ। ਮੈਂ ਹੁਣ ਇੰਨੀ ਕਮਜ਼ੋਰ ਹੋ ਗਈ ਹਾਂ ਕਿ ਹੋਰ ਦੁੱਖ ਅਤੇ ਗਮ ਨਹੀਂ ਸਹਾਰ ਸਕਦੀ।" ਪੁੱਤਰ ਨੇ ਜਵਾਬ ਦਿੱਤਾ, "ਮੈਂ ਵੀ ਹੁਣ ਇੰਨਾ ਕਮਜ਼ੋਰ ਹੋ ਗਿਆਂ ਕਿ ਮੈਥੋਂ ਜਿੰਦਗੀ ਦਾ ਬੋਝ ਹੋਰ ਨਹੀਂ ਢੋਇਆ ਜਾਂਦਾ। ਪਹਿਲਾਂ-ਪਹਿਲ ਤਾਂ ਮੇਰੇ ਅੰਦਰ ਜ਼ਿੰਦਗੀ ਜਿਉਣ ਦਾ, ਮਾਣਨ ਦਾ, ਖਿੜਨ ਦਾ, ਖਿੜਾਉਣ ਦਾ, ਕੁਝ ਕਰਨ ਦਾ, ਕੁਝ ਸੰਵਾਰਨ ਦਾ ਉਤਸ਼ਾਹ ਠਾਠਾਂ ਮਾਰਦਾ ਸੀ, ਪਰ ਮਨੁੱਖਤਾ ਦੇ ਕਾਤਲਾਂ ਅਤੇ ਗੱਦਾਰਾਂ ਨੇ ਵੀ ਮੇਰੇ ਸਭ ਕਾਸੇ ਉਤੇ ਕਾਲਖ ਫੇਰ ਦਿੱਤੀ ਹੈ। ਮਾਤਾ, ਮੈਨੂੰ ਪਤੈ...ਤੁਸੀਂ ਮੈਨੂੰ ਬਹੁਤ ਮੋਹ-ਪਿਆਰ ਕਰਦੇ ਹੋ। ਇਸ ਲਈ ਮੈਂ ਤੁਹਾਨੂੰ ਇੰਨਾ ਦੁਖੀ ਕਰ ਦਿਆਂਗਾ ਕਿ ਮਰਨ ਤੋਂ ਬਾਅਦ ਤੁਸੀਂ ਮੈਨੂੰ ਰੋ ਨਾ ਸਕੋ। ਮੈਂ ਚਾਹੁੰਦਾ ਹਾਂ ਮੇਰੇ ਮਰਨ ਤੋਂ ਬਾਅਦ ਤੁਸੀਂ ਸੁਖ ਅਤੇ ਸ਼ਾਂਤੀ ਮਹਿਸੂਸ ਕਰੋ।"**

ਪੈਣ ਲਈ ਅੱਗੇ ਵਧਿਆ, ਪਰ ਉਸ ਨੇ ਫਟਾਫਟ ਦਰਵਾਜ਼ਾ ਬੰਦ ਕਰ ਲਿਆ। ਅਸੀਂ ਹੈਰਾਨੀ ਅਤੇ ਪ੍ਰੇਸ਼ਾਨੀ ਵਿਚ ਡੁੱਬੇ, ਘੁੱਪ ਹਨੇਰੇ ਦੇ ਆਲਮ ਵਿਚ ਹਾਈ ਕੋਰਟ ਪਹੁੰਚ ਗਏ। ਉਥੇ ਅਸੀਂ ਫ਼ੌਜੀ ਕੇਸਾਂ ਦੇ ਮਾਹਰ ਪ੍ਰਸਿੱਧ ਵਕੀਲ ਨੂੰ ਮਿਲੇ। ਉਸ ਨੇ ਸਾਡਾ ਕੇਸ ਪੜ੍ਹ ਕੇ ਨਿਰਾਸ਼ਾ ਭਰਿਆ ਉੱਤਰ ਦਿੱਤਾ ਕਿ ਤੁਹਾਡਾ ਕੇਸ ਐਵੇਂ ਥੋੜ੍ਹੀ ਜਿਹੀ ਦਲੀਲ ਨਾਲ ਜਿੱਤਿਆ ਜਾਣ ਵਾਲਾ ਸੀ, ਇਸ ਵਿਚੋਂ ਪੱਖਪਾਤ ਸਾਫ਼ ਨਜ਼ਰ ਆਉਂਦਾ ਹੈ, ਪਰ ਹੁਣ ਕੁਝ ਨਹੀਂ ਹੋ ਸਕਦਾ, ਕਿਉਂਕਿ ਤੁਹਾਡੇ ਵਕੀਲ ਨੇ 30 ਦਿਨਾਂ ਦਾ ਰੀਵਿਊ ਸਮਾਂ ਵੀ ਅਤੇ 90 ਦਿਨਾਂ ਦਾ ਸੁਪਰੀਮ ਕੋਰਟ ਵਿਚ ਅਪੀਲ ਦਾ ਸਮਾਂ ਵੀ ਲੰਘਾ ਦਿੱਤਾ ਹੈ। ਨਾਲ ਹੀ ਉਸ ਨੇ ਉਸ ਧੋਖੇਬਾਜ਼ ਵਕੀਲ ਬਾਰੇ ਵੀ ਸਭ ਕੁਝ ਦੱਸਿਆ।

ਅਸੀਂ ਬੇਵੱਸ ਅਤੇ ਬੇਆਸ ਹੋ ਕੇ ਵਾਪਸ ਆ ਰਹੇ ਸਾਂ ਅਤੇ ਸੋਚਿਆ ਕਿ ਚਲੋ ਬਾਦਲ ਸਾਹਿਬ ਨੂੰ ਮਿਲ ਲਿਆ ਜਾਵੇ। ਬਾਦਲ ਸਾਹਿਬ ਦੀ ਕੋਠੀ ਵਿਚ ਉਨ੍ਹਾਂ ਨਾਲ ਸਾਡੀ ਮੁਲਾਕਾਤ ਹੋ ਗਈ। ਅਸਾਂ ਆਪਣੀ ਵਿਥਿਆ ਦੱਸੀ। ਬਾਦਲ ਸਾਹਿਬ ਕਹਿੰਦੇ, "ਇਹ ਫ਼ੌਜ ਦਾ ਮਾਮਲਾ ਹੈ, ਇਸ ਵਿਚ ਮੈਂ ਕੁਝ ਨਹੀਂ ਕਰ ਸਕਦਾ।" ਮੇਰੇ ਭਾਈ ਨੇ ਕਿਹਾ, "ਉਪ ਪ੍ਰਧਾਨ ਮੰਤਰੀ ਦੇਵੀ ਲਾਲ ਤੁਹਾਡੇ ਮਿੱਤਰ ਹਨ, ਉਨ੍ਹਾਂ ਨੂੰ ਕਹਿ ਕੇ ਮੇਰੇ ਕੇਸ ਦੀ ਪੜਤਾਲ ਕਰਵਾ ਦਿਓ।" ਬਾਦਲ ਸਾਹਿਬ ਕਹਿੰਦੇ, "ਇਹ ਕੰਮ ਮੈਂ ਨਹੀਂ ਕਰ ਸਕਦਾ। ਜਵਾਨਾ ਤੇਰਾ ਕੋਈ ਕਸੂਰ ਤਾਂ ਹੋਵੇਗਾ ਈ, ਤਾਂ ਈ ਤੈਨੂੰ ਫ਼ੌਜ ਨੇ ਡਿਸਮਿਸ ਕੀਤੈ।" ਮੇਰਾ ਭਾਈ ਬੇਬਾਕ ਬੋਲ ਪਿਆ ਅਤੇ ਕਹਿ ਦਿੱਤਾ, "ਹਾਂ, ਮੇਰਾ ਕਸੂਰ ਸੀ 'ਧਰਮ-ਯੁੱਧ' ਮੋਰਚਾ। ਇਹ ਧਰਮ ਮੋਰਚਾ ਤੁਸੀਂ ਸ਼ੁਰੂ ਕੀਤਾ ਕਿ ਅਸੀਂ? ਇਸ ਭਿਆਨਕ ਮੋਰਚੇ ਦੇ ਨਤੀਜਿਆਂ ਵਿਚੋਂ ਇਕ ਇਹ ਮੇਰਾ ਇਨਾਮ ਹੈ ਜੋ ਮੈਨੂੰ ਮਿਲਿਆ। ਕੀ ਲੋੜ ਸੀ ਧਰਮ-ਯੁੱਧ ਮੋਰਚੇ ਦੀ? ਇਥੇ ਕਿਸੇ ਧਰਮ ਨੂੰ ਕੋਈ ਖ਼ਤਰਾ ਨਹੀਂ ਸੀ।" ਉਦੋਂ ਹਾਲਾਤ ਇਹੋ ਜਿਹੇ ਸਨ ਕਿ ਬਾਦਲ ਸਾਹਿਬ ਫ਼ੌਜੀ ਦਾ ਇਹ ਉੱਤਰ ਚੁੱਪ-ਚਾਪ ਸੁਣ ਕੇ ਕਹਿਣ ਲੱਗੇ, "ਜਦੋਂ ਮੇਰੀ ਸਰਕਾਰ ਆਵੇਗੀ, ਮੈਂ ਤੈਨੂੰ ਕੋਈ ਚੰਗੀ ਨੌਕਰੀ ਦੇਵਾਂਗਾ।" ਮੇਰੇ ਭਾਈ ਨੇ ਆਖਿਆ, "ਜਦੋਂ ਤਕ ਤੁਹਾਡੀ ਸਰਕਾਰ ਆਵੇਗੀ, ਸਭ ਕੁਝ ਭੁੱਲ ਚੁੱਕਾ ਹੋਵੇਗਾ, ਉਦੋਂ ਤੁਹਾਨੂੰ ਮਿਲਣਾ ਬਹੁਤ ਮੁਸ਼ਕਲ ਹੋਵੇਗਾ।" ਇਸ ਦੇ ਜਵਾਬ ਵਿਚ ਬਾਦਲ ਸਾਹਿਬ ਨੇ ਸਾਨੂੰ ਆਪਣਾ ਪਛਾਣ ਕਾਰਡ ਦਿੱਤਾ ਜੋ ਕਾਫ਼ੀ ਦੇਰ ਤਕ ਮੇਰਾ ਫ਼ੌਜੀ ਭਾਈ ਆਪਣੇ ਨਾਲ ਲਈ ਫਿਰਦਾ ਰਿਹਾ, ਪਰ ਜਦੋਂ 1997 ਵਿਚ ਬਾਦਲ ਦੀ ਸਰਕਾਰ ਬਣੀ ਤਾਂ ਮੇਰੇ ਫ਼ੌਜੀ ਭਾਈ ਨੇ ਉਨ੍ਹਾਂ ਨੂੰ ਕਈ ਵਾਰ ਮਿਲਣ ਦੇ ਅਸਫ਼ਲ ਯਤਨ ਕੀਤੇ, ਪਰ ਖੇਡ ਖ਼ਤਮ। ਭਲਾ ਜ਼ੈਡ ਪਲੱਸ ਸੁਰੱਖਿਆ ਵਿਚ ਮੁੱਖ ਮੰਤਰੀ ਵਰਗੀ ਹਸਤੀ ਨੂੰ ਆਮ ਬੰਦੇ ਦਾ ਮਿਲਣਾ ਕੋਈ ਬੱਚਿਆਂ ਦੀ ਖੇਡ ਹੈ? ਮੇਰਾ ਭਾਈ ਦਿਨੋ ਦਿਨ ਢਹਿੰਦੀ ਕਲਾ ਵਿਚ ਹੀ ਗਰਕਦਾ ਗਿਆ।

ਜਨਵਰੀ 1989 ਤੋਂ 24 ਅਗਸਤ 2012 ਤਕ ਇਸ ਕਾਲੇ ਅਤੇ ਮਨਹੂਸ ਕਾਂਡ ਦਾ ਬਿਰਤਾਂਤ ਇਉਂ ਚੱਲਿਆ ਕਿ ਇਸ ਬੰਦੇ ਨੇ ਕਦੇ ਸਾਈਕਲ, ਕਦੇ ਪੈਦਲ ਅਤੇ ਕਦੇ ਸਕੂਟਰ ਨਾਲ ਆਪਣਾ ਲੰਮਾ ਚੌੜਾ ਸਫ਼ਰ ਜਾਰੀ ਰੱਖਿਆ। ਕਦੇ ਭਗਵੇਂ ਕੱਪੜੇ ਪਹਿਨ ਲੈਂਦਾ, ਕਦੇ ਸਫੈਦ, ਕਦੇ ਕਾਲੇ, ਕਦੇ ਨੀਲੇ, ਕਦੇ ਹਰੇ। ਗੁਰਦੁਆਰਿਆਂ, ਮੰਦਰਾਂ, ਦਰਗਾਹਾਂ, ਡੇਰਿਆਂ, ਸੰਤਾਂ-ਬਾਬਿਆਂ ਕੋਲ ਜਾਂਦਾ। ਅਤਿ ਬੇਚੈਨ। ਬੜਾ ਸਾਊ ਸੁਲਝਿਆ ਅਤੇ ਦਾਨਿਸ਼ਮੰਦ ਲੱਗਦਾ। ਕਦੇ ਕਈ ਕਈ ਦਿਨ ਲਗਾਤਾਰ ਸ਼ਰਾਬ ਦੀਆਂ ਬੋਤਲਾਂ ਦੀਆਂ ਬੋਤਲਾਂ ਪੀ ਜਾਂਦਾ। ਕਦੇ 6-6 ਮਹੀਨੇ ਭੰਗ ਹੀ ਪੀਵੀ ਜਾਂਦਾ। ਅਖੰਡ ਪਾਠਾਂ ਅਤੇ ਕਥਾ ਕਰਨ ਤੋਂ ਭੇਟਾ ਪ੍ਰਾਪਤ ਹੁੰਦੀ, ਉਹ ਲੋਕਾਂ ਵਿਚ ਵਰਤਾਅ ਛੱਡਦਾ। ਪਿਛਲੇ ਇਕ ਸਾਲ ਤੋਂ ਉਹ ਲਗਾਤਾਰ ਮੌਤ ਦੇ ਸੰਪਰਕ ਵਿਚ ਰਿਹਾ।

ਕਦੇ ਰਾਤ ਸੁੱਤਿਆਂ ਪਿਆਂ ਮੰਜੇ ਤੋਂ ਉਠਦਾ ਅਤੇ ਧੜੰਮ ਥੱਲੇ ਗਲੀ ਵਿਚ ਡਿੱਗ ਪੈਂਦਾ। ਕਦੇ ਅਚਾਨਕ ਕਿਸੇ ਗੁਰਦੁਆਰਾ ਸਾਹਿਬ ਵਿਚ ਪਾਸੇ ਪੈਂਦੀ ਖੜ੍ਹੱਲ ਵਿਚ ਸਾਰੀ ਰਾਤ ਡਿੱਗਾ ਰਹਿੰਦਾ। ਦੋ ਵਾਰ ਸਕੂਟਰ ਨਾਲ ਭਿਆਨਕ ਐਕਸੀਡੈਂਟ ਹੋਏ। ਇਕ ਵਾਰ ਰਾਤ ਨੂੰ ਕੋਈ ਗੱਡੀ ਫੇਟ ਮਾਰ ਕੇ ਉਸ ਨੂੰ ਲਹੂ-ਲੁਹਾਣ ਕਰ ਗਈ। ਮੈਂ ਕੋਈ ਪਾਗਲਖ਼ਾਨਾ, ਕੋਈ ਨਸ਼ਾ-ਛੁਡਾਊ ਕੇਂਦਰ, ਕੋਈ ਡਾਕਟਰ ਵੱਡਾ-ਛੋਟਾ ਨਹੀਂ ਛੱਡਿਆ ਜਿਥੇ ਇਸ ਨੂੰ ਨਾ ਲਿਜਾਇਆ ਹੋਵੇ। ਬਹੁਤ ਧਨ ਉਜਾੜਿਆ। ਸਾਰਾ ਪਰਿਵਾਰ ਬੇਹੱਦ ਕਸ਼ਟ ਸਹਾਰਦਾ ਰਿਹਾ। ਇਸ ਬੰਦੇ ਨੇ ਆਪਣੀ ਮਾਂ ਦੀ ਗੰਭੀਰ ਬਿਮਾਰੀ ਵਿਚ ਆਪਣੀ ਮਾਂ ਨੂੰ ਖ਼ੂਨ ਦਿੱਤਾ। ਬਾਪ ਦੀਆਂ ਅੱਖਾਂ ਬਣਵਾਈਆਂ। ਲੋੜਵੰਦਾਂ ਨੂੰ ਕਈ ਵਾਰ ਖ਼ੂਨਦਾਨ ਕੀਤਾ। ਬਿਲਕੁਲ ਠੀਕ ਜਾਪਣ ਲੱਗ ਪਿਆ। ਮੈਨੂੰ ਹਰ ਵਾਰ ਹਵਾਈ ਅੱਡੇ ਤੋਂ ਇਹੋ ਹੀ ਲੈਣ ਆਉਂਦਾ ਤੇ ਇਹੋ ਹੀ ਛੱਡਣ ਆਉਂਦਾ। ਪਿਛਲੇ ਇਕ ਸਾਲ ਤੋਂ ਕਦੇ ਹਾਲਤ ਬਹੁਤ ਵਧੀਆ, ਕਦੇ ਬਹੁਤ ਮਾੜੀ। ਉਹਦੇ ਮਰਨ ਤੋਂ ਅੱਠ ਕੁ ਦਿਨ ਪਹਿਲਾਂ ਮੇਰੇ ਨਾਲ ਉਹਦੀ ਆਖ਼ਰੀ ਗੱਲਬਾਤ ਹੋਈ। ਕਹਿੰਦਾ, "ਮੈਂ ਜਿਉਣਾ ਵੀ ਚਾਹੁੰਦਾ ਹਾਂ ਤੇ ਮਰਨਾ ਵੀ ਚਾਹੁੰਦਾ ਹਾਂ। ਫਿਰ ਮੈਂ ਸੋਚਦਾ ਹਾਂ, ਇਨ੍ਹਾਂ ਦੋਹਾਂ ਕੰਮਾਂ ਵਿਚ ਹੀ ਨਾ ਕੋਈ ਫਾਇਦਾ ਹੈ ਨਾ ਨੁਕਸਾਨ। ਜੇ ਮੈਂ ਮਰਨ ਲਈ ਤਿਆਰ ਹੋ ਕੇ ਜਾਂਦਾ ਹਾਂ ਤਾਂ ਮੌਤ ਮੈਨੂੰ ਜ਼ਿੰਦਗੀ ਵਾਲੇ ਪਾਸੇ ਮੋੜ ਦਿੰਦੀ ਹੈ ਤੇ ਜੇ ਮੈਂ ਜ਼ਿੰਦਗੀ ਜਿਉਣ ਲਈ ਤਿਆਰੀ ਫੜਦਾ ਹਾਂ ਤਾਂ ਜ਼ਿੰਦਗੀ ਮੈਨੂੰ ਮੌਤ ਵੱਲ ਨੂੰ ਧਕੇਲ ਦਿੰਦੀ ਹੈ।...ਭਾਅ ਜੀ, ਮੈਂ ਕੀ ਕਰਾਂ? ਮੈਨੂੰ ਨਾ ਮੌਤ ਕਬੂਲ ਕਰਦੀ ਹੈ ਅਤੇ ਨਾ ਜ਼ਿੰਦਗੀ!

ਆਖ਼ਰ 24 ਅਗਸਤ 2012 ਨੂੰ ਸਵੇਰੇ 5 ਵਜੇ ਮੈਨੂੰ ਖ਼ਬਰ ਮਿਲ ਗਈ ਕਿ ਮਨਜੀਤ ਸਿੰਘ ਨੂੰ ਮੌਤ ਨੇ ਪ੍ਰਵਾਨ ਕਰ ਲਿਆ ਹੈ। ਉਹ ਚਲਾ ਗਿਆ ਸਦਾ ਲਈ, ਪਰ ਮਾਂ ਦੇ ਕੀਰਨੇ ਕੋਈ ਪੱਥਰ ਦਿਲ ਵੀ ਨਹੀਂ ਸਹਾਰ ਸਕਦਾ। ਉਸ ਦਾ ਨਾਂ ਤਾਂ ਮਾਂ ਨੇ ਮਨਜੀਤ ਸਿੰਘ ਰੱਖਿਆ, ਪਰ ਉਹ ਆਪਣੇ ਮਨ ਨੂੰ ਜਿੱਤ ਨਾ ਸਕਿਆ। ਉਹ ਦੂਜਿਆਂ ਨੂੰ ਗੁਰੂ ਅਤੇ ਗੁਰਬਾਣੀ ਨਾਲ ਜੋੜਦਾ ਰਿਹਾ ਪਰ ਆਪ ਰੱਤੀ ਵੀ ਨਾ ਜੁੜ ਸਕਿਆ। ਦੁਨੀਆਂ ਨੂੰ ਉਹ ਗੁਰਬਾਣੀ ਦੀ ਵਿਆਖਿਆ ਕਰ ਕੇ ਚਰਚਾ ਕਰਦਾ ਰਿਹਾ ਕਿ ਸਭ ਬਿਮਾਰੀਆਂ ਦਾ ਇਲਾਜ ਗੁਰਬਾਣੀ ਵਿਚ ਹੈ, ਪਰ ਉਹ ਗੁਰਬਾਣੀ ਵਿਚੋਂ ਆਪਣੀ ਬਿਮਾਰੀ ਦਾ ਇਲਾਜ ਨਾ ਲੱਭ ਸਕਿਆ। ਉਂਜ, ਕਿਸੇ ਨੂੰ ਉਸ ਦੇ ਆਖ਼ਰੀ ਸਾਹ ਤਕ ਇਹ ਪਤਾ ਨਾ ਲੱਗ ਸਕਿਆ ਕਿ ਉਹ ਬਿਮਾਰ ਸੀ ਜਾਂ ਤੰਦਰੁਸਤ। ਪਰਮਾਤਮਾ ਦਾ ਇਹ ਕੀ ਕੌਤਕ ਵਰਤ ਗਿਆ? ਉਹ ਸਾਧਾਰਨ ਬੰਦਾ ਸੀ, ਪਰ ਔਖੇ ਤੋਂ ਔਖੇ ਪ੍ਰਸ਼ਨਾਂ ਦਾ ਉਤਰ ਵੀ ਬਾਕਮਾਲ ਦਿੰਦਾ ਸੀ। ਪਰਮਾਤਮਾ ਦੀ ਇਸ ਖੇਡ ਦਾ ਕਿਸੇ ਨੂੰ ਵੀ ਇਲਮ ਨਹੀਂ। ਉਹ ਤਾਂ ਚੰਦ ਮਿੰਟਾਂ ਲਈ ਤਲਾਬ ਵਿਚ ਗੋਤੇ ਖਾ ਕੇ ਸਦਾ ਲਈ ਦੁੱਖਾਂ ਦੇ ਸਮੁੰਦਰ ਵਿਚੋਂ ਨਿਕਲ ਗਿਆ, ਪਰ ਜਿਹੜੇ ਗੋਤੇ ਮੈਂ ਹੁਣ ਆਪਣੇ ਆਖ਼ਰੀ ਸਾਹ ਤਕ ਖਾਂਦਾ ਰਹਾਂਗਾ, ਮੈਨੂੰ ਇਸ ਵਿਚੋਂ ਕੌਣ ਕੱਢੇਗਾ? ਰੱਬ ਹੀ ਜਾਣੇ!

# ਜੇ ਹੋਵਣ ਸੰਤ ਬਲਕਾਰ, ਪਵੇ ਨਾ ਮਾਰ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਕਈ ਵਾਰ ਜ਼ਿੰਦਗੀ ਦੀ ਗੱਡੀ 'ਸ਼ਤਾਬਦੀ ਐਕਸਪ੍ਰੈਸ' ਵਾਂਗ ਤੇਜ਼ ਰਫ਼ਤਾਰ ਦੌੜਦੀ ਅਚਾਨਕ ਨਗਰ ਕੀਰਤਨ ਵਿਚ ਸ਼ਾਮਲ 'ਟਰੈਕਟਰ-ਟਰਾਲੀ' ਵਾਂਗ ਹੌਲੀ ਹੋ ਜਾਂਦੀ ਹੈ। ਜ਼ਿੰਦਗੀ ਦੇ ਵੀਰਾਨੇ ਪੜਾਅ 'ਤੇ ਤੁਹਾਡੇ ਨਜ਼ਦੀਕੀ ਰਿਸ਼ਤੇਦਾਰ ਆਪਣੀ ਤਰੱਕੀ ਭਰੀ ਉਡਾਣ ਦਾ ਹਾਰਨ ਵਜਾ ਕੇ ਤੁਹਾਡੇ ਕੋਲ ਦੀ ਲੰਘ ਜਾਂਦੇ ਹਨ। ਉਹ ਤੁਹਾਡੇ ਸਭ ਤੋਂ ਨੇੜੇ ਹੁੰਦੇ ਹੋਏ ਸਭ ਤੋਂ ਦੂਰ ਚਲੇ ਜਾਂਦੇ ਹਨ। ਰੋਹੀ ਵਿਚ ਖੜ੍ਹੇ ਰੁੱਖ ਵਾਂਗ ਤੁਸੀਂ ਵੀ ਕਿਸੇ ਸਹਾਰੇ ਦੀ ਉਡੀਕ ਵਿਚ ਦਿਲ ਨੂੰ ਆਪ ਹੀ ਦਿਲਾਸੇ ਦੇਣ ਲੱਗ ਜਾਂਦੇ ਹੋ। ਤੁਹਾਡੀ ਇਕੱਲਤਾ ਵਾਲੇ ਜ਼ਖ਼ਮ ਉਤੇ ਮੱਦਦ ਰੂਪੀ ਮਲ੍ਹਮ ਲੱਗ ਜਾਂਦੀ ਹੈ ਜਦੋਂ ਕੋਈ ਤੁਹਾਡੀ ਮੱਦਦ ਲਈ ਆ ਜਾਂਦਾ ਹੈ। ਅਣਜਾਣ ਪੜਾਅ ਦੀ ਮਿਲਣੀ ਫਿਰ ਟਿੱਚ ਬਟਨਾਂ ਦੀ ਜੋੜੀ ਬਣ ਜਾਂਦੀ ਹੈ। ਇਸੇ ਤਰ੍ਹਾਂ ਜ਼ਿੰਦਗੀ ਵਿਚ ਵਾਪਰੀ ਹੋਈ ਸੱਚੀ ਕਹਾਣੀ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ। 'ਪੰਜਾਬੀ ਟਾਈਮਜ਼' ਦੇ ਜ਼ਰੀਏ ਮਾਂਵਾਂ ਵਰਗਾ ਪਿਆਰ ਦੇਣ ਵਾਲੀ ਇਕ ਮਾਂ ਨੇ ਆਪਣੀ ਹੱਡ-ਬੀਤੀ ਫਿਰ ਮੈਨੂੰ ਇੰਜ ਸੁਣਾਈ।

ਮੇਰੇ ਮਾਪਿਆਂ ਨੇ ਜਿਸ ਨਾਲ ਮੈਨੂੰ ਵਿਆਹਿਆ ਸੀ, ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤ ਸੀ। ਮੇਰੇ ਤਾਂ ਹੱਥਾਂ ਦੀ ਅਜੇ ਮਹਿੰਦੀ ਵੀ ਨਹੀਂ ਸੀ ਲੱਥੀ ਜਦੋਂ ਰੱਬ ਨੇ ਸਿਰ ਚਿੱਟੀ ਚੁੰਨੀ ਦੇ ਦਿੱਤੀ। ਸੱਸ-ਸਹੁਰੇ ਨੇ ਮਿਹਣੇ ਮਾਰੇ ਕਿ ਆਉਂਦੀ ਨੇ ਸਾਡਾ ਪੁੱਤ ਖੋਹ ਲਿਆ। ਦਾਜ ਵਾਲੇ ਸੂਟ ਤਾਂ ਅਜੇ ਸਵਾਏ ਵੀ ਨਹੀਂ ਸਨ; ਸੁਹਾਗ-ਪਟਾਰੀ ਤਾਂ ਆਪ ਦੁਲਹਨ ਵਾਂਗ ਸਜੀ ਪਈ ਸੀ ਜਦ ਰੰਡੇਪੇ ਨੇ ਦਬੋਚ ਲਿਆ। ਸਹੁਰਿਆਂ ਮੱਝ-ਗਾਂ ਸਮਝ ਫਿਰ ਮੇਰਾ ਰੱਸਾ ਮਾਪਿਆਂ ਹੱਥ ਫੜਾ ਦਿੱਤਾ। ਥੋੜ੍ਹਾ ਚਿਰ ਤਾਂ ਭਰਜਾਈਆਂ ਨੇ ਦਿਲਾਸੇ ਭਰਿਆ ਹੱਥ ਮੋਢੇ ਧਰਿਆ ਪਰ ਹੌਲੀ-ਹੌਲੀ ਉਹੀ ਹੱਥ ਮਿਹਣਿਆਂ ਵਾਸਤੇ ਮੇਰੇ ਵੱਲ ਬੰਦੂਕ ਵਾਂਗ ਸਿੱਧਾ ਹੋਣ ਲੱਗ ਗਿਆ। ਪਹਿਲਾਂ ਤਾਂ ਦੂਜਾ ਵਿਆਹ ਕਰਵਾਉਣ ਲਈ ਮੰਨਦੀ ਨਹੀਂ ਸੀ, ਫਿਰ ਮੈਂ ਪਹਿਲੇ ਵਿਆਹ ਅਤੇ ਭਰਜਾਈਆਂ ਨੂੰ ਭੁੱਲਣ ਵਾਸਤੇ ਬਾਪ ਨੂੰ 'ਹਾਂ' ਕਰ ਦਿੱਤੀ। ਬਾਪ ਨੇ ਝੱਟ ਹੀ ਬਰਨਾਲੇ ਲਾਗੇ ਮੇਰਾ ਪੱਕ ਕਰ ਦਿੱਤਾ।

ਭਰਜਾਈਆਂ ਨੇ ਪੁਰਾਣੀਆਂ ਚੁੰਨੀਆਂ ਨੂੰ ਗੋਟੇ ਲਾ ਕੇ ਜਿਵੇਂ ਮੈਨੂੰ ਬੂਹਾ ਲੰਘਾਇਆ ਨਹੀਂ, ਸਗੋਂ ਧੱਕੇ ਮਾਰ ਕੇ ਕੱਢਿਆ ਹੋਵੇ! ਮਰੀ ਮਾਂ ਨੂੰ ਰੋ-ਰੋ ਕੇ ਕਹਿੰਦੀ ਕਿ ਮੈਨੂੰ ਮਾਰ ਕੇ ਕਿਉਂ ਨਾ ਮਰੀ!! ਫਿਰ ਨਵੇਂ ਡਰ ਦਾ ਗੋਲਾ ਸਾਹਾਂ ਵਿਚ ਦੌੜਦਾ ਲੈ ਕੇ ਮੈਂ ਕਿਸੇ ਦੀ ਨੂੰਹ ਤੇ ਕਿਸੇ ਦੀ ਘਰਵਾਲੀ ਬਣ ਦੁਬਾਰਾ ਸੁਹਾਗਣ ਹੋ ਗਈ। ਕੰਤ ਵਿਚਾਰਾ ਸਿੱਧਾ-ਸਾਦਾ ਜੱਟ ਤਿੰਨ ਭਰਾਵਾਂ ਦਾ ਚੌਥਾ ਤੇ ਸਭ ਨਾਲੋਂ ਛੋਟਾ ਸੀ ਜਿਸ ਨੇ ਮੈਨੂੰ ਇਕ ਦਿਨ ਵੀ ਦੁੱਖ ਦਾ ਨਹੀਂ ਦੇਖਣ ਦਿੱਤਾ। ਮੈਂ ਪੇਕੇ ਜਾਂਦੀ, ਬਾਪ ਨੂੰ ਮਿਲ ਮੁੜ ਆਉਂਦੀ। ਮੌਸਮ ਤੇ ਰੁੱਤਾਂ ਬਦਲਣ ਵਾਂਗ ਜ਼ਿੰਦਗੀ ਵਿਚ ਦੁੱਖ-ਸੁੱਖ ਆਉਂਦੇ ਜਾਂਦੇ ਰਹੇ, ਪਰਮਾਤਮਾ ਨੇ ਮੈਨੂੰ ਦੋ ਧੀਆਂ ਤੇ ਇਕ ਪੁੱਤਰ ਦਿੱਤਾ। ਮੈਨੂੰ ਵੱਖਰਾ ਸਕੂਨ ਮਿਲਦਾ ਕਿ ਮੈਂ ਸੁਹਾਗਣ ਵੀ ਹਾਂ ਤੇ ਮਾਂ ਵੀ ਹਾਂ। ਮੈਨੂੰ ਨਹੀਂ ਸੀ ਪਤਾ ਕਿ ਇਹ ਸਭ ਕੁਝ ਥੋੜ੍ਹੇ ਸਮੇਂ ਦਾ ਹੀ ਮਹਿਮਾਨ ਹੈ।

ਇਕ ਦਿਨ ਮੇਰਾ ਕੰਤ ਘਰੋਂ ਸ਼ਹਿਰ ਨੂੰ ਸਕੂਟਰ ਲੈ ਕੇ ਨਰਮੇ 'ਤੇ ਸਪਰੇਅ ਕਰਨ ਵਾਸਤੇ ਦਵਾਈ ਲੈਣ ਤੁਰਨ ਲੱਗਿਆ ਤਾਂ ਸੌਦੇ-ਪੱਤੇ ਦੀ ਪਰਚੀ ਜੇਬ ਵਿਚ ਪਾ ਦਿੱਤੀ। ਮੈਨੂੰ ਮਖੌਲ ਜਿਹੇ ਕਰਦਾ ਘਰੋਂ ਤੁਰ ਪਿਆ। ਮੈਂ ਵੀ ਮਖੌਲ ਦਾ ਮੋੜ ਦੇ ਕੇ ਖੁਸ਼ ਹੋ ਗਈ। ਦਿਨ ਢਲ ਗਿਆ, ਮੈਂ ਧਾਰਾਂ ਚੋਂਦੀ ਸੀ, ਜਦੋਂ ਬੂਹੇ ਅੱਗੇ ਵੈਨ ਆ ਕੇ ਰੁਕੀ। ਜਦ ਭੱਜ ਕੇ ਦੇਖਿਆ ਤਾਂ ਮੇਰਾ ਕੰਤ ਮੈਨੂੰ ਇਕੱਲੀ ਛੱਡ ਕੇ ਇਸ ਦੁਨੀਆਂ ਤੋਂ ਜਾ ਚੁੱਕਾ ਸੀ। ਮੈਂ ਪੱਥਰ ਬਣ ਗਈ। ਮੈਨੂੰ ਪਤਾ ਨਾ ਲੱਗਿਆ ਕਦੋਂ ਮੇਰੇ ਕੰਤ ਦਾ ਸਹਿਜ ਪਾਠ ਅਰੰਭ ਹੋਇਆ ਤੇ ਕਦੋਂ ਸੰਪੂਰਨ ਹੋ ਗਿਆ ਪਰ ਇਕ ਚਿਹਰਾ ਅੱਖਾਂ ਅੱਗੇ ਰਹਿੰਦਾ ਜਿਹੜਾ ਕੰਤ ਨੂੰ ਵੈਨ ਵਿਚੋਂ ਲੈ ਕੇ ਆਇਆ ਸੀ ਜੋ ਕੰਤ ਦੇ ਭੋਗ ਤੋਂ ਬਾਅਦ ਵੀ ਸਾਡੇ ਘਰ ਹੀ ਰਹਿ ਰਿਹਾ ਸੀ। ਇਸ ਚਿਹਰੇ ਬਾਰੇ ਸਭ ਨੇ ਪੁੱਛਿਆ ਕਿ ਇਹ ਕੌਣ ਹੈ। ਮੈਂ ਪਤਾ ਨਹੀਂ ਕਿਵੇਂ ਝੂਠ ਬੋਲ ਗਈ ਕਿ ਇਹ ਕੰਤ ਦਾ ਮਿੱਤਰ ਹੈ। ਇਹ ਸੁਣ ਸਾਰੇ ਚੁੱਪ ਹੋ ਗਏ ਪਰ ਮੈਂ ਸੋਚਣ ਲੱਗ ਪਈ।

ਇਸ ਅਜਨਬੀ ਚਿਹਰੇ ਨੂੰ ਉਸ ਦਾ ਨਾਂ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਮੇਰਾ ਨਾਂ ਸੰਤ ਹੈ। ਹੁਣ ਸੰਤ ਸਾਡੇ ਸਾਂਝੀ ਨਾਲ ਖੇਤ ਕੰਮ ਕਰਵਾਉਣ ਜਾਂਦਾ, ਨਰਮੇ 'ਤੇ ਸਪਰੇਅ ਕਰ ਦਿੱਤੀ। ਜੇਠਾਂ ਦੇ ਘਰ ਵੱਖਰੇ ਸਨ, ਖੇਤੀਬਾੜੀ ਵੀ ਵੱਖਰੀ ਸੀ। ਸੰਤ ਕੋਲ ਹੋਰ ਕੋਈ ਸੂਟ ਨਹੀਂ ਸੀ। ਮੈਂ ਆਪਣੇ ਕੰਤ ਦੇ ਕੱਪੜੇ ਕੱਢ ਕੇ ਸੰਤ ਨੂੰ ਦੇ ਦਿੱਤੇ। ਉਸ ਦੇ ਸਾਰੇ ਕੱਪੜੇ ਪੂਰੇ ਫਿੱਟ ਆ ਗਏ। ਉਹ ਵਿਹੜੇ ਵਿਚ ਕੰਮ ਕਰਦਾ ਫਿਰਦਾ ਤਾਂ ਮੈਨੂੰ ਇਉਂ ਲੱਗਦਾ ਜਿਵੇਂ ਮੇਰਾ ਕੰਤ ਤੁਰਿਆ ਫਿਰਦਾ ਹੋਵੇ। ਮੈਂ ਡਰ ਜਾਂਦੀ ਕਿ ਮੈਂ ਸੁੱਖੀ-ਸਾਂਦੀ ਚਿੱਟੀ ਚੁੰਨੀ ਕਿਉਂ ਲਈ ਫਿਰਦੀ ਹਾਂ! ਮੇਰਾ ਕੰਤ ਤਾਂ ਅਜੇ ਜਿਉਂਦਾ ਹੈ ਪਰ ਕੰਤ ਮੁੱਕਿਆਂ ਤਾਂ ਦੋ ਮਹੀਨੇ ਬੀਤ ਚੁੱਕੇ ਸਨ।

ਇਕ ਦਿਨ ਖੇਤ ਰੋਟੀ ਲੈ ਕੇ ਗਈ। ਨਰਮਾ ਬੰਦੇ ਨਾਲੋਂ ਵੀ ਉੱਚਾ ਖੜ੍ਹਾ ਸੀ। ਮੱਕੀ ਤੇ ਚਰੀ ਦੀ ਹਰਿਆਵਲ ਦੇਖ ਕੇ ਇੰਜ ਲੱਗਦਾ ਸੀ ਕਿ ਮੇਰੀ ਜ਼ਿੰਦਗੀ ਵਿਚ ਕਦੇ ਪਤਝੜ ਆਈ ਹੀ ਨਹੀਂ। ਵੱਟ-ਬੰਨਾ ਇੰਨਾ ਸੰਵਾਰਿਆ ਹੋਇਆ ਸੀ ਜਿਵੇਂ ਕਦੇ ਉਥੇ ਘਾਹ ਉਗਿਆ ਹੀ ਨਹੀਂ ਸੀ। ਸਾਡਾ ਸਾਂਝੀ (ਸੀਰੀ) ਪਹਿਲਾਂ ਨਾਲੋਂ ਵੀ ਵੱਧ ਖੁਸ਼ ਸੀ। ਉਹ ਆਪਣੇ ਘਰ ਪੱਠੇ-ਦੱਥੇ ਵੀ ਵੱਧ ਲੈ ਜਾਂਦਾ।

ਬੱਤੀ ਸਾਲ ਦੀ ਮੇਰੀ ਉਮਰ ਸੀ ਜਿਸ ਦਿਨ ਮੈਂ ਦੁਬਾਰਾ ਵਿਧਵਾ ਹੋਈ ਸੀ। ਬੱਚੇ ਛੋਟੇ ਹੀ ਸਨ ਜਦੋਂ ਉਨ੍ਹਾਂ ਦਾ ਬਾਪ ਰੋਂਦਿਆਂ ਨੂੰ ਛੱਡ ਗਿਆ ਸੀ। ਹੁਣ ਬੱਚੇ ਬਾਪ ਨੂੰ ਘੱਟ ਯਾਦ ਕਰਦੇ ਪਰ ਸੰਤ ਦੀ ਬੁੱਕਲ ਵਿਚ ਜ਼ਿਆਦਾ ਰਹਿੰਦੇ। ਸੱਚ ਜਾਣੀ, ਮੇਰਾ ਦਿਲ ਵੀ ਸੰਤ ਦੇ ਨੇੜੇ ਹੋਣ ਲੱਗਿਆ, ਪਤਾ ਨਹੀਂ ਕਿਉਂ? ਫਿਰ ਭਰਾ ਤੇ ਭਰਜਾਈ ਆ ਕੇ ਬਹੁਤ ਬੋਲੇ ਕਿ ਇਹ ਕੌਣ ਹੈ? ਇਸ ਨੂੰ ਕਿਉਂ ਰੱਖਿਆ? ਤੇਰਾ ਕੀ ਲੱਗਦਾ ਹੈ? ਸਾਡੇ ਖਾਨਦਾਨ ਦੀ ਨੱਕ ਵਢਾਈ ਜਾਂਦੀ ਏਂ। ਇਸ ਨੂੰ ਘਰੋਂ ਕੱਢ, ਨਹੀਂ ਸਾਡੇ ਨਾਲ ਵਰਤਣਾ ਛੱਡ ਦੇ।...ਇਸੇ ਤਰ੍ਹਾਂ ਦੇ ਬੋਲ ਜੇਠ ਬੋਲ ਕੇ ਜਾਂਦੇ ਪਰ ਸੰਤ ਬੁੱਲ੍ਹਾਂ 'ਤੇ ਚੁੱਪ ਦਾ ਜਿੰਦਰਾ ਲਾ ਕੇ ਸਭ ਸੁਣ ਲੈਂਦਾ।

ਨਰਮਾ ਚੁਗਿਆ, ਮੱਕੀ ਕੱਢੀ, ਮੇਰੇ ਘਰ ਰੱਖਣ ਲਈ ਥਾਂ ਥੁੜ੍ਹ ਗਈ। ਜੇਠ ਹੈਰਾਨ ਹੋ ਗਏ। ਪਸ਼ੂਆਂ ਦੇ ਦੁੱਧ ਵਿਚ ਦੂਣੀ ਬਰਕਤ ਹੋ ਗਈ। ਮੈਂ ਆੜ੍ਹਤੀਆਂ ਦਾ ਕਰਜ਼ਾ ਲਾਹ ਦਿੱਤਾ। ਅਗਲੀ ਫ਼ਸਲ ਲਈ ਖਾਦ ਵੀ ਨਕਦ ਚੁੱਕ ਲਿਆਂਦੀ ਪਰ ਸੰਤ ਦੇ ਅਹਿਸਾਨਾਂ ਵਾਲਾ ਕਰਜ਼ਾ ਚੜ੍ਹਦਾ ਗਿਆ। ਘਰ ਦੀਆਂ ਵੀ ਕਈ ਚੀਜ਼ਾਂ ਬਣਾ ਲਈਆਂ। ਸ਼ਹਿਰ ਗਈ ਸੰਤ ਦੇ ਸਵੈਟਰ ਲਈ ਉਨ ਲੈ ਆਈ। ਸੰਤ ਦੀ ਹਿੱਕ ਗਿੱਠ ਨਾਲ ਨਾਪਣ ਲੱਗੀ। ਜਦ ਪੇਟ 'ਤੇ ਹੱਥ ਰੱਖਿਆ ਤਾਂ ਸੰਤ ਨੇ ਮੂੰਹ ਦੂਜੇ ਪਾਸੇ ਕਰ ਲਿਆ। ਸੰਤ ਨੇ ਕਦੇ ਮੈਨੂੰ ਬੁਰੀ ਅੱਖ ਨਾਲ ਨਹੀਂ ਤੱਕਿਆ ਸੀ, ਨਾ ਹੀ ਕਦੇ ਕੋਈ ਦੋ-ਤਰਫ਼ਾ ਸ਼ਬਦ ਮੂੰਹੋਂ ਕੱਢਿਆ ਸੀ। ਕੰਤ ਨੂੰ ਮਰਿਆਂ ਸਾਲ ਹੋ ਚੁੱਕਾ ਸੀ। ਆਮਦਨ ਪੱਖੋਂ ਮੈਂ ਪੂਰੀ ਸੰਤੁਸ਼ਟ ਸੀ ਪਰ ਸੰਤ ਨੇ ਰਾਤਾਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਆਂਢਣਾਂ-ਗੁਆਂਢਣਾਂ ਦੇ ਮਿਹਣੇ ਸੁਣਦੀ ਦੇ ਕੰਨ ਪੱਕ ਗਏ ਸਨ। ਫਿਰ ਮਨ ਨੂੰ ਤਕੜਾ ਕਰਦੀ ਕਿ ਜੋ ਲੋਕ ਸੋਚਦੇ ਹਨ, ਉਸ ਨੂੰ ਮੈਂ ਹਕੀਕਤ ਵਿਚ ਬਦਲ ਦੇਵਾਂ; ਫਿਰ ਜੋ ਲੋਕ ਕਹਿੰਦੇ ਹਨ ਕਹੀ ਜਾਣ। ਮੈਂ ਮਨ ਪਕਾ ਕੇ ਤੁਰ ਪਈ, ਸੰਤ ਦਾ ਜਾ ਬੂਹਾ ਖੜਕਾਇਆ।

"ਜੀਤ ਕੀ ਗੱਲ ਹੋ ਗਈ, ਐਨੀ ਰਾਤ ਗਈ ਸਭ ਠੀਕ ਠਾਕ ਤਾਂ ਹੈ?" ਸੰਤ ਨੇ ਕਈ ਸਵਾਲ ਇਕੱਠੇ ਪੁੱਛ ਲਏ।

ਮੈਂ ਬਗੈਰ ਬੋਲਿਆਂ ਅੰਦਰ ਲੰਘ ਗਈ ਤੇ ਮੰਜੇ 'ਤੇ ਬੈਠ ਗਈ।

"ਸੰਤ ਤੁਸੀਂ ਵੀ ਬੈਠ ਜਾਵੋ।" ਮੈਂ ਪਹਿਲੀ ਵਾਰ ਉਸ ਦਾ ਨਾਂ ਲਿਆ ਸੀ।

"ਸੰਤ, ਲੋਕ ਤੇਰੇ ਮੇਰੇ ਬਾਰੇ ਕੁਝ ਚੰਗਾ ਨਹੀਂ ਸੋਚਦੇ। ਮੈਂ ਲੋਕਾਂ ਦਾ ਮੂੰਹ ਬੰਦ ਕਰਨਾ ਚਾਹੁੰਦੀ ਹਾਂ। ਮੈਨੂੰ ਤੁਹਾਡੇ ਸਾਥ ਦੀ ਜ਼ਰੂਰਤ ਹੈ।" ਮੈਂ ਇੱਕੋ ਸਾਹ ਨਾਲ ਆਖ ਗਈ।

"ਜੀਤ ਹੋਸ਼ ਵਿਚ ਆ। ਸੰਤ ਦੀ ਪਰਿਭਾਸ਼ਾ ਬਦਲਣ ਦੀ ਕੋਸ਼ਿਸ਼ ਨਾ ਕਰ। ਅਜੇ ਵੀਰ ਦਾ ਸਿਵਾ ਵੀ ਠੰਢਾ ਨਹੀਂ ਹੋਇਆ।" ਸੰਤ ਨੇ ਮੈਨੂੰ ਸਮਝਾਉਂਦਿਆਂ ਉਤਰ ਦਿੱਤਾ।

"ਕਿਹੜੀ ਪਰਿਭਾਸ਼ਾ ਦੀ ਗੱਲ ਕਰਦਾ ਏਂ। ਉਹ ਤਾਂ ਕਦੋਂ ਦੀ ਬਦਲ ਚੁੱਕੀ ਹੈ। ਹੁਣ ਤੈਨੂੰ ਬਦਲਣ ਦੀ ਲੋੜ ਹੈ।" ਮੈਂ ਉਹਦਾ ਹੱਥ ਘੁੱਟਦਿਆਂ ਕਿਹਾ।

"ਚਾਰ ਪਾਖੰਡੀ ਸਾਧ ਸੰਤ ਦੀ ਪਰਿਭਾਸ਼ਾ ਨਹੀਂ ਬਦਲ ਸਕਦੇ, ਨਾ ਮੈਂ ਹੀ ਬਦਲਾਂਗਾ।" ਉਸ ਨੇ ਆਪਣਾ ਹੱਥ ਪਿੱਛੇ ਖਿੱਚ ਲਿਆ।

"ਅਸੀਂ ਵਿਆਹ ਕਰਵਾ ਲਈਏ, ਨਹੀਂ ਮੈਨੂੰ ਮੇਰੇ ਹਾਲ 'ਤੇ ਛੱਡ ਜਾਵੋ। ਮੈਂ ਨਿੱਤ ਦੇ ਮਿਹਣਿਆਂ ਤੋਂ ਆਜ਼ਾਦ ਹੋਣਾ ਚਾਹੁੰਦੀ ਹਾਂ।"

"ਜੀਤ, ਆਪਣੇ ਕਮਰੇ ਵਿਚ ਜਾਹ, ਬੱਚੇ ਉਠ ਜਾਣਗੇ, ਸਵੇਰੇ ਗੱਲ ਕਰਦੇ ਹਾਂ।" ਉਸ ਨੇ ਮੇਰੀ ਬਾਂਹ ਫੜ ਕੇ ਉਠਉਂਦਿਆਂ ਕਿਹਾ।

ਸਵੇਰੇ ਸੰਤ ਨੇ ਜਾਣ ਦੀ ਤਿਆਰੀ ਕਰ ਲਈ। ਉਸ ਨੂੰ ਤੁਰਦਾ ਦੇਖ ਕੇ ਮੇਰੀ ਚੀਕ ਨਿਕਲ ਗਈ। ਉਸ ਦੀ ਬਾਂਹ ਫੜ ਲਈ ਤੇ ਬੋਲੀ ਕਿ ਤੂੰ ਮੈਨੂੰ ਛੱਡ ਕੇ ਨਹੀਂ ਜਾ ਸਕਦਾ। ਮੇਰਾ ਤੇਰੇ ਬਿਨਾਂ ਇਸ ਜੱਗ 'ਤੇ ਕੋਈ ਨਹੀਂ। ਮੈਂ ਰੋ-ਪਿੱਟ ਕੇ ਥੱਲੇ ਬੈਠ ਗਈ। ਸੰਤ ਨੇ ਬਾਹੋਂ ਫੜ ਕੇ ਮੰਜੇ 'ਤੇ ਬਿਠਾਉਂਦਿਆਂ ਕਿਹਾ ਕਿ ਮੈਂ ਨਹੀਂ ਜਾਂਦਾ, ਪਰ ਤੈਂ ਮੈਨੂੰ ਕਦੇ ਨਹੀਂ ਪੁੱਛਿਆ ਕਿ ਮੈਂ ਕੌਣ ਹਾਂ! ਜੀਤ ਤੈਨੂੰ ਅੱਜ ਦੱਸਦਾ ਹਾਂ ਕਿ ਮੈਂ ਕੌਣ ਹਾਂ...

ਮੇਰਾ ਵੀ ਇਹੀ ਪਿੰਡ ਹੈ। ਅੱਜ ਤੋਂ ਵੀਹ ਸਾਲ ਪਹਿਲਾਂ ਮੇਰੇ ਮਾਪੇ ਘਰ-ਬਾਰ-ਜ਼ਮੀਨ ਵੇਚ ਕੇ ਯੂ.ਪੀ. ਚਲੇ ਗਏ ਸਨ। ਅਸੀਂ ਤਿੰਨ ਭਰਾ ਹਾਂ। ਮੈਂ ਸਭ ਤੋਂ ਛੋਟਾ ਸੀ। ਵੱਡੇ ਭਰਾ ਦਾ ਉਥੇ ਵਿਆਹ ਕਰ ਦਿੱਤਾ। ਅਸੀਂ ਛੋਟੇ ਦੋਵੇਂ ਪੜ੍ਹਦੇ ਸੀ। ਸਮਾਂ ਬੀਤਿਆ, ਦੂਜੇ ਭਰਾ ਦਾ ਵੀ ਵਿਆਹ ਹੋ ਗਿਆ। ਮੈਂ ਪੜ੍ਹ-ਲਿਖ ਕੇ ਕੁਝ ਬਣਨਾ ਚਾਹੁੰਦਾ ਸੀ। ਵੱਡੇ ਭਰਾ ਦੇ ਦੋ ਬੱਚੇ ਹੋ ਗਏ। ਪਰਿਵਾਰ ਵਧਦਾ ਗਿਆ ਪਰ ਪਰਿਵਾਰ ਵਿਚ ਇਤਫ਼ਾਕ ਭੋਰਾ ਵੀ ਨਾ ਘਟਿਆ। ਫਿਰ ਖੁਸ਼ ਵੱਸਦੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ, ਜਦੋਂ ਵੱਡੇ ਭਰਾ 'ਤੇ ਆਸਮਾਨੀ ਬਿਜਲੀ ਡਿੱਗ ਪਈ ਤੇ ਭਰਾ ਖੜ੍ਹਾ ਹੀ ਸੁਆਹ ਹੋ ਗਿਆ। ਅਸੀਂ ਇਹ ਖ਼ਬਰ ਸੁਣ ਕੇ ਪੱਥਰ ਦੇ ਬੁੱਤ ਬਣ ਗਏ।

ਭਰਾ ਦੇ ਭੋਗ ਤੋਂ ਬਾਅਦ ਵੱਡੀ ਭਾਬੀ ਨੂੰ ਮੇਰੇ ਸਿਰ ਬਿਠਾਉਣ ਦੀਆਂ ਸਕੀਮਾਂ ਸ਼ੁਰੂ ਹੋ ਗਈਆਂ। ਮੈਂ ਮਾਂ ਵਰਗੀ ਭਾਬੀ ਨੂੰ ਘਰਵਾਲੀ ਕਿਵੇਂ ਬਣਾ ਸਕਦਾ ਸੀ ਜਿਹੜੀ ਮੇਰੇ ਨਾਲੋਂ ਅਠਾਰਾਂ ਸਾਲ ਵੱਡੀ ਸੀ? ਮੈਂ ਆਪਣੇ ਅਰਮਾਨਾਂ ਦਾ ਹੱਥੀਂ ਕਤਲ ਨਹੀਂ ਕਰ ਸਕਦਾ ਸੀ। ਹੋਰ ਕੋਈ ਚਾਰਾ ਨਾ ਚੱਲਦਾ ਦੇਖ ਕੇ ਮੈਂ ਘਰੋਂ ਭੱਜ ਗਿਆ ਤੇ ਬਲਕਾਰ ਸਿੰਘ ਤੋਂ ਸੰਤ ਬਣ ਗਿਆ। ਇਧਰ-ਉਧਰ ਭੱਜਦੇ ਫਿਰਦੇ ਨੂੰ ਇਸ ਪਿੰਡ ਦੀ ਯਾਦ ਆ ਗਈ। ਬਰਨਾਲੇ ਪਹੁੰਚ ਕੇ ਪਿੰਡ ਵਾਲਾ ਟੈਂਪੂ ਫੜਿਆ ਤਾਂ ਰਸਤੇ ਵਿਚ ਤੇਰਾ ਕੰਤ ਤੇ ਮੇਰਾ ਜਿਗਰੀ ਯਾਰ ਪਿਆਰਾ ਸੜਕ 'ਤੇ ਤੜਫਦਾ ਦੇਖਿਆ ਜਿਸ ਦਾ ਸਕੂਟਰ ਇਕ ਪਾਸੇ ਤੇ ਕੀੜੇ ਮਾਰ ਦਵਾਈ ਦੂਜੇ ਪਾਸੇ ਪਈ ਸੀ। ਦੇਖਣ ਵਾਲੇ ਪਿਆਰੇ ਨੂੰ ਚੁੱਕਣ ਦੀ ਬਜਾਏ ਆਖ ਰਹੇ ਸੀ ਕਿ ਜੱਟ ਨੇ ਕਰਜ਼ੇ ਤੋਂ ਤੰਗ ਆ ਕੇ ਸੜਕ ਦੇ ਵਿਚਕਾਰ ਜ਼ਹਿਰ ਪੀ ਲਈ ਹੈ। ਮੈਂ ਭੱਜ ਕੇ ਕੋਲ ਗਿਆ ਤਾਂ ਉਸ ਨੂੰ ਪਛਾਣ ਲਿਆ ਕਿ ਜਿਸ ਨੂੰ ਮੈਂ ਮਿਲਣ ਆਇਆ ਸੀ, ਉਹ ਮਿਲਣ ਤੋਂ ਪਹਿਲਾਂ ਹੀ ਤੁਰ ਚੱਲਿਆ ਹੈ; ਜਿੱਥੋਂ ਕਦੇ ਕੋਈ ਵਾਪਸ ਮੁੜਿਆ ਹੀ ਨਹੀਂ। ਪਿਆਰੇ ਨੇ ਮਰਨ ਤੋਂ ਪਹਿਲਾਂ ਮੇਰੇ ਕੋਲੋਂ ਵਾਅਦਾ ਲਿਆ ਕਿ ਮੇਰੇ ਮਰਨ ਤੋਂ ਬਾਅਦ ਮੇਰੇ ਪਰਿਵਾਰ ਦਾ ਤੂੰ ਖਿਆਲ ਰੱਖੇਂਗਾ। ਸੰਤ ਦੀ ਜ਼ਿੰਦਗੀ ਮੇਰੇ ਪਰਿਵਾਰ ਵਿਚ ਰਹਿ ਕੇ ਗੁਜ਼ਾਰੇਂਗਾ, ਫਿਰ ਤੂੰ ਸੱਚਾ ਸੰਤ ਕਹਾਵੇਂਗਾ; ਨਹੀਂ ਤਾਂ ਤੇਰਾ ਨਾਂ ਵੀ ਹੋਰ ਪਾਖੰਡੀ ਸੰਤਾਂ ਵਿਚ ਹੀ ਦਰਜ ਹੋਵੇਗਾ। ਮੈਂ ਉਸ ਨੂੰ 'ਹਾਂ' ਕਰ ਦਿੱਤੀ ਕਿ ਅੱਜ ਤੋਂ ਬਾਅਦ ਇਹ ਜ਼ਿੰਦਗੀ ਆਪਣੇ ਯਾਰ ਦੇ ਪਰਿਵਾਰ ਲਈ ਵਾਰ ਦੇਵਾਂਗਾ।

ਸੰਤ ਆਪਣੇ ਬਾਰੇ ਸਭ ਕੁਝ ਦੱਸਣ ਤੋਂ ਬਾਅਦ ਉਦਾਸ ਰਹਿਣ ਲੱਗ ਗਿਆ। ਉਦਾਸੀ ਨੇ ਫਿਰ ਬੁਖਾਰ ਚਾੜ੍ਹ ਦਿੱਤਾ। ਮੈਂ ਸੰਤ ਦੇ ਸਿਰ ਪਾਣੀ ਦੀਆਂ ਪੱਟੀਆਂ ਰੱਖ ਰਹੀ ਸੀ ਕਿ ਮੇਰਾ ਜੇਠ ਆ ਕੇ ਵੱਧ-ਘੱਟ ਬੋਲਣ ਲੱਗ ਪਿਆ। ਕਹਿੰਦਾ, "ਖਸਮ ਦੇ ਸਿਰ ਪੱਟੀਆਂ ਰੱਖ ਰਹੀ ਹੈਂ, ਤੈਨੂੰ ਸ਼ਰਮ ਦਾ ਘਾਟਾ ਹੈ। ਅਸੀਂ ਬਾਹਰ ਨਿਕਲਣ ਜੋਗੇ ਨਹੀਂ ਛੱਡੇ। ਅਸੀਂ ਵੀ ਕੱਲ੍ਹ ਨੂੰ ਆਪਣੇ ਬੱਚੇ ਵਿਆਹੁਣੇ ਨੇ। ਉਨ੍ਹਾਂ ਦਾ ਤਾਂ ਖਿਆਲ ਕਰ ਲੈਂਦੀ।" ਸੰਤ ਪਹਿਲਾਂ ਤਾਂ ਸੁਣੀਂ ਗਿਆ, ਫਿਰ ਉੱਠ ਕੇ ਕਹਿੰਦਾ, "ਬਾਈ, ਜੇ ਅਸੀਂ ਵਿਆਹ ਕਰਵਾ ਲਈਏ, ਫਿਰ ਤੁਸੀਂ ਖੁਸ਼ ਹੋ।"

"ਸਾਨੂੰ ਕੀ ਹੈ? ਜਿਵੇਂ ਮਰਜ਼ੀ ਮਰੋ।" ਜੇਠ ਤੋਂ ਕੋਈ ਸਹੀ ਉੱਤਰ ਨਾ ਦਿੱਤਾ ਗਿਆ।

"ਮੈਂ ਜੀਤ ਨਾਲ ਵਿਆਹ ਕਰਵਾ ਲਵਾਂਗਾ, ਤੁਸੀਂ ਅੱਜ ਤੋਂ ਬਾਅਦ ਜੀਤ ਬਾਰੇ ਬੋਲਣ ਤੋਂ ਪਹਿਲਾਂ ਸੌ ਵਾਰ ਸੋਚਿਓ।"

ਸੰਤ ਜਿਵੇਂ ਬਲਕਾਰ ਸਿੰਘ ਬਣ ਕੇ ਬੋਲ ਰਿਹਾ ਹੋਵੇ। ਜੇਠ ਖਰੀਆਂ ਸੁਣ ਕੇ ਚਲਿਆ ਗਿਆ। ਮੈਂ ਸੰਤ ਨੂੰ ਘੁੱਟ ਕੇ ਜੱਫੀ ਪਾ ਲਈ। ਉਸ ਨੇ ਮੈਨੂੰ ਘੁੱਟ ਲਿਆ। ਫਿਰ ਅਸੀਂ ਦੋਵਾਂ ਨੇ ਵਿਆਹ ਕਰਵਾ ਲਿਆ। ਜੇਠ ਤੇ ਸਮਾਜ ਨੂੰ ਵੀ ਸਾਡੇ ਰਿਸ਼ਤੇ ਦਾ ਪਤਾ ਲੱਗ ਗਿਆ। ਮਰੇ ਕਦੇ ਮੁੜੇ ਤਾਂ ਨਹੀਂ ਪਰ ਰੂਪ ਬਦਲ ਕੇ ਆ ਜਾਂਦੇ ਹਨ। ਸਿਰੋਂ ਨੰਗੀ ਔਰਤ ਰੋਹੀ ਦੀ ਕਿੱਕਰ ਬਣ ਜਾਂਦੀ ਹੈ। ਸਾਰੀਆਂ ਮਾਰਾਂ ਔਰਤ ਨੂੰ ਹੀ ਝੱਲਣੀਆਂ ਪੈਂਦੀਆਂ ਹਨ। ਕਦੇ ਧੀ ਬਣ ਕੇ, ਕਦੇ ਪਤਨੀ ਬਣ ਕੇ, ਕਦੇ ਮਾਂ ਬਣ ਕੇ। ਕਦੇ ਮਜਬੂਰੀ ਵੱਸ ਕਿਸੇ ਸੰਤ ਨੂੰ ਵੀ ਬਲਕਾਰ ਸਿੰਘ ਬਣਨਾ ਪੈ ਜਾਂਦਾ ਹੈ। ਕਦੇ ਸੰਤ ਨਾਲੋਂ ਬਲਕਾਰ ਸਿੰਘ ਬਣ ਕੇ ਕਿਸੇ ਦੀ ਜ਼ਿੰਦਗੀ ਲਈ ਜਿਉਣਾ ਵੀ ਅਸਲੀ ਸੰਤ ਨਾਲੋਂ ਘੱਟ ਨਹੀਂ ਹੁੰਦਾ। ਸਮਾਂ ਵਧੀਆ ਲੰਘਿਆ। ਵੱਡੀ ਧੀ ਪੜ੍ਹਾ ਕੇ ਅਮਰੀਕਾ ਵਿਆਹ ਦਿੱਤੀ ਤੇ ਫਿਰ ਅਸੀਂ ਸਾਰੇ ਇਥੇ ਆ ਗਏ।

ਇਸ ਮਾਤਾ ਦੀ ਕਹਾਣੀ ਮੈਂ ਰੋਂਦਿਆਂ ਹੋਇਆਂ ਸੁਣੀ, ਫਿਰ ਉਠ ਕੇ ਮਾਤਾ ਦੇ ਪੈਰ ਫੜ ਲਏ। ਕਈ ਵਾਰ ਜ਼ਿੰਦਗੀ ਦੀ ਗੱਡੀ ਯੂ-ਟਰਨ ਵੀ ਮਾਰ ਜਾਂਦੀ ਹੈ!

# ਤਾਂਤਰਿਕ ਪਖੰਡੀ ਕਦੋਂ ਤੱਕ ਕਹਿਰ ਢਾਹੁੰਦੇ ਰਹਿਣਗੇ?

ਅਜੋਕੀ ਗੱਲ

ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ
ਫੋਨ: 559-333-5776

ਪੰਜਾਬ ਨੂੰ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਯੋਧਿਆਂ ਦੀ ਧਰਤੀ ਕਿਹਾ ਜਾਂਦਾ ਹੈ। ਇਸ ਧਰਤੀ 'ਤੇ ਗੁਰੂ ਨਾਨਕ ਨੇ 1469 ਈਸਵੀ ਨੂੰ ਅਵਤਾਰ ਧਾਰ ਕੇ ਪਖੰਡਾਂ ਵਿਰੁਧ ਆਵਾਜ਼ ਬੁਲੰਦ ਕੀਤੀ ਅਤੇ ਅਲੱਗ ਸਮਾਜ ਦੀ ਸਿਰਜਣਾ ਦਾ ਰਾਹ ਦਿਖਾਇਆ। ਭਾਈ ਗੁਰਦਾਸ ਨੇ ਲਿਖਿਆ ਹੈ, "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥" ਉਹ ਵਕਤ ਐਸਾ ਸੀ ਜਦੋਂ ਲੋਕ ਵਹਿਮਾਂ-ਭਰਮਾਂ, ਜਾਦੂ-ਟੂਣਿਆਂ, ਮੜ੍ਹੀਆਂ-ਮਸਾਣਾਂ ਦੇ ਕੁ-ਚੱਕਰ ਵਿਚ ਫਸੇ ਹੋਏ ਸਨ। ਇਸ ਬ੍ਰਾਹਮਣਵਾਦ ਦੇ ਪਾਏ ਅੰਧ-ਵਿਸ਼ਵਾਸਾਂ ਕਰ ਕੇ ਮੁਗਲਾਂ ਦੇ ਗੁਲਾਮ ਹੋ ਕੇ ਰਹਿ ਗਏ ਸਨ।

ਸਿੱਖ ਫਲਸਫਾ ਪਖੰਡ ਤੱਜਣ ਦਾ ਸੁਨੇਹਾ ਦਿੰਦਾ ਹੈ। ਗੁਰੂ ਨਾਨਕ ਨੇ ਆਸਾ ਦੀ ਵਾਰ ਵਿਚ ਬ੍ਰਾਹਮਣਵਾਦ ਖਿਲਾਫ ਐਸੀ ਆਵਾਜ਼ ਬੁਲੰਦ ਕੀਤੀ ਕਿ ਵੱਡੇ-ਵੱਡੇ ਨਾਥਾਂ, ਜੋਗੀਆਂ ਨੂੰ ਬਾਬੇ ਨਾਨਕ ਦੇ ਚਰਨਾਂ 'ਤੇ ਝੁਕਣਾ ਪਿਆ। ਬਾਬੇ ਨਾਨਕ ਨੇ ਉਦਾਸੀਆਂ ਕਰ ਕੇ ਲੋਕਾਂ ਨੂੰ ਪਖੰਡਾਂ ਦੇ ਚੱਕਰਵਿਊ ਵਿਚੋਂ ਬਾਹਰ ਕੱਢਣ ਲਈ ਹੋਕਾ ਲਾਇਆ। ਮਗਰੋਂ ਅਨੇਕਾਂ ਮਨਘੜਤ ਸਾਖੀਆਂ ਜੋੜ ਕੇ ਭਾਵੇਂ ਕੁਝ ਕੁ ਸੱਜਣਾਂ ਨੇ ਗੜਬੜ ਕਰਨ ਦੀ ਕੋਸਿਸ਼ ਕੀਤੀ ਹੈ ਜਿਸ ਕਰ ਕੇ ਕਈ ਸਿੱਖ ਵੀ ਸਿੱਖ ਸਿਧਾਤਾਂ ਤੋਂ ਭਟਕੇ, ਪਰ ਗੁਰਮਤਿ ਅੱਜ ਵੀ ਲੋਕਾਈ ਲਈ ਰਾਹ-ਦਸੇਰਾ ਹੈ।

ਅਫਸੋਸ, ਅੱਜ ਵੱਡੀ ਤਾਦਾਦ ਵਿਚ ਸਿੱਖ ਪਰਿਵਾਰ ਗੁਰਮਤਿ ਗਾਡੀ ਰਾਹ ਤੋਂ ਬੇਮੁਖ ਹੋ ਕੇ ਤਾਂਤਰਿਕ ਤੇ ਪਖੰਡੀ ਸਾਧਾਂ ਦੀ ਚੁੰਗਲ ਵਿਚ ਫਸੇ ਹੋਏ ਹਨ। ਕਈ ਤਾਂ ਗਾਤਰੇ ਪਾ ਕੇ ਵੀ ਤਾਂਤਰਿਕਾਂ ਦੇ ਗੇੜ ਵਿਚ ਫਸੇ ਹੋਏ ਹਨ। ਇਕ ਸਿੱਖ ਲਈ ਇਸ ਤੋਂ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ?

ਬਹੁਤ ਸਾਰੀਆਂ ਸੰਪਰਦਾਵਾਂ ਅੱਜਕੱਲ੍ਹ ਆਪਣੇ ਪੁਰਖਿਆਂ ਬਾਰੇ ਮਨਘੜਤ ਕਹਾਣੀਆਂ ਸੁਣਾ ਕੇ ਸਿੱਖੀ ਦੇ ਬੂਟੇ ਨੂੰ ਲੂਣ ਪਾ ਰਹੀਆਂ ਹਨ। ਕਈ ਸੰਪਰਦਾਵਾਂ ਦੇ ਆਗੂ ਬਾਣੀ ਦਾ ਆਸਰਾ ਲੈ ਕੇ ਪੁੱਛਾਂ ਦੇ ਰਹੇ ਹਨ। ਅਸਲ ਵਿਚ ਇਹ ਅਖੌਤੀ ਸਾਧ, ਸਿੱਖੀ ਦੇ ਅਸਲੀ ਸਿਧਾਂਤਾਂ ਤੋਂ ਸਿੱਖ ਸੰਗਤਾਂ ਨੂੰ ਦੂਰ ਕਰ ਰਹੇ ਹਨ। ਇਨ੍ਹਾਂ ਦੇ ਚੇਲੇ ਪਖੰਡੀ ਸਾਧ ਦੀ ਝੂਠੀ ਉਪਮਾ ਦਾ ਕੋਈ ਮੌਕਾ ਖੁੰਝਣ ਨਹੀਂ ਦਿੰਦੇ। ਖੌਰੇ ਇਸ ਕਰ ਕੇ ਇਨ੍ਹਾਂ ਸਾਧਾਂ ਦੀ 'ਸੋਭਾ' ਪੰਜਾਬ ਭਰ ਵਿਚ ਜੰਗਲ ਦੀ ਅੱਗ ਵਾਂਗ ਦਿਨ-ਬ-ਦਿਨ ਫੈਲ ਰਹੀ ਹੈ। ਅਨਪੜ੍ਹ ਲੋਕ ਤਾਂ ਇਨ੍ਹਾਂ ਤਾਂਤਰਿਕ ਸਾਧਾਂ ਨੇ ਆਪਣੇ ਮਗਰ ਲਾਏ ਹੀ ਸਨ ਪਰ ਸਭ ਤੋਂ ਵੱਧ ਦੁੱਖ ਇਸ ਗੱਲ ਦਾ ਹੈ ਕਿ ਪੜ੍ਹਿਆ-ਲਿਖਿਆ ਡਿਗਰੀ ਪ੍ਰਾਪਤ ਬੁੱਧੀਜੀਵੀ ਵਰਗ ਵੀ ਇਨ੍ਹਾਂ ਸਾਧਾਂ ਤੋਂ ਬਚ ਨਹੀਂ ਸਕਿਆ।

ਪੰਜਾਬ ਅੰਦਰ ਹਰ ਰੋਜ਼ ਪਤਾ ਨਹੀਂ ਕਿੰਨੇ ਕੁ ਮਾਸੂਮ ਬੱਚੇ ਇਨ੍ਹਾਂ ਤਾਂਤਰਿਕ ਬਾਬਿਆਂ ਦੇ ਝੂਠੇ ਪਖੰਡ ਦੀ ਭੇਟ ਚੜ੍ਹ ਰਹੇ ਹਨ। ਕਿਤੇ ਕੋਈ ਤਾਂਤਰਿਕ ਮਾਨਸਿਕ ਰੋਗ ਦੇ ਸ਼ਿਕਾਰ ਬੱਚਿਆਂ ਨੂੰ ਸੰਗਲਾਂ ਨਾਲ ਬੰਨ੍ਹ ਕੇ ਮਾਰ ਰਿਹਾ ਹੈ ਅਤੇ ਕਿਤੇ ਕੋਈ ਤਾਂਤਰਿਕ ਮਾਸੂਮ ਨੂੰ ਚਿਮਟੇ ਮਾਰ-ਮਾਰ ਕੇ ਮੌਤ ਦੇ ਘਾਟ ਉਤਾਰ ਰਿਹਾ ਹੈ। ਆਖਰ ਕਦੋਂ ਤੱਕ ਲੋਕ ਆਪਣੀਆਂ ਅੱਖਾਂ ਸਾਹਮਣੇ ਇਹ ਸਭ ਖਾਮੋਸ਼ ਹੋ ਕੇ ਦੇਖਦੇ ਰਹਿਣਗੇ। ਪ੍ਰਸ਼ਾਸਨਕ ਅਧਿਕਾਰੀਆਂ ਨੂੰ ਵੀ ਐਸੇ ਘਿਨਾਉਣੇ ਕਾਰਨਾਮੇ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਣਾ ਚਾਹੀਦਾ ਹੈ ਤਾਂ ਜੋ ਕਿਸੇ ਮਾਸੂਮ ਉਤੇ ਅਤਿਆਚਾਰ ਕਰਨ ਵਾਲੇ ਸਾਧ ਯਾਦ ਰੱਖਣ ਅਤੇ ਅਗਾਂਹ ਤੋਂ ਅਜਿਹਾ ਕਰਨ ਦੀ ਹਿੰਮਤ ਨਾ ਕਰਨ, ਪਰ ਆਮ ਕਰ ਕੇ ਅਜਿਹੇ ਬਾਬਿਆਂ ਨੂੰ ਦੋ-ਚਾਰ ਦਿਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਫਿਰ ਬੱਚਿਆਂ ਨੂੰ ਤਸੀਹੇ ਦੇਣ ਲਈ ਆਜ਼ਾਦ ਕਰ ਦਿੱਤਾ ਜਾਂਦਾ ਹੈ। ਆਪ ਲੋਕਾਂ ਦੇ ਸਿਰੋਂ ਖਾਣ ਵਾਲੇ ਇਹ ਪਖੰਡੀ ਸਾਧ ਭਲਾ ਲੋਕਾਂ ਦੀਆਂ ਮੁਰਾਦਾਂ ਪੂਰੀਆਂ ਕਿਵੇਂ ਕਰ ਸਕਦੇ ਹਨ? ਲੋਕ ਵੀ ਇਹ ਗੱਲ ਨਹੀਂ ਸਮਝਦੇ ਅਤੇ ਇਨ੍ਹਾਂ ਉਤੇ ਆਸਾਂ ਲਾਈ ਬੈਠੇ ਹਨ। ਜਦੋਂ ਇਹ ਪਖੰਡੀ ਬਾਬੇ ਵਿਦੇਸ਼ ਆਉਂਦੇ ਹਨ ਤਾਂ ਇਥੇ ਵੀ ਉਨ੍ਹਾਂ ਦੇ ਮੁਰੀਦਾਂ ਦੀ ਕੋਈ ਕਮੀ ਨਹੀਂ ਹੁੰਦੀ ਜੋ ਡਾਲਰਾਂ/ਪੌਂਡਾਂ ਨਾਲ ਇਨ੍ਹਾਂ ਨੂੰ ਮਾਲਾਮਾਲ ਕਰ ਦਿੰਦੇ ਹਨ।

ਪਿਛਲੇ ਦਿਨੀਂ ਪੰਜਾਬ ਵਿਚ ਦਿਲ ਦਹਿਲਾਉਣ ਵਾਲੀ ਖਬਰ ਅਖਬਾਰਾਂ ਦੀ ਸੁਰਖੀ ਬਣੀ। ਮੋਗਾ ਜ਼ਿਲ੍ਹੇ ਦੇ ਪਿੰਡ ਭਿੰਡਰ ਕਲਾਂ ਵਿਚ ਪਿੰਡ ਦੀ ਤਾਂਤਰਿਕ ਸਰਪੰਚ ਪਾਲ ਕੌਰ ਨੇ ਪਿੰਡ ਦੇ ਸਾਲਾਨਾ ਮੇਲੇ 'ਤੇ ਭੂਤ ਪ੍ਰੇਤ ਕੱਢਣ ਲਈ ਗੁੱਗੇ ਪੀਰ ਦੀ ਚੌਕੀ ਲਾਈ ਹੋਈ ਸੀ। ਸਰਪੰਚ ਦੀ ਭਤੀਜੀ ਲੱਗਦੀ 10 ਕੁ ਸਾਲ ਦੀ ਬੱਚੀ ਵੀਰਪਾਲ ਕੌਰ ਪਿੰਡ ਮਨਾਵਾਂ ਤੋਂ ਮੇਲੇ 'ਤੇ ਆਈ ਹੋਈ ਸੀ। ਸਰਪੰਚ ਸਾਧਣੀ ਨੇ ਭੂਤ ਕੱਢਣ ਦੇ ਬਹਾਨੇ ਬੱਚੀ ਨੂੰ ਗਰਮ ਚਿਮਟਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਬੱਚੀ ਕੁਰਲਾਉਂਦੀ ਰਹੀ ਪਰ ਪੱਤਰਕਾਰਾਂ ਸਮੇਤ ਭੀੜ ਵਿਚੋਂ ਕਿਸੇ ਨੇ ਵੀ ਮੌਤ ਦਾ ਇਹ ਤਾਂਡਵ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਪਾਣੀ ਮੰਗਦੀ ਬੱਚੀ ਨੇ ਤੜਫ-ਤੜਫ ਕੇ ਪ੍ਰਾਣ ਤਿਆਗ ਦਿਤੇ। ਪਿੰਡ ਵਾਲਿਆਂ ਦੀ ਸੂਝ-ਬੂਝ ਦਾ ਤਾਂ ਇਸ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਇਕ ਤਾਂਤਰਿਕ ਨੂੰ ਸਰਪੰਚ ਚੁਣਿਆ।

ਇਨ੍ਹਾਂ ਤਾਂਤਰਿਕਾਂ ਨੂੰ ਤਰਕਸ਼ੀਲਾਂ ਨੇ ਚੁਣੌਤੀ ਦਿੱਤੀ ਹੋਈ ਹੈ ਕਿ ਜੇ ਇਨ੍ਹਾਂ ਕੋਲ ਕੋਈ ਸੱਚਾਈ ਹੈ ਤਾਂ ਇਹ ਪ੍ਰਤੱਖ ਦਿਖਾ ਕੇ ਸੁਸਾਇਟੀ ਤੋਂ ਇੱਕ ਕਰੋੜ ਰੁਪਏ ਦਾ ਇਨਾਮ ਜਿੱਤਣ। ਅੱਜ ਜਦੋਂ ਵਿਗਿਆਨ ਦੇ ਯੁੱਗ ਵਿਚ ਵਿਗਿਆਨੀਆਂ ਨੇ ਹਿੱਗਸ-ਬੋਸੋਨ ਤੱਤ (ਉਹ ਤੱਤ ਜਿਸ ਸ੍ਰਿਸ਼ਟੀ ਸਾਜਣ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ) ਦੀ ਖੋਜ ਦਾ ਕੰਮ ਨੇੜੇ ਲਾ ਲਿਆ ਹੈ, ਭਾਰਤ ਦੇ ਲੋਕ ਅਜੇ ਵੀ ਭੂਤਾਂ-ਪ੍ਰੇਤਾਂ ਦੀ ਹੋਂਦ ਵਿਚ ਯਕੀਨ ਰੱਖਦੇ ਹਨ। ਮੇਰੇ ਖਿਆਲ ਮੁਤਾਬਿਕ ਇਹ ਸਾਰਾ ਕੁਝ ਅਨਪੜ੍ਹਤਾ, ਗਰੀਬੀ ਅਤੇ ਅੰਧਵਿਸ਼ਵਾਸ ਕਾਰਨ ਹੋ ਰਿਹਾ ਹੈ। ਪੱਛਮੀ ਮੁਲਕਾਂ ਵਿਚ ਆ ਕੇ ਵੀ ਸਾਡੇ ਲੋਕ ਅੰਧਵਿਸ਼ਵਾਸਾਂ ਵਿਚੋਂ ਬਾਹਰ ਨਹੀਂ ਨਿਕਲ ਸਕੇ। ਕੁਝ ਪੰਜਾਬੀ ਅਖਬਾਰ ਤਾਂਤਰਿਕ ਬਾਬਿਆਂ ਦੇ ਇਸ਼ਤਿਹਾਰਾਂ ਨਾਲ ਭਰੇ ਹੁੰਦੇ ਹਨ ਜੋ ਬਲਦੀ ਉਤੇ ਤੇਲ ਪਾਉਣ ਦਾ ਕੰਮ ਕਰਦੇ ਹਨ। ਸੁਣਿਆ ਤਾਂ ਇਹ ਵੀ ਹੈ ਕਿ ਅਜਿਹੇ ਕੁਝ ਅਖਬਾਰ ਖੁਦ ਇਨ੍ਹਾਂ ਤਾਂਤਰਿਕਾਂ ਦੇ ਭਾਈਵਾਲ ਹਨ। ਮਾਨਸਿਕ ਪ੍ਰੇਸ਼ਾਨੀ ਦੇ ਸ਼ਿਕਾਰ ਲੋਕ ਮਨੋਚਿਕਿਤਸਕਾਂ ਕੋਲ ਜਾਣ, ਤਾਂਤਰਿਕਾਂ ਕੋਲ ਨਹੀਂ। ਆਓ ਹੰਭਲਾ ਮਾਰੀਏ; ਅੰਧਵਿਸ਼ਵਾਸਾਂ ਵਿਚ ਫਸੇ ਆਪਣੇ ਰਿਸ਼ਤੇਦਾਰਾਂ, ਮਿੱਤਰਾਂ-ਦੋਸਤਾਂ ਨੂੰ ਤਾਂਤਰਿਕਾਂ ਦੀ ਚੁੰਗਲ ਵਿਚੋਂ ਬਾਹਰ ਕੱਢੀਏ।

ਕਹਾਣੀ

# ਜੀਵਨ ਬੀਮਾ

***ਕੈਨੇਡਾ ਵੱਸਦੇ ਅਮਨਪਾਲ ਸਾਰਾ ਦੀ ਕਹਾਣੀ 'ਜੀਵਨ ਬੀਮਾ' ਪਰਦੇਸੀਂ ਵੱਸਦੇ ਬੰਦੇ ਦੇ ਜੀਵਨ ਦੀ ਕਥਾ ਹੈ। ਇਸ ਕਥਾ ਵਿਚ ਮਸ਼ੀਨ ਬਣਿਆ ਬੰਦਾ ਹੌਲੀ-ਹੌਲੀ ਆਪਣਿਆਂ ਤੋਂ ਟੁੱਟ ਰਿਹਾ ਹੈ ਪਰ ਇਸ ਭਾਣੇ ਤੋਂ ਉਹ ਉੱਕਾ ਹੀ ਬੇਖਬਰ ਹੈ। ਉਹਦੀ ਲਾਡਲੀ ਧੀ ਉਹਦੇ ਨਾਲ ਚੰਦ ਪਲ ਬਿਤਾਉਣ ਲਈ ਬਿਹਬਲ ਹੋਈ ਪਈ ਹੈ ਅਤੇ ਉਹਨੂੰ ਹਰ ਦਿਨ ਉਡੀਕਦੀ ਹੈ, ਪਰ ਕੰਮ ਵਿਚ ਉਲਝੇ ਬੰਦੇ ਕੋਲ ਇਸ ਮਾਸੂਮ ਜਾਨ ਲਈ ਵਕਤ ਨਹੀਂ ਹੈ। ਇਸ ਮਾਸੂਮ ਜਾਨ ਜੋ ਆਪਣੇ ਬਾਪ ਦੇ ਪਿਆਰ ਤੋਂ ਵਾਂਝੀ ਹੋ ਰਹੀ ਹੈ, ਨੇ ਕਦੀ ਵੱਡੀ ਹੋ ਕੇ ਆਪਣੇ ਬਾਪ ਲਈ ਫਿਰ ਸਵਾਲ ਬਣਨਾ ਹੈ। ਇਹੀ ਸਵਾਲ ਫਿਰ ਮਾਪਿਆਂ ਨੂੰ ਤੰਗ ਕਰਦੇ ਹਨ ਅਤੇ ਆਖਰਕਾਰ ਆਪਣੇ ਬੱਚਿਆਂ ਲਈ ਉਲਾਂਭਾ ਵੀ ਬਣਦੇ ਹਨ। ਕਹਾਣੀ ਦਾ ਨਾਇਕ ਆਪਣੇ ਕੰਮ-ਕਾਰ ਦੀ ਨੱਠ-ਭੱਜ ਨੂੰ ਆਪਣੇ ਬੱਚਿਆਂ ਲਈ ਕੀਤੀ ਨੱਠ-ਭੱਜ ਬਿਆਨ ਕਰਦਾ ਹੈ। ਉਹ ਇਹ ਭੁੱਲ ਰਿਹਾ ਹੈ ਕਿ ਬੱਚਿਆਂ ਨੂੰ ਮਾਪਿਆਂ ਦੀਆਂ ਲਾਡੀਆਂ ਵੀ ਚਾਹੀਦੀਆਂ ਹੁੰਦੀਆਂ ਹਨ। -ਸੰਪਾਦਕ***

"ਖਟਾਅਅਕ" ਕਰ ਕੇ ਜਿਉਂ ਹੀ ਘਰ ਦਾ ਪਿਛਲੇ ਪਾਸੇ ਵਾਲਾ ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਆਈ ਤਾਂ ਟੀ.ਵੀ. ਸਾਹਮਣੇ ਸੋਫੇ ਉਪਰ ਊਂਘਦੀ ਪਈ ਰਾਜੀ ਦੀ ਅੱਖ ਖੁੱਲ੍ਹ ਗਈ ਤੇ ਅਗਲੇ ਪਲ ਜਿਉਂ ਹੀ ਜਿੰਦਰੇ ਵਿਚੋਂ ਚਾਬੀ ਬਾਹਰ ਖਿੱਚਣ ਵੇਲੇ ਗੁੱਛੇ ਦੀਆਂ ਬਾਕੀ ਚਾਬੀਆਂ ਛਣਕਣ ਦੀ ਆਵਾਜ਼ ਆਈ ਤਾਂ ਰਾਜੀ ਦੇ ਮੂੰਹੋਂ ਨਿਕਲਿਆ, "ਡੈਡੀ...।"

ਇਹ ਸੁਣ ਕੇ ਉਸੇ ਸੋਫੇ ਦੀ ਦੂਜੀ ਬਾਹੀ ਉਪਰ ਅਧਲੇਟੀ ਹੋ ਕੇ ਸੁੱਤੀ ਪਈ ਰਾਜੀ ਦੀ ਮੰਮੀ ਹਰਵਿੰਦਰ ਨੂੰ ਵੀ ਜਾਗ ਆ ਗਈ। ਇਸ ਤੋਂ ਪਹਿਲਾਂ ਕਿ ਹਰਵਿੰਦਰ ਉੱਠ ਕੇ ਸਿੱਧੀ ਹੁੰਦੀ, ਸੋਫੇ ਉਪਰੋਂ ਲੱਤਾਂ ਲਟਕਾ ਕੇ ਥੱਲੇ ਉਤਰਦੀ ਹੋਈ ਰਾਜੀ ਨਿੱਕੇ-ਨਿੱਕੇ ਚੁਸਤ ਕਦਮ ਪੁੱਟਦੀ ਕਿਚਨ ਵਿਚਲੇ ਇਸ ਬੈਕ ਡੋਰ ਕੋਲ ਆ ਗਈ ਤੇ ਦਰਵਾਜ਼ਾ ਬੰਦ ਕਰਨ ਤੋਂ ਬਾਅਦ ਡਾਇਨਿੰਗ ਚੇਅਰ ਉਪਰ ਬੈਠ ਕੇ ਬੂਟ ਖੋਲ੍ਹ ਰਹੇ ਕੁਲਦੀਪ ਦੀਆਂ ਲੱਤਾਂ ਨੂੰ ਚਿੰਬੜ ਗਈ।

"ਤੂੰ ਸੁੱਤੀ ਨੀਂ ਅਜੇ?" ਬੂਟ ਖੋਲ੍ਹ ਕੇ ਪਰ੍ਹਾਂ ਰੱਖਣ ਲਈ ਉਠਦੇ ਹੋਏ ਕੁਲਦੀਪ ਨੇ ਰਾਜੀ ਨੂੰ ਆਪਣੀਆਂ ਲੱਤਾਂ ਨਾਲੋਂ ਅਲੱਗ ਕੀਤਾ।



ਅਮਨਪਾਲ ਸਾਰਾ

"ਅੱਜ ਬੜਾ ਈ ਲੇਟ ਹੋ ਗਏ?" ਨਾਈਟ ਗਾਊਨ ਠੀਕ ਕਰਦੀ ਹੋਈ ਹਰਵਿੰਦਰ ਨੇ ਕਿਚਨ ਵਿਚ ਦਾਖ਼ਲ ਹੁੰਦਿਆਂ ਕੁਲਦੀਪ ਨੂੰ ਪੁੱਛਿਆ।

"ਹੈਂਅਅ...? ਆਹੋ...।" ਆਪਣਾ ਸੈਲੂਲਰ ਫੋਨ ਕਿਚਨ ਟੇਬਲ ਤੋਂ ਚੁੱਕ ਕੇ ਉਸ ਨੂੰ ਬੈਟਰੀ ਚਾਰਜਰ ਵਿਚ ਰੱਖਦਾ ਹੋਇਆ ਕੁਲਦੀਪ ਬੇਧਿਆਨਾ ਜਿਹਾ ਬੋਲਿਆ।

ਇਕ ਪਲ ਬਾਅਦ ਜ਼ਰਾ ਰੁਕ ਕੇ ਹਰਵਿੰਦਰ ਵੱਲ ਮੂੰਹ ਕਰ ਕੇ ਬੋਲਿਆ, "ਔਹ ਸਿਕਸਟੀ ਟੂ ਐਵਿਨਿਊ ਵਾਲੀ ਨਵੀਂ ਲਾਟ ਲਈ ਘਰ ਦੀ ਪਲੈਨ ਤਿਆਰ ਕਰਵਾਉਂਦਾ ਸੀ, ਕੱਲ੍ਹ ਨੂੰ ਬਿਲਡਿੰਗ ਪਰਮਿਟ ਲੈਣ ਲਈ ਪਲੈਨ ਸਬਮਿੱਟ ਕਰਨੀ ਆਂ।" ਜਿਉਂ ਹੀ ਪਲੈਨ ਤੋਂ ਉਸ ਨੂੰ ਆਪਣੇ ਬਰੀਫ਼ ਕੇਸ ਦੀ ਯਾਦ ਆਈ, ਉਸ ਨੇ ਦੇਖਿਆ ਕਿ ਦਰਵਾਜ਼ੇ ਕੋਲ ਪਿਆ ਉਸ ਦਾ ਜ਼ਰਾ ਕੁ ਭਾਰਾ ਬਰੀਫ਼ ਕੇਸ ਰਾਜੀ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਉਠਾ ਕੇ ਔਖੀ-ਸੌਖੀ ਡੈਡੀ ਦੇ ਉਸ ਕਮਰੇ ਵੱਲ ਲਿਜਾ ਰਹੀ ਸੀ ਜਿੱਥੇ ਉਹ ਆਪਣੇ ਕਾਗ਼ਜ਼ ਪੱਤਰ ਰੱਖਦਾ ਹੈ।

"ਦੇਖੀਂ ਕਿਤੇ ਸਿੱਟ ਨਾ ਦਈਂ, ਮੇਰੇ ਬਹੁਤ ਜ਼ਰੂਰੀ ਕਾਗ਼ਜ਼ ਆ ਇਹਦੇ ਵਿਚ।" ਕੁਲਦੀਪ ਦੇ ਮੂੰਹੋਂ ਨਿਕਲਿਆ।

"ਰੋਟੀ ਕਰਾਂ ਫਿਰ ਗਰਮ?" ਕਿਚਨ ਦੇ ਕਾਊਂਟਰ ਉਪਰ ਪਏ ਪਤੀਲੇ ਦਾ ਢੱਕਣ ਪਰ੍ਹਾਂ ਕਰਦਿਆਂ ਹਰਵਿੰਦਰ ਨੇ ਪੁੱਛਿਆ।

"ਆਹੋ ਕਰ ਲਾ ਪੰਜਾਂ ਕੁ ਮਿੰਟਾਂ ਤਾਈਂ।" ਕਹਿ ਕੇ ਕੁਲਦੀਪ ਨੇ ਪੈਂਟ ਦੀ ਜੇਬ ਵਿਚੋਂ ਕਾਗ਼ਜ਼ਾਂ ਨਾਲ ਭਰਿਆ ਮੋਟਾ ਜਿਹਾ ਬਟੂਆ ਅਤੇ ਗੁੱਟ-ਘੜੀ ਤੇ ਫਿਰ ਆਪਣਾ ਕੋਟ ਲਾਹ ਕੇ ਕਿਚਨ ਟੇਬਲ ਉਪਰ ਹੀ ਰੱਖ ਦਿੱਤੇ ਅਤੇ ਸਾਹਮਣੀ ਕੰਧ ਵਿਚ ਬਣੀ ਅਲਮਾਰੀ ਵਿਚੋਂ ਸਕਾਚ ਦੀ ਬੋਤਲ ਕੱਢ ਕੇ ਇਕ ਮੋਟਾ ਜਿਹਾ ਡ੍ਰਿੰਕ ਬਣਾਉਣ ਲੱਗ ਪਿਆ। ਇਸੇ ਦੌਰਾਨ ਰਾਜੀ ਫਿਰ ਨਿੱਕੇ-ਨਿੱਕੇ ਕਦਮ ਪੁੱਟਦੀ ਉਸ ਦਾ ਬਟੂਆ, ਗੁੱਟ-ਘੜੀ ਤੇ ਫਿਰ ਕੋਟ ਚੁੱਕ ਕੇ ਕਮਰੇ ਵੱਲ ਲੈ ਗਈ।

"ਸ਼ੌਨ ਦਾ ਕੀ ਹਾਲ ਆ ਹੁਣ?" ਪਹਿਲਾ ਘੁੱਟ ਭਰ ਕੇ ਕੁਲਦੀਪ ਨੇ ਹਰਵਿੰਦਰ ਨੂੰ ਪੁੱਛਿਆ।

"ਦਿਨੇ ਤਾਂ ਬਹੁਤ ਤੰਗ ਕੀਤਾ, ਸਾਰਾ ਦਿਨ ਖੰਘਦਾ ਹੀ ਰਿਹਾ। ਰਾਜੀ ਨੂੰ ਸਕੂਲੇ ਛੱਡ ਕੇ ਮੈਂ ਉਹਨੂੰ ਡਾਕਟਰ ਦੇ ਲੈ ਗਈ। ਬਹੁਤ ਭੀੜ ਸੀ ਅੱਜ। ਸਾਰੇ ਆਪਣੇ ਈ ਬੰਦੇ। ਮੈਨੂੰ ਫਿਕਰ ਸੀ ਕਿ ਰਾਜੀ ਦਾ ਸਕੂਲ ਖ਼ਤਮ ਹੋਣ ਤਕ ਸਾਡੀ ਵਾਰੀ ਆ ਵੀ ਜਾਊ ਕਿ ਨਹੀਂ।"

"ਕੀ ਕਹਿੰਦਾ ਡਾਕਟਰ?" ਕੁਲਦੀਪ ਜ਼ਰਾ ਕਾਹਲਾ ਪੈਂਦਾ ਬੋਲਿਆ।

"ਆਹ ਮਾੜੀ ਜਿਹੀ ਦਵਾਈ ਦਿੱਤੀ ਆ ਪੀਣ ਵਾਲੀ, ਮਸੀਂ ਹੁਣ ਘੈਂਟਾ ਕੁ ਹੋਇਆ ਤਾਂ ਟਿਕਿਆ, ਨਹੀਂ ਤਾਂ ਸਾਰਾ ਦਿਨ ਬੱਸ...।"

"ਮੰਮੀ ਬੇਬੀ ਫੇਅ ਨੋਂਦਾ...।" ਹਰਵਿੰਦਰ ਦੀ ਗੱਲ ਕੱਟਦੀ ਰਾਜੀ ਨੇ ਆ ਕੇ ਦੱਸਿਆ ਤੇ ਹਰਵਿੰਦਰ ਹਥਲਾ ਕੰਮ ਵਿਚੇ ਛੱਡ ਕੇ ਫ਼ਰਿੱਜ ਵਿਚੋਂ ਜੂਸ ਦੀ ਭਰੀ ਹੋਈ ਬੇਬੀ-ਬਾਟਲ ਲੈ ਕੇ ਕਾਹਲੀ ਨਾਲ ਜਾਂਦੀ ਹੋਈ ਬੋਲੀ, "ਤੂੰ ਤਾਂ ਨਹੀਂ ਛੇੜਿਆ ਉਹਨੂੰ?"

"ਨਹੀਂ...।" ਰਾਜੀ ਨੇ ਭੋਲੇਪਨ ਨਾਲ ਕਿਹਾ, "ਮੈਂ ਤਾਂ ਡੈਡੀ ਦਾ ਕੋਟ ਰੱਖਦੀ ਸੀ, ਕਹਿ ਕੇ ਇਕ ਵਾਰੀ ਫਿਰ ਰਾਜੀ ਨੇ ਕੁਲਦੀਪ ਦੀਆਂ ਲੱਤਾਂ ਨੂੰ ਚਿੰਬੜਨਾ ਚਾਹਿਆ ਪਰ ਉਸ ਤੋਂ ਪਹਿਲਾਂ ਹੀ ਕੁਲਦੀਪ ਡਾਇਨਿੰਗ ਟੇਬਲ ਉਪਰੋਂ ਅੱਜ ਦੀ ਆਈ ਹੋਈ ਡਾਕ ਚੁੱਕ ਕੇ ਤੇ ਦੂਜੇ ਹੱਥ ਵਿਚ ਆਪਣਾ ਡ੍ਰਿੰਕ ਲਈ ਲਿਵਿੰਗ ਰੂਮ ਵਿਚ ਆ ਗਿਆ।

ਇਕ ਘੁੱਟ ਭਰ ਕੇ ਕੁਲਦੀਪ ਨੇ ਡ੍ਰਿੰਕ ਅਤੇ ਡਾਕ ਸਾਹਮਣੇ ਪਏ ਕਾਫ਼ੀ ਟੇਬਲ ਉਪਰ ਰੱਖ ਦਿੱਤੇ ਤੇ ਸੋਫੇ ਉਪਰ ਬੈਠ ਕੇ ਜੁਰਾਬਾਂ ਖੋਲ੍ਹਣ ਲੱਗ ਪਿਆ। ਰਾਜੀ ਵੀ ਹੌਲੀ-ਹੌਲੀ ਉਸ ਦੇ ਪਿੱਛੇ ਆ ਗਈ ਤੇ ਸੋਫੇ ਉਪਰ ਚੜ੍ਹ ਕੇ ਉਸ ਦੇ ਗਲ ਨੂੰ ਜੱਫੀ ਪਾ ਕੇ ਉਸ ਦੀ ਗੱਲ੍ਹ ਨਾਲ ਆਪਣੀ ਗੱਲ੍ਹ ਲਾ ਕੇ ਖੜ੍ਹ ਗਈ। ਉਸ ਦੀ ਇਕ ਗੱਲ੍ਹ ਨੂੰ ਹਲਕਾ ਜਿਹਾ ਚੁੰਮ ਕੇ ਦੂਜੀ ਨੂੰ ਪਲੋਸਦਾ ਹੋਇਆ ਕੁਲਦੀਪ ਬੋਲਿਆ, "ਚੱਲ ਟਿੱਡੀਏ...ਸੌਂਅ ਫੇਅ ਹੁਣ।"

"ਊਂਅਅਅ...!" ਕਹਿ ਕੇ ਰਾਜੀ ਕੁਲਦੀਪ ਦੇ ਗਲ ਨੂੰ ਜ਼ਰਾ ਹੋਰ ਚਿੰਬੜ ਗਈ। ਕੁਲਦੀਪ ਨੇ ਇਕ ਹੱਥ ਨਾਲ ਆਪਣੀ ਗਰਦਨ ਦੇ ਪਿੱਛਿਓਂ ਉਸ ਦੇ ਹੱਥਾਂ ਦਾ ਲਾਕ ਖੋਲ੍ਹਿਆ ਤੇ ਉਸ ਨੂੰ ਆਪਣੇ ਨਾਲ ਸੋਫੇ ਉਪਰ ਬਿਠਾ ਕੇ ਨਕਟਾਈ ਦੀ ਗੱਠ ਢਿੱਲੀ ਕਰਦਾ ਬੋਲਿਆ, "ਚੱਲ ਫਿਰ ਟੀ.ਵੀ. ਦੇਖ ਲਾ ਐਥੇ ਬਹਿ ਕੇ।" ਟੀ.ਵੀ. ਦਾ ਰੀਮੋਟ ਕੰਟਰੋਲ ਉਠਾ ਕੇ ਉਸ ਦੀ ਆਵਾਜ਼ ਹੋਰ ਨੀਵੀਂ ਕਰ ਕੇ ਉਸ ਨੇ ਪੰਜ-ਛੇ ਚੈਨਲ ਬਦਲੇ ਤੇ ਕੋਈ ਵੈਸਟਰਨ ਜਿਹੀ ਫ਼ਿਲਮ ਲਾ ਦਿੱਤੀ, "ਲੈਅ, ਆਹ ਘੋੜੇ ਦੌੜਦੇ ਦੇਖ ਲੈਅ।" ਕਹਿ ਕੇ ਕੁਲਦੀਪ ਨੇ ਹਥਲਾ ਪੈੱਗ ਮੁਕਾਇਆ ਤੇ ਹੋਰ ਬਣਾਉਣ ਲਈ ਤੁਰ ਪਿਆ। ਰਾਜੀ ਅਣਮੰਨੇ ਜਿਹੇ ਮਨ ਨਾਲ ਟੀ.ਵੀ. ਵੱਲ ਘੂਰਦੀ ਰਹੀ।

ਦੂਜਾ ਪੈੱਗ ਲਿਵਿੰਗ ਰੂਮ ਵਿਚਲੀ ਕਾਫ਼ੀ ਟੇਬਲ ਉਪਰ ਰੱਖ ਕੇ ਕੁਲਦੀਪ ਅੱਜ ਦੀ ਡਾਕ ਫਰੋਲਣ ਲੱਗ ਪਿਆ। ਕਮੀਜ਼ ਦੀ ਜੇਬ ਨਾਲ ਟੰਗਿਆ ਪੈਨ ਅੜਾ ਕੇ ਪਹਿਲਾ ਲਿਫਾਫ਼ਾ ਪਾੜਿਆ। ਉਸ ਦੇ ਜੀਵਨ ਬੀਮੇ ਦੀ ਕਿਸ਼ਤ ਤਾਰਨ ਦਾ ਨੋਟਿਸ ਸੀ। ਇਹ ਨੋਟਿਸ ਇਕ ਵਾਰੀ ਪਹਿਲਾਂ ਵੀ ਆ ਚੁੱਕਾ ਸੀ ਪਰ ਹੱਥ ਤੰਗ ਹੋਣ ਦੀ ਵਜ੍ਹਾ ਨਾਲ ਉਸ ਕੋਲੋਂ ਕਿਸ਼ਤ ਤਾਰ ਨਹੀਂ ਹੋਈ ਸੀ। ਇਕ-ਦੋ ਵਾਰ ਤਾਂ ਵਿਚਾਰ ਬਣਿਆ ਸੀ ਕਿ ਉਹ ਬੀਮਾ ਪਾਲਿਸੀ ਕੈਂਸਲ ਹੀ ਕਰਵਾ ਦੇਵੇ। ਇਹ ਪਾਲਿਸੀ ਉਸ ਨੂੰ ਉਸ ਦਾ ਇਕ ਪੁਰਾਣਾ ਦੋਸਤ ਜੋ ਉਦੋਂ ਨਵਾਂ-ਨਵਾਂ ਬੀਮਾ ਕੰਪਨੀ ਦਾ ਏਜੰਟ ਬਣਿਆ ਸੀ, ਲੱਗਭਗ ਮੱਲੋਮੱਲੀ ਹੀ ਵੇਚ ਗਿਆ ਸੀ। ਉਹ ਕੁਲਦੀਪ ਹੁਰਾਂ ਦੇ ਘਰ ਆਇਆ ਤਾਂ ਕੁਲਦੀਪ ਦਾ ਕਾਕਾ ਦੇਖਣ ਦੇ ਬਹਾਨੇ ਸੀ ਤੇ ਦੋ ਕੁ ਪੈੱਗ ਲਾਉਣ ਤੋਂ ਬਾਅਦ ਆਪਣਾ ਬੈਗ ਖੋਲ੍ਹ ਕੇ ਬਹਿ ਗਿਆ ਸੀ, ਆਪਣੀ ਕੰਪਨੀ ਦੀਆਂ ਸਿਫਤਾਂ ਕਰਨ। ਪਤਾ ਨਹੀਂ ਤਾਂ ਕੁਲਦੀਪ ਦੇ ਦੋ ਪੈੱਗ ਪੀਤਿਆਂ ਦਾ ਅਸਰ ਸੀ ਜਾਂ ਪੰਜਾਬੀ ਸੁਭਾਅ ਦਾ ਸਦਕਾ ਕਿ ਘਰ ਆਏ ਬੰਦੇ ਨੂੰ ਨਾਰਾਜ਼ ਨਹੀਂ ਕਰਨਾ, ਕੁਲਦੀਪ ਨਾ ਸਮਰੱਥਾ ਹੁੰਦਿਆਂ ਵੀ ਉਸ ਨੂੰ ਨਾਂਹ ਨਹੀਂ ਕਰ ਸਕਿਆ ਸੀ। ਦੋ-ਤਿੰਨ ਕਿਸ਼ਤਾਂ ਦੇਣ ਤੋਂ ਬਾਅਦ ਉਸ ਨੇ ਪਾਲਿਸੀ ਕੈਂਸਲ ਕਰਵਾਉਣ ਦੀ ਵੀ ਸੋਚੀ ਪਰ ਉਨ੍ਹਾਂ ਹੀ ਦਿਨਾਂ ਵਿਚ ਉਸ ਦੇ ਇਕ ਵਾਕਿਫ਼ ਦੀ ਅਚਾਨਕ ਹਾਰਟ ਫ਼ੇਲ੍ਹ ਹੋਣ ਕਰ ਕੇ ਮੌਤ ਹੋ ਗਈ। ਕੁਦਰਤੀ ਉਸ ਮਰਨ ਵਾਲੇ ਨੇ ਆਪਣਾ ਬੀਮਾ ਕਰਵਾਇਆ ਹੋਇਆ ਸੀ ਜਿਸ ਦੀ ਵਜ੍ਹਾ ਨਾਲ ਉਸ ਦਾ ਟੱਬਰ ਰੁਲਣੋਂ ਬਚ ਗਿਆ। ਕੁਲਦੀਪ ਨੇ ਵੀ ਆਪਣੇ ਨਿਆਣਿਆਂ ਦਾ ਖ਼ਿਆਲ ਕਰ ਕੇ ਪਾਲਿਸੀ ਕੈਂਸਲ ਕਰਨ ਦਾ ਵਿਚਾਰ ਤਿਆਗ ਦਿੱਤਾ ਸੀ। ਉਸ ਨੇ ਬੀਮਾ ਕੰਪਨੀ ਦਾ ਨੋਟਿਸ ਮੁੜ ਤਹਿ ਕਰ ਕੇ ਲਿਫ਼ਾਫੇ ਵਿਚ ਰੱਖ ਦਿੱਤਾ।

ਇਤਨੀ ਦੇਰ ਨੂੰ ਰਾਜੀ ਨੇ ਵੀ ਬਿਲਕੁਲ ਉਸੇ ਤਰ੍ਹਾਂ ਪੈੱਨ ਅੜਾ ਕੇ ਦੂਜਾ ਲਿਫ਼ਾਫਾ ਪਾੜ ਲਿਆ ਤੇ ਉਸ ਦੇ ਅੰਦਰਲੀ ਚਿੱਠੀ ਕੱਢਣ ਲੱਗ ਪਈ।

"ਤੈਨੂੰ ਕਿੰਨੀ ਵਾਰੀ ਕਿਹਾ ਕਿ ਡੈਡੀ ਦੇ ਕਾਗ਼ਜ਼ਾਂ ਨੂੰ ਨਾ ਛੇੜਿਆ ਕਰ?" ਜ਼ਰਾ ਕੁ ਗੁੱਸੇ ਨਾਲ ਕੁਲਦੀਪ ਨੇ ਰਾਜੀ ਨੂੰ ਝੰਜੋੜਿਆ ਤੇ ਫਿਰ ਸਹਿਮੀ ਹੋਈ ਨੂੰ ਕੁੱਛੜ ਚੁੱਕ ਕੇ ਬੈੱਡ ਰੂਮ ਵੱਲ ਤੁਰ ਪਿਆ। ਜਿਉਂ ਹੀ ਬੈੱਡ ਰੂਮ ਦਾ ਦਰਵਾਜ਼ਾ ਖੋਲ੍ਹਿਆ ਤਾਂ ਸ਼ੌਨ ਨੂੰ ਜੂਸ ਪਿਲਾ ਰਹੀ ਹਰਵਿੰਦਰ ਨੇ ਮੰਜੇ ਉਪਰੋਂ ਹੀ ਮੂੰਹ ਸਾਹਮਣੇ ਉਂਗਲੀ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਤੇ ਫੁਸਫੁਸਾ ਕੇ ਬੋਲੀ, "ਪਹਿਲਾਂ ਟਾਇਲਟ ਉਪਰ ਬਿਠਾਊ ਇਹਨੂੰ।"

ਹਰਵਿੰਦਰ ਦੀ ਗੋਦ ਵਿਚ ਪਏ ਸ਼ੌਨ ਦੇ ਮੱਥੇ ਅਤੇ ਗੱਲ੍ਹ ਨੂੰ ਹੱਥ ਦੇ ਪੁੱਠੇ ਪਾਸੇ ਨਾਲ ਛੋਹ ਕੇ ਦੇਖਿਆ ਤੇ ਬੈੱਡ ਕੋਲ ਪਏ ਕਰਿੱਬ ਹੇਠਾਂ ਬੈਗ ਵਿਚੋਂ ਡਾਇਪਰ ਕੱਢ ਕੇ ਹਰਵਿੰਦਰ ਕੋਲ ਰੱਖਣ ਤੋਂ ਬਾਅਦ ਰਾਜੀ ਨੂੰ ਉਸੇ ਤਰ੍ਹਾਂ ਕੁੱਛੜ ਚੁੱਕੀ ਕੁਲਦੀਪ ਰਾਜੀ ਨੂੰ ਬਾਥਰੂਮ ਦੇ ਦਰਵਾਜ਼ੇ ਅੰਦਰ ਵਾੜ ਕੇ ਮੁੜ ਸੋਫੇ ਉਪਰ ਆ ਬੈਠਾ ਤੇ ਇਕ ਹੋਰ ਘੁੱਟ ਭਰ ਕੇ ਮੁੜ ਡਾਕ ਦੇਖਣ ਲੱਗ ਪਿਆ।

ਇਹ ਲਿਫ਼ਾਫਾ ਸ਼ਹਿਰ ਦੇ ਪੁਲਿਸ ਡੀਪਾਰਟਮੈਂਟ ਵੱਲੋਂ ਭੇਜਿਆ ਗਿਆ ਸੀ। ਕੁਲਦੀਪ ਨੂੰ ਮੋਟਾ ਸਾਰਾ ਜੁਰਮਾਨਾ ਹੋਇਆ ਸੀ। ਕੋਈ ਅੱਠ-ਦਸ ਕੁ ਦਿਨ ਪਹਿਲਾਂ ਕੁਲਦੀਪ ਆਪਣਾ ਨਵਾਂ ਬਣਾਇਆ ਘਰ ਪਾਸ ਕਰਾਉਣ ਲਈ ਮਿਉਂਸਪੈਲਿਟੀ ਇੰਸਪੈਕਟਰ ਨੂੰ ਉਡੀਕਦਾ ਲੇਟ ਹੋ ਗਿਆ ਸੀ। ਦੂਜੇ ਪਾਸੇ ਇਕ ਹੋਰ ਘਰ ਬਣਾਉਣ ਵਾਸਤੇ ਮਾਰਗੇਜ ਲੈਣ ਲਈ ਉਸ ਦੀ ਬੈਂਕ ਦੇ ਅਫ਼ਸਰ ਨਾਲ ਅਪਾਇੰਟਮੈਂਟ ਸੀ, ਤੇ ਉਥੇ ਪਹੁੰਚਣ ਲਈ ਓਵਰ ਸਪੀਡ ਕਾਰ ਚਲਾਉਂਦਾ ਉਹ ਪੁਲਿਸ ਦੇ ਕਾਬੂ ਆ ਗਿਆ ਸੀ। ਉਸ ਦਿਨ ਉਸ ਦਾ ਡਰਾਇਵਿੰਗ ਲਾਇਸੈਂਸ ਵੀ ਉਸ ਦੇ ਬਟੂਏ ਵਿਚ ਨਹੀਂ ਸੀ।

ਦਰਅਸਲ ਰਾਜੀ ਕਈ ਵਾਰੀ ਆਪਣੇ ਡੈਡੀ ਨੂੰ ਲਾਡ ਕਰਨ ਦੀ ਮਾਰੀ ਕੁਲਦੀਪ ਦੇ ਡਰਾਇਵਿੰਗ ਲਾਇਸੈਂਸ ਉਪਰ ਲੱਗੀ ਫੋਟੋ ਕਾਰਨ ਲਾਇਸੈਂਸ ਅਕਸਰ ਬਟੂਏ ਵਿਚੋਂ ਬਾਹਰ ਕੱਢ ਲੈਂਦੀ ਤੇ ਉਸ ਨੂੰ ਚੁੰਮ ਕੇ ਗੱਲ੍ਹ ਨਾਲ ਲਾ ਕੇ ਪਿਆਰ ਕਰ ਲੈਂਦੀ, ਤੇ ਉਸ ਦਿਨ ਰਾਜੀ ਉਸ ਦਾ ਲਾਇਸੈਂਸ ਸਕੂਲ ਨੂੰ ਹੀ ਨਾਲ ਲੈ ਗਈ ਸੀ। ਸ਼ਾਇਦ ਕੁਲਦੀਪ ਪਿਛਲੇ ਕਈ ਦਿਨ ਲਗਾਤਾਰ ਕੰਸਟਰੱਕਸ਼ਨ ਦੇ ਕੰਮ ਵਿਚ ਰੁੱਝਾ ਹੋਣ ਕਰ ਕੇ ਰਾਤ ਨੂੰ ਲੇਟ ਘਰ ਆਉਂਦਾ ਸੀ ਤੇ ਸਵੇਰ ਨੂੰ ਬੱਚਿਆਂ ਦੇ ਸੁੱਤੇ ਉਠਣ ਤੋਂ ਪਹਿਲਾਂ ਹੀ ਘਰੋਂ ਨਿਕਲ ਜਾਂਦਾ ਸੀ।

ਓਵਰ ਸਪੀਡ ਕਾਰ ਚਲਾਉਣ ਅਤੇ ਡਰਾਇਵਿੰਗ ਲਾਇਸੈਂਸ ਆਪਣੇ ਕੋਲ ਨਾ ਰੱਖਣ ਕਰ ਕੇ ਕੁਲਦੀਪ ਦਾ ਚਲਾਨ ਹੋਇਆ ਸੀ। ਪੁਲਿਸ ਨਾਲ ਮੱਥਾਪੱਚੀ ਕਰਨ ਦੀ ਖੱਜਲ-ਖੁਆਰੀ ਤੋਂ ਬਾਅਦ ਜਦੋਂ ਕੁਲਦੀਪ ਅਖ਼ੀਰ ਬੈਂਕ ਪਹੁੰਚਿਆ ਤਾਂ ਬੈਂਕ ਦਾ ਲੋਨ ਅਫ਼ਸਰ ਉਸ ਨੂੰ ਉਡੀਕ-ਉਡੀਕ ਕੇ ਜਾ ਚੁੱਕਾ ਸੀ। ਖਿਝਿਆ-ਖਪਿਆ ਕੁਲਦੀਪ ਘਰ ਪਹੁੰਚਿਆ ਤਾਂ ਲਾਇਸੈਂਸ ਉਸ ਦੇ ਕਮਰੇ ਵਿਚ ਪਏ ਕਾਗ਼ਜ਼ਾਂ ਵਿਚੋਂ ਵੀ ਕਿਧਰੇ ਨਾ ਲੱਭਿਆ। ਉਸ ਨੂੰ ਆਪਣਾ ਬਟੂਆ ਤੇ ਹੋਰ ਕਾਗਜ਼ ਵਾਰ-ਵਾਰ ਫਰੋਲਦਾ ਦੇਖ ਕੇ ਰਾਜੀ ਪੋਲੇ ਜਿਹੇ ਪੈਰੀਂ ਆਪਣੇ ਕਮਰੇ ਵਿਚੋਂ ਆਪਣਾ ਨਿੱਕਾ ਜਿਹਾ ਸਕੂਲ ਬੈਗ ਚੁੱਕ ਲਿਆਈ ਤੇ ਉਸ ਦੀ ਸਾਈਡ ਤੇ ਬਣੀ ਜੇਬ ਵਿਚੋਂ ਕੁਲਦੀਪ ਦਾ ਲਾਇਸੈਂਸ ਕੱਢ ਕੇ ਉਸ ਨੂੰ ਫੜਾਉਂਦੀ ਹੋਈ ਭੋਲੇਪਣ ਨਾਲ ਬੋਲੀ, "ਡੈਡੀ...ਮੈਂ ਕਈ ਵਾਰ ਤੁਹਾਨੂੰ ਬਹੁਤ ਮਿਸ ਕਰਦੀ...।" ਪਰ ਉਸ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਕੁਲਦੀਪ ਨੇ ਝਪਟ ਕੇ ਉਸ ਦੇ ਹੱਥੋਂ ਲਾਇਸੈਂਸ ਖੋਂਹਦੇ ਹੋਏ ਕਿਹਾ, "ਖ਼ਬਰਦਾਰ, ਜੇ ਇਹਨੂੰ ਕਦੀ ਮੇਰੇ ਬਟੂਏ ਵਿਚੋਂ ਬਾਹਰ ਕੱਢਿਆ ਤਾਂ...।" ਤੇ ਉਸ ਦਿਨ ਰਾਜੀ ਕਾਫ਼ੀ ਸਹਿਮ ਗਈ ਸੀ।



ਲੰਮੀਆਂ ਉਡੀਕਾਂ।

ਤੇ ਇਹ ਨੋਟਿਸ ਉਸੇ ਦਿਨ ਹੋਏ ਚਲਾਨ ਦਾ ਜੁਰਮਾਨਾ ਸੀ। ਇਸ ਨੋਟਿਸ ਨੂੰ ਤਹਿ ਲਾ ਕੇ ਮੁੜ ਲਿਫ਼ਾਫੇ ਵਿਚ ਰੱਖਣ ਲੱਗਾ ਤਾਂ ਰਾਜੀ ਬਾਥਰੂਮ 'ਚੋਂ ਨਿਕਲ ਕੇ ਅਛੋਪਲੇ ਜਿਹੇ ਸੋਫੇ ਉਪਰ ਕੁਲਦੀਪ ਨਾਲ ਲੱਗ ਕੇ ਬਹਿ ਗਈ ਤੇ ਜਿਤਨੀ ਦੇਰ ਉਹ ਡਾਕ ਦੇਖਦਾ ਰਿਹਾ, ਉਤਨੀ ਦੇਰ ਉਹ ਉਸ ਦੀ ਬਾਂਹ ਨੂੰ ਪੋਲਾ ਜਿਹਾ ਫੜ ਕੇ ਉਸ ਦੇ ਨਾਲ ਸਿਮਟੀ ਰਹੀ। ਸ਼ਾਇਦ ਬਾਕੀ ਦੀ ਡਾਕ ਦੇਖਦੇ-ਦੇਖਦੇ ਇਕ-ਦੋ ਵਾਰੀ ਕੁਲਦੀਪ ਨੇ ਉਸ ਨੂੰ ਪੋਲਾ-ਪੋਲਾ ਜਿਹਾ ਥਾਪੜ ਵੀ ਦਿੱਤਾ ਸੀ ਤੇ ਡਾਕ ਮੁੱਕਣ ਤਕ ਉਹ ਸੌਂ ਚੁੱਕੀ ਸੀ।

ਕੁਲਦੀਪ ਨੇ ਡਾਕ ਮੁੱਕਣ ਤੋਂ ਬਾਅਦ ਦੂਜਾ ਪੈੱਗ ਵੀ ਮੁਕਾਇਆ ਤੇ ਸੁੱਤੀ ਪਈ ਰਾਜੀ ਨੂੰ ਚੁੱਕ ਕੇ ਬੈੱਡ ਉਪਰ ਪਾ ਆਇਆ। ਹਰਵਿੰਦਰ ਵੀ ਸ਼ੌਨ ਨੂੰ ਮੁੜ ਕਰਿੱਬ ਵਿਚ ਪਾ ਚੁੱਕੀ ਸੀ ਤੇ ਰਾਜੀ ਉਪਰ ਕੰਬਲ ਦਿੰਦੀ ਹੋਈ ਨੇ ਧੀਮੀ ਜਿਹੀ ਆਵਾਜ਼ ਵਿਚ ਕੁਲਦੀਪ ਨੂੰ ਪੁੱਛਿਆ, "ਰੋਟੀ ਪਾ ਦਿਆਂ ਹੁਣ?"

"ਆਹੋ ਪੰਜਾਂ ਕੁ ਮਿੰਟਾਂ ਤਾਈਂ।" ਉਸੇ ਤਰ੍ਹਾਂ ਦੀ ਨੀਵੀਂ ਆਵਾਜ਼ ਵਿਚ ਜੁਆਬ ਦੇ ਕੇ ਕੁਲਦੀਪ ਬੈੱਡਰੂਮ ਵਿਚੋਂ ਨਿਕਲ ਗਿਆ ਤੇ ਕਿਚਨ ਵਿਚ ਆ ਕੇ ਇਕ ਹੋਰ ਹਲਕਾ ਜਿਹਾ ਪੈੱਗ ਬਣਾਉਣ ਲੱਗ ਪਿਆ। ਗਲਾਸ ਹੱਥ ਵਿਚ ਚੁੱਕੀ ਉਹ ਮੁੜ ਸੋਫੇ ਉਪਰ ਆ ਬੈਠਾ ਤੇ ਐਵੇਂ ਬੇਮਤਲਬ ਹੀ ਟੀ.ਵੀ. ਦੇ ਰੀਮੋਟ ਕੰਟਰੋਲ ਦੇ ਬਟਨ ਨੂੰ ਦੱਬਣ ਲੱਗ ਪਿਆ।

"ਮਸੀਂ ਟਿਕੀ ਆ ਬਿਚਾਰੀ।" ਸੋਫੇ ਉਪਰ ਕੁਲਦੀਪ ਦੇ ਬਰਾਬਰ ਬੈਠਦੀ ਹਰਵਿੰਦਰ ਨੇ ਕਿਹਾ, "ਬਹੁਤ ਦੇਰ ਦੀ ਉਡੀਕਦੀ ਸੀ ਤੁਹਾਨੂੰ। ਤੁਸੀਂ ਜ਼ਰਾ ਛੇਤੀ ਘਰ ਆ ਜਾਇਆ ਕਰੋ। ਸਵੇਰ ਨੂੰ ਵੀ ਇਨ੍ਹਾਂ ਦੇ ਸੁੱਤੇ ਉਠਣ ਤੋਂ ਪਹਿਲਾਂ ਹੀ ਨਿਕਲ ਜਾਂਦੇ ਆਂ।"

"ਮੈਂ ਦੱਸ ਕੀ ਕਰਾਂ...ਤੇਰੇ ਸਾਹਮਣੇ ਈ ਆ ਸਭ ਕੁਸ਼। ਅੱਠ ਸਾਲ ਹੋ ਗਏ ਮੈਨੂੰ ਕੈਨੇਡਾ ਆਏ ਨੂੰ...ਕੋਈ ਚੱਜ ਦੀ ਨੌਕਰੀ ਨੀ ਮਿਲੀ। ਆਹ ਮਸੀਂ ਕਿਤੇ ਪਿਛਲੇ ਦੋਂਹ ਕੁ ਸਾਲਾਂ ਤੋਂ ਘਰਾਂ ਦੀ ਮਾਰਕੀਟ ਜਦੋਂ ਤੇਜ਼ ਹੋਈ ਤਾਂ ਕੁਸ਼ ਬਣਨ ਲੱਗਾ। ਇਹ ਤਾਂ ਐਦਾਂ ਆ, ਪਈ ਤੁਹਾਡਾ ਬਣਾਇਆ ਹੋਇਆ ਘਰ ਮਾਰਕਿਟ ਵਿਚ ਸੇਲ 'ਤੇ ਲੱਗਣ ਤੋਂ ਪਹਿਲਾਂ ਈ ਦੂਜਾ ਘਰ ਬਣਾਉਣ ਲਈ ਲਾਟ ਖ਼ਰੀਦੀ ਹੋਈ ਹੋਵੇ ਤੇ ਨਕਸ਼ਾ ਪਾਸ ਹੋਇਆ ਹੋਵੇ। ਪਹਿਲਾ ਘਰ ਵਿਕਦਿਆਂ ਈ ਦੂਜੇ ਦਾ ਕੰਮ ਚਾਲੂ ਹੋ ਜਾਵੇ। ਤਦੇ ਈ ਗੁਜ਼ਾਰਾ ਹੋ ਸਕਦਾ, ਨਹੀਂ ਤਾਂ ਤੁਸੀਂ ਮਾਰਕਿਟ ਵਿਚ ਸਰਵਾਈਵ ਨ੍ਹੀਂ ਕਰ ਸਕਦੇ।" ਕੁਲਦੀਪ ਨੇ ਜ਼ਰਾ ਲਾਚਾਰੀ ਜ਼ਾਹਿਰ ਕਰਦਿਆਂ ਕਿਹਾ ਤੇ ਫਿਰ ਇੱਕ ਛਿਣ ਰੁਕ ਕੇ ਕਹਿਣ ਲੱਗਾ, "ਵੱਡੇ-ਵੱਡੇ ਬਿਲਡਰ ਤਾਂ ਅੱਠ-ਦਸ ਲਾਟਾਂ 'ਕੱਠੀਆਂ ਈ ਲੈ ਕੇ ਕੰਮ ਸ਼ੁਰੂ ਕਰ ਦਿੰਦੇ ਆ...ਕੋਈ ਨਾ, ਕਿਸੇ ਦਿਨ ਆਪਾਂ ਵੀ ਵੱਡੇ ਬਿਲਡਰ...।" ਕਹਿੰਦਿਆਂ ਕੁਲਦੀਪ ਨੇ ਹਰਵਿੰਦਰ ਨੂੰ ਇਕ ਬਾਂਹ ਨਾਲ ਖਿੱਚ ਕੇ ਆਪਣੇ ਨੇੜੇ ਕੀਤਾ ਤੇ ਦੂਜੇ ਹੱਥ ਨਾਲ ਗਲਾਸ ਵਿਚੋਂ ਇੱਕ ਹੋਰ ਘੁੱਟ ਭਰ ਕੇ ਮੇਜ਼ ਉਪਰ ਰੱਖ ਦਿੱਤਾ।

"ਕਿੰਨੇ ਪੈੱਗ ਲਾਏ ਅੱਜ?" ਉਸ ਦੇ ਨੇੜੇ ਹੋ ਕੇ ਉਸ ਦੇ ਮੂੰਹ ਲਾਗੇ ਆਪਣਾ ਨੱਕ ਕਰਦੀ ਹੋਈ ਹਰਵਿੰਦਰ ਬੋਲੀ।

"ਜਿੰਨੇ ਅੱਗੇ ਲੌਨਾਂ ਈ ਆਂ ਰੋਜ਼।" ਕਹਿ ਕੇ ਕੁਲਦੀਪ ਨੇ ਆਪਣੇ ਬੁੱਲ੍ਹ ਉਹਦੇ ਬੁੱਲ੍ਹਾਂ ਦੇ ਬਰਾਬਰ ਕੀਤੇ ਹੀ ਸਨ ਕਿ ਫੋਨ ਦੀ ਘੰਟੀ ਖੜਕ ਪਈ। ਨਿਆਣਿਆਂ ਦੇ ਸੁੱਤੇ ਉਠ ਜਾਣ ਦੇ ਡਰੋਂ ਕੁਲਦੀਪ ਬਿਜਲੀ ਵਾਂਗ ਸੋਫੇ ਤੋਂ ਉਠਿਆ, ਜਿਸ ਕਰ ਕੇ ਉਸ ਦੇ ਹੱਥ ਵਿਚਲੇ ਗਲਾਸ ਵਿਚੋਂ ਕੁੱਝ ਛਿੱਟੇ ਉਸ ਦੀ ਪੈਂਟ ਤੇ ਕੁਝ ਕਾਫ਼ੀ-ਟੇਬਲ ਉਪਰ ਪੈ ਗਏ। ਤੀਜੀ ਘੰਟੀ ਹੁੰਦਿਆਂ ਹੀ ਕਿਚਨ ਵਿਚ ਪਹੁੰਚ ਕੇ ਫੋਨ ਚੁੱਕ ਲਿਆ। ਦੂਜੇ ਪਾਸੇ ਉਸ ਦਾ ਘਰਾਂ ਦਾ ਸੇਲਜ਼ਮੈਨ ਦੋਸਤ ਅਵਤਾਰ ਬੋਲ ਰਿਹਾ ਸੀ ਜਿਸ ਨੇ ਉਨ੍ਹਾਂ ਦਾ 124 ਸਟ੍ਰੀਟ ਵਾਲਾ ਨਵਾਂ ਬਣਾਇਆ ਘਰ ਸੇਲ ਉਪਰ ਲਗਾਇਆ ਹੋਇਆ ਸੀ।

ਕਾਫ਼ੀ-ਟੇਬਲ ਉਪਰ ਡੁੱਲ੍ਹੀ ਸ਼ਰਾਬ ਸਾਫ਼ ਕਰਨ ਲਈ ਕਿਚਨ ਵਿਚੋਂ ਨੈਪਕਿਨ ਪੇਪਰ ਲੈਣ ਆਈ ਹਰਵਿੰਦਰ ਪਤੀਲੇ ਵਿਚੋਂ ਚਿਕਨ ਦੀ ਪਲੇਟ ਭਰ ਕੇ ਮਾਈਕਰੋਵੇਵ ਵਿਚ ਗਰਮ ਹੋਣ ਲਈ ਰੱਖਣ ਲੱਗੀ ਤਾਂ ਉਸ ਨੇ ਕੁਲਦੀਪ ਨੂੰ ਫੋਨ ਉਪਰ ਇਹ ਕਹਿੰਦਿਆਂ ਸੁਣਿਆ, "ਯਾਰ, ਇਹ ਤਾਂ ਸਵੇਰ ਨੂੰ ਬਹੁਤ ਛੇਤੀ ਆ।"

"... ...।" ਦੂਜੇ ਪਾਸਿਉਂ ਅਵਤਾਰ ਨੇ ਕੁੱਝ ਕਿਹਾ।

"ਅੱਛਾਅ,... ਤਾਂ ਫੇਅ ਪਹੁੰਚ ਜਾਊਂ ਮੈਂ ਔਖਾ ਸੌਖਾ...ਚੰਗਾ...ਓ.ਕੇ.।" ਕਹਿ ਕੇ ਕੁਲਦੀਪ ਨੇ ਫੋਨ ਰੱਖਿਆ ਤੇ ਵਾਪਿਸ ਲਿਵਿੰਗ ਰੂਮ ਵਿਚ ਆ ਗਿਆ।

"ਸ਼ਾਇਦ ਕੱਲ੍ਹ ਨੂੰ ਡੀਲ ਫ਼ਾਈਨਲ ਹੋ ਜਾਏ। ਆਫ਼ਰ ਤਾਂ ਵਧੀਆ ਲਗਦੀ ਆ।" ਸੋਫੇ ਉਪਰ ਬੈਠ ਕੇ ਮੁੜ ਗਲਾਸ ਚੁੱਕਦਾ ਕੁਲਦੀਪ ਬੋਲਿਆ।

"ਕਿੰਨੇ ਵਜੇ ਜਾਣਾ ਪਊ?" ਹਰਵਿੰਦਰ ਨੂੰ ਜਿਵੇਂ ਆਫ਼ਰ ਵਿਚ ਜ਼ਿਆਦਾ ਦਿਲਚਸਪੀ ਨਾ ਹੋਵੇ।

"ਅੱਠ ਵਜੇ ਅਵਤਾਰ ਦੇ ਦਫ਼ਤਰ ਪਹੁੰਚਣਾ।"

"ਅੱਛਾਅ।" ਹਰਵਿੰਦਰ ਜ਼ਰਾ ਢਿੱਲੇ ਸੁਰ

(ਅਗਲੇ ਸਫੇ 'ਤੇ ਜਾਰੀ

ਵਿਚ ਬੋਲੀ, "ਮੈਂ ਚਾਹੁੰਦੀ ਸੀ ਕਿ ਕੱਲ੍ਹ ਸਵੇਰ ਨੂੰ ਤੁਸੀਂ ਰਾਜੀ ਨੂੰ ਸਕੂਲੇ ਛੱਡ ਜਾਂਦੇ।"

"ਚਾਹੁੰਦਾ ਤਾਂ ਮੈਂ ਵੀ ਇਹੋ ਈ ਸੀ ਪਰ...ਆਹ ਰੋਟੀ ਪਾਣੀ, ਆਹ ਬਿੱਲ, ਆਹ ਕਿਸ਼ਤਾਂ ਵੀ ਤਾਂ ਕਿਸੇ ਤਰ੍ਹਾਂ...!" ਹਰਵਿੰਦਰ ਉਹਦੀ ਗੱਲ ਟੋਕਦੀ ਉਸੇ ਸੁਰ ਵਿਚ ਬੋਲੀ, "ਉਹ ਬਿਚਾਰੀ ਤਾਂ ਅੱਜ ਸਵੇਰੇ ਵੀ ਕਹਿੰਦੀ ਸੀ ਕਿ ਮੈਨੂੰ ਡੈਡੀ ਸਕੂਲ ਛੱਡ ਕੇ ਆਉਣ। ਫਿਰ ਕਹਿੰਦੀ ਸੀ ਕਿ ਜੇ ਛੱਡਣ ਨਹੀਂ ਤਾਂ ਸਕੂਲੋਂ ਵਾਪਿਸ ਲੈਣ ਵੇਲੇ ਡੈਡੀ ਜ਼ਰੂਰ ਆਉਣ।...ਕੱਲ੍ਹ ਸ਼ਾਮੀ ਇਨ੍ਹਾਂ ਦੀ ਟੀਚਰ ਦੀ ਬੱਚਿਆਂ ਦੇ ਮਾਂ-ਬਾਪ ਨਾਲ ਮੰਥਲੀ ਮੀਟਿੰਗ ਵੀ ਸੀ। ਮੈਂ ਤਾਂ ਸ਼ੌਨ ਢਿੱਲਾ ਹੋਣ ਕਰ ਕੇ ਨਾ ਜਾ ਸਕੀ ਤੇ ਤੁਹਾਡਾ ਕੰਮ ਵਿਚੋਂ ਈ ਨੀ ਵਿਹਲ ਲੱਗਾ। ਰਾਜੀ ਨੇ ਬਹੁਤ ਹੋਰ ਤਰ੍ਹਾਂ ਫੀਲ ਕੀਤਾ।"

"ਲੈ ਦੱਸ, ਉਹੀ ਗੱਲ।" ਕੁਲਦੀਪ ਜ਼ਰਾ ਕੁ ਤੁਣਕਿਆ, "ਮੈਂ ਕਿਤੇ ਆਹ ਸਾਰੀ ਨੱਠ-ਭੱਜ ਆਪਣੇ ਲਈ ਕਰਦਾਂ? ਇਨ੍ਹਾਂ ਨਿਆਣਿਆਂ ਲਈ ਈ ਟੁੱਟ-ਟੁੱਟ ਮਰਦਾਂ। ਫਿਰ ਤੈਨੂੰ ਵੀ ਕਦੀ ਕਿਤੇ ਜੌਬ ਕਰਨ ਲਈ ਮਜਬੂਰ ਨੀ ਕੀਤਾ।"

"ਉਹ ਤਾਂ ਠੀਕ ਆ। ਓਦਣ ਐਤਵਾਰ ਜਦੋਂ ਆਪਾਂ ਨਿਆਣਿਆਂ ਨੂੰ ਪਾਰਕ ਲਿਜਾਣ ਦਾ ਪ੍ਰੋਗਰਾਮ ਬਣਾਇਆ ਸੀ ਤਾਂ ਐਨ ਤੁਰਨ ਲੱਗਿਆਂ ਤੁਹਾਨੂੰ ਨਵੇਂ ਬਣਦੇ ਘਰ ਵਿਚੋਂ ਇਲੈਕਟ੍ਰੀਸ਼ਨ ਦਾ ਫੋਨ ਆਇਆ ਸੀ ਕਿਸੇ ਪ੍ਰਾਬਲਮ ਕਰ ਕੇ। ਦੇਖਿਆ, ਉਦੋਂ ਕਿੱਦਾਂ ਰਾਜੀ ਤੁਹਾਡੇ ਬੂਟ ਪਾਉਂਦਿਆਂ ਦੀਆਂ ਲੱਤਾਂ ਨਾਲ ਚਿੰਬੜ ਕੇ ਕਹਿੰਦੀ ਸੀ ਕਿ ਡੈਡੀ ਤੁਸੀਂ ਕੰਮ 'ਤੇ ਨਾ ਜਾਇਆ ਕਰੋ, ਮੈਂ ਲਾਈਕ ਨੀ ਕਰਦੀ ਜਦੋਂ ਤੁਸੀਂ ਮੈਨੂੰ ਛੱਡ ਕੇ ਜਾਨੇ ਆਂ...ਤੇ ਫਿਰ ਕਹਿੰਦੀ ਸੀ...।"

"ਚੱਲ ਛੱਡ ਹੁਣ।" ਉਸ ਦੀ ਗੱਲ ਕੱਟ ਕੇ ਕੁਲਦੀਪ ਗਲਾਸ ਵਿਚੋਂ ਆਖ਼ਰੀ ਘੁੱਟ ਭਰਦਾ ਬੋਲਿਆ, "ਤੈਨੂੰ ਚੰਗਾ-ਭਲਾ ਪਤਾ, ਪਈ ਮੈਂ ਚਾਹੁੰਨਾ ਕਿ ਹੁਣ ਮਾਰਕਿਟ ਤੇਜ਼ ਆ। ਦਵਾ-ਦਵ ਪੰਜ-ਸੱਤ ਘਰ ਬਣਾ ਕੇ ਵੇਚ ਲਵਾਂ ਤੇ ਇਕ ਅੱਧਾ ਨਿਆਣਿਆਂ ਲਈ ਮਾੜਾ-ਮੋਟਾ ਬਣਾ ਲਵਾਂ। ਇਨ੍ਹਾਂ ਦੇ ਫਿਊਚਰ ਲਈ ਚੰਗਾ ਰਹੂਗਾ।"

"ਉਹ ਤਾਂ ਠੀਕ ਆ ਪਰ ਤੁਸੀਂ ਟੈਮ ਸਿਰ ਘਰ ਤਾਂ ਆ ਜਾਇਆ ਕਰੋ। ਸੱਤੇ ਦਿਨ ਓਹੀ ਨੱਠ ਭੱਜ। ਨਾ ਨਿਆਣਿਆਂ ਲਈ ਟੈਮ, ਨਾ ਆਪਣੀ ਸਿਹਤ ਦਾ ਕੋਈ ਫ਼ਿਕਰ।" ਹਰਵਿੰਦਰ ਨੇ ਜ਼ਰਾ ਤੌਖਲੇ ਨਾਲ ਕਿਹਾ।

"ਓਹ ਕੁਸ਼ ਨੀ ਹੁੰਦਾ ਸਿਹਤ ਨੂੰ।" ਕੁਲਦੀਪ ਜ਼ਰਾ ਲਾਪ੍ਰਵਾਹੀ ਨਾਲ ਬੋਲਿਆ। ਫਿਰ ਮੇਜ਼ ਉਪਰ ਖਿੱਲਰੇ ਕਾਗ਼ਜ਼ਾਂ ਵਿਚੋਂ ਆਪਣੇ ਜੀਵਨ ਬੀਮੇ ਵਾਲਾ ਲਿਫਾਫਾ ਚੁੱਕ ਕੇ ਉਹਨੂੰ ਦਿਖਾਲਦਾ ਜ਼ਰਾ ਸ਼ੁਗਲ ਜਿਹੇ ਨਾਲ ਬੋਲਿਆ, "ਜੇ ਮੈਨੂੰ ਕੁਸ਼ ਹੋ ਵੀ ਗਿਆ ਤਾਂ ਤੂੰ ਤੇ ਨਿਆਣੇ ਸਾਰੀ ਉਮਰ ਐਸ਼ ਕਰੋਗੇ। ਤਦੇ ਤਾਂ ਐਡੀਆਂ ਐਡੀਆਂ ਕਿਸ਼ਤਾਂ ਦਿੰਨਾਂ।"

ਹਰਵਿੰਦਰ ਨੇ ਜ਼ਰਾ ਬੁਰਾ ਜਿਹਾ ਮੂੰਹ ਬਣਾ ਕੇ ਕੁਲਦੀਪ ਨੂੰ ਅਹਿਸਾਸ ਕਰਵਾਇਆ ਕਿ ਉਸ ਨੂੰ ਉਸ ਦੀ ਗੱਲ ਚੰਗੀ ਨਹੀਂ ਲੱਗੀ ਤੇ ਉਸ ਨੇ ਜ਼ਰਾ ਪਰ੍ਹਾਂ ਮੂੰਹ ਫੇਰ ਲਿਆ।

ਕੁਲਦੀਪ ਉਸ ਦੀ ਮਨੋਦਸ਼ਾ ਭਾਂਪਦਾ ਹੋਇਆ ਉਸ ਨੂੰ ਪਿਆਰ ਨਾਲ ਆਪਣੇ ਵੱਲ ਦੁਬਾਰਾ ਖਿੱਚਦਾ ਬੋਲਿਆ, "ਓਹ! ਨਰਾਜ਼ ਹੋ ਗਈ? ਆਈ.ਐਮ. ਸੌਰੀ...ਦੇਖ ਤੇਰਾ ਕੀ ਖ਼ਿਆਲ ਆ ਕਿ ਮੇਰਾ ਕਿਤੇ ਜੀਅ ਕਰਦਾ, ਪਈ ਰਾਤ ਨੂੰ ਘਰ ਵੜਦੇ ਸਾਰ ਈ ਮਗਰ ਫੋਨ ਖੜਕੀ ਜਾਣ?" ਤੇ ਫਿਰ ਜ਼ਰਾ ਹੋਰ ਰੁਮਾਂਟਿਕ ਬਣਦਾ ਹਲਕੇ ਨਸ਼ਈ ਅੰਦਾਜ਼ ਵਿਚ ਬੋਲਿਆ, "ਮੈਂ ਤਾਂ ਇਹ ਚਾਹੁੰਨਾ ਕਿ ਮੈਂ ਰਾਤ ਨੂੰ ਜਦੋਂ ਘਰ ਆਵਾਂ ਤਾਂ ਸਭ ਕੁਸ਼ ਸੁੱਤਾ ਪਿਆ ਹੋਵੇ ਤੇ ਸਿਰਫ਼ ਤੂੰ ਜਾਗਦੀ ਹੋਵੇਂ।"

"ਤਾਂ ਕਿ ਜਨਾਬ ਪੈੱਗ ਲਾ ਕੇ ਆਪਣਾ ਕੰਮ ਕਰਨ ਤੇ ਘੁਰਾੜੇ ਮਾਰਨ।" ਉਸ ਦੀਆਂ ਅੱਖਾਂ ਵਿਚ ਝਾਕਦੀ ਸ਼ਰਾਰਤ ਭਰੇ ਵਿਅੰਗ ਨਾਲ ਹਰਵਿੰਦਰ ਬੋਲੀ ਤੇ ਬੋਲਦਿਆਂ ਸਾਰ ਹੀ ਕੁਲਦੀਪ ਵੱਲੋਂ ਹੋਣ ਵਾਲੇ ਪ੍ਰਤੀਕਰਮ ਦਾ ਅੰਦਾਜ਼ਾ ਲਗਾਉਂਦੀ ਉਸ ਦੀ ਬੁੱਕਲ ਵਿਚੋਂ ਨਿਕਲ ਕੇ ਜ਼ਰਾ ਕੁ ਪਰ੍ਹੇ ਸਰਕ ਗਈ।

"ਤੇਰੀ ਐਸੀ ਕੀ...।" ਕੁਲਦੀਪ ਨੇ ਵੇਗ ਵਿਚ ਆਉਂਦਿਆਂ ਦੁਬਾਰਾ ਉਸ ਨੂੰ ਆਪਣੀਆਂ ਬਾਹਾਂ ਵਿਚ ਘੁੱਟਣਾ ਚਾਹਿਆ। ਐਨ ਉਸੇ ਵੇਲੇ ਕਿਚਨ ਵਿਚੋਂ ਮਾਈਕਰੋਵੇਵ ਦੀ ਘੰਟੀ ਨੇ ਖਾਣਾ ਗਰਮ ਹੋਣ ਦੀ ਸੂਚਨਾ ਦਿੱਤੀ ਤੇ ਕੁਲਦੀਪ ਦੀਆਂ ਬਾਹਾਂ ਮੁੜ ਉਸ ਵੱਲ ਹੀ ਮੋੜਦੀ ਹੋਈ ਹਰਵਿੰਦਰ ਕਿਚਨ ਵਿਚ ਜਾਣ ਲਈ ਉਠ ਖਲੋਤੀ।

ਕਿਚਨ ਵਿਚ ਜ਼ਰਾ ਕਾਹਲੀ-ਕਾਹਲੀ ਭਾਂਡੇ ਕੱਢਦੀ ਤੋਂ ਕੌਲੀ ਤੇ ਪਲੇਟ ਉਸ ਦੇ ਹੱਥੋਂ ਡਿੱਗ ਪਈ। ਕਾਫ਼ੀ ਖੜਾਕਾ ਹੋਇਆ।

"ਕੀ ਭੰਨਿਆ?" ਲਿਵਿੰਗ ਰੂਮ ਵਿਚੋਂ ਕੁਲਦੀਪ ਬੋਲਿਆ।

"ਕੁਸ਼ ਨਹੀਂ, ਐਮੀਂ ਮਾੜਾ ਜਿਹਾ ਹੱਥ ਵੱਜ ਗਿਆ ਮੇਰਾ।" ਕਹਿ ਕੇ ਹਰਵਿੰਦਰ ਥੱਲੇ ਡੁੱਲ੍ਹਿਆ ਖੱਟਾ ਸਾਫ਼ ਕਰਨ ਲੱਗ ਪਈ।

ਉਧਰ ਕੁਲਦੀਪ ਟੀ.ਵੀ. ਦੇ ਰੀਮੋਟ ਕੰਟਰੋਲ ਦੇ ਬਟਨ ਬੇਮਤਲਬ ਜਿਹਾ ਦੱਬਦਾ ਸਵੇਰ ਨੂੰ ਅਵਤਾਰ ਨਾਲ ਹੋਣ ਵਾਲੀ ਮੀਟਿੰਗ ਬਾਰੇ ਮਨ ਵਿਚ ਵਿਚਾਰ ਕਰਨ ਲੱਗ ਪਿਆ।

ਨਵਾਂ ਘਰ ਪੂਰੀ ਕੀਮਤ ਉਪਰ ਹੀ ਵੇਚਾਂਗਾ, ਘਟਾ ਕੇ ਨਹੀਂ, ਉਸ ਸੋਚਿਆ। ਐਨੀ ਨੱਠ-ਭੱਜ ਤੋਂ ਬਾਅਦ ਐਨਾ ਕੁ ਪਰਾਫਿਟ ਹੋਣਾ ਹੀ ਚਾਹੀਦਾ। ਨਵਾਂ ਘਰ ਬਣਾਉਣ ਲਈ ਆਏ ਖ਼ਰਚ ਦੀਆਂ ਮਨ ਵਿਚ ਜ਼ਰਬਾਂ-ਤਕਸੀਮਾਂ ਲਗਾਉਂਦਿਆਂ ਉਸ ਨੇ ਹਿਸਾਬ ਲਾਇਆ, ਨਿਆਣਿਆਂ ਦੇ ਭਵਿੱਖ ਲਈ ਕੁਝ ਨਾ ਕੁਝ ਤਾਂ ਪੱਲੇ ਹੋਣਾ ਚਾਹੀਦਾ।

ਨਿਆਣਿਆਂ ਦੇ ਭਵਿੱਖ ਦਾ ਖ਼ਿਆਲ ਆਉਂਦਿਆਂ ਹੀ ਉਸ ਨੂੰ ਆਪਣੇ ਜੀਵਨ ਬੀਮੇ ਦੀ ਕਿਸ਼ਤ ਦਾ ਖ਼ਿਆਲ ਆਇਆ। ਸਾਹਮਣੇ ਪਏ ਕਾਗਜ਼ਾਂ ਵਿਚੋਂ ਜੀਵਨ ਬੀਮੇ ਦੀ ਕਿਸ਼ਤ ਵਾਲਾ ਲਿਫ਼ਾਫਾ ਖੋਲ੍ਹ ਕੇ ਅੰਦਰਲੇ ਕਾਗਜ਼ਾਂ ਨੂੰ ਪੜ੍ਹਨ ਲੱਗ ਪਿਆ। ਜਦੋਂ ਪਾਲਿਸੀ ਖ਼ਰੀਦੀ ਸੀ ਤਾਂ ਉਸ ਨੇ ਅੱਧੇ ਮਿਲੀਅਨ ਦਾ ਡੈਥ ਬੈਨਿਫਿਟ ਲਿਆ ਸੀ, ਜਾਣੀ ਕਿ ਉਸ ਦੀ ਮੌਤ ਹੋ ਜਾਣ ਦੀ ਸੂਰਤ ਵਿਚ ਉਸ ਦੇ ਪਰਿਵਾਰ ਨੂੰ ਪੰਜ ਲੱਖ ਡਾਲਰ ਮਿਲਣਾ ਸੀ। ਹੁਣ ਦੋ ਸਾਲਾਂ ਵਿਚ ਮਹਿੰਗਾਈ ਐਨੀ ਵਧਣ ਕਾਰਨ ਇਹ ਰਕਮ ਕੋਈ ਜ਼ਿਆਦਾ ਨਹੀਂ ਜਾਪਦੀ ਸੀ।

'ਕਿਉਂ ਨਾ ਡੈੱਥ ਬੈਨਿਫਿਟ ਅੱਧੇ ਮਿਲੀਅਨ ਤੋਂ ਵਧਾ ਕੇ ਪੂਰੇ ਮਿਲੀਅਨ ਦਾ ਕਰਵਾ ਲਵਾਂ?' ਉਸ ਨੇ ਸੋਚਿਆ ਤੇ ਫਿਰ ਪਾਲਿਸੀ ਦੇ ਕਾਗਜ਼ ਦੇਖਦਾ ਮਨ ਵਿਚ ਹਿਸਾਬ-ਕਿਤਾਬ ਕਰਨ ਲੱਗਾ ਕਿ ਇਸ ਤਰ੍ਹਾਂ ਕਰਨ ਨਾਲ ਕਿਤਨੀ ਕੁ ਕਿਸ਼ਤ ਹੋਰ ਵੱਧ ਦੇਣੀ ਪਵੇਗੀ?

'ਚੱਲ ਹੁਣ ਬੜਾ ਸੁਹਣਾ ਕੰਮ ਤੁਰਿਆ ਆ, ਔਖਾ-ਸੌਖਾ ਵਾਧੂ ਕਿਸ਼ਤ ਵੀ ਦੇਈ ਜਾਊਂ...ਬੱਚਿਆਂ ਦਾ ਫਿਊਚਰ ਤਾਂ ਸੁਰੱਖਿਅਤ ਹੋ ਜਾਊ।' ਉਸ ਨੇ ਜਿਵੇਂ ਆਪਣੇ ਆਪ ਨਾਲ ਸਲਾਹ ਕੀਤੀ, 'ਜੀਵਨ ਬੀਮੇ ਦਾ ਮਤਲਬ ਤਾਂ ਇਹੀ ਆ।'

ਇਤਨੇ ਨੂੰ ਕਿਚਨ ਵਿਚੋਂ ਹਰਵਿੰਦਰ ਦੀ ਆਵਾਜ਼ ਸੁਣਾਈ ਦਿੱਤੀ, "ਰੋਟੀ ਲਾ'ਤੀ ਆ, ਡਾਇਨਿੰਗ ਟੇਬਲ 'ਤੇ।"

ਇਕ ਹੱਥ ਵਿਚ ਵਿਸਕੀ ਵਾਲਾ ਖ਼ਾਲੀ ਗਲਾਸ ਤੇ ਦੂਜੇ ਵਿਚ ਕਾਫ਼ੀ-ਟੇਬਲ ਤੋਂ ਉਘੜ-ਦੁਘੜੇ ਕਾਗ਼ਜ਼ ਚੁੱਕ ਕੇ ਬੀਮਾ ਪਾਲਿਸੀ ਦੇ ਕਾਗਜ਼ ਵਿਚ ਧਿਆਨ ਲਗਾਈ ਕੁਲਦੀਪ ਉਠ ਕੇ ਕਿਚਨ ਵੱਲ ਜਾਣ ਲੱਗਾ ਤਾਂ ਸੋਫ਼ੇ ਨਾਲ ਕਾਰਪੈੱਟ ਉਪਰ ਪਈ ਕਿਸੇ ਚੀਜ਼ ਨਾਲ ਉਸ ਦਾ ਪੈਰ ਟਕਰਾਇਆ।

ਲੜਖੜਾ ਕੇ ਸੰਭਾਲਣ ਲਈ ਐਧਰ-ਉਧਰ ਹੱਥ ਮਾਰਦੇ ਕੁਲਦੀਪ ਦੇ ਹੱਥੋਂ ਕਾਗਜ਼-ਪੱਤਰ ਇਧਰ-ਉਧਰ ਖ਼ਿਲਰ ਗਏ ਤੇ ਸ਼ਰਾਬ ਵਾਲਾ ਖ਼ਾਲੀ ਗਿਲਾਸ ਥੱਲੇ ਡਿੱਗ ਕੇ ਰੁੜ੍ਹਦਾ ਸਾਹਮਣੀ ਕੰਧ ਨਾਲ ਜਾ ਟਕਰਾਇਆ। ਥੱਲੇ ਕਾਰਪੈੱਟ ਉਪਰ ਉਸ ਨੇ ਪੈਰ ਅਟਕਣ ਵਾਲੀ ਚੀਜ਼ ਉਪਰ ਨਜ਼ਰ ਮਾਰੀ ਤਾਂ ਦੇਖਿਆ ਕਿ ਸੋਫੇ ਦੀ ਬਾਹੀ ਨਾਲ ਲੱਗ ਕੇ ਲੇਟੀ ਹੋਈ ਰਾਜੀ ਉਸ ਦਾ ਬੰਦ ਬਟੂਆ ਆਪਣੀ ਗੱਲ੍ਹ ਨਾਲ ਲਗਾ ਕੇ ਘੂਕ ਸੁੱਤੀ ਪਈ ਸੀ।

"ਟੁੱਟ ਗਿਆ ਕੁਝ?" ਕਿਚਨ ਵਿਚੋਂ ਕਾਹਲੀ ਨਾਲ ਨਿਕਲਦੀ ਹੋਈ ਹਰਵਿੰਦਰ ਬੋਲੀ।

"ਅਜੇ ਤਾਂ ਨਹੀਂ...।" ਭਵੰਤਰੇ ਹੋਏ ਕੁਲਦੀਪ ਦੇ ਮੂੰਹੋਂ ਮਸਾਂ ਨਿਕਲਿਆ, "ਪਰ ਸ਼ਾਇਦ...।" ਤੇ ਇਸ ਤੋਂ ਅੱਗੇ ਉਹ ਕੁਝ ਨਾ ਕਹਿ ਸਕਿਆ ਤੇ ਹਾਰੇ ਹੋਏ ਮਨ ਨਾਲ ਕਾਰਪੈੱਟ ਉਪਰ ਜੀਵਨ ਬੀਮਾ ਪਾਲਿਸੀ ਦੇ ਖਿੱਲਰੇ ਹੋਏ ਕਾਗਜ਼ ਇਕੱਠੇ ਕਰਨ ਲੱਗ ਪਿਆ।

# ਅੱਸੂ ਮਾਹ ਨਿਰਾਲਾ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-454-4958

ਪੰਜਾਬ ਵਿਚ ਅੱਸੂ ਕੱਤਕ ਸਰਦ ਰੁਤ ਦੀ ਆਮਦ ਦੇ ਮਹੀਨੇ ਹਨ। ਇਸ ਕਹਾਵਤ ਵਿਚ ਕੁਝ ਅਜਿਹਾ ਹੀ ਕਿਹਾ ਗਿਆ ਹੈ,

ਅੱਸੂ ਪਾਲਾ ਜੰਮਿਆ, ਕੱਤੇ ਵੱਡਾ ਹੋ।
ਮਘਰ ਫੌਜਾਂ ਚੜ੍ਹੀਆਂ, ਪੋਹ ਲੜਾਈ ਹੋ।

ਧਿਆਨਯੋਗ ਹੈ ਕਿ ਅਸੀਂ ਦੋ ਦੋ ਮਹੀਨਿਆਂ ਦੇ ਜੁੱਟਾਂ ਨਾਲ ਮੌਸਮ ਦਾ ਵਰਣਨ ਕਰਦੇ ਹਾਂ ਜਿਵੇਂ ਚੇਤ-ਵਿਸਾਖ, ਜੇਠ-ਹਾੜ, ਸੌਣ-ਭਾਦੋਂ, ਅੱਸੂ-ਕੱਤਾ ਆਦਿ। ਇਹ ਜੁੱਟ ਵੀ ਆਮ ਤੌਰ 'ਤੇ ਰੂੜ ਹੋ ਚੁੱਕੇ ਹਨ, ਭਾਵ ਕਦੇ ਅਜਿਹਾ ਨਹੀਂ ਹੋਇਆ ਕਿ ਅਸੀਂ ਵਿਸਾਖ-ਜੇਠ ਜਾਂ ਭਾਦੋਂ-ਅੱਸੂ ਆਦਿ ਕਹੀਏ। ਹਾਂ, ਇਕ ਦੋ ਥਾਂਵਾਂ 'ਤੇ ਅਪਵਾਦ ਹਨ ਜਿਵੇਂ ਚੇਤ-ਵਿਸਾਖ ਵੀ ਤੇ ਫੱਗਣ-ਚੇਤ ਵੀ। ਮਹੀਨੇ ਤੇ ਇਨ੍ਹਾਂ ਦੇ ਨਾਂ ਚੰਦ ਦੀ ਗਤੀ ਨਾਲ ਬਝੇ ਹਨ, ਇਸ ਲਈ ਰੁੱਤਾਂ ਜੋ ਛੇ ਸਮਝੀਆਂ ਜਾਂਦੀਆਂ ਹਨ, ਦੋ ਮਹੀਨਿਆਂ ਦੇ ਜੁੱਟਾਂ ਨਾਲ ਹੀ ਦਰਸਾਈਆਂ ਜਾ ਸਕਦੀਆਂ ਹਨ। ਸੌਣ ਭਾਦੋਂ ਦੀਆਂ ਬਾਰਸ਼ਾਂ ਪਿਛੋਂ ਅੱਸੂ ਦੇ ਮਹੀਨੇ ਮੌਸਮ ਅਤੇ ਮਾਹੌਲ ਵਿਚ ਠਹਿਰਾਅ ਆ ਜਾਂਦਾ ਹੈ। ਕੋਈ ਚਿਕੜ ਚਰਗਲ ਨਹੀਂ, ਕੋਈ ਅਚਾਨਕ ਮੌਸਮ ਖਰਾਬ ਹੋਣ ਦਾ ਡਰ ਨਹੀਂ। ਕਹਿੰਦੇ ਹਨ, ਹਾੜੀ ਦੀ ਬਿਜਾਈ ਲਈ ਇਹ ਮਹੀਨਾ ਯੋਗ ਹੈ, ਜੇ ਪਿਛੇਤੇ ਰਹਿ ਗਏ ਤਾਂ 'ਅਗੇਤਾ ਝਾੜ ਪਿਛੇਤੀ ਸੱਥਰੀ' ਵਾਲੀ ਗੱਲ ਹੋ ਜਾਵੇਗੀ। ਲੋਕ ਪੁਰਾਣ ਵਿਚ ਇਸ ਦੇ ਦੁਰੰਗੀ ਹੋਣ ਬਾਰੇ ਬੜਾ ਕੁਝ ਕਿਹਾ ਗਿਆ ਹੈ,

ਅੱਸੂ ਮਾਂਹ ਨਿਰਾਲਾ,
ਦਿਨੇਂ ਧੁਪ ਤੇ ਰਾਤੀਂ ਪਾਲਾ।
ਅੱਸੂ ਦੀ ਰੁੱਤ, ਨਾ ਛਾਂ ਨਾ ਧੁਪ

ਸ਼ਾਇਦ ਹਰਿਭਜਨ ਸਿੰਘ ਨੂੰ ਇਸੇ ਮਹੀਨੇ ਅਚਵੀਂ ਲੱਗੀ ਸੀ,

ਨਾ ਧੁਪੇ ਨਾ ਛਾਂਵੇਂ,
ਮੈਂ ਬੈਠਾਂ ਕਿਹੜੀ ਥਾਂਵੇਂ?

ਧਾਰਮਕ ਤੇ ਜੋਤਿਸ਼ ਪੱਖੋਂ ਇਹ ਮਹੀਨਾ ਸ਼ੁਭ ਮੰਨਿਆ ਜਾਂਦਾ ਹੈ। ਇਸ ਮਹੀਨੇ ਲਗਭਗ ਹਰ ਦਿਨ ਅਨੇਕਾਂ ਮੇਲੇ ਲਗਦੇ ਹਨ। 'ਨੌਂ ਨੌਰਾਤੇ ਤੇ ਦਸਵਾਂ ਦਸਹਿਰਾ' ਇਸੇ ਮਹੀਨੇ ਹੁੰਦਾ ਹੈ। ਦਿਨ ਸੁਦ ਦੇ ਜਸ਼ਨ ਕਰਨ ਲਈ ਵੀ ਇਹ ਢੁਕਵਾਂ ਸਮਾਂ ਹੈ। ਧੀ ਆਪਣੇ ਬਾਬਲ ਨੂੰ ਆਖਦੀ ਹੈ,

ਮੈਂ ਤੈਨੂੰ ਆਖਦੀ ਬਾਬਲਾ,
ਮੇਰਾ ਅੱਸੂ ਦਾ ਕਾਜ ਰਚਾ ਵੇ
ਅੰਨ ਨਾ ਤਰੱਕੇ ਕੋਠੜੀ,
ਤੇਰਾ ਦਹੀਂ ਨਾ ਅਮਲਾ ਜਾ ਵੇ।

ਅੱਸੂ ਮਹੀਨੇ ਦੀ ਮਿੰਨੀ ਮਿੰਨੀ ਠੰਡ ਰੁਮਾਂਸ ਭਾਵ ਪੈਦਾ ਕਰਦੀ ਹੈ। ਕੁਦਰਤੀ ਤੌਰ 'ਤੇ ਵਿਛੜੇ ਪ੍ਰੇਮੀ ਜੋੜਿਆਂ ਵਿਚ ਇਸ ਮਹੀਨੇ ਆਪਣੇ ਸਾਥੀ ਨੂੰ ਮਿਲਣ ਦੀ ਤਾਂਘ ਤੀਬਰ ਹੋ ਜਾਂਦੀ ਹੈ। ਸਾਲ ਦੇ ਬਾਰਾਂ ਮਹੀਨਿਆਂ ਦੇ ਮੌਸਮ ਨੂੰ ਪਿਛੋਕੜ ਵਿਚ ਰਖਦੀ 'ਬਾਰਾਮਾਹ' ਕਾਵਿ ਵਿਧਾ ਆਮ ਤੌਰ 'ਤੇ ਅਜਿਹੇ ਵਿਯੋਗ ਦੀ ਕਵਿਤਾ ਹੀ ਹੁੰਦੀ ਹੈ। ਪਰ ਗੁਰਮਤਿ ਵਿਚ ਪਰਮਾਤਮਾ ਦਾ ਸਿਮਰਨ ਰੁੱਤਾਂ ਨਾਲ ਨਹੀਂ ਬੱਝਾ ਹੋਇਆ, ਇਹ ਇਕ ਸਦੈਵ ਨਿਭਾਉਣ ਵਾਲੀ ਕਿਰਿਆ ਹੈ। ਉਹੀ ਮਹੀਨੇ ਹਮੇਸ਼ਾ ਲਈ ਵਾਰ ਵਾਰ ਆਉਂਦੇ ਹਨ, ਇਸ ਲਈ ਬਾਰਾਮਾਹ ਸਦੀਵੀ ਵਿਯੋਗ ਦੀ ਕਵਿਤਾ ਬਣ ਜਾਂਦੀ ਹੈ। ਗੁਰੂ ਨਾਨਕ ਜਾਂ ਗੁਰੂ ਅਰਜਨ ਦੇ ਬਾਰਾਮਾਹ ਵਿਚ ਹਰ ਮਹੀਨੇ ਦੀ ਪ੍ਰਕਿਰਤੀ ਨਾਲ ਜੋੜ ਕੇ ਜੀਵ-ਇਸਤਰੀ ਵਿਚ ਪਤੀ-ਪਰਮਾਤਮਾ ਪ੍ਰਤਿ ਪ੍ਰੇਮ ਦੇ ਭਾਵ ਜਗਾਉਣ ਦੀ ਚੇਸ਼ਟਾ ਕੀਤੀ



ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੋ ਤਿੰਨ ਵਾਰੀ ਅੱਸੂ ਲਈ ਅਸੁਨਿ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਗੁਰੂ ਅਰਜਨ ਦੇਵ ਦੇ ਬਾਰਾਮਾਹ ਵਿਚ 'ਅਸੁਨਿ' ਦੀ ਮਿੱਠੀ ਮਿੱਠੀ ਰੁੱਤ ਵਿਚ ਜੀਵ-ਇਸਤਰੀ ਵਿਚ ਪ੍ਰਭੂ ਪ੍ਰਤੀ ਪ੍ਰੇਮ ਉਛਾਲਾ ਆ ਰਿਹਾ ਹੈ,

ਅਸੁਨਿ ਪ੍ਰੇਮ ਉਮਾਹੜਾ
ਕਿਉ ਮਿਲੀਐ ਹਰਿ ਜੀਉ॥

ਗੁਰੂ ਨਾਨਕ ਵੀ ਕੁਝ ਇਹੋ ਭਾਵ ਵਿਅਕਤ ਕਰ ਰਹੇ ਹਨ,

ਅਸੁਨਿ ਆਉ ਪਿਰਾ
ਸਾ ਧਨ ਝੂਰਿ ਮੁਈ॥
ਤਾ ਮਿਲੀਐ ਪ੍ਰਭ ਮੇਲੇ
ਦੂਜੈ ਭਾਇ ਖੁਈ॥
ਝੂਠਿ ਵਿਗੁਤੀ ਤਾ ਪਿਰ ਮੁਤੀ
ਕੁਕਹ ਕਾਹ ਸਿ ਫੁਲੇ॥
ਆਗੈ ਘਾਮ ਪਿਛੈ ਰੁਤਿ ਜਾਡਾ
ਦੇਖ ਚਲਤ ਮਨੁ ਡੋਲੈ॥

ਅਰਥਾਤ ਜੀਵ ਇਸਤਰੀ ਪਤੀ-ਪ੍ਰਮੇਸ਼ਵਰ ਦੇ ਮਿਲਣ ਲਈ ਤੜਫ਼ ਰਹੀ ਹੈ। ਦੁਨੀਆਦਾਰੀ ਵਿਚ ਗ੍ਰਸਤ ਹੋ ਕੇ ਹੀ ਉਮਰ ਵੱਡੀ ਕਰ ਲਈ ਹੈ ਜਿਸ ਕਾਰਨ ਪਿਲਛੀ ਤੇ ਕਾਹੀ (ਜਿਨ੍ਹਾਂ ਦੇ ਫੁਲ ਅਸੂ ਮਹੀਨੇ ਵਿਚ ਚਿੱਟੇ ਹੋ ਜਾਂਦੇ ਹਨ) ਵਾਂਗ ਵਾਲ ਸਫੈਦ ਹੋ ਚੁਕੇ ਹਨ। ਉਸ ਦੇ ਮਿਲਾਪ ਨਾਲ ਹੀ ਦੁਨੀਆਦਾਰੀ ਦੀ ਖਿਚ ਦੂਰ ਹੋ ਸਕਦੀ ਹੈ। ਇਥੇ ਵੀ ਦਵੈਤ ਦਾ ਭਾਵ ਸਪਸ਼ਟ ਹੈ ਜਿਸ ਨੂੰ ਦੂਰ ਕਰਨ ਦੀ ਲੋਚਾ ਹੈ।

ਇਹ ਗੱਲ ਪਹਿਲਾਂ ਵੀ ਦੱਸੀ ਜਾ ਚੁੱਕੀ ਹੈ, ਹਰ ਇਕ ਦੇਸੀ ਮਹੀਨੇ ਦਾ ਨਾਂ ਉਸ ਨਛੱਤਰ ਦੇ ਨਾਂ 'ਤੇ ਪਿਆ ਹੈ ਜਿਸ ਦੇ ਕੋਲ ਉਸ ਮਹੀਨੇ ਵਿਸ਼ੇਸ਼ ਦੀ ਪੁੰਨਿਆ ਵੇਲੇ ਚੰਦ ਦੀ ਸਥਿਤੀ ਹੁੰਦੀ ਹੈ। ਅੱਸੂ ਮਹੀਨੇ ਦੀ ਪੁੰਨਿਆ ਸਮੇਂ ਚੰਦਰਮਾ ਅਸ਼ਵਿਨ ਨਛੱਤਰ ਦੇ ਕੋਲ ਹੁੰਦਾ ਹੈ। ਨਛੱਤਰ ਉਸ ਤਾਰਾ-ਮੰਡਲ ਨੂੰ ਆਖਦੇ ਹਨ ਜਿਸ ਦੀ ਸ਼ਕਲ ਭਾਰਤੀ ਲੋਕ ਮਾਣਸ ਨੇ ਕਿਸੇ ਜਾਨਵਰ ਆਦਿ ਦੀ ਸ਼ਕਲ ਵਰਗੀ ਕਲਪੀ ਹੋਵੇ। ਅਸ਼ਵਿਨ ਨਛੱਤਰ ਦੀ ਸ਼ਕਲ ਘੋੜੇ ਨਾਲ ਮਿਲਦੀ-ਜੁਲਦੀ ਕਲਪੀ ਗਈ ਹੈ। ਅਸਲ ਵਿਚ ਤਾਂ ਅਸ਼ਵਿਨ ਦਾ ਅਰਥ ਵੀ ਘੋੜਾ ਹੁੰਦਾ ਹੈ, ਇਸ ਲਈ ਇਸ ਨਛੱਤਰ ਅਤੇ ਮਹੀਨੇ ਦਾ ਨਾਂ ਅਸ਼ਵਿਨ ਹੈ। ਅੱਸੂ ਸ਼ਬਦ ਵੀ ਅਸ਼ਵਿਨ ਨਾਲ ਸਬੰਧਤ ਹੈ। ਜੋਤਿਸ਼ ਅਨੁਸਾਰ ਤੁਹਾਡੇ ਜਨਮ ਸਮੇਂ ਜਿਸ ਨਛਤਰ ਵਿਚ ਚੰਦ ਵਾਕਿਆ ਸੀ, ਉਹ ਤੁਹਾਡਾ 'ਜਨਮ ਨਛੱਤਰ' ਹੈ। ਬ੍ਰਹਿਮੰਡੀ ਜਿਉਮੈਟਰੀ ਅਨੁਸਾਰ ਅਸ਼ਵਿਨ ਨਛਤਰ ਜਿਨ੍ਹਾਂ ਦੋ ਜੁੜਵੇਂ ਤਾਰਿਆਂ ਨਾਲ ਬਣਦਾ ਹੈ, ਉਹ ਦਰਅਸਲ ਦੇਵਤਿਆਂ ਦੇ ਦੋ ਮਿਥਿਹਾਸਕ ਚਕਿਤਸਕ ਹਨ ਜਿਨ੍ਹਾਂ ਨੂੰ ਅਸ਼ਵਨੀ ਕੁਮਾਰ ਕਿਹਾ ਜਾਂਦਾ ਹੈ। ਇਸ ਲਈ ਇਸ ਨਛੱਤਰ ਵਿਚ ਜਨਮ ਲੈਣ ਵਾਲੇ ਡਾਕਟਰੀ ਗੁਣਾਂ ਅਤੇ ਸੰਭਾਵਨਾਵਾਂ ਨਾਲ ਭਰਪੂਰ ਦੱਸੇ ਜਾਂਦੇ ਹਨ!


ਉਪਰਲੀ ਚਰਚਾ ਇਹ ਦ੍ਰਿੜ ਕਰਾਉਣ ਲਈ ਕੀਤੀ ਗਈ ਹੈ ਕਿ 'ਅੱਸੂ' ਸ਼ਬਦ ਦਾ ਸਬੰਧ ਅਸ਼ਵਿਨ ਨਾਲ ਹੈ ਜਿਸ ਦਾ ਅਰਥ ਘੋੜਾ ਹੁੰਦਾ ਹੈ। ਅੱਸੂ ਮਹੀਨੇ ਲਈ ਗੁਰੂ ਨਾਨਕ ਅਤੇ ਗੁਰੂ ਅਰਜਨ ਵਲੋਂ ਆਪਣੇ ਬਾਰਾਮਾਹ ਵਿਚ ਵਰਤੇ 'ਅਸੁਨਿ' ਸ਼ਬਦ ਦੀ ਧੁਨੀ 'ਅਸ਼ਵਿਨ' ਸ਼ਬਦ ਦੀ ਧੁਨੀ ਦੇ ਬਹੁਤ ਕਰੀਬ ਹੈ। ਹਿੰਦੀ, ਉਰਦੂ, ਬੰਗਾਲੀ, ਪੰਜਾਬੀ ਦੀਆਂ ਕੁਝ ਉਪਬੋਲੀਆਂ ਤੇ ਕਈ ਹੋਰ ਭਾਸ਼ਾਵਾਂ ਵਿਚ ਆਸਿਨ ਜਾਂ ਇਸ ਨਾਲ ਮਿਲਦੇ ਜੁਲਦੇ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਅਸ਼ਵਿਨ ਦੀ 'ਵ' ਧੁਨੀ 'ਉ' ਧੁਨੀ ਵਿਚ ਪਲਟ ਗਈ ਹੈ ਜੋ ਆਮ ਹੀ ਵਰਤਾਰਾ ਹੈ। ਅਸੀਂ ਸਵਾਲ ਨੂੰ ਸੁਆਲ, ਜਗਰਾਵਾਂ ਨੂੰ ਜਗਰਾਉਂ, ਸਾਵਣ ਨੂੰ ਸਾਉਣ ਆਦਿ ਆਖ ਦਿੰਦੇ ਹਾਂ। ਔਰਤਾਂ ਤੇ ਮਰਦਾਂ ਦੇ ਖਾਸ ਨਾਮ ਵੀ ਅਸ਼ਵਿਨੀ, ਇਸ਼ਨੀ ਜਾਂ ਆਸਿਨ (ਇਕ ਐਕਟਰੈਸ) ਹੁੰਦੇ ਹਨ। 'ਅੱਸੂ' ਸ਼ਬਦ ਦੀ ਧੁਨੀ 'ਆਸ' ਸ਼ਬਦ ਨਾਲ ਮਿਲਦੀ ਜੁਲਦੀ ਹੋਣ ਕਾਰਨ ਇਸ ਨੂੰ ਬੋਲਚਾਲ ਜਾਂ ਕਾਵਿਕ ਜੁਗਤ ਵਜੋਂ ਉਮੀਦ ਦੇ ਅਰਥਾਂ ਵਿਚ ਵੀ ਗ੍ਰਹਿਣ ਕਰ ਲਿਆ ਜਾਂਦਾ ਹੈ, "ਮੌਸਮ ਵਿਭਾਗ ਅਨੁਸਾਰ ਅੱਸੂ ਦਾ ਮਹੀਨਾ ਮੀਂਹ ਖੁਣੋਂ ਬੇਆਸ ਰਹੇਗਾ।" ਵਾਰਿਸ ਸ਼ਾਹ ਨੇ ਆਪਣੇ 'ਬਾਰਾਮਾਹ' ਵਿਚ ਅੱਸੂ ਮਹੀਨੇ ਵਾਲੇ ਬੰਦਾਂ ਵਿਚ ਲਿਖਿਆ ਹੈ,

ਅੱਸੂ ਆਸ ਅਲਾਹ ਦੀ ਰੱਖ ਲਈ
ਹੋਰ ਢਾਹ ਬੈਠੀ ਸਭੇ ਢੇਰੀਆਂ ਮੈਂ।
ਰਾਂਝਣ ਯਾਰ ਮਿਲਾ ਤੂੰ ਇਕ ਵਾਰੀ
ਉਹਦੇ ਇਸ਼ਕ ਫਿਰਾਕ ਨੇ ਘੇਰੀ ਆਂ ਮੈਂ।

'ਆਸ' ਸਿਰਲੇਖ ਅਧੀਨ ਸ਼ਿਵ ਕੁਮਾਰ ਦੀ ਇਕ ਲੰਮੀ ਕਵਿਤਾ ਦੀ ਟੁਕੜੀ ਹੈ,

ਅੱਸੂ 'ਚ ਤਾਂ ਫੁਲ ਸਣ ਦੇ ਵੀ
ਲਗਦੇ ਨੀ ਪਿਆਰੇ
ਰੱਕੜਾਂ 'ਚ ਨਿਆਮਤਾਂ ਨੇ
ਕਰੀਰਾਂ ਦੀਆਂ ਛਾਂਵਾਂ।

ਸੰਸਕ੍ਰਿਤ ਵਿਚ ਚਰਚਿਤ ਮਹੀਨੇ ਅਤੇ ਨਛਤਰ ਲਈ ਇਕ ਹੋਰ ਸ਼ਬਦ ਹੈ, 'ਅਸ਼ਵੁਯੁਜ' ਜਿਸ ਤੋਂ ਅੱਸੂ ਸ਼ਬਦ ਦੀ ਵਿਉਤਪਤੀ ਹੋਈ ਹੈ।




ਗੁਰੂ ਅਰਜਨ ਦੇਵ ਨੇ ਇਸ ਦੀ ਵਰਤੋਂ ਕੀਤੀ ਹੈ, 'ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ'। ਹਿੰਦੀ ਵਿਚ ਇਸੇ ਤੋਂ ਬਣਿਆ ਇਕ ਹੋਰ ਸ਼ਬਦ ਹੈ 'ਅਸੁਜ'। ਇਸੇ ਤਰ੍ਹਾਂ ਨੈਪਾਲੀ ਵਿਚ ਅਸੌਜ, ਪਰਾਕ੍ਰਿਤ ਵਿਚ ਅਸੋਆ ਤੇ ਪਹਾੜੀ ਵਿਚ ਅਸੋਜ ਹੈ। ਸੰਸਕ੍ਰਿਤ ਦੇ 'ਅਸ਼ਵਯੁਜ' ਤੋਂ 'ਘੋੜਿਆਂ ਨੂੰ ਜੋਤਣ' ਦੀ ਮੁਰਾਦ ਹੈ, ਅਸ਼ਵ=ਘੋੜਾ, ਯੁਜ= ਜੋੜਨਾ। ਪੰਜਾਬੀ ਜੋਗ (ਦੋ ਪਸ਼ੂ, ਪੰਜਾਲੀ), ਜੋਤਰਾ, ਜੋੜਨਾ, ਜੁਪਣਾ ਆਦਿ ਇਸੇ ਯੁਜ ਤੋਂ ਬਣੇ ਹਨ। ਇਨ੍ਹਾਂ ਹੀ ਅਰਥਾਂ ਵਾਲਾ ਅੰਗਰੇਜ਼ੀ ਯੋਕ (yoke) ਇਸ ਦਾ ਸੁਜਾਤੀ ਹੈ। 'ਅਸ਼ਵ' ਤੋਂ ਸਾਡੀਆਂ ਭਾਸ਼ਾਵਾਂ ਵਿਚ ਕਈ ਸ਼ਬਦ ਬਣੇ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵੀ ਕੁਝ ਸ਼ਬਦ ਆਉਂਦੇ ਹਨ ਜਿਵੇਂ 'ਜਿਹ ਪ੍ਰਸਾਦਿ ਅਸਵ ਹਸਤਿ ਅਸਵਾਰੀ' -ਗੁਰੂ ਅਰਜਨ, ਅਰਥਾਤ ਜਿਸ ਪਰਮਾਤਮਾ ਦੀ ਕਿਰਪਾ ਨਾਲ ਘੋੜੇ ਅਤੇ ਹਾਥੀ ਚੜ੍ਹਨ ਨੂੰ ਮਿਲੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਅਸਵਾਰੀ ਤੇ ਫਿਰ ਅੱਗੇ ਸਵਾਰੀ ਵੀ ਅਸਵ ਸ਼ਬਦ ਤੋਂ ਬਣੇ ਹਨ। ਭਾਵ ਹੈ, ਘੋੜੇ ਤੇ ਜਾਂ ਘੋੜੇ ਦੁਆਰਾ ਖਿਚੇ ਜਾਂਦੇ ਵਾਹਨ 'ਤੇ ਚੜ੍ਹਿਆ। ਪੁਰਾਣੇ ਜ਼ਮਾਨੇ ਵਿਚ ਘੋੜਾ ਹੀ ਵਾਹਨ ਹੁੰਦਾ ਸੀ। ਬਾਅਦ ਵਿਚ ਇਸ ਸ਼ਬਦ ਨੇ ਅਰਥ ਵਿਸਤਾਰ ਨਾਲ ਹਰ ਤਰ੍ਹਾਂ ਦੇ ਵਾਹਨ 'ਤੇ ਚੜ੍ਹਨ ਵਾਲਾ ਵੀ ਤੇ ਮੁਸਾਫਰ ਢੋਣ ਵਾਲਾ ਜਾਨਵਰ ਜਾਂ ਵਾਹਨ ਦੇ ਅਰਥ ਵੀ ਗ੍ਰਹਿਣ ਕਰ ਲਏ। ਸਵਾਰ ਸ਼ਬਦ ਦੀ ਵਿਉਤਪਤੀ ਫਾਰਸੀ ਅਤੇ ਸੰਸਕ੍ਰਿਤ ਦੋਨਾਂ ਪਾਸਿਆਂ ਤੋਂ ਕੀਤੀ ਜਾਂਦੀ ਹੈ, ਅਸ਼ਵ+ਵਾਰ। ਪੁਰਾਣੀ ਫਾਰਸੀ ਵਿਚ 'ਅਸਬਾਰ' ਸ਼ਬਦ ਹੈ। ਸਵਾਰ ਘੋੜੇ ਆਦਿ ਜਾਨਵਰ ਤੇ ਚੜ੍ਹਿਆ ਵਿਅਕਤੀ ਹੈ ਜਦ ਕਿ ਭੂਤ ਮਨੁਖ ਤੇ ਸਵਾਰ ਹੋ ਜਾਂਦਾ ਹੈ! ਇਸੇ ਤੋਂ ਅਸਵਾਰਾ ਬਣਿਆ,


ਕਹਿਤ ਕਬੀਰ ਭਲੇ ਅਸਵਾਰਾ
ਬੇਦ ਕਤੇਬ ਤੇ ਰਹੇ ਨਿਰਾਰਾ।

ਖਾਲਸੇ ਦੀ ਚੜ੍ਹਾਈ ਨੂੰ ਵੀ ਅਸਵਾਰਾ ਕਰਨਾ ਕਿਹਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਅਸਵਾਰਾ ਕਹਿਣ ਦਾ ਭਾਵ ਇਸ ਦੀ ਸਜ-ਧਜ ਨਾਲ ਕਢੀ ਹੋਈ ਅਸਵਾਰੀ ਤੋਂ ਵਿਕਸਿਤ ਹੋਇਆ ਹੈ, 'ਬਹੁਰੋ ਲੇ ਜਵਹੁ ਅਸਵਾਰਾ' -ਗੁਪ੍ਰਸੂ। ਅਸੀਂ ਇਸ ਨੂੰ ਅੱਜ ਕਲ੍ਹ ਸਤਿਕਾਰ ਨਾਲ ਅਸਵਾਰਾ ਜਾਂ ਸਵਾਰਾ ਸਾਹਿਬ ਵੀ ਕਹਿ ਦਿੰਦੇ ਹਾਂ। ਵੈਦਿਕ ਸਮੇਂ ਤੋਂ ਹੀ ਰਾਜਿਆਂ ਦੁਆਰਾ ਘੋੜੇ ਦੀ ਕੁਰਬਾਨੀ ਦੇ ਕੇ ਇਕ ਮਹਾਂ ਯੱਗ ਕਰਨ ਦੀ ਰੀਤੀ ਪ੍ਰਚਲਤ ਹੋਈ ਜਿਸ ਨੂੰ ਅਸ਼ਵਮੇਧ ਕਿਹਾ ਜਾਂਦਾ ਸੀ। ਇਸ ਸ਼ਬਦ ਵਿਚ 'ਅਸ਼ਵ' ਸਪਸ਼ਟ ਝਲਕ ਰਿਹਾ ਹੈ। ਅਸੁਮੇਧੁ ਦੇ ਰੂਪ ਵਿਚ ਗੁਰੂ ਅਰਜਨ ਦੀ ਬਾਣੀ ਵਿਚ ਇਹ ਸ਼ਬਦ ਮਿਲਦਾ ਹੈ।

ਮਹਾਭਾਰਤ ਵਿਚ ਆਉਂਦਾ ਦਰੋਣਾਚਾਰਿਆ ਦਾ ਪੁਤਰ ਅਸ਼ਵਥਾਮਾ (ਘੋੜੇ ਦੀ ਸ਼ਕਤੀ) ਅਤੇ ਪ੍ਰਾਚੀਨ ਭਾਰਤੀ ਦਾਰਸ਼ਨਿਕ ਤੇ ਨਾਟਕਕਾਰ ਅਸ਼ਵਘੋਸ਼ (ਘੋੜੇ ਦੀ ਹਿਣਕ) ਵਿਚ ਅਸ਼ਵ ਦੇ ਰੂਪ ਵਿਚ ਘੋੜਾ ਵੜਿਆ ਹੋਇਆ ਹੈ। ਅਸ਼ਵਗੰਧਾ ਨਾਮ ਦੀ ਇਕ ਬੂਟੀ ਵੀ ਹੁੰਦੀ ਹੈ। ਅਸ਼ਵ ਦੇ ਸਕੇ ਸੋਹਦਰੇ ਸ਼ਬਦ ਹੋਰ ਹਿੰਦ ਆਰਿਆਈ ਭਾਸ਼ਾਵਾਂ ਜਿਵੇਂ ਗਰੀਕ, ਲਾਤੀਨੀ, ਗੌਥਿਕ, ਅੰਗਰੇਜ਼ੀ ਵਿਚ ਵੀ ਖ਼ੂਬ ਮਿਲਦੇ ਹਨ ਜਿਨ੍ਹਾਂ ਦਾ ਜ਼ਿਕਰ ਫਿਰ ਕਿਤੇ।


# ਅਨੁਰਾਗ ਬਾਸੂ ਦੀ 'ਬਰਫੀ' ਨੇ ਰੁਆ ਦਿੱਤੇ ਦਰਸ਼ਕ

ਫਿਲਮਸਾਜ਼ ਅਨੁਰਾਗ ਬਾਸੂ ਦੀ ਫਿਲਮ 'ਬਰਫੀ' ਨੇ ਸਭ ਨੂੰ ਨਿਰਉਤਰ ਕਰ ਦਿੱਤਾ ਹੈ। ਦਰਸ਼ਕਾਂ ਦੇ ਨਾਲ-ਨਾਲ ਫਿਲਮ ਆਲੋਚਕਾਂ ਨੇ ਵੀ ਇਸ ਫਿਲਮ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ। ਫਿਲਮ ਮੁੱਖ ਰੂਪ ਵਿਚ ਤਿੰਨ ਪਾਤਰਾਂ ਦੁਆਲੇ



ਘੁੰਮਦੀ ਹੈ। ਮਰਫੀ (ਰਣਬੀਰ ਕਪੂਰ) ਉਸ ਨੂੰ ਸਾਰੇ ਬਰਫੀ ਹੀ ਕਹਿੰਦੇ ਹਨ), ਝਿਲਮਿਲ (ਪ੍ਰਿਯੰਕਾ ਚੋਪੜਾ) ਅਤੇ ਸ਼ਰੁਤੀ (ਇਲੀਆਨਾ ਡਿਕਰੂਜ਼) ਇਸ ਫਿਲਮ ਦੀ ਜਿੰਦ-ਜਾਨ ਹਨ। ਰਣਬੀਰ ਨੇ ਇਸ ਫਿਲਮ 'ਚ ਉਮਦਾ ਅਦਾਕਾਰੀ ਦਾ ਮੁਜ਼ਾਹਰਾ ਕੀਤਾ ਹੈ। ਇਸ ਫਿਲਮ 'ਚ ਉਸ ਨੇ ਗੂੰਗੇ-ਬੋਲੇ ਮੁੰਡੇ ਦਾ ਕਿਰਦਾਰ ਨਿਭਾਇਆ ਹੈ ਤੇ ਇਹ ਕਿਰਦਾਰ ਨੂੰ ਉਸ ਬਿਨਾਂ ਸ਼ੱਕ 'ਰੌਕਸਟਾਰ' ਵਾਲੇ ਕਿਰਦਾਰ ਤੋਂ ਕਿਤੇ ਵੱਧ ਜ਼ੋਰਦਾਰ ਢੰਗ ਨਾਲ ਦਰਸ਼ਕਾਂ ਅੱਗੇ ਪੇਸ਼ ਕੀਤਾ ਹੈ। ਰਣਬੀਰ ਦਾ ਦੋਹਾਂ ਕੁੜੀਆਂ ਨਾਲ ਰਿਸ਼ਤਾ ਜੁੜਦਾ ਹੈ ਅਤੇ ਜ਼ਿੰਦਗੀ ਵਿਚ ਉਤਰਾ-ਚੜ੍ਹਾਅ ਆਉਂਦੇ ਹਨ। ਬਰਫੀ ਸਭ ਨੂੰ ਬੱਸ ਇਕ ਹੀ ਸੰਦੇਸ਼ ਦਿੰਦਾ ਹੈ ਕਿ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਵਿਚੋਂ ਬਹੁਤ ਵੱਡਾ ਸਕੂਨ ਹਾਸਲ ਕੀਤਾ ਜਾ ਸਕਦਾ ਹੈ। ਪ੍ਰਿਯੰਕਾ ਚੋਪੜਾ ਨੇ ਔਟਿਜ਼ਮ ਦੀ ਬਿਮਾਰੀ ਤੋਂ ਪੀੜਤ ਲੜਕੀ ਝਿਲਮਿਲ ਦਾ ਰੋਲ ਕੀਤਾ ਹੈ। ਇਸ ਰੋਲ ਵਿਚ ਜਾਨ ਪਾਉਣ ਲਈ ਪ੍ਰਿਯੰਕਾ ਨੇ ਬਹੁਤ ਮਿਹਨਤ ਕੀਤੀ ਅਤੇ ਉਸ ਦੀ ਇਹ ਮਿਹਨਤ ਰੰਗ ਵੀ ਲਿਆਈ ਹੈ। ਉਸ ਦਾ ਕਹਿਣਾ ਹੈ ਕਿ ਇਸ ਭੂਮਿਕਾ ਵਿਚ ਜਾਨ ਪਾਉਣ ਵਿਚ ਸ਼ਾਹਰੁਖ ਖਾਨ ਨੇ ਉਸ ਦੀ ਬਹੁਤ ਮੱਦਦ ਕੀਤੀ। ਯਾਦ ਰਹੇ ਕਿ ਸ਼ਾਹਰੁਖ ਖਾਨ ਨੇ ਫ਼ਿਲਮ 'ਮਾਈ ਨੇਮ ਇਜ਼ ਖਾਨ' ਵਿਚ ਵੀ ਅਜਿਹਾ ਕਿਰਦਾਰ ਨਿਭਾਇਆ ਸੀ। ਇਸ ਲਈ ਉਸ ਨੇ ਕਾਫੀ ਖੋਜ ਵੀ ਕੀਤੀ ਸੀ। ਪ੍ਰਿਯੰਕਾ ਨੇ ਆਪ ਵੀ ਔਟਿਜ਼ਮ ਅਤੇ ਇਸ ਵਰਗੀਆਂ ਹੋਰ ਸਮੱਸਿਆਵਾਂ ਬਾਰੇ ਬੜਾ ਕੁਝ ਪੜ੍ਹਿਆ।

ਪਹਿਲਾਂ-ਪਹਿਲ ਉਸ ਨੂੰ ਇਹ ਰੋਲ ਬਹੁਤ ਮੁਸ਼ਕਿਲ ਲਗਦਾ ਸੀ। ਉਹ ਅੰਦਰੋਂ ਡਰੀ ਹੋਈ ਵੀ ਸੀ ਕਿ ਝਿਲਮਿਲ ਦੇ ਕਿਰਦਾਰ ਨਾਲ ਨਿਆਂ ਕਰ ਸਕੇਗੀ ਜਾਂ ਨਹੀਂ। ਹੁਣ ਉਹ ਆਪ ਹੀ ਨਿਭਾਏ ਰੋਲ ਤੋਂ ਹੈਰਾਨ ਹੋਈ ਜਾਂਦੀ ਹੈ। ਝਿਲਮਿਲ ਦਾ ਪਰਿਵਾਰ ਉਸ ਦਾ ਬਹੁਤਾ ਖਿਆਲ ਨਹੀਂ ਰੱਖਦਾ ਅਤੇ ਬਰਫੀ ਉਸ ਦੀਆਂ ਨਿੱਕੀਆਂ ਨਿੱਕੀਆਂ ਖਵਾਹਿਸ਼ਾਂ ਲਈ ਆਪਣੀ ਪੂਰਾ ਤਾਣ ਲਾ ਦਿੰਦਾ ਹੈ ਅਤੇ ਉਸ ਨੂੰ ਖ਼ੁਸ਼ ਰੱਖਣ ਦਾ ਹਰ ਹੀਲਾ-ਵਸੀਲਾ ਕਰਦਾ ਹੈ। ਬਰਫੀ ਕੋਲ ਮਾਇਆ ਨਹੀਂ ਪਰ ਉਹ ਆਪਣੇ ਮੋਹ ਨਾਲ ਇਸ ਦੁਖਦਾਈ ਦੁਨੀਆਂ ਨੂੰ ਜਿਉਣ ਜੋਗੀ ਬਣਾ ਦਿੰਦਾ ਹੈ। ਇਸ ਫਿਲਮ ਵਿਚ ਰਣਬੀਰ ਕਪੂਰ ਨਾਲ ਮੁੱਖ ਰੋਲ ਇਲੀਆਨਾ ਡੀਕਰੂਜ਼ ਦਾ ਹੈ। ਇਲੀਆਨਾ ਫਿਲਮ ਦੀ ਸੂਤਰਧਾਰ ਹੈ। ਫਿਲਮ ਦੀ ਕਹਾਣੀ 1978, 1972 ਅਤੇ 2012 ਦੇ ਸਮੇਂ ਨਾਲ ਸਬੰਧਤ ਹੈ। ਅਨੁਰਾਗ ਬਾਸੂ ਨੇ ਇਸ ਤੋਂ ਪਹਿਲਾਂ 'ਲਾਈਫ ਇਨ ਏ ਮੈਟਰੋ', 'ਗੈਂਗਸਟਰ' ਅਤੇ 'ਮਰਡਰ' ਵਰਗੀਆਂ ਬਣਾ ਕੇ ਦਰਸ਼ਕਾਂ ਦਾ ਧਿਆਨ ਖਿੱਚਿਆ ਹੈ। ਉਸ ਨੇ 'ਸਾਇਆ', 'ਤੁਮਸਾ ਨਹੀਂ ਦੇਖਾ', 'ਕਾਈਟਸ' ਅਤੇ 'ਆਈ ਐਮ' ਵਰਗੀਆਂ ਫਿਲਮਾਂ ਵੀ ਬਣਾਈਆਂ। ਫਿਲਮ 'ਬਰਫੀ' ਵਿਚ ਇੱਕ ਪਾਸੇ ਦਿਮਾਗੀ ਤੌਰ 'ਤੇ ਬਿਮਾਰ ਝਿਲਮਿਲ ਹੈ ਅਤੇ ਦੂਜੇ ਪਾਸੇ ਗੂੰਗਾ ਤੇ ਬੋਲਾ ਬਰਫ਼ੀ, ਪਰ ਫਿਲਮਸਾਜ਼ ਅਨੁਰਾਗ ਬਾਸੂ ਨੇ ਇਸ ਫਿਲਮ ਦੀ ਕਹਾਣੀ ਦਾ ਤਾਣਾ-ਬਾਣਾ ਇਸ ਤਰ੍ਹਾਂ ਬੁਣਿਆ ਹੈ ਕਿ ਮਨੋਰੋਗੀ ਅਤੇ ਅਪਾਹਜ ਹੋਣ ਦੀ ਗੱਲ ਕਿਤੇ ਸਾਹਮਣੇ ਹੀ ਨਹੀਂ ਆਉਂਦੀ ਬਲਕਿ ਇਹ ਦੋ ਆਮ ਇਨਸਾਨਾਂ ਦੀ ਪ੍ਰੇਮ ਕਹਾਣੀ ਲੱਗਦੀ ਹੈ। ਇਹੀ ਇਸ ਫਿਲਮ ਦੀ ਖੂਬਸੂਰਤੀ ਅਤੇ ਤਾਕਤ ਹੈ।



ਇਲਿਆਨਾ ਡਿ'ਕਰੂਜ਼

## ਦੱਖਣੀ ਭਾਰਤ ਦੀ ਸੁੰਦਰੀ ਇਲਿਆਨਾ ਡਿ'ਕਰੂਜ਼

ਫਿਲਮ 'ਬਰਫੀ' ਵਿਚ ਰਣਬੀਰ ਕਪੂਰ ਨਾਲ ਬਾਲੀਵੁੱਡ ਵਿਚ ਪਹਿਲੀ ਵਾਰ ਪੱਬ ਧਰ ਰਹੀ ਦੱਖਣੀ ਭਾਰਤ ਦੀ ਅਦਾਕਾਰਾ ਇਲਿਆਨਾ ਡਿ'ਕਰੂਜ਼ ਅੱਜਕੱਲ੍ਹ ਹਿੰਦੀ ਫਿਲਮਾਂ ਦੇ ਸ਼ਿਕਾਰ 'ਤੇ ਨਿਕਲੀ ਹੋਈ ਹੈ। ਉਹਦੇ ਲਈ ਫਿਲਮਾਂ ਵੀ ਸੰਜੋਗ ਹੀ ਰਹੀਆਂ ਹਨ। ਉਹ ਹੁਣ ਵੀ ਹੈਰਾਨ ਹੋਈ ਜਾਂਦੀ ਹੈ ਕਿ ਉਹ ਹਿੰਦੀ ਫਿਲਮਾਂ ਵਿਚ ਆ ਗਈ ਹੈ। ਉਸ ਨੇ ਕਦੇ ਫਿਲਮਾਂ ਵਿਚ ਕੰਮ ਕਰਨ ਬਾਰੇ ਸੋਚਣਾ ਤਾਂ ਇਕ ਪਾਸੇ ਰਿਹਾ, ਸੁਫਨਾ ਵੀ ਨਹੀਂ ਸੀ ਲਿਆ। ਇਕ ਦਿਨ ਉਸ ਨੂੰ ਅਚਾਨਕ ਦੱਖਣ ਦੀਆਂ ਫਿਲਮਾਂ ਦੀ ਆਫਰ ਆਈ ਅਤੇ ਉਸ ਨੇ ਨਾਂਹ ਨਹੀਂ ਕੀਤੀ ਅਤੇ ਉਦੋਂ ਕੀਤੀ 'ਹਾਂ' ਉਸ ਨੂੰ ਮੁੰਬਈ ਲੈ ਉਡੀ। ਹੁਣ ਉਹ ਮੰਬਈ ਵਿਚ ਆਪਣਾ ਪੱਕਾ ਬਸੇਰਾ ਕਰਨ ਬਾਰੇ ਸੰਜੀਦਗੀ ਨਾਲ ਸੋਚ ਰਹੀ ਹੈ। ਦੱਖਣੀ ਭਾਰਤ ਦੀਆਂ ਫਿਲਮਾਂ ਵਿਚ ਇਲੀਆਨਾ ਦਾ ਅਕਸ ਬੇਹੱਦ ਗਲੈਮਰਸ ਹੈ। ਉਂਜ, ਆਪਣੀ ਪਹਿਲੀ ਹਿੰਦੀ ਫਿਲਮ ਵਿਚ ਹੀ ਉਸ ਨੂੰ ਆਪਣੀ ਅਦਾਕਾਰੀ ਦੇ ਜਲਵੇ ਦਿਖਾਉਣ ਦਾ ਮੌਕਾ ਮਿਲ ਗਿਆ ਅਤੇ ਇਸ ਇਸ ਉਤੇ ਪੂਰੀ ਵੀ ਉਤਰੀ ਹੈ। 'ਬਰਫੀ' ਫਿਲਮ ਵਿਚ ਉਸ ਦੇ ਰੋਲ ਦੀ ਖੂਬ ਸ਼ਲਾਘਾ ਹੋਈ ਹੈ। ਉਹ ਕਹਿੰਦੀ ਹੈ ਕਿ ਉਹ ਤਾਂ ਸ਼ੁਰੂ ਤੋਂ ਹੀ 'ਬਰਫੀ' ਵਰਗੀ ਭੂਮਿਕਾ ਦੀ ਉਡੀਕ ਕਰ ਰਹੀ ਸੀ। ਉਸ ਮੁਤਾਬਕ ਸੁਹੱਪਣ ਸਦਾ ਧਿਆਨ ਖਿੱਚਦਾ ਹੈ ਅਤੇ ਗਲੈਮਰਸ ਹੋਣਾ ਚੰਗੀ ਗੱਲ ਹੈ, ਪਰ ਤੁਹਾਡੀ ਅਦਾਕਾਰੀ ਵਿਚ ਇੰਨੀ ਕੁ ਜਾਨ ਤਾਂ ਹੋਣੀ ਹੀ ਚਾਹੀਦੀ ਹੈ ਕਿ ਲੋਕ ਅਤੇ ਆਲੋਚਕ ਇਸ ਬਾਰੇ ਘੱਟੋ-ਘੱਟ ਗੱਲਾਂ ਤਾਂ ਕਰਨ। ਇਲੀਆਨਾ ਦਾ ਕਹਿਣਾ ਹੈ ਕਿ ਉਹ ਚੰਗੀਆਂ ਅਤੇ ਛਾਂਟਵੀਆਂ ਫਿਲਮਾਂ ਹੀ ਕਰੇਗੀ।

# ਸਲਮਾ ਆਗਾ ਦੀ ਧੀ ਸਾਸ਼ਾ ਆਗਾ ਵੀ ਬਾਲੀਵੁੱਡ ਦੇ ਵਿਹੜੇ


ਪਾਕਿਸਤਾਨ ਦੀ ਮਸ਼ਹੂਰ ਗਾਇਕਾ ਅਤੇ 'ਨਿਕਾਹ' (1982) ਫਿਲਮ ਨਾਲ ਚਰਚਿਤ ਹੋਈ ਸਲਮਾ ਆਗਾ ਹੁਣ ਆਪਣੀ ਧੀ ਸਾਸ਼ਾ ਆਗਾ ਨੂੰ ਹਿੰਦੀ ਫਿਲਮਾਂ ਦੇ ਵਿਹੜੇ ਵਿਚ ਲਿਆ ਰਹੀ ਹੈ। ਸਾਸ਼ਾ ਆਗਾ ਯਸ਼ਰਾਜ ਬੈਨਰ ਦੀ ਫਿਲਮ 'ਔਰੰਗਜ਼ੇਬ' ਵਿਚ ਮੁੱਖ ਕਿਰਦਾਰ ਨਿਭਾਅ ਰਹੀ ਹੈ। ਫਿਲਮ ਵਿਚ ਉਸ ਦਾ ਨਾਇਕ ਅਰਜੁਨ ਕਪੂਰ ਹੈ। ਇਸ ਫਿਲਮ ਵਿਚ ਰਿਸ਼ੀ ਕਪੂਰ, ਜੈਕੀ ਸ਼ਰਾਫ ਅਤੇ ਅੰਮ੍ਰਿਤਾ ਸਿੰਘ ਦੀਆਂ ਵੀ ਅਹਿਮ ਭੂਮਿਕਾਵਾਂ ਹਨ। ਯਾਦ ਰਹੇ ਕਿ ਸਲਮਾ ਆਗਾ ਦੀ ਪਹਿਲੀ ਹੀ ਫਿਲਮ 'ਨਿਕਾਹ' ਨੇ ਉਸ ਨੂੰ ਸਟਾਰ ਬਣਾ ਦਿੱਤਾ ਸੀ। ਇਸ ਫਿਲਮ ਦੀਆਂ ਗਜ਼ਲਾਂ ਜੋ ਖੁਦ ਸਲਮਾ ਨੇ ਹੀ ਗਾਈਆਂ ਸਨ, ਬੱਚੇ-ਬੱਚੇ ਦੀ ਜ਼ੁਬਾਨ 'ਤੇ ਆ ਗਈਆਂ ਸਨ। 'ਦਿਲ ਕੇ ਅਰਮਾਂ ਆਸ਼ੂਓਂ ਮੇਂ ਵਹਿ ਗਏ' ਨੇ ਤਾਂ ਕਮਾਲ ਹੀ ਕਰ ਛੱਡੀ ਸੀ। ਸਲਮਾ ਨੇ ਫਿਲਮਾਂ ਵਿਚ ਆਮ ਕਰ ਕੇ ਘਰੇਲੂ ਕੁੜੀ ਵਾਲੇ ਰੋਲ ਨਿਭਾਏ, ਪਰ 'ਔਰੰਗਜ਼ੇਬ' ਵਿਚ ਸਾਸ਼ਾ ਨੂੰ ਸੁਪਰ ਗਲੈਮਰਸ ਹੀਰੋਇਨ ਵਜੋਂ ਲਿਆਂਦਾ ਜਾ ਰਿਹਾ ਹੈ। ਇਸ ਫਿਲਮ ਲਈ ਆਦਿੱਤਯ ਚੋਪੜਾ ਬਹੁਤ ਜ਼ਿਆਦਾ ਮਿਹਨਤ ਕਰ ਰਿਹਾ ਹੈ। ਫਿਲਮ ਲਈ ਸਾਸ਼ਾ ਨੇ ਵੀ ਆਪਣੀ ਫਿੱਗਰ ਖੂਬ ਤਰਾਸ਼ੀ ਹੈ। ਉਹਨੇ ਉਚੇਚੇ ਤੌਰ 'ਤੇ ਨੱਚਣਾ ਵੀ ਸਿੱਖ ਲਿਆ ਹੈ ਅਤੇ ਭਾਸ਼ਾ ਉਚਾਰਨ ਵੱਲ ਵੀ ਬਹੁਤ ਧਿਆਨ ਦੇ ਰਹੀ ਹੈ। ਸਾਸ਼ਾ ਆਪਣੇ ਪਰਿਵਾਰ ਦੀ ਚੌਥੀ ਪੀੜ੍ਹੀ ਦੀ ਕਲਾਕਾਰ ਹੈ ਅਤੇ ਉਸ ਦੇ ਨੈਣ-ਨਕਸ਼ ਆਪਣੀ ਮਾਂ 'ਤੇ ਗਏ ਹਨ। ਉਸ ਦੀ



ਦਾਦੀ ਨਸਰੀਨ ਨੇ ਕੇ.ਐੱਲ. ਸਹਿਗਲ ਨਾਲ ਫਿਲਮ 'ਸ਼ਾਹਜਹਾਂ' (1940) ਵਿਚ ਅਤੇ ਉਸ ਦੇ ਨਾਨਾ ਜੁਗਲ ਕਿਸ਼ੋਰ ਮਹਿਰਾ ਤੇ ਨਾਨੀ ਅਨਵਰ ਬੇਗਮ ਨੇ ਫਿਲਮ 'ਹੀਰ ਰਾਂਝਾ' (1932) ਵਿਚ ਅਦਾਕਾਰੀ ਕੀਤੀ ਸੀ। ਸਾਸ਼ਾ ਦਾ ਪਹਿਲਾ ਨਾਂ ਜਾਰਾ ਖਾਨ ਸੀ ਅਤੇ ਹਿੰਦੀ ਫਿਲਮਾਂ ਵਿਚ ਆਉਂਦੇ ਸਾਰ ਹੀ ਉਸ ਨੇ ਆਪਣਾ ਨਾਂ ਬਦਲ ਲਿਆ। 19 ਸਾਲਾਂ ਦੀ ਸਾਸ਼ਾ ਅੱਜਕੱਲ੍ਹ ਹਵਾ ਵਿਚ ਉਡ ਰਹੀ ਹੈ। ਲੰਦਨ ਵਿਚ ਪੈਦਾ ਹੋਈ ਸਾਸ਼ਾ 1999 ਤੋਂ ਮੁੰਬਈ ਵਿਚ ਰਹਿ ਰਹੀ ਹੈ ਜਿਥੇ ਉਸ ਦੇ ਪਿਤਾ ਰਹਿਮਤ ਖਾਨ ਸਕੁਐਸ਼ ਕੋਚਿੰਗ ਇੰਸਟੀਚਿਊਟ ਚਲਾ ਰਹੇ ਹਨ। ਰਹਿਮਤ ਪਾਕਿਸਤਾਨੀ ਮੂਲ ਦਾ ਹੈ ਅਤੇ ਉਹ ਆਪਣੇ ਸਮੇਂ ਦਾ ਉਮਦਾ ਸਕੁਐਸ਼ ਖਿਡਾਰੀ ਸੀ।

# ਨਸਲੀ ਨਫ਼ਰਤ ਦਾ ਲੇਖਾ 'ਸ਼ਾਹਿਦ'

ਟੋਰਾਂਟੋ ਕੌਮਾਂਤਰੀ ਫ਼ਿਲਮ ਮੇਲੇ ਵਿਚ ਸਭ ਦਾ ਧਿਆਨ ਖਿੱਚਣ ਵਾਲੀ ਫਿਲਮ 'ਸ਼ਾਹਿਦ' ਸੱਚੀ ਕਹਾਣੀ 'ਤੇ ਆਧਾਰਤ ਹੈ। ਫ਼ਿਲਮਸਾਜ਼ ਹੰਸਲ ਮਹਿਤਾ ਵੱਲੋਂ ਤਿਆਰ ਇਸ ਫ਼ਿਲਮ ਵਿਚ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਵਕੀਲ ਸ਼ਾਹਿਦ ਆਜ਼ਮੀ ਦੀ ਜ਼ਿੰਦਗੀ ਨੂੰ ਆਧਾਰ ਬਣਾਇਆ ਗਿਆ ਹੈ। ਆਜ਼ਮੀ ਦਾ ਪਰਿਵਾਰ 1993 ਦੇ ਮੁੰਬਈ ਦੰਗਿਆਂ ਵੇਲੇ ਭੜਕੀ ਭੀੜ ਨੇ ਮਾਰ ਮੁਕਾਇਆ ਸੀ ਅਤੇ ਉਸ ਨੂੰ ਖੁਦ ਅਤਿਵਾਦ ਦੇ ਦੋਸ਼ਾਂ ਹੇਠ ਗ੍ਰਿਫਤਾਰ ਕਰ ਲਿਆ ਗਿਆ ਸੀ। ਇਹ ਦੋਸ਼ ਬਾਅਦ ਵਿਚ ਝੂਠੇ ਸਾਬਤ ਹੋਏ। ਜੇਲ੍ਹ ਦੇ ਸਮੇਂ ਦੌਰਾਨ ਉਸ ਨੇ ਆਪਣਾ ਬਹੁਤਾ ਸਮਾਂ ਕਾਨੂੰਨ ਦੀਆਂ ਕਿਤਾਬਾਂ ਪੜ੍ਹਦਿਆਂ ਬਿਤਾਇਆ ਅਤੇ ਬਾਹਰ ਆ ਕੇ ਵਕੀਲ ਵਜੋਂ ਆਪਣਾ ਕਰੀਅਰ ਸ਼ੁਰੂ ਕੀਤਾ। ਉਹ ਅਜਿਹੇ ਗਰੀਬ ਤੇ ਮਜ਼ਲੂਮਾਂ ਲਈ ਕੇਸ ਲੜਦਾ ਸੀ ਜਿਨ੍ਹਾਂ ਨੂੰ ਅਤਿਵਾਦੀ ਹੋਣ ਦੇ ਝੂਠੇ ਦੋਸ਼ਾਂ ਵਿਚ ਫਸਾਇਆ ਜਾਂਦਾ ਸੀ। 2010 ਵਿਚ 26/11 ਦੇ ਅਤਿਵਾਦੀ ਹਮਲਿਆਂ ਦੇ ਮੁਲਜ਼ਮ ਫਾਹਿਮ ਅੰਸਾਰੀ ਦਾ ਕੇਸ ਲੜਦਿਆਂ ਉਸ ਨੂੰ ਗੋਲੀ ਮਾਰ ਦਿੱਤੀ ਗਈ ਸੀ। ਦੱਸਣਾ ਬਣਦਾ ਹੈ ਕਿ ਹੁਣ ਅਦਾਲਤ ਨੇ ਅੰਸਾਰੀ ਨੂੰ ਬੇਕਸੂਰ ਕਰਾਰ ਦੇ ਦਿੱਤਾ ਹੈ। ਇਹ ਸਿਰਫ ਸ਼ਾਹਿਦ ਦੀ ਜੀਵਨ ਕਹਾਣੀ ਨਹੀਂ, ਸਗੋਂ ਭਾਰਤ ਵਿਚ ਮੁਸਲਮਾਨਾਂ ਖਿਲਾਫ ਫੈਲੀ ਨਸਲੀ ਨਫਰਤ ਦੀ ਕਥਾ ਬਿਆਨ ਕਰਦੀ ਹੈ। ਬੇਕਸੂਰਾਂ ਨੂੰ ਬਿਨਾਂ ਦੋਸ਼ ਜੇਲ੍ਹਾਂ ਵਿਚ ਡੱਕਣਾ ਇਸ ਫਿਲਮ ਦਾ ਮੁੱਖ ਮੁੱਦਾ ਹੈ। ਫਿਲਮ ਵਿਚ ਰਾਜ ਕੁਮਾਰ ਯਾਦਵ, ਪ੍ਰਭਲੀਨ ਸੰਧੂ, ਮੁਹੰਮਦ ਜ਼ੀਸ਼ਾਨ ਆਯੂਬ ਅਤੇ ਕੇ.ਕੇ. ਮੈਨਨ ਨੇ ਜਾਨਦਾਰ ਭੂਮਿਕਾਵਾਂ ਨਿਭਾਈਆਂ ਹਨ।





ਫਿਲਮ 'ਸ਼ਾਹਿਦ' ਦਾ ਦ੍ਰਿਸ਼ ਅਤੇ (ਹੇਠਾਂ) ਵਕੀਲ ਸ਼ਾਹਿਦ ਆਜ਼ਮੀ ।

# Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776



SECURE YOUR HOME & BUSINESS

PARTNER WITH PIXIM EVERY PIXEL TELLS A STORY
WDR TECHNOLOGY

Vista CCTV TECHNOLOGY

Why Vista

- HIGH QUALITY PRODUCT WITH 2 YEARS WARRANTY
- HIGH BRAND REPUTATION
- 16 YEARS HISTORY IN CCTV
- ADVANCE PRODUCT DESIGN
- TRAINED TECHNICAL STAFF
- PROFESSIONAL INSTALLATION

QUALITY & RESOLUTION BUILD BY TECHNOLOGY NOT BY THE PRICE

High End HD Series

SPECIAL OFFER 4 CAMERAS WITH 4 CH DVR LED MONITOR INCLUDED $1449 +Tax

SPECIAL OFFER 8 CAMERAS INSTALLATION INCLUDED LED MONITOR INCLUDED $2849 +Tax

SPECIAL OFFER 12 CAMERAS INSTALLATION INCLUDED LED MONITOR INCLUDED $4249 +Tax

24/7 HIGH END SECURITY SOLUTION
WE INSTALL ANYWHERE IN USA
14 YEARS EXPERIENCE IN CCTV BUSINESS

Call Sukhpal 661-586-5080

Email : sales@ezchase.com Customer Service: 1-800-235-1391



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS

LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

"I take your accident personally"

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
www. markcohenlaw.com or call us at 510.792.4008

STOP

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento



*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

Jaswinder Gill M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 32467 Woodland Dr., Union City, CA 94587
2. 4172 Eugene St. Fremont, CA 94538
3. 4171 N. Greenland Ter., Fremont, CA 94555
4. 2856 Glen Donegal Dr. San Jose, CA 95148
5. 1969 Catalpa Way Hayward, CA 94545
6. 4276 Solar Cir., Union City, CA 94587
7. 4313 San Marino Ct. Elk Grove, CA 95858
8. 3339 Sueno Dr. San Jose, CA 95148
9. 847 Downing Cir., Lincoln, CA 95648
10. 2952 Remington Way San Jose, CA 95148
11. 27471 Ponderosa Ct. Hayward, CA 94545
12. 5685 Comanche Dr., San Jose, CA 95123
13. 32452 Springwood Dr., Union City, CA 94587
14. 675 Bethal Pl., Livermore, CA 94551
15. 648 Cayuga Dr., San Jose, CA 95123
16. 4080 Gibraltor Dr., Fremont, CA 94536
17. 4167 Asimuth Dr., Union City, CA 94587
18. 2459 Medallion Dr., Union City, CA 94587

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**